
Listing and Selling Homes From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763

Ad Space Available
Please call:
847-359-0746



COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann MANN@GGIABA.COM Gurcharan Singh Mann
Mann Insurance Brokers Inc.
4123 Dyer St., #230, Union City, CA 94587



Eighteenth Year of Publication  ਕੈਲੀਫੋਰਨੀਆ ਐਡੀਸ਼ਨ  Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 18, Issue 47, November 25, 2017  20451 N Plum Grove Rd., Palatine, IL 60074  Ph:847-359-0746, Fax:847-705-9388




ਗੁਰਦੁਆਰਾ ਸਿੱਖ ਟੈਂਪਲ ਬੇਕਰਜ਼ਫੀਲਡ ਦੇ ਉਦਮ ਨਾਲ ਗੁਰੂ ਨਾਨਕ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਵਿਚ ਹਾਜਰ ਸੰਗਤਾਂ (ਰਿਪੋਰਟ ਅਗਲੇ ਹਫਤੇ) ਤਸਵੀਰ: ਓਮਨੀ ਵੀਡੀਓ

# ਜੌਹਲ ਮਾਮਲਾ: ਪੰਜਾਬ ਪੁਲਿਸ ਦੀ ਫੁਰਤੀ ਸਵਾਲਾਂ ਦੇ ਘੇਰੇ 'ਚ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਮਿਥ ਕੇ ਕੀਤੇ ਕਤਲਾਂ ਦੇ ਮਾਮਲੇ ਵਿਚ ਪੰਜਾਬ ਪੁਲਿਸ ਦੀ ਫੜੋ-ਫੜੀ ਵਾਲੀ ਮੁਹਿੰਮ ਸਵਾਲਾਂ ਦੇ ਘੇਰੇ ਵਿਚ ਹੈ। ਕੌਮਾਂਤਰੀ ਪੱਧਰ ਉਤੇ ਉਂਗਲ ਉਠਣ ਪਿੱਛੋਂ ਮੋਦੀ ਸਰਕਾਰ ਨੂੰ ਵੀ ਪੰਜਾਬ ਪੁਲਿਸ ਦੀ 'ਫੁਰਤੀ' ਉਤੇ ਸ਼ੱਕ ਹੋ ਗਿਆ ਹੈ। ਪ੍ਰਧਾਨ ਮੰਤਰੀ ਦਫਤਰ ਨੇ 10 ਮੈਂਬਰੀ ਟੀਮ ਪੰਜਾਬ ਭੇਜੀ ਹੋਈ ਹੈ ਜੋ ਹੁਣ ਪੰਜਾਬ ਪੁਲਿਸ ਦੀ 'ਜਾਂਚ' ਕਰ ਰਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਇਹ ਟੀਮ ਭੇਜਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਦਫਤਰ ਨੇ ਆਈ.ਬੀ. ਤੋਂ ਰਿਪੋਰਟ ਮੰਗੀ ਸੀ ਤੇ ਇਸ ਪਿੱਛੋਂ ਹੀ ਪੰਜਾਬ



ਪੁਲਿਸ 'ਤੇ ਸ਼ੱਕ ਵਧਿਆ ਹੈ। ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੂੰ ਵੀ ਪੰਜਾਬ ਪੁਲਿਸ ਵੱਲੋਂ ਘੜੀਆਂ ਜਾ ਰਹੀਆਂ ਕਹਾਣੀਆਂ ਜਚ ਨਹੀਂ ਰਹੀਆਂ। ਦੱਸ ਦਈਏ ਕਿ ਪੁਲਿਸ ਹੁਣ ਤੱਕ ਪੰਜਾਬ ਵਿਚ ਮਿਥ ਕੇ ਕੀਤੇ ਕਤਲ ਦੀ ਹਰ ਵਾਰਦਾਤ ਨੂੰ ਕਿਸੇ ਨਾ ਕਿਸੇ ਤਰ੍ਹਾਂ ਵਿਦੇਸ਼ਾਂ ਵਿਚ ਬੈਠੇ ਗਰਮਖਿਆਲੀਆਂ ਨਾਲ ਜੋੜਦੀ ਰਹੀ ਹੈ ਤੇ ਖਾਲਿਸਤਾਨੀ ਲਿਬਰੇਸ਼ਨ ਫੋਰਸ ਦਾ ਨਾਂ ਪੁਲਿਸ ਨੇ ਸਭ ਤੋਂ ਉਪਰ ਰੱਖਿਆ ਹੈ।

ਪੁਲਿਸ ਦਾਅਵਾ ਕਰ ਰਹੀ ਹੈ ਕਿ ਉਸ ਨੇ ਕਤਲ ਦੇ ਤਕਰੀਬਨ ਸਾਰੇ ਮਾਮਲਿਆਂ ਨੂੰ ਹੱਲ ਕਰ ਲਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਫੜੋ-ਫੜੀ ਵਿਚ ਸ਼ਾਮਲ ਪੁਲਿਸ



*(ਬਾਕੀ ਸਫਾ 6 'ਤੇ)*


## ਬਰਤਾਨੀਆ ਦੀ ਭਾਰਤ ਸਰਕਾਰ ਨੂੰ ਚਿਤਾਵਨੀ

**ਲੰਡਨ:** ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ ਜੱਗੀ ਜੌਹਲ ਉਤੇ ਪੰਜਾਬ ਪੁਲਿਸ ਦੇ ਤਸ਼ੱਦਦ ਦਾ ਮਾਮਲਾ ਬਰਤਾਨਵੀ ਸੰਸਦ ਵਿਚ ਗੂੰਜਿਆ ਤੇ ਉਥੋਂ ਦੀ ਸਰਕਾਰ ਨੇ ਭਾਰਤ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਕਿਸੇ ਵੀ ਬਰਤਾਨਵੀ ਨਾਗਰਿਕ ਉਤੇ ਤਸ਼ੱਦਦ ਕੀਤਾ ਗਿਆ ਤਾਂ ਉਸ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ। ਬਰਤਾਨਵੀ ਸਰਕਾਰ ਦਾ ਕਹਿਣਾ ਹੈ ਕਿ ਅਜਿਹਾ ਸਲੂਕ ਪੂਰੀ ਤਰ੍ਹਾਂ ਗੈਰਜਮਹੂਰੀ ਹੈ।


We Do Real Estate in Bay Area & Central Valley
We do loans anywhere in California

Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja SWEETS & CATERING
Presents
PARADISE BALLROOMS
banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING TABLE CLOTH, NAPKINS, CHAIRS ETC.
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

***Selling Homes from Gilroy to Sacramento, CA***

***Call us before visiting new model homes to save big time.***

## Just Sold

1. 2605 Glen Cotswold Ct., San Jose, CA 95148
2. 59 Dunfirth Dr., Hayward, CA 94542
3. 1806 Cornwall Court, Lathrop, CA 95330
4. 3284 Faith Court, San Jose, CA 95127
5. 39951 Fremont Blvd, #226 Fremont, CA 94536
6. 840 Havasu Court, Livermore, CA 94550
7. 8500 Vista Brook Dr., Elk Grove, CA 95624
8. 4918 Plaza Escuela Dr., Santa Clara, CA 95054
9. 1345 Bridgecreek Way, Hayward, CA 94544
10. 3322 Jericho ln, San Jose, CA 95117
11. 2365 Clairette Place, Manteca, CA 95337
12. 2775 Caminito Ave, Yuba City, CA 95991
13. 2497 Glen Exter Way, San Jose, CA 95148
14. 5828 Newgate Ct., San Jose, CA 95138
15. 3897 Mars Ct, San Jose, CA 95135
16. 133 Orchard Park Pl., Hayward, CA 94544

***Call for Listing Special 2017***

Fremont Office:
86 Pilgrim Loop
Fremont CA 94539
Tel:510-440-9292
Fax:510-656-8941



**Jaswinder (Jassi) Gill**
M.Sc (PAU)
CA BRE# 00966763
Broker/Owner/Notary

Pinnacle Award Winner 2014, 2015 & 2016
Grand Master Award Winner 2012 & 2013

E-mail: jassi@jassigill.com
or
Visit us @ www.jassigill.com for hot listings

***Follow us on zillow.com and trulia.com***

## Cell: 510-304-9292 & 408-666-8279

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095

# ਪੰਜਾਬੀ ਨੌਜਵਾਨ ਦਾ ਗੋਲੀ ਮਾਰ ਕੇ ਕਤਲ

**ਫਰਿਜ਼ਨੋ (ਬਿਊਰੋ):** ਇਥੋਂ ਨਜ਼ਦੀਕੀ ਸ਼ਹਿਰ ਮਡੇਰਾ ਵਿਚ ਟਾਕਲ ਬਾਕਸ ਗੈਸ ਸਟੇਸ਼ਨ 'ਤੇ ਸੋਮਵਾਰ ਰਾਤ ਗਿਆਰਾਂ ਵਜੇ ਰੌਬਰੀ ਦੌਰਾਨ ਇਕ ਪੰਜਾਬੀ ਗੁਰਸਿੱਖ ਮੁੰਡਾ ਮਾਰਿਆ ਗਿਆ। ਮ੍ਰਿਤਕ ਨੌਜਵਾਨ ਦੀ ਸ਼ਨਾਖਤ ਧਰਮਪ੍ਰੀਤ ਸਿੰਘ ਜੱਸੜ (21), ਪਿੰਡ ਖੋਥੜਾਂ (ਨੇੜੇ ਫਗਵਾੜਾ) ਵਜੋਂ ਹੋਈ ਹੈ।



*ਧਰਮਪ੍ਰੀਤ ਸਿੰਘ*

ਜੁੜਵਾਂ ਭੈਣ ਦਾ ਇਕਲੌਤਾ ਭਰਾ ਧਰਮਪ੍ਰੀਤ ਦੋ ਸਾਲ ਪਹਿਲਾਂ ਫਰਿਜ਼ਨੋ ਸਟੇਟ ਯੂਨੀਵਰਸਿਟੀ ਵਿਚ ਪੜ੍ਹਾਈ ਕਰਨ ਆਇਆ ਸੀ। ਉਸ ਦੇ ਦਾਦਾ-ਦਾਦੀ ਕ੍ਰਦਰਜ਼ ਸ਼ਹਿਰ ਵਿਚ ਰਹਿੰਦੇ ਹਨ ਜਦਕਿ ਮਾਪੇ ਪਿੰਡ ਹੀ ਰਹਿੰਦੇ ਹਨ।

ਜਾਣਕਾਰੀ ਅਨੁਸਾਰ ਲੁਟੇਰਿਆਂ ਨੇ ਚਾਰ ਗੋਲੀਆਂ ਚਲਾਈਆਂ ਜਿਨ੍ਹਾਂ ਵਿਚੋਂ ਇੱਕ 6 ਫੁੱਟ ਲੰਮੇ ਧਰਮਪ੍ਰੀਤ ਦੇ ਮੱਥੇ ਵਿਚ ਲੱਗੀ ਤੇ ਉਹ ਥਾਂਏਂ ਢੇਰ ਹੋ ਗਿਆ। ਪੁਲਿਸ ਨੇ ਵੀਡੀਓ ਕੈਮਰਿਆਂ ਦੀ ਮਦਦ ਨਾਲ ਲੁਟੇਰਿਆਂ ਦੀ ਸ਼ਨਾਖਤ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ ਅਤੇ ਮਡੇਰਾ ਕਾਊਂਟੀ ਸ਼ੈਰਿਫ ਡਿਪਾਰਟਮੈਂਟ ਨੇ ਮਾਡੈਸਟੋ ਨਿਵਾਸੀ ਅੰਮ੍ਰਿਤਰਾਜ ਸਿੰਘ ਅਠਵਾਲ (22) ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਤਫਤੀਸ਼ ਜਾਰੀ ਹੈ ਤੇ ਬਾਕੀ ਦੋ ਹੋਰ ਕਾਤਲਾਂ 'ਤੇ ਪੁਲਿਸ ਸਿਕੰਜਾ ਕੱਸ ਰਹੀ ਹੈ। ਇਸ ਘਟਨਾ ਕਾਰਨ ਫਰਿਜ਼ਨੋ ਏਰੀਏ ਦੇ ਪੰਜਾਬੀ ਭਾਈਚਾਰੇ ਵਿਚ ਸੋਗ ਦੀ ਲਹਿਰ ਹੈ ਅਤੇ ਇਹ ਹੈਰਾਨੀ ਵੀ ਕਿ ਇਕ ਪੰਜਾਬੀ ਹੀ ਪੰਜਾਬੀ ਦਾ ਕਥਿਤ ਕਾਤਲ ਨਿਕਲਿਆ।

ਸਵਰਗੀ ਧਰਮਪ੍ਰੀਤ ਦਾ ਫਿਊਨਰਲ ਐਤਵਾਰ, 26 ਨਵੰਬਰ ਨੂੰ ਸਵੇਰੇ 11 ਤੋਂ ਦੁਪਹਿਰ ਇਕ ਵਜੇ ਦਰਮਿਆਨ ਸ਼ਾਂਤ ਭਵਨ ਫਿਊਨਰਲ ਹੋਮ ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਨਾਨਕ ਪ੍ਰਕਾਸ਼, ਫਰਿਜ਼ਨੋ ਵਿਖੇ ਹੋਵੇਗੀ।




# ਪੰਜਾਬੀ ਨੇ ਪਤਨੀ ਨੂੰ ਟਰੱਕ 'ਚ ਸਾੜਨ ਦੀ ਸਾਜ਼ਿਸ਼ ਕਬੂਲੀ

**ਟੋਰਾਂਟੋ:** ਪਿਛਲੇ ਸਾਲ ਭੇਤਭਰੀ ਹਾਲਤ ਵਿਚ ਸੜ ਕੇ ਮਰੀ ਗੁਰਪ੍ਰੀਤ ਕੌਰ ਦੇ ਪਤੀ ਨੇ ਅਦਾਲਤ ਵਿਚ ਮੰਨਿਆ ਕਿ ਪਤਨੀ ਨੂੰ ਹਥੌੜਾ ਮਾਰ ਕੇ ਕਤਲ ਕੀਤਾ ਸੀ ਪਰ ਕਾਨੂੰਨ ਤੋਂ ਬਚਣ ਲਈ ਉਸ ਨੇ ਲਾਸ਼ ਨੂੰ ਟਰੱਕ ਸਣੇ ਅੱਗ ਲਾ ਦਿੱਤੀ ਸੀ।



ਕਬੱਡੀ ਕੁਮੈਂਟੇਟਰ ਰਹੇ ਬਰੈਂਪਟਨ ਦੇ ਸੁਖਚੈਨ ਬਰਾੜ (52) 'ਤੇ ਪਤਨੀ ਗੁਰਪ੍ਰੀਤ ਬਰਾੜ (37) ਨੂੰ ਮਾਰਨ ਕਰ ਕੇ ਪਹਿਲੇ ਦਰਜੇ ਦਾ ਕਤਲ ਕੇਸ ਪਾਇਆ ਗਿਆ ਸੀ। ਪਿਛਲੇ ਸਾਲ 31 ਜਨਵਰੀ ਨੂੰ ਗੁਰਪ੍ਰੀਤ ਦਾ ਸੜਿਆ ਹੋਇਆ ਪਿੰਜਰ ਟਰੱਕ 'ਚੋਂ ਮਿਲਿਆ ਸੀ।

ਸਾਰਨੀਆ ਸ਼ਹਿਰ ਦੀ ਉਚ ਅਦਾਲਤ ਵਿਚ ਕਰਾਊਨ ਅਟਾਰਨੀ ਮੈਲਿਨੀ ਨੈਨਸਕੀਵਿਲ ਨੇ ਦੱਸਿਆ ਕਿ ਗੁਰਪ੍ਰੀਤ ਚੰਗੀ ਔਰਤ ਸੀ ਪਰ ਘਰੇਲੂ ਕਲੇਸ਼ ਕਾਰਨ ਮਾਨਸਿਕ ਪਰੇਸ਼ਾਨੀ ਵਿਚ ਸੀ। ਬਾਘਾ ਪੁਰਾਣਾ ਲਾਗਲੇ ਪਿੰਡ ਨਾਥੇਵਾਲਾ ਦੀ ਗੁਰਪ੍ਰੀਤ ਦਾ ਸੁਖਚੈਨ ਨਾਲ ਵਿਆਹ 1999 ਵਿਚ ਹੋਇਆ ਸੀ ਅਤੇ ਉਹ ਬੱਚਿਆਂ, ਸੱਸ ਅਤੇ ਦਿਓਰ ਨਾਲ ਰਹਿੰਦੀ ਸੀ। ਘਟਨਾ ਤੋਂ ਕੁਝ ਦਿਨ ਪਹਿਲਾਂ ਘਰੇਲੂ ਕਲੇਸ਼ ਤੋਂ ਤੰਗ ਆ ਕੇ ਉਸ ਨੇ ਪੱਕੇ ਤੌਰ ਉਤੇ ਪੰਜਾਬ ਜਾਣ ਲਈ ਦੋ ਬੱਚਿਆਂ ਸਮੇਤ ਟਿਕਟਾਂ ਵੀ ਬੁੱਕ ਕਰਵਾਈਆਂ ਹੋਈਆਂ ਸਨ। ਉਸ ਨੇ ਆਪਣੀ ਵਸੀਅਤ, ਪਾਵਰ ਆਫ ਅਟਾਰਨੀ 'ਚ ਸਭ ਜਾਇਦਾਦ ਸੁਖਚੈਨ ਦੇ ਨਾਂ ਕਰ ਦਿੱਤੀ ਸੀ। 14 ਜੱਜਾਂ ਦਾ ਬੈਂਚ ਅਗਲੇ ਚਾਰ ਹਫਤਿਆਂ ਦੌਰਾਨ ਸੁਣਵਾਈ ਕਰੇਗਾ ਅਤੇ ਫਿਰ ਸਜ਼ਾ ਬਾਰੇ ਕੋਈ ਫੈਸਲਾ ਆਵੇਗਾ।

# ਕਹੀ ਮਾਰ ਕੇ ਪਿਤਾ ਦਾ ਕਤਲ

**ਫਿਰੋਜ਼ਪੁਰ:** ਕਸਬਾ ਮੱਲਾਂਵਾਲਾ ਅਧੀਨ ਪੈਂਦੇ ਪਿੰਡ ਕੋਹਾਲਾ ਵਿਚ ਪੁੱਤ ਨੇ ਪਿਉ ਦਾ ਕਹੀ ਮਾਰ ਕੇ ਕਤਲ ਕਰ ਦਿੱਤਾ। ਪਿਉ ਸਾਬਕਾ ਫੌਜੀ ਸੀ ਤੇ ਝਗੜੇ ਦਾ ਕਾਰਨ ਜ਼ਮੀਨੀ ਵਿਵਾਦ ਦੱਸਿਆ ਜਾ ਰਿਹਾ ਹੈ। ਮੁਲਜ਼ਮ ਪ੍ਰਦੀਪ ਸਿੰਘ ਦੀ ਮਾਂ ਗੁਰਵੰਤ ਕੌਰ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਉਸ ਦੇ ਪੁੱਤਰ ਪ੍ਰਦੀਪ ਸਿੰਘ ਅਤੇ ਪਤੀ ਗੁਰਦੇਵ ਸਿੰਘ ਵਿਚਾਲੇ ਜ਼ਮੀਨ ਦੀ ਵੰਡ ਸਬੰਧੀ ਝਗੜਾ ਚੱਲ ਰਿਹਾ ਸੀ।


ਪਰਿਵਾਰ ਦੇ ਮੈਂਬਰਾਂ ਨੇ ਪਿਉ-ਪੁੱਤ ਦਰਮਿਆਨ ਰਾਜ਼ੀਨਾਮਾ ਵੀ ਕਰਵਾ ਦਿੱਤਾ ਸੀ ਪਰ ਮੁੜ ਹੋਏ ਝਗੜੇ ਵਿਚ ਪ੍ਰਦੀਪ ਨੇ ਕਹੀ ਮਾਰ ਕੇ ਪਿਉ ਦਾ ਕਤਲ ਕਰ ਦਿੱਤਾ। ਪ੍ਰਦੀਪ ਨਸ਼ਾ ਕਰਨ ਦਾ ਆਦੀ ਸੀ ਅਤੇ ਆਪਣੇ ਹਿੱਸੇ ਦੀ ਜ਼ਮੀਨ ਵੇਚਣੀ ਚਾਹੁੰਦਾ ਸੀ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*





*Contact:*
**Dr. Baljit Jammu**
*Doctor of Chiropractic*
**Ph: 510-940-8236**
**40000 Fremont Blvd., Suite H**
**Fremont, CA 94538**






# ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਹੋਣਗੀਆਂ ਜ਼ਬਤ

**ਚੰਡੀਗੜ੍ਹ:** ਪੰਜਾਬ ਵਜ਼ਾਰਤ ਨੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਲਈ ਪੰਜਾਬ ਐਕਟ 2017 (ਪੰਜਾਬ ਫੋਰਫੀਟ ਆਫ ਇਲੀਗਲੀ ਐਕੁਆਇਰਡ ਪ੍ਰਾਪਰਟੀ ਐਕਟ) ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਵਜ਼ਾਰਤ ਨੇ ਮੋਗਾ ਅਤੇ ਆਦਮਪੁਰ ਵਿਚ ਆਨਲਾਈਨ ਰਜਿਸਟਰੀਆਂ ਕਰਨ ਉਤੇ ਵੀ ਮੋਹਰ ਲਾ ਦਿੱਤੀ ਹੈ। ਇਸ ਤੋਂ ਇਲਾਵਾ ਕੁਝ ਹੋਰ ਅਹਿਮ ਫੈਸਲੇ ਵੀ ਕੀਤੇ ਗਏ।

ਇਹ ਫੈਸਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਵਜ਼ਾਰਤ ਦੀ ਮੀਟਿੰਗ ਵਿਚ ਲਏ ਗਏ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਨਸ਼ਾ ਤਸਕਰਾਂ ਬਾਰੇ ਕਾਨੂੰਨ ਬਣਨ ਨਾਲ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੀਆਂ ਤਾਕਤਾਂ ਮਿਲ ਜਾਣਗੀਆਂ। ਕਾਨੂੰਨ ਦਾ ਖਰੜਾ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਤਿਆਰ ਕੀਤਾ ਗਿਆ ਹੈ। ਐਨ.ਡੀ.ਪੀ.ਐਸ. ਐਕਟ ਹੇਠ ਕੇਸ ਦਰਜ ਹੋਣ ਤੋਂ ਬਾਅਦ ਮੁਲਜ਼ਮ ਆਪਣੀ ਜਾਇਦਾਦ ਵੇਚ ਨਹੀਂ ਸਕਣਗੇ ਅਤੇ ਨਾ ਕਿਸੇ ਦੇ ਨਾਂ ਤਬਦੀਲ ਕਰਵਾ ਸਕਣਗੇ। ਨਵਾਂ ਐਕਟ ਲਾਗੂ ਕਰਨ ਲਈ



ਬਿੱਲ ਵਿਧਾਨ ਸਭਾ ਵਿਚ ਪਾਸ ਕੀਤਾ ਜਾਵੇਗਾ ਤੇ ਰਾਜਪਾਲ ਦੀ ਪ੍ਰਵਾਨਗੀ ਤੇ ਰਾਸ਼ਟਰਪਤੀ ਕੋਲੋਂ ਮਨਜ਼ੂਰੀ ਤੋਂ ਬਾਅਦ ਅਮਲ ਵਿੱਚ ਆਵੇਗਾ।

ਵਜ਼ਾਰਤ ਨੇ ਮੋਗਾ ਤੇ ਆਦਮਪੁਰ ਤਹਿਸੀਲਾਂ ਵਿਚ ਆਨਲਾਈਨ ਰਜਿਸਟਰੀ ਕਰਨ ਦੇ ਫੈਸਲੇ ਨੂੰ ਵੀ ਮਨਜ਼ੂਰੀ ਦੇ ਦਿੱਤੀ ਅਤੇ ਇਸ ਬਾਰੇ ਮੁੱਖ ਮੰਤਰੀ ਨੇ ਕੁਝ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਗੱਲਬਾਤ ਵੀ ਕੀਤੀ। ਮੁੱਖ ਮੰਤਰੀ ਨੇ ਪੰਜ ਜ਼ਿਲ੍ਹਿਆਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਐਸ.ਏ.ਐਸ. ਨਗਰ (ਮੁਹਾਲੀ) ਵਿਚ ਇਲੈਕਟ੍ਰਾਨਿਕ ਟੋਟਲ ਸਟੇਸ਼ਨ ਪ੍ਰੋਗਰਾਮ (ਈ.ਟੀ.ਐਸ.) ਦੇ ਪਾਇਲਟ ਪ੍ਰੋਜੈਕਟ ਦਾ ਵੀ ਆਰੰਭ ਕੀਤਾ, ਜਿਸ ਨਾਲ ਜ਼ਮੀਨ ਦੀ ਨਿਸ਼ਾਨਦੇਹੀ ਦੀ ਗੁੰਝਲਦਾਰ ਪ੍ਰਕਿਰਿਆ ਸੁਖਾਲੀ ਹੋ ਜਾਵੇਗੀ। ਮੁੱਖ ਮੰਤਰੀ ਨੇ ਵੀਡੀਓ ਕਾਨਫਰੰਸਿੰਗ ਵਿਚ ਹਿੱਸਾ ਲੈਣ ਵਾਲੇ ਕਮਿਸ਼ਨਰਾਂ ਤੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਕਿ ਮਾਲ ਵਿਭਾਗ ਪਾਰਦਰਸ਼ੀ ਅਤੇ ਜਵਾਬਦੇਹ ਸ਼ਾਸਨ ਮੁਹੱਈਆ ਕਰਵਾਏ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮਾਲ ਅਦਾਲਤਾਂ ਵਿਚ ਸਾਲਾਂ ਤੋਂ ਬਕਾਇਆ ਮਾਮਲੇ 31 ਮਾਰਚ, 2018 ਤੱਕ ਨਿਬੇੜਨ ਨੂੰ ਯਕੀਨੀ ਬਣਾਇਆ ਜਾਵੇ। ਆਨਲਾਈਨ ਪ੍ਰਣਾਲੀ ਹੋਣ ਕਰ ਕੇ ਜਿਥੇ ਰਜਿਸਟਰੀ ਅਤੇ ਹੋਰ ਦਸਤਾਵੇਜ਼ ਅਪਲੋਡ ਕਰਨ ਲਈ ਸਬੰਧਤ ਡੇਟਾ ਦੀ ਐਂਟਰੀ ਹੋਇਆ ਕਰੇਗੀ, ਉਥੇ ਐਨ.ਜੀ.ਡੀ.ਆਰ.ਐਸ. ਪ੍ਰੋਗਰਾਮ ਸਟੈਂਪ ਡਿਊਟੀ, ਰਜਿਸਟਰੇਸ਼ਨ ਫੀਸ ਅਤੇ ਕੁਲੈਕਟਰ ਰੇਟ ਉਤੇ ਆਧਾਰਤ ਫੀਸ ਦਾ ਹਿਸਾਬ-ਕਿਤਾਬ ਖ਼ੁਦ ਲਾ ਲਵੇਗਾ।

ਦੱਸਣਯੋਗ ਹੈ ਕਿ ਮੁਲਕ ਵਿਚ ਪੰਜਾਬ ਪਹਿਲਾ ਸੂਬਾ ਬਣ ਗਿਆ ਹੈ, ਜਿਥੇ ਐਨ.ਜੀ.ਡੀ.ਆਰ.ਐਸ. ਪ੍ਰੋਜੈਕਟ ਲਾਗੂ ਕੀਤਾ ਗਿਆ ਹੈ। ਜ਼ਮੀਨ ਦੀ ਪੈਮਾਇਸ਼ ਤੇ ਨਿਸ਼ਾਨਦੇਹੀ ਈ.ਟੀ.ਐਸ. ਪ੍ਰਣਾਲੀ ਰਾਹੀਂ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਜ਼ਮੀਨ ਦੀ ਜ਼ਰੀਬ ਨਾਲ ਪੈਮਾਇਸ਼ ਦੀ ਪੰਜ-ਛੇ ਸਦੀਆਂ ਪੁਰਾਣੀ ਰਵਾਇਤ ਖਤਮ ਹੋ ਗਈ ਹੈ। ਜ਼ਮੀਨ ਦਾ ਮਾਲਕ ਆਪਣੇ ਹਿੱਸੇ ਦੀ ਜ਼ਮੀਨ ਦਾ ਨਕਸ਼ਾ ਆਨਲਾਈਨ ਦੇਖ ਸਕੇਗਾ। ਨਿਸ਼ਾਨਦੇਹੀ ਲਈ ਦਰਾਂ ਇਕ ਦਸੰਬਰ, 2017 ਤੋਂ ਲਾਗੂ ਕੀਤੀਆਂ ਜਾਣਗੀਆਂ।

## 150 ਪ੍ਰਭਾਵਸ਼ਾਲੀ ਔਰਤਾਂ ਵਿਚ ਮਲਾਲਾ ਵੀ ਸ਼ਾਮਲ

**ਲੰਡਨ:** ਪ੍ਰਸਿੱਧ ਬ੍ਰਿਟਿਸ਼ ਫੈਸ਼ਨ ਤੇ ਸ਼ੋਬਿਜ਼ ਪਤ੍ਰਿਕਾ ਬਾਜ਼ਾਰ ਨੇ ਇਸ ਸਾਲ ਆਪਣੇ 150ਵੀਂ ਵਰ੍ਹੇਗੰਢ ਉਤੇ 150 ਪ੍ਰਭਾਵਸ਼ਾਲੀ ਔਰਤਾਂ ਦੀ ਸੂਚੀ 'ਚ ਪਾਕਿਸਤਾਨੀ ਮੂਲ ਦੀ ਨੋਬਲ ਇਨਾਮ ਜੇਤੂ ਮਲਾਲਾ ਯੂਸਫਜ਼ਾਈ ਦਾ ਨਾਂ ਵੀ ਸ਼ਾਮਲ ਕੀਤਾ ਹੈ।



ਬਾਜ਼ਾਰ ਪਤ੍ਰਿਕਾ ਨੇ ਇਹ ਸੂਚੀ ਇਸ ਮਹੀਨੇ 15 ਨਵੰਬਰ ਨੂੰ ਜਾਰੀ ਕੀਤੀ ਹੈ ਜਿਸ ਵਿਚ ਉਸ ਨੇ ਕਲਾ, ਫੈਸ਼ਨ, ਬਿਊਟੀ, ਵਪਾਰ, ਵਿਗਿਆਨ ਤੇ ਰਾਇ (ਓਪੀਨੀਅਨ) ਸਣੇ ਹੋਰ ਖੇਤਰਾਂ 'ਚ ਬਿਹਤਰੀਨ ਪ੍ਰਦਰਸ਼ਨ ਕਰਨ ਵਾਲੀਆਂ ਔਰਤਾਂ ਨੂੰ ਸ਼ਾਮਲ ਕੀਤਾ ਹੈ।

ਇਸ ਸੂਚੀ ਨੂੰ ਜਾਰੀ ਕਰਦੇ ਹੋਏ ਪਤ੍ਰਿਕਾ ਨੇ ਲਿਖਿਆ ਹੈ ਕਿ ਉਕਤ 150 ਔਰਤਾਂ ਉਚ ਵਿਚਾਰ ਤੇ ਪ੍ਰਭਾਵਸ਼ਾਲੀ ਸ਼ਖਸੀਅਤ ਕਾਰਨ ਲੱਖਾਂ ਲੋਕਾਂ ਲਈ ਰੋਲ ਮਾਡਲ ਦੀ ਹੈਸੀਅਤ ਰੱਖਦੀਆਂ ਹਨ। ਫੈਸ਼ਨ ਪਤ੍ਰਿਕਾ ਨੇ ਮਲਾਲਾ ਯੂਸਫਜ਼ਾਈ ਦਾ ਨਾਂ ਰਾਇ (ਓਪੀਨੀਅਨ) ਸੂਚੀ 'ਚ ਜਾਰੀ ਕੀਤਾ।

# ਸਰਕਾਰੀ ਸਕੂਲਾਂ 'ਚ ਕਿਤਾਬਾਂ ਦੀ ਅਜੇ ਵੀ ਉਡੀਕ

**ਮੁਹਾਲੀ:** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਹਿਲੀ ਤੋਂ 10ਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਨੂੰ ਅਕਾਦਮਿਕ ਸੈਸ਼ਨ 2017-18 ਲਈ ਦਿੱਤੀਆਂ ਜਾਣ ਵਾਲੀਆਂ ਪਾਠ-ਪੁਸਤਕਾਂ ਵਿਚੋਂ 20 ਤੋਂ ਵੱਧ ਟਾਈਟਲ ਪੁਸਤਕਾਂ ਬੋਰਡ ਦੇ ਦਾਅਵਿਆਂ ਦੇ ਉਲਟ ਦਸੰਬਰ ਮਹੀਨੇ ਦੇ ਅੱਧ ਤੱਕ ਹੀ ਵਿਦਿਆਰਥੀਆਂ ਨੂੰ ਮਿਲਣ ਦੀ ਸੰਭਾਵਨਾ ਹੈ, ਜਦਕਿ ਅਗਲੇ ਵਿੱਦਿਅਕ ਸੈਸ਼ਨ ਦੀਆਂ ਪਾਠ-ਪੁਸਤਕਾਂ ਦੇ ਵੀ ਬੋਰਡ ਚੇਅਰਮੈਨ ਵੱਲੋਂ ਮਿਥੀ ਮਿਤੀ 31 ਜਨਵਰੀ 2018 ਤੱਕ ਸਕੂਲਾਂ ਵਿਚ ਪਹੁੰਚਣ ਦੀ ਸੰਭਾਵਨਾ ਬਹੁਤ ਘੱਟ ਦਿਖਾਈ ਦੇ ਰਹੀ ਹੈ।



ਜਾਣਕਾਰੀ ਅਨੁਸਾਰ ਕ੍ਰਿਸ਼ਨ ਕੁਮਾਰ ਵੱਲੋਂ ਜੂਨ 2017 ਵਿਚ ਸਿੱਖਿਆ ਬੋਰਡ ਦੇ ਚੇਅਰਮੈਨ ਦਾ ਅਹੁਦਾ ਸੰਭਾਲਣ ਮੌਕੇ ਪਾਠ-ਪੁਸਤਕਾਂ ਲਈ ਕਾਗਜ਼ ਦੀ ਸਮੇਂ ਸਿਰ ਖਰੀਦ ਨਾ ਹੋ ਸਕਣ ਕਾਰਨ 35 ਦੇ ਕਰੀਬ ਪਾਠ-ਪੁਸਤਕਾਂ ਦੇ ਟਾਈਟਲਾਂ ਦੀ ਛਪਾਈ ਦਾ ਕੰਮ ਬਕਾਇਆ ਸੀ। ਛਪਾਈ ਅਧੀਨ ਚੱਲ ਰਹੇ 21 ਟਾਈਟਲ ਅੱਧ ਦੇ ਕਰੀਬ ਛਪ ਕੇ ਤਿਆਰ ਹੋ ਚੁੱਕੇ ਹਨ, ਜਦਕਿ ਹਾਲੇ ਵੀ 14 ਦੇ ਕਰੀਬ ਟਾਈਟਲਾਂ ਦੀ ਛਪਾਈ ਬਾਕੀ ਹੈ। ਇਸ ਤਰ੍ਹਾਂ ਇਹ ਪੁਸਤਕਾਂ ਦਸੰਬਰ ਮਹੀਨੇ ਦੇ ਅੱਧ ਤੱਕ ਹੀ ਸਕੂਲਾਂ 'ਚ ਪਹੁੰਚ ਸਕਣਗੀਆਂ।

ਸੂਤਰਾਂ ਅਨੁਸਾਰ ਕਿਤਾਬਾਂ ਲਈ ਲੋੜੀਂਦੇ ਕਰੋੜਾਂ ਰੁਪਏ ਦੇ ਪੇਪਰ ਦੀ ਖਰੀਦ ਕਰਨ ਅਤੇ ਕਿਤਾਬਾਂ ਦੀ ਛਪਾਈ ਦੀ ਪ੍ਰਕਿਰਿਆ ਨੂੰ ਪੂਰਾ ਹੋਣ 'ਚ ਕਰੀਬ 4 ਮਹੀਨਿਆਂ ਦਾ ਸਮਾਂ ਲੱਗਦਾ ਹੈ, ਜਿਸ ਕਾਰਨ ਬੋਰਡ ਅਧਿਕਾਰੀਆਂ ਵੱਲੋਂ ਤੇਜ਼ੀ ਵਰਤਣ ਦੇ ਬਾਵਜੂਦ ਸੈਸ਼ਨ 2018-19 ਦੀਆਂ ਪਾਠ-ਪੁਸਤਕਾਂ 31 ਜਨਵਰੀ ਦੀ ਥਾਂ ਫਰਵਰੀ ਮਹੀਨੇ ਦੇ ਅਖੀਰ ਤੱਕ ਹੀ ਤਿਆਰ ਹੋ ਸਕਣਗੀਆਂ। ਜ਼ਿਕਰਯੋਗ ਹੈ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਅਜੇ ਤੱਕ ਕੁੱਲ 21 ਕਿਤਾਬਾਂ 'ਚੋਂ 7 ਕਿਤਾਬਾਂ ਨਹੀਂ ਮਿਲੀਆਂ, ਜਿਨ੍ਹਾਂ ਵਿਚ ਪਹਿਲੀ ਦਾ ਗਣਿਤ ਅਤੇ ਅੰਗਰੇਜ਼ੀ, ਦੂਸਰੀ ਦੀ ਪੰਜਾਬੀ, ਤੀਸਰੀ ਦੀ ਵਾਤਾਵਰਨ, ਚੌਥੀ ਦੀ ਪੰਜਾਬੀ ਅਤੇ ਗਣਿਤ, ਪੰਜਵੀਂ ਦਾ ਗਣਿਤ ਸ਼ਾਮਲ ਹਨ। ਇਸੇ ਤਰ੍ਹਾਂ ਛੇਵੀਂ ਤੋਂ ਅੱਠਵੀਂ ਤੱਕ ਕੁੱਲ 43 ਕਿਤਾਬਾਂ ਵਿਚੋਂ 18 ਕਿਤਾਬਾਂ ਨਹੀਂ ਆਈਆਂ। ਛੇਵੀਂ ਅਤੇ ਅੱਠਵੀਂ ਜਮਾਤ ਦੇ ਗਣਿਤ ਅਤੇ ਹਿੰਦੀ ਕਿਤਾਬ ਦੇ ਦਰਸ਼ਨ ਵੀ ਵਿਦਿਆਰਥੀਆਂ ਨੂੰ ਨਹੀਂ ਹੋ ਸਕੇ। ਨੌਵੀਂ ਤੇ 10ਵੀਂ ਦੀਆਂ 40 ਵਿਚੋਂ 9 ਕਿਤਾਬਾਂ ਦੀ ਵਿਦਿਆਰਥੀਆਂ ਨੂੰ ਅੱਜ ਵੀ ਉਡੀਕ ਹੈ।

# ਰੁਜ਼ਗਾਰ ਮੇਲਿਆਂ ਦੀ ਰਜਿਸਟਰੇਸ਼ਨ ਬਣੀ ਸਰਕਾਰ ਲਈ ਸਿਰਦਰਦੀ

**ਚੰਡੀਗੜ੍ਹ:** ਕੈਪਟਨ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਕੁਝ ਮਹੀਨੇ ਪਹਿਲਾਂ ਆਪਣੇ ਚੋਣ ਵਾਅਦੇ ਮੁਤਾਬਕ ਪੰਜਾਬ ਅੰਦਰ 'ਘਰ-ਘਰ ਨੌਕਰੀ' ਦੇਣ ਲਈ ਰੁਜ਼ਗਾਰ ਮੇਲੇ ਲਗਾਏ ਸਨ। ਸਰਕਾਰ ਵੱਲੋਂ ਇਸ ਮੁਹਿੰਮ ਦੀ ਬੜੇ ਜੋਰ-ਸ਼ੋਰ ਨਾਲ ਸ਼ੁਰੂਆਤ ਕੀਤੀ ਗਈ ਸੀ, ਜਿਸ ਬਾਰੇ ਨੌਜਵਾਨਾਂ ਦਾ ਉਤਸ਼ਾਹ ਵੀ ਬਹੁਤ ਜ਼ਿਆਦਾ ਸੀ। ਇਨ੍ਹਾਂ ਮੇਲਿਆਂ ਵਿਚ ਬੇਰੁਜ਼ਗਾਰਾਂ ਦੀਆਂ ਵੱਡੀਆਂ ਭੀੜਾਂ ਲੱਗੀਆਂ ਸਨ। ਇਨ੍ਹਾਂ ਨੂੰ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਤਿਆਰ ਕੀਤੀ ਗਈ ਇਕ ਖਾਸ ਵੈੱਬਸਾਈਟ ਉਪਰ ਰਜਿਸਟਰਡ ਕਰਨ ਲਈ ਕਿਹਾ ਗਿਆ ਸੀ, ਜਿਸ ਪਿੱਛੋਂ ਤਕਰੀਬਨ 3 ਲੱਖ 92 ਹਜ਼ਾਰ ਬੇਰੁਜ਼ਗਾਰਾਂ ਨੇ ਇਸ ਸਾਈਟ 'ਤੇ ਆਪਣੇ ਆਪ ਨੂੰ ਰਜਿਸਟਰਡ ਕੀਤਾ ਸੀ।

ਹੁਣ ਜਦੋਂ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਰਜਿਸਟਰਡ ਬੇਰੁਜ਼ਗਾਰਾਂ ਦਾ ਡਾਟਾ ਰੁਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ ਨੂੰ ਮੁਹੱਈਆ ਕਰਵਾਇਆ ਹੈ ਤਾਂ ਇਸ ਡਾਟੇ ਦੀ ਜਾਂਚ ਸ਼ੁਰੂ ਹੋਈ ਹੈ। ਵਿਭਾਗ ਨੇ ਜ਼ਿਲ੍ਹਿਆਂ ਦੇ ਹਿਸਾਬ ਨਾਲ ਹਰ ਜ਼ਿਲ੍ਹੇ ਅੰਦਰ ਸਥਿਤ ਆਪਣੇ ਦਫਤਰਾਂ ਅੰਦਰ ਇਸ ਡਾਟੇ ਨੂੰ ਜਾਂਚ ਲਈ ਭੇਜ ਦਿੱਤਾ ਹੈ। ਜ਼ਿਲ੍ਹਾ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਕਿ ਉਹ ਇਸ ਡਾਟੇ 'ਚੋਂ ਰੋਜ਼ਾਨਾ 200 ਉਮੀਦਵਾਰਾਂ ਨਾਲ ਉਨ੍ਹਾਂ ਵੱਲੋਂ ਦਿੱਤੇ ਗਏ ਮੋਬਾਈਲ ਨੰਬਰਾਂ ਉਤੇ ਸੰਪਰਕ ਕਰ ਕੇ ਲੋੜੀਂਦੀ ਜਾਂਚ ਕਰਨ।

**85 ਫੀਸਦੀ ਮੋਬਾਈਲ ਨੰਬਰ ਤੇ ਹੋਰ ਜਾਣਕਾਰੀ ਗਲਤ**

ਇਸ ਆਰੰਭ ਹੋਈ ਜਾਂਚ ਦੌਰਾਨ ਹੈਰਾਨੀਜਨਕ ਖੁਲਾਸਾ ਇਹ ਹੋਇਆ ਹੈ ਕਿ ਇਨ੍ਹਾਂ 3 ਲੱਖ 92 ਹਜ਼ਾਰ ਉਮੀਦਵਾਰਾਂ ਵਿਚੋਂ ਸਿਰਫ 15 ਕੁ ਫੀਸਦੀ ਉਮੀਦਵਾਰਾਂ ਦੇ ਮੋਬਾਈਲ ਨੰਬਰ ਅਤੇ ਹੋਰ ਜਾਣਕਾਰੀ ਠੀਕ ਨਿਕਲ ਰਹੀ ਹੈ, ਜਦੋਂ ਕਿ ਕਰੀਬ 85 ਫੀਸਦੀ ਮੋਬਾਈਲ ਨੰਬਰ ਅਤੇ ਹੋਰ ਜਾਣਕਾਰੀ ਗਲਤ ਪਾਈ ਜਾ ਰਹੀ ਹੈ। ਇਥੋਂ ਤੱਕ ਕਿ ਕਈ ਮੋਬਾਈਲ ਨੰਬਰ ਦੂਸਰੇ ਰਾਜਾਂ ਵਿਚ ਚੱਲ ਰਹੇ ਹਨ ਜਿਨ੍ਹਾਂ ਉਤੇ ਸੰਪਰਕ ਕਰਨ 'ਤੇ ਇਹ ਪਤਾ ਲੱਗ ਰਿਹਾ ਹੈ ਕਿ ਉਨ੍ਹਾਂ ਨੇ ਤਾਂ ਕੋਈ ਰਜਿਸਟਰੇਸ਼ਨ ਕੀਤੀ ਹੀ ਨਹੀਂ। ਇਸ ਦੇ ਨਾਲ ਹੀ ਕਈ ਪਹਿਲਾਂ ਤੋਂ ਨੌਕਰੀਆਂ ਕਰਨ ਵਾਲਿਆਂ ਨੇ ਵੀ ਆਪਣੀ ਰਜਿਸਟਰੇਸ਼ਨ ਕੀਤੀ ਹੋਈ ਹੈ। ਵਿਭਾਗ ਦੇ ਇਕ ਅਧਿਕਾਰੀ ਨੇ ਕਿਹਾ ਕਿ ਇਸ ਡਾਟੇ ਦੀ ਜਾਂਚ ਕਰਨਾ ਉਨ੍ਹਾਂ ਲਈ ਵੱਡੀ ਸਿਰਦਰਦੀ ਬਣ ਗਿਆ ਹੈ।

# ਸਰਕਾਰੀ ਮੁਲਾਜ਼ਮਾਂ ਨੂੰ ਦਾਜ ਬਾਰੇ ਦੇਣਾ ਪਵੇਗਾ ਹਲਫਨਾਮਾ

**ਚੰਡੀਗੜ੍ਹ:** ਹਰਿਆਣਾ ਦੇ ਸੂਚਨਾ ਅਧਿਕਾਰ ਕਮਿਸ਼ਨਰ ਨੇ ਇਤਿਹਾਸਕ ਫੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਹਰੇਕ ਮੁਲਾਜ਼ਮ ਵਿਆਹ ਤੋਂ ਬਾਅਦ ਆਪਣੇ ਵਿਭਾਗ ਦੇ ਮੁਖੀ ਨੂੰ ਹਲਫਨਾਮਾ ਦੇਵੇ ਕਿ ਉਸ ਨੇ ਕੋਈ ਦਹੇਜ ਨਹੀਂ ਲਿਆ ਹੈ। ਹਲਫਨਾਮੇ 'ਤੇ ਪਤਨੀ, ਪਿਤਾ ਅਤੇ ਸਹੁਰੇ ਦੇ ਵੀ ਦਸਤਖਤ ਹੋਣਗੇ। ਉਨ੍ਹਾਂ ਸੂਬੇ ਦੇ ਮੁੱਖ ਸਕੱਤਰ ਨੂੰ 45 ਦਿਨਾਂ ਅੰਦਰ ਇਹ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਹੈ।

ਹੁਕਮਾਂ ਵਿਚ ਕਿਹਾ ਗਿਆ ਹੈ ਕਿ ਜਦੋਂ ਕਿਸੇ ਮੁਲਾਜ਼ਮ ਨੂੰ ਨੌਕਰੀ ਦਿੱਤੀ ਜਾਂਦੀ ਹੈ ਤਾਂ ਸਰਕਾਰ ਲਿਖਤੀ ਤੌਰ 'ਤੇ ਉਸ ਤੋਂ ਇਹ ਹਲਫਨਾਮਾ ਲਏ ਕਿ ਉਹ ਜਦੋਂ ਵੀ ਵਿਆਹ ਕਰੇਗਾ ਤਾਂ ਦਹੇਜ ਵਿਰੋਧੀ ਕਾਨੂੰਨ ਦਾ ਪਾਲਣ ਕਰੇਗਾ ਅਤੇ ਜੇਕਰ ਵਿਆਹ ਹੋ ਚੁੱਕਾ ਹੈ ਤਾਂ ਦਹੇਜ ਦੇ ਰੂਪ 'ਚ ਲਏ ਸਾਮਾਨ ਦੀ ਜਾਣਕਾਰੀ ਦੇਣੀ ਪਏਗੀ। ਇਸ ਜਾਣਕਾਰੀ ਨੂੰ 'ਤੀਜੀ ਧਿਰ' ਆਖ ਕੇ ਸੂਚਨਾ ਐਕਟ ਤਹਿਤ ਨਕਾਰਿਆ ਨਹੀਂ ਜਾ ਸਕਦਾ। ਉਨ੍ਹਾਂ ਇਸ ਦਲੀਲ ਨੂੰ ਵੀ ਖਾਰਿਜ ਕਰ ਦਿੱਤਾ ਕਿ ਵਿਆਹ ਦੇ ਵਿਵਾਦ ਤਹਿਤ ਸਰਕਾਰੀ ਮੁਲਾਜ਼ਮ, ਪਤਨੀ ਨੂੰ ਤੀਜੀ ਧਿਰ ਆਖ ਕੇ ਉਸ ਤੋਂ ਨਿੱਜਤਾ ਦੇ ਆਧਾਰ ਉਤੇ ਕੋਈ ਵੀ ਸਰਕਾਰੀ ਜਾਣਕਾਰੀ ਨਹੀਂ ਛਿਪਾ ਸਕਦਾ। ਉਨ੍ਹਾਂ ਇਸ ਕੇਸ ਬਾਰੇ ਕਿਹਾ ਕਿ ਸਰਕਾਰੀ ਅਧਿਕਾਰੀ ਨੇ ਹਰਿਆਣਾ ਸਿਵਲ ਸਰਵਿਸਿਜ਼ (ਸਰਕਾਰੀ ਮੁਲਾਜ਼ਮਾਂ ਦੇ ਵਿਹਾਰ) ਨਿਯਮ 2016 ਦੀ ਧਾਰਾ 18 (2) ਤਹਿਤ ਕੋਈ ਹਲਫਨਾਮਾ ਦਾਖਲ ਨਹੀਂ



ਕੀਤਾ ਹੈ। ਸ੍ਰੀ ਅੱਤਰੀ ਨੇ ਮੁੱਖ ਸਕੱਤਰ ਨੂੰ ਕਿਹਾ ਕਿ ਉਹ ਨਿਯਮ ਨੂੰ ਸਖਤੀ ਨਾਲ ਲਾਗੂ ਕਰਨ ਲਈ ਢੁਕਵੇਂ ਕਦਮ ਚੁੱਕਣ।

## ਹੁਣ ਪਰਵਾਸੀਆਂ ਨੂੰ ਸਹੂਲਤਾਂ ਲਈ ਆਧਾਰ ਦੀ ਲੋੜ ਨਹੀਂ

**ਨਵੀਂ ਦਿੱਲੀ:** ਪਰਵਾਸੀ ਭਾਰਤੀਆਂ (ਐਨ.ਆਰ.ਆਈ.) ਤੇ ਭਾਰਤੀ ਮੂਲ ਦੇ ਵਿਅਕਤੀਆਂ (ਪੀ.ਆਈ.ਓ.) ਨੂੰ ਬੈਂਕ ਖਾਤਿਆਂ ਤੇ ਹੋਰ ਸੇਵਾਵਾਂ ਨਾਲ ਆਧਾਰ ਕਾਰਡ ਜੋੜਨ ਦੀ ਲੋੜ ਨਹੀਂ ਹੈ। ਇਸ ਸਬੰਧੀ ਭਾਰਤੀ ਵਿਲੱਖਣ ਪਛਾਣ ਅਥਾਰਟੀ (ਯੂ.ਆਈ.ਡੀ.ਏ.ਆਈ) ਨੇ ਵੱਖ-ਵੱਖ ਲਾਗੂ ਕਰਤਾ ਏਜੰਸੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਅਜਿਹੀਆਂ ਸ਼ਖਸੀਅਤਾਂ ਦੀ ਸਥਿਤੀ ਦੀ ਪੁਸ਼ਟੀ ਕਰਨ ਲਈ ਕਿਹਾ ਹੈ।

# ਡਰੱਗ ਕੇਸ 'ਚ ਖਹਿਰਾ ਨੂੰ ਨਾ ਮਿਲੀ ਰਾਹਤ

**ਚੰਡੀਗੜ੍ਹ:** ਡਰੱਗ ਕੇਸ ਵਿਚ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੂੰ ਜ਼ੋਰਦਾਰ ਝਟਕਾ ਲੱਗਾ ਜਦੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਉਸ ਨੂੰ ਸਹਿ-ਮੁਲਜ਼ਮ ਵਜੋਂ ਸੰਮਨ ਜਾਰੀ ਕਰਨ ਬਾਰੇ ਹੁਕਮਾਂ ਖਿਲਾਫ਼ ਪਾਈ ਅਰਜ਼ੀ ਰੱਦ ਕਰ ਦਿੱਤੀ। ਬੈਂਚ ਨੇ ਕਿਹਾ ਕਿ ਦੋਸ਼ੀਆਂ ਅਤੇ ਇਸ ਸਹਿ-ਮੁਲਜ਼ਮ ਦਰਮਿਆਨ ਕਾਲ ਡਿਟੇਲ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਕੇਸ ਵਿਚ ਫਾਜ਼ਿਲਕਾ ਦੇ ਐਡੀਸ਼ਨਲ ਸੈਸ਼ਨਜ਼ ਜੱਜ ਵੱਲੋਂ ਸ੍ਰੀ ਖਹਿਰਾ ਤੇ ਚਾਰ ਹੋਰਾਂ ਨੂੰ ਸਹਿ-ਮੁਲਜ਼ਮ ਵਜੋਂ ਸੰਮਨ ਜਾਰੀ ਕੀਤੇ ਜਾਣ ਦੇ ਤਕਰੀਬਨ ਮਹੀਨੇ ਬਾਅਦ ਜਸਟਿਸ ਏ.ਬੀ. ਚੌਧਰੀ ਨੇ ਇਹ ਹੁਕਮ ਸੁਣਾਏ ਹਨ। ਵਧੀਕ ਸੈਸ਼ਨ ਜੱਜ ਨੇ 31 ਅਕਤੂਬਰ ਨੂੰ 10 ਜਣਿਆਂ ਨੂੰ ਦੋਸ਼ੀ ਠਹਿਰਾਉਂਦਿਆਂ ਫੌਜਦਾਰੀ ਜ਼ਾਬਤੇ ਦੀ ਧਾਰਾ 319 ਤਹਿਤ ਸਹਿ-ਮੁਲਜ਼ਮਾਂ ਨੂੰ ਸੰਮਨ ਜਾਰੀ ਕਰਨ ਦਾ ਫੈਸਲਾ ਕੀਤਾ ਸੀ।

ਜਸਟਿਸ ਚੌਧਰੀ ਨੇ ਕਿਹਾ ਕਿ ਸਰਕਾਰੀ ਵਕੀਲ ਵੱਲੋਂ ਸਾਹਮਣੇ ਲਿਆਂਦੇ ਸਬੂਤਾਂ ਤੇ ਹੇਠਲੀ ਅਦਾਲਤ ਵੱਲੋਂ ਦਿੱਤੇ ਕਾਰਨਾਂ ਨੂੰ ਮਹਿਜ਼ ਮੁਢਲਾ ਕੇਸ ਨਹੀਂ ਮੰਨਿਆ ਜਾ ਸਕਦਾ। ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਨੂੰ ਦੇਖਦਿਆਂ ਫੋਨ ਕਾਲ ਡਿਟੇਲ ਨੂੰ ਹਲਕੇ ਵਿਚ ਨਹੀਂ ਲਿਆ ਜਾ ਸਕਦਾ।



ਇਸ ਸਬੰਧੀ ਐਫ.ਆਈ.ਆਰ. 5 ਮਾਰਚ, 2015 ਨੂੰ ਦਰਜ ਹੋਈ ਸੀ, ਉਦੋਂ ਮੌਜੂਦਾ ਸਰਕਾਰ ਸੱਤਾ ਵਿਚ ਨਹੀਂ ਸੀ। ਸ੍ਰੀ ਖਹਿਰਾ ਨੇ ਦਲੀਲ ਦਿੱਤੀ ਸੀ ਕਿ ਕੇਸ ਦੇ ਨਿਬੇੜੇ ਬਾਅਦ ਸਹਿ-ਮੁਲਜ਼ਮ ਵਜੋਂ ਸੰਮਨ ਨਹੀਂ ਕੀਤਾ ਜਾ ਸਕਦਾ। ਜਸਟਿਸ ਚੌਧਰੀ ਨੇ ਹਾਈ ਕੋਰਟ ਦੇ ਇਕ ਫੈਸਲੇ ਦੇ ਹਵਾਲੇ ਨਾਲ ਕਿਹਾ ਕਿ ਫੈਸਲਾ ਹੋਣ ਬਾਅਦ ਵੀ ਧਾਰਾ 319 ਤਹਿਤ ਸ਼ਕਤੀ ਵਰਤੀ ਜਾ ਸਕਦੀ ਹੈ।

ਪਟੀਸ਼ਨਰਾਂ ਦੇ ਸੀਨੀਅਰ ਵਕੀਲ ਵੱਲੋਂ ਦਿੱਤੇ ਤਰਕ ਕਿ ਹੇਠਲੀ ਅਦਾਲਤ ਨੂੰ ਗ਼ੈਰ-ਜ਼ਮਾਨਤੀ ਵਾਰੰਟ ਨਹੀਂ ਜਾਰੀ ਕਰਨੇ ਚਾਹੀਦੇ ਸਨ, ਨਾਲ ਹਾਈ ਕੋਰਟ ਨੇ ਸਹਿਮਤੀ ਪ੍ਰਗਟਾਈ। ਗੈਰ-ਜ਼ਮਾਨਤੀ ਵਾਰੰਟਾਂ ਬਾਰੇ ਹੁਕਮ ਨੂੰ ਰੱਦ ਕਰਦਿਆਂ ਜਸਟਿਸ ਚੌਧਰੀ ਨੇ ਪਟੀਸ਼ਨਰ ਨੂੰ ਹੇਠਲੀ ਅਦਾਲਤ 'ਚ ਅਗਾਊਂ ਜ਼ਮਾਨਤ ਜਾਂ ਪੱਕੀ ਜ਼ਮਾਨਤ ਲਈ ਅਰਜ਼ੀ ਦੇਣ ਦੀ ਖੁੱਲ੍ਹ ਦਿੱਤੀ ਹੈ।

## ਸੁਖਬੀਰ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਸਲਾਹ

**ਸ੍ਰੀ ਅਨੰਦਪੁਰ ਸਾਹਿਬ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਵਿਰੋਧੀ ਧਿਰ ਦੇ ਆਗੂ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਜੇ ਫੌਜਦਾਰੀ ਕੇਸ ਦਰਜ ਹੋਣ ਤੇ ਜੇਲ੍ਹ ਜਾਣ ਦੇ ਬਾਵਜੂਦ ਅਸਤੀਫਾ ਨਹੀਂ ਦਿੱਤਾ ਸੀ ਤਾਂ ਸੁਖਬੀਰ ਬਾਦਲ ਨੂੰ ਕੀ ਹੱਕ ਹੈ ਕਿ ਉਹ 'ਆਪ' ਵਿਧਾਇਕ ਤੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਤੋਂ ਅਸਤੀਫੇ ਦੀ ਮੰਗ ਕਰਨ।

ਬੀਰਦਵਿੰਦਰ ਨੇ ਕਿਹਾ ਕਿ ਅੱਜ ਬੇਸ਼ੱਕ ਕਾਂਗਰਸ ਤੇ ਅਕਾਲੀ-ਭਾਜਪਾ ਗੱਠਜੋੜ ਵਾਲੇ ਸ੍ਰੀ ਖਹਿਰਾ ਦੇ ਅਸਤੀਫੇ ਦੀ ਮੰਗ ਕਰ ਰਹੇ ਹਨ ਪਰ ਦੁੱਖ ਦੀ ਗੱਲ ਹੈ ਕਿ ਅਜਿਹੇ ਲੋਕ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਨਹੀਂ ਫੇਰ ਰਹੇ।

# ਬਾਦਲਾਂ ਵੱਲੋਂ ਪੈਰਾਂ ਸਿਰ ਹੋਣ ਲਈ ਮੁੜ ਸਰਗਰਮੀ

**ਚੰਡੀਗੜ੍ਹ:** ਪੰਜਾਬ ਦੀ ਸੱਤਾ ਉਤੇ ਇਕ ਦਹਾਕਾ ਕਾਬਜ਼ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਦਾ ਦੌਰ ਸ਼ੁਰੂ ਕੀਤਾ ਗਿਆ ਹੈ। ਲੰਘੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਨੂੰ ਇਤਿਹਾਸਕ ਝਟਕਾ ਲੱਗਾ ਸੀ ਕਿਉਂਕਿ ਉਸ ਦੇ ਮਹਿਜ਼ 15 ਉਮੀਦਵਾਰ ਜਿੱਤੇ ਸਨ ਅਤੇ ਵਿਰੋਧੀ ਧਿਰ ਦਾ ਦਰਜਾ ਵੀ ਨਸੀਬ ਨਹੀਂ ਹੋਇਆ ਸੀ। ਸਦਨ ਦੇ 10 ਸਾਲ ਨੇਤਾ ਰਹਿਣ ਬਾਅਦ ਪ੍ਰਕਾਸ਼ ਸਿੰਘ ਬਾਦਲ ਨੇ ਵਿਧਾਨ ਸਭਾ ਵਿਚ ਅਜੇ ਤਾਈਂ ਪੈਰ ਨਹੀਂ ਪਾਇਆ ਹੈ। ਅਕਾਲੀ ਦਲ ਨੂੰ ਦੂਜਾ ਝਟਕਾ ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ 'ਚ ਨਮੋਸ਼ੀਜਨਕ ਹਾਰ ਕਾਰਨ ਲੱਗਾ।

ਇਨ੍ਹਾਂ ਝਟਕਿਆਂ ਬਾਅਦ ਛੋਟੇ ਬਾਦਲ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਗਠਨ ਸ਼ੁਰੂ ਕਰ ਦਿੱਤਾ ਹੈ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਦਰਜਾ ਪ੍ਰਾਪਤ ਆਮ ਆਦਮੀ ਪਾਰਟੀ ਦੇ ਗੰਭੀਰ ਸੰਕਟ ਦਾ ਸ਼ਿਕਾਰ ਹੋਣ ਕਾਰਨ ਅਕਾਲੀ ਦਲ ਦੇ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਦਾ ਵਿਸ਼ਲੇਸ਼ਣ ਕਰਨਾ ਬਣਦਾ ਹੈ। ਇਹੀ ਤੱਥ ਸਾਹਮਣੇ ਆਇਆ ਕਿ ਅਕਾਲੀ ਦਲ ਦੀ ਨਵੀਂ ਟੀਮ 'ਤੇ ਪੂਰੀ ਤਰ੍ਹਾਂ ਨਾਲ ਵੱਡੇ ਅਤੇ ਛੋਟੇ ਬਾਦਲ ਦੀ ਹੀ ਮੋਹਰ ਹੈ। ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਸੂਚੀ ਤੋਂ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਅਹਿਮ ਅਹੁਦੇ ਸੁਖਬੀਰ ਬਾਦਲ ਦੇ ਕਰੀਬੀਆਂ ਨੂੰ ਹੀ ਮਿਲੇ ਹਨ। ਬਾਦਲ ਪਰਿਵਾਰ ਦੇ ਕਰੀਬੀ ਰਿਸ਼ਤੇਦਾਰਾਂ ਵਿਚੋਂ ਬਿਕਰਮ ਸਿੰਘ ਮਜੀਠੀਆ ਤੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਵੀ ਵੱਡੇ ਅਹੁਦੇ ਹਾਸਲ ਕਰਨ ਵਾਲਿਆਂ ਵਿਚ ਸ਼ਾਮਲ ਹਨ। ਨਵੇਂ ਅਹੁਦੇਦਾਰਾਂ ਦੀ ਸੂਚੀ ਵਿਚ ਕਈ ਅਜਿਹੇ ਅਕਾਲੀ ਆਗੂਆਂ ਦੇ ਨਾਂ ਵੀ ਸ਼ਾਮਲ ਹਨ, ਜਿਨ੍ਹਾਂ ਦਾ ਨਾਂ ਕਈ ਵਿਵਾਦਾਂ ਨਾਲ ਜੁੜਿਆ ਰਿਹਾ ਹੈ।

ਅਕਾਲੀ ਦਲ ਦੇ ਇਕ ਸੀਨੀਅਰ ਆਗੂ ਨੇ ਅਹੁਦੇਦਾਰਾਂ ਦੀ ਚੋਣ ਬਾਰੇ ਟਿੱਪਣੀ ਕੀਤੀ ਕਿ ਪਾਰਟੀ ਅੰਦਰ ਅਕਸਰ ਇਹੀ ਰੁਝਾਨ ਰਿਹਾ ਹੈ ਕਿ ਸੀਨੀਅਰ ਆਗੂਆਂ ਦੀ ਆਪਸੀ ਸਹਿਮਤੀ ਨਾਲ ਹੀ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਇਹ ਪਹਿਲੀ ਵਾਰ ਹੋਇਆ ਹੈ ਕਿ ਸੀਨੀਅਰ ਆਗੂਆਂ ਦੀ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਦੇ ਮਾਮਲੇ 'ਚ ਕੋਈ ਭੂਮਿਕਾ ਦਿਖਾਈ ਨਹੀਂ ਦੇ ਰਹੀ। ਇਸ ਆਗੂ ਨੇ ਇਥੋਂ ਤੱਕ ਕਿਹਾ ਕਿ ਲੰਘੀਆਂ ਵਿਧਾਨ ਸਭਾ ਚੋਣਾਂ 'ਚ ਵਿਵਾਦਤ ਪਿਛੋਕੜ ਵਾਲੇ ਕਈ ਆਗੂਆਂ ਕਾਰਨ ਪਾਰਟੀ ਨੂੰ ਸਿਆਸੀ ਤੌਰ ਉਤੇ ਨੁਕਸਾਨ ਝੱਲਣਾ ਪਿਆ ਸੀ ਪਰ ਪਾਰਟੀ ਨੇ ਗਲਤੀਆਂ ਤੋਂ ਕੋਈ ਸਬਕ ਨਹੀਂ ਲਿਆ।



## ਖੁੱਸਿਆ ਵੱਕਾਰ ਹਾਸਲ ਕਰਨਾ ਵੱਡੀ ਚੁਣੌਤੀ

**ਚੰਡੀਗੜ੍ਹ:** ਸੱਤਾ ਤੋਂ ਲਾਂਭੇ ਹੋਏ ਸ਼੍ਰੋਮਣੀ ਅਕਾਲੀ ਦਲ ਲਈ ਇਸ ਸਮੇਂ ਖੁੱਸਿਆ ਵਕਾਰ ਹਾਸਲ ਕਰਨਾ ਵੱਡੀ ਚੁਣੌਤੀ ਹੈ। ਸੂਬੇ 'ਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਗਠਨ ਬਾਅਦ ਲੋਕਾਂ ਨੂੰ ਸੱਤਾ ਤਬਦੀਲੀ ਦਾ ਕੋਈ ਖਾਸ ਅਹਿਸਾਸ ਨਹੀਂ ਹੋਇਆ। ਲੋਕਾਂ 'ਚ ਕਾਂਗਰਸ ਸਰਕਾਰ ਪ੍ਰਤੀ ਨਾਰਾਜ਼ਗੀ ਹੋਣ ਕਾਰਨ ਅਕਾਲੀ ਦਲ ਨੂੰ ਸੱਤਾ ਵਿਰੋਧੀ ਰੁਖ ਦਾ ਲਾਭ ਮਿਲਣ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਵਿਧਾਨ ਸਭਾ ਚੋਣਾਂ ਬਾਅਦ ਜਿਸ ਤਰ੍ਹਾਂ ਅਕਾਲੀ ਨੇਤਾਵਾਂ ਨੇ ਰੁਖ ਅਖਤਿਆਰ ਕੀਤਾ ਹੈ ਉਸ ਤੋਂ ਇਹੀ ਸਿੱਧ ਹੁੰਦਾ ਹੈ ਕਿ ਅਕਾਲੀ ਦਲ ਅੰਤਰ ਝਾਤ ਦੀ ਥਾਂ ਸਰਕਾਰ ਪ੍ਰਤੀ ਨਾਰਾਜ਼ਗੀ ਦਾ ਲਾਭ ਲੈਣ ਲਈ ਹੀ ਜ਼ੋਰ ਅਜ਼ਮਾਈ ਕਰ ਰਿਹਾ ਹੈ। ਆਮ ਆਦਮੀ ਪਾਰਟੀ ਦੀ ਪਕੜ ਵੀ ਲੋਕਾਂ ਉਤੇ ਢਿੱਲੀ ਹੁੰਦੀ ਜਾ ਰਹੀ ਹੈ। ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਦੇ ਕਾਨੂੰਨੀ ਲੜਾਈ 'ਚ ਘਿਰਨ ਬਾਅਦ ਇਸ ਪਾਰਟੀ ਦੀ ਹਾਲਤ ਤਰਸਯੋਗ ਹੋ ਗਈ ਹੈ।

# ਔਰਤ ਨੇ ਪਾਵੇ ਨਾਲ ਬੰਨ੍ਹੀ ਕਿਸਮਤ!

**ਵਰਜੀਨੀਆ:** ਇਕ ਔਰਤ ਦੀ ਤੀਜੀ ਵਾਰ ਲਾਟਰੀ ਲੱਗੀ ਹੈ। ਉਹ ਵੀ ਕੌਣ ਬਣੇਗਾ ਕਰੋੜਪਤੀ ਦੇ ਸਭ ਤੋਂ ਵੱਡੇ ਇਨਾਮ ਤੋਂ 5 ਗੁਣਾ ਜ਼ਿਆਦਾ। ਇਹ ਔਰਤ ਅਮਰੀਕਾ ਦੇ ਵਰਜੀਨੀਆ ਸ਼ਹਿਰ ਦੀ ਰਹਿਣ ਵਾਲੀ ਹੈ।

ਵਰਜੀਨੀਆ ਦੀ ਬ੍ਰੈਂਡਾ ਜੈਂਟਰੀ ਦਾ ਇਹ ਸੁਪਨਾ ਇਕ ਜਾਂ ਦੋ ਵਾਰ ਨਹੀਂ ਬਲਕਿ ਤਿੰਨ ਵਾਰ ਪੂਰਾ ਹੋਇਆ ਹੈ। ਬ੍ਰੈਂਡਾ ਨੇ ਚਾਰਲੋਟਸਵਿਲ ਵਿਚ '50 ਐਕਸ ਮਨੀ' ਟਿਕਟ ਖਰੀਦਿਆ। ਉਹ ਇਸ ਤੋਂ ਅਣਜਾਣ ਸੀ ਕਿ ਉਹ ਇਸ ਦੀ 'ਲੱਕੀ ਵਿਨਰ' ਬਣਨ ਜਾ ਰਹੀ ਹੈ। ਉਸ ਨੇ ਲਾਪਰਵਾਹੀ ਨਾਲ ਇਸ ਨੂੰ ਸਕ੍ਰੈਚ ਕਰ ਦਿੱਤਾ ਤੇ ਫਿਰ ਉਸ ਨੂੰ ਇਹ ਅਹਿਸਾਸ ਹੋਇਆ ਕਿ ਇਹ ਕਿੰਨਾ ਵੱਡਾ ਇਨਾਮ ਸੀ। ਬ੍ਰੈਂਡਾ ਨੇ ਹੁਣ ਤੱਕ ਤਿੰਨ- 5,000 ਡਾਲਰ, 500 ਡਾਲਰ ਤੇ 50,00,000 ਡਾਲਰ ਦੀਆਂ ਲਾਟਰੀਆਂ ਜਿੱਤੀਆਂ ਹਨ।

ਭਾਰਤੀ ਕਰੰਸੀ ਮੁਤਾਬਕ ਇਹ ਰਕਮ ਤਕਰੀਬਨ 33 ਕਰੋੜ ਦੇ ਬਰਾਬਰ ਹੈ ਜੋ ਕੌਣ ਬਣੇਗਾ ਕਰੋੜਪਤੀ ਸ਼ੋਅ ਵਿਚ ਮਿਲਣ ਵਾਲੀ ਸਭ ਤੋਂ ਵੱਡ ਇਨਾਮੀ ਰਕਮ 7 ਕਰੋੜ ਤੋਂ ਕਰੀਬ ਪੰਜ ਗੁਣਾ ਵਧੇਰੇ ਹੈ। ਹੁਣ ਬ੍ਰੈਂਡਾ ਕੋਲ ਇਨ੍ਹਾਂ ਪੈਸਿਆਂ ਨੂੰ ਲੈਣ ਦੇ ਦੋ ਵਿਕਲਪ ਸਨ। ਇਕ ਇਹ ਕਿ ਉਹ ਇਹ ਪੈਸੇ ਇਕੋ ਸਮੇਂ ਲੈ ਲਵੇ ਜਾਂ ਫਿਰ 30 ਸਾਲ ਤੱਕ ਕਿਸ਼ਤਾਂ ਰਾਹੀਂ ਉਸ ਨੂੰ ਇਹ ਰਕਮ ਦੇ ਦਿੱਤੀ ਜਾਵੇ। ਬ੍ਰੈਂਡਾ ਨੇ ਟੈਕਸ ਬਚਾਉਣ ਲਈ ਦੂਜਾ ਵਿਕਲਪ ਹੀ ਚੁਣਿਆ।

# ਉਤਰੀ ਰਾਜਾਂ 'ਚੋਂ ਪੰਜਾਬ ਨੂੰ ਡੇਂਗੂ ਦੀ ਸਭ ਤੋਂ ਵੱਧ ਮਾਰ

**ਚੰਡੀਗੜ੍ਹ:** ਉਤਰੀ ਰਾਜਾਂ ਵਿਚੋਂ ਪੰਜਾਬ ਸਭ ਤੋਂ ਬੁਰੀ ਤਰ੍ਹਾਂ ਡੇਂਗੂ ਦੀ ਮਾਰ ਹੇਠ ਆਇਆ ਹੈ। ਪੂਰੇ ਭਾਰਤ ਵਿਚੋਂ ਕੇਰਲਾ, ਕਰਨਾਟਕਾ ਅਤੇ ਤਾਮਿਲਨਾਡੂ ਨੂੰ ਛੱਡ ਕੇ ਡੇਂਗੂ ਦੇ ਮਰੀਜ਼ਾਂ ਦੀ ਗਿਣਤੀ ਸਭ ਤੋਂ ਵੱਧ ਪੰਜਾਬ ਵਿਚ ਹੈ। ਪੰਜਾਬ ਵਿਚ ਡੇਂਗੂ ਦੇ ਰੋਜ਼ਾਨਾ ਢਾਈ ਸੌ ਤੋਂ ਤਿੰਨ ਸੌ ਮਰੀਜ਼ ਹਸਪਤਾਲਾਂ ਵਿਚ ਆ ਰਹੇ ਹਨ ਤੇ ਇਨ੍ਹਾਂ ਮਰੀਜ਼ਾਂ ਦੀ ਗਿਣਤੀ 13000 ਨੂੰ ਟੱਪ ਗਈ ਹੈ, ਜੋ ਪਿਛਲੇ ਤਿੰਨ ਸਾਲ ਨਾਲੋਂ ਵੱਧ ਹੈ। ਸਿਹਤ ਵਿਭਾਗ ਨੇ ਹੋਰ ਸ਼ੱਕੀ ਮਰੀਜ਼ਾਂ ਦੀ ਗਿਣਤੀ 17000 ਦੱਸੀ ਹੈ।

ਸਿਹਤ ਵਿਭਾਗ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਦਾ ਮੌਸਮ ਚੱਲ ਰਿਹਾ ਹੈ, ਉਸ ਵਿਚ ਹਾਲੇ ਦੋ ਹਫਤੇ ਡੇਂਗੂ ਦੇ ਖਤਮ ਹੋਣ ਦੀ ਸੰਭਾਵਨਾ ਨਜ਼ਰ ਨਹੀਂ ਆ ਰਹੀ। ਭਾਰਤ ਵਿਚੋਂ ਪੰਜਾਬ ਵਿਚ ਡੇਂਗੂ ਦੇ ਮਰੀਜ਼ਾਂ ਦੀ ਗਿਣਤੀ ਚੌਥੇ ਨੰਬਰ ਉਤੇ ਹੈ ਹਾਲਾਂਕਿ ਇਹ ਆਕਾਰ ਅਤੇ ਆਬਾਦੀ ਦੇ ਹਿਸਾਬ ਨਾਲ ਬਹੁਤ ਛੋਟਾ ਹੈ। ਕੇਰਲਾ ਵਿਚ ਡੇਂਗੂ ਦੇ 19474 ਮਰੀਜ਼ ਸਾਹਮਣੇ ਆਏ ਹਨ। ਤਾਮਿਲਨਾਡੂ ਵਿਚ ਮਰੀਜ਼ਾਂ ਦੀ ਗਿਣਤੀ 19116 ਹੈ ਜਦਕਿ ਕਰਨਾਟਕਾ ਵਿਚ ਮਰੀਜ਼ਾਂ ਦੀ ਗਿਣਤੀ 15303 ਨੂੰ ਪਾਰ ਕਰ ਗਈ ਹੈ। ਚੰਡੀਗੜ੍ਹ ਵਿਚ ਡੇਂਗੂ ਦੇ ਮਰੀਜ਼ਾਂ ਦੀ ਗਿਣਤੀ 988 ਅਤੇ ਹਰਿਆਣਾ ਵਿਚ 1755 ਦੇ ਕਰੀਬ ਦੱਸੀ ਜਾ ਰਹੀ ਹੈ। ਇਹ ਅੰਕੜੇ 'ਨੈਸ਼ਨਲ ਵਾਟਰ ਬੌਰਨ ਡਿਜ਼ੀਜ਼ ਕੰਟਰੋਲ ਪ੍ਰੋਗਰਾਮ' ਤੋਂ ਹਾਸਲ ਕੀਤੇ ਗਏ ਹਨ।



ਪੰਜਾਬ ਵਿਚ ਡੇਂਗੂ ਨਾਲ ਸਭ ਤੋਂ ਜ਼ਿਆਦਾ ਮਾੜਾ ਹਾਲ ਚੰਡੀਗੜ੍ਹ ਨਾਲ ਲੱਗਦੇ 'ਸਾਫ-ਸੁਥਰੇ' ਸ਼ਹਿਰ ਮੁਹਾਲੀ ਦਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਦਾ ਜ਼ਿਲ੍ਹਾ ਪਟਿਆਲਾ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਮੌਸਮ ਵਿਚ ਤਬਦੀਲੀ ਨਾ ਆਈ ਤਾਂ ਅਗਲੇ ਦਿਨੀਂ ਇਹ ਗਿਣਤੀ ਹੋਰ ਤੇਜ਼ੀ ਨਾਲ ਉਪਰ ਜਾ ਸਕਦੀ ਹੈ। ਮੁਹਾਲੀ ਵਿਚ ਡੇਂਗੂ ਦੇ ਮਰੀਜ਼ਾਂ ਦੀ ਗਿਣਤੀ 2223 ਅਤੇ ਪਟਿਆਲਾ ਵਿਚ 2052 ਤੱਕ ਪੁੱਜ ਗਈ ਹੈ। ਹੁਸ਼ਿਆਰਪੁਰ ਵਿਚ ਡੇਂਗੂ ਦੇ ਮਰੀਜ਼ 1219 ਅਤੇ ਲੁਧਿਆਣਾ ਵਿਚ 871 ਹਨ। ਹਾਲਾਂਕਿ ਲੁਧਿਆਣਾ ਆਬਾਦੀ ਪੱਖੋਂ ਅੱਗੇ ਅਤੇ ਸਫਾਈ ਦੇ ਮਾਮਲੇ ਵਿਚ ਪਿੱਛੇ ਹੈ। ਕਪੂਰਥਲਾ ਵਿਚ 869, ਫਤਿਹਗੜ੍ਹ ਸਾਹਿਬ ਵਿਚ 611, ਪਠਾਨਕੋਟ ਵਿਚ 577, ਮਾਨਸਾ ਵਿਚ 531, ਫਿਰੋਜ਼ਪੁਰ ਵਿਚ 517, ਮੋਗਾ 'ਚ 463, ਸੰਗਰੂਰ ਵਿਚ 405, ਬਠਿੰਡਾ ਵਿਚ 432, ਜਲੰਧਰ ਵਿਚ 374, ਫਰੀਦਕੋਟ ਵਿਚ 285, ਮੁਕਤਸਰ ਵਿਚ 282, ਰੋਪੜ ਵਿਚ 287, ਬਰਨਾਲਾ 221, ਗੁਰਦਾਸਪੁਰ ਵਿਚ 206, ਨਵਾਂ ਸ਼ਹਿਰ ਵਿਚ 201, ਫਾਜ਼ਿਲਕਾ ਵਿਚ 188, ਅੰਮ੍ਰਿਤਸਰ ਵਿਚ 147 ਅਤੇ ਤਰਨਤਾਰਨ ਵਿਚ 65 ਮਰੀਜ਼ਾਂ ਨੂੰ ਡੇਂਗੂ ਹੋਣ ਦੀ ਪੁਸ਼ਟੀ ਹੋਈ ਹੈ।

# ਭਾਰਤੀ ਅਮਰੀਕੀ ਵੱਲੋਂ 'ਜੀ.ਪੀ. ਐਸ. ਕੜਾ' ਲਾਹੁਣ ਦੀ ਮੰਗ

**ਨਿਊ ਯਾਰਕ:** ਅਮਰੀਕੀ ਡਾਕਟਰਾਂ ਨੂੰ ਵੱਢੀ ਦੇ ਕੇ ਦਰਦ ਨਿਵਾਰਕ ਗੋਲੀਆਂ ਦੀ ਵੱਧ ਡੋਜ਼ ਲਿਖਣ ਲਈ ਮਜਬੂਰ ਕਰਨ ਦੇ ਦੋਸ਼ੀ ਤੇ ਭਾਰਤੀ ਅਮਰੀਕੀ ਫਾਰਮਾਸਿਊਟੀਕਲ ਕੰਪਨੀ ਦੇ ਮਾਲਕ ਜੌਹਨ ਕਪੂਰ ਨੇ ਖੁਦ ਨੂੰ ਨਿਰਦੋਸ਼ ਦੱਸਦਿਆਂ ਅਦਾਲਤ ਨੂੰ ਕਿਹਾ ਹੈ ਕਿ ਜੀ.ਪੀ.ਐਸ. ਰਾਹੀਂ ਨਿਗਰਾਨੀ ਰੱਖਣ ਵਾਲਾ ਉਸ ਦਾ ਬਰੇਸਲੈੱਟ (ਕੜਾ) ਹਟਾਇਆ ਜਾਵੇ।

ਕਪੂਰ ਐਰੀਜ਼ੋਨਾ ਅਧਾਰਤ ਡਰੱਗ ਕੰਪਨੀ ਇਨਸਿਸ ਥੈਰੇਪਿਊਟਿਕਸ ਇੰਕ ਦਾ ਬਾਨੀ ਹੈ। ਇਹ ਕੰਪਨੀ ਫੈਂਟਾਨਾਇਲ ਨਾਂ ਦੀ ਸਪਰੇਅ ਬਣਾਉਂਦੀ ਹੈ, ਜੋ ਕੈਂਸਰ ਦੇ ਰੋਗੀਆਂ ਨੂੰ ਹੁੰਦੀ ਸਿਰੇ ਦੀ ਪੀੜ ਮੌਕੇ ਹੀ ਦਿੱਤੀ ਜਾਂਦੀ ਹੈ। ਐਫ.ਬੀ.ਆਈ. ਨੇ ਕਪੂਰ ਨੂੰ ਪਿਛਲੇ ਮਹੀਨੇ ਉਸ ਦੇ ਘਰ 'ਚੋਂ ਗ੍ਰਿਫਤਾਰ ਕੀਤਾ ਸੀ। ਅਦਾਲਤ ਵਿਚ ਪੇਸ਼ੀ ਮੌਕੇ ਕਪੂਰ ਨੇ ਜੱਜ ਨੂੰ ਗੁਹਾਰ ਲਾਈ ਸੀ ਕਿ ਉਸ ਦਾ ਜੀ.ਪੀ.ਐਸ. ਮੋਨੀਟਰਿੰਗ ਬਰੇਸਲੈੱਟ ਕੱਟ ਦਿੱਤਾ ਜਾਵੇ। ਕਪੂਰ ਦੇ ਵਕੀਲ ਨੇ ਅਦਾਲਤ 'ਚ ਕਿਹਾ ਕਿ ਸੈਰ ਕਰਨ ਵਾਲੇ 74 ਸਾਲਾ ਕਪੂਰ ਲਈ ਇਹ ਬਰੇਸਲੈੱਟ ਵੱਡਾ ਬੋਝ ਹੈ।

## ਪੰਜਾਬ ਐਂਡ ਸਿੰਧ ਬੈਂਕ ਨੇ ਤੋੜੇ ਕਮਾਈ ਦੇ ਰਿਕਾਰਡ

**ਨਵੀਂ ਦਿੱਲੀ:** ਪੰਜਾਬ ਐਂਡ ਸਿੰਧ ਬੈਂਕ ਨੇ 30-9-2017 ਨੂੰ ਖਤਮ ਹੋਈ ਤਿਮਾਹੀ/ਅਰਧ ਸਾਲਾਨਾ ਵਿੱਤੀ ਨਤੀਜੇ ਐਲਾਨੇ, ਜਿਨ੍ਹਾਂ ਮੁਤਾਬਕ ਬੈਂਕ ਨੇ 19.32 ਫੀਸਦੀ ਦੀ ਸਾਲਾਨਾ ਦਰ ਨਾਲ ਵਾਧਾ ਦਰਜ ਕਰਦਿਆਂ 358.59 ਕਰੋੜ ਦਾ ਲਾਭ ਪ੍ਰਾਪਤ ਕੀਤਾ ਹੈ।

ਪਿਛਲੇ ਸਾਲ ਦੀ ਤਿਮਾਹੀ ਦੇ ਮੁਕਾਬਲੇ ਇਸ ਸਾਲ ਕੁੱਲ ਵਿਆਜ ਆਮਦਨ 519 ਕਰੋੜ ਤੋਂ ਵਧ ਕੇ 596 ਕਰੋੜ ਹੋ ਗਈ ਹੈ। ਇਸ ਵਕਫੇ ਦੌਰਾਨ ਕੁੱਲ ਵਪਾਰ 153484 ਰਿਹਾ ਤੇ ਜਮ੍ਹਾਂ ਰਾਸ਼ੀਆਂ 92847 ਕਰੋੜ ਰਹੀਆਂ ਤੇ ਕੁੱਲ ਅਗਾਊਂ ਰਕਮ 60637 ਕਰੋੜ ਰਹੀ।

# ਮੁੱਖ ਮੰਤਰੀ ਦੀ ਕੁਰਸੀ ਦੇ ਦਾਅਵੇਦਾਰਾਂ ਨੂੰ ਕੈਪਟਨ ਦਾ ਝਟਕਾ

## ਪੰਜਾਬ ਦੇ ਭਲੇ ਲਈ ਇਕ ਹੋਰ ਪਾਰੀ ਖੇਡਣ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੁੱਖ ਮੰਤਰੀ ਵਜੋਂ ਇਕ ਹੋਰ ਪਾਰੀ ਖੇਡਣ ਦੇ ਲਏ ਫੈਸਲੇ ਨਾਲ ਜਿਥੇ ਮੁੱਖ ਮੰਤਰੀ ਬਣਨ ਦੇ ਦਾਅਵੇਦਾਰ ਦੀ ਦੌੜ ਉਤੇ ਹਾਲ ਦੀ ਘੜੀ ਰੋਕ ਲੱਗ ਗਈ ਹੈ, ਉਥੇ ਇਸ ਦੌੜ ਵਿਚ ਸ਼ਾਮਲ ਆਗੂਆਂ ਨੂੰ ਧੱਕਾ ਲੱਗਾ ਹੈ। ਇਸ ਫੈਸਲੇ ਨਾਲ ਕੈਪਟਨ ਦੇ ਹਮਾਇਤੀ ਬਾਗੋ-ਬਾਗ ਹਨ। ਉਹ ਪਿਛਲੇ ਕੁਝ ਸਮੇਂ ਤੋਂ ਕੈਪਟਨ ਨੂੰ ਆਪਣਾ ਫੈਸਲਾ ਬਦਲਣ ਦੀਆਂ ਸਲਾਹਾਂ ਦੇ ਰਹੇ ਸਨ।

ਕੈਪਟਨ ਦੇ ਹਮਾਇਤੀ ਕਾਂਗਰਸ ਆਗੂ ਇਸ ਬਿਆਨ ਦੀ ਖੁੱਲ੍ਹ ਕੇ ਸ਼ਲਾਘਾ ਕਰਦੇ ਹੋਏ ਕਹਿੰਦੇ ਹਨ ਕਿ ਇਸ ਨਾਲ ਕਾਂਗਰਸ ਵਿਚ ਅਨਿਸ਼ਚਿਤਤਾ ਦਾ ਮਾਹੌਲ ਖਤਮ ਹੋ ਗਿਆ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਜੇਕਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 90 ਸਾਲ ਦੀ ਉਮਰ ਵਿਚ ਮੁੱਖ ਮੰਤਰੀ ਦੇ ਦਾਅਵੇਦਾਰ ਹੋ ਸਕਦੇ ਹਨ ਤਾਂ ਕੈਪਟਨ 75 ਸਾਲ ਦੀ ਉਮਰ ਵਿਚ ਕਿਉਂ ਨਹੀਂ ਹੋ ਸਕਦੇ। ਉਨ੍ਹਾਂ ਨੇ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਪਾਰਟੀ ਪ੍ਰਧਾਨ ਸੁਨੀਲ ਜਾਖੜ ਨੂੰ ਲਗਭਗ ਦੋ ਲੱਖ ਵੋਟਾਂ ਨਾਲ ਜਿੱਤ ਦਿਵਾਈ ਹੈ। ਇਹ ਵੀ ਹਕੀਕਤ ਹੈ ਕਿ ਮੁੱਖ ਮੰਤਰੀ ਸਿਰਫ ਦੋ ਦਿਨ ਹੀ ਗੁਰਦਾਸਪੁਰ ਦੀ ਚੋਣ ਮੁਹਿੰਮ ਵਿਚ ਗਏ ਸਨ ਤੇ ਕੁਝ ਆਗੂਆਂ ਦਾ ਕਹਿਣਾ ਸੀ ਕਿ ਮੁੱਖ ਮੰਤਰੀ ਨੂੰ ਚੋਣ ਮੁਹਿੰਮ ਵਿਚ ਆਉਣ ਦੀ ਲੋੜ ਨਹੀਂ ਹੈ। ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸਾਧੂ ਸਿੰਘ ਧਰਮਸੋਤ, ਸਾਬਕਾ ਕੇਂਦਰੀ ਮੰਤਰੀ ਤੇ ਮੁੱਖ ਮੰਤਰੀ ਦੀ ਪਤਨੀ ਪ੍ਰਨੀਤ ਕੌਰ ਸਮੇਤ ਕਈ ਹੋਰ ਆਗੂਆਂ ਨੇ ਮੁੱਖ ਮੰਤਰੀ ਦੇ ਇਸ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਬਹੁਤ ਚੰਗਾ ਤੇ ਸਹੀ ਦਿਸ਼ਾ ਵਿਚ ਲਿਆ ਗਿਆ ਫੈਸਲਾ ਹੈ।

ਇਸ ਨਾਲ ਸੂਬੇ ਵਿਚ ਪਾਰਟੀ ਅਤੇ ਸਰਕਾਰ ਦੋਵੇਂ ਮਜ਼ਬੂਤ ਹੋਣਗੀਆਂ ਤੇ ਸੱਤਾ ਦੇ ਨਵੇਂ ਕੇਂਦਰ ਬਣਨ ਉਤੇ ਰੋਕ ਲੱਗੇਗੀ। ਵਿੱਤ ਮੰਤਰੀ ਨੂੰ ਇਹ ਪੁੱਛੇ ਜਾਣ 'ਤੇ ਇਸ ਫੈਸਲੇ ਨਾਲ ਮੁੱਖ ਮੰਤਰੀ ਕੈਪਟਨ ਵੱਲੋਂ ਪੰਜ ਸਾਲ ਤੋਂ ਬਾਅਦ ਅਗਲੀ ਚੋਣ ਨਾ ਲੜਨ ਦੇ ਫੈਸਲੇ ਤੋਂ ਪਿੱਛੇ ਹਟਣ ਅਤੇ ਇਕਰਾਰ ਤੋਂ ਮੁਕਰਨ ਦਾ ਦੋਸ਼ ਨਹੀਂ ਲੱਗੇਗਾ ਤਾਂ ਉਨ੍ਹਾਂ ਕਿਹਾ ਕਿ ਕੈਪਟਨ ਹੀ ਇਸ ਵੇਲੇ ਸੂਬੇ ਦੇ ਬਿਹਤਰ ਆਗੂ ਹਨ ਤੇ ਉਹ ਹੀ ਸੂਬੇ ਨੂੰ ਸੰਕਟ ਵਿਚੋਂ ਕੱਢਣ ਦੇ ਸਮਰੱਥ ਹਨ। ਅਗਲੀ ਵਾਰ ਦੀਆਂ ਚੋਣਾਂ ਵਿਚ ਮੁੱਖ ਮੰਤਰੀ ਬਣਨ ਦੀ ਦੌੜ ਵਿਚ ਸ਼ਾਮਲ ਆਗੂਆਂ ਨੂੰ ਧੱਕਾ ਲੱਗਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਕੈਪਟਨ ਹੀ ਪਾਰਟੀ ਨੂੰ ਜਿਤਾਉਣ ਦੀ ਸ਼ਕਤੀ ਰੱਖਦੇ ਹਨ ਤੇ ਇਸ ਕਰ ਕੇ ਉਨ੍ਹਾਂ ਨੇ ਇਹ ਫੈਸਲਾ ਲਿਆ ਹੈ।

ਇਸ ਫੈਸਲੇ ਨਾਲ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਵਿਚ ਵਾਪਸੀ ਕਰਨ ਵਾਲੇ ਆਗੂ ਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਇਸ ਦੌੜ ਵਿੱਚ ਸ਼ਾਮਲ ਦੋ ਹੋਰ ਆਗੂਆਂ ਨੂੰ ਨਿਰਾਸ਼ਾ ਹੋਣੀ ਸੁਭਾਵਿਕ ਹੈ। ਇਸ ਨਾਲ ਦੋ-ਤਿੰਨ ਆਗੂਆਂ ਨੇ ਪ੍ਰਤਾਪ ਸਿੰਘ ਬਾਜਵਾ ਵੱਲੋਂ ਪਿਛਲੇ ਦਿਨੀਂ ਕੀਤੀ ਬਿਆਨਬਾਜ਼ੀ ਨੂੰ ਲੈ ਕੇ ਉਨ੍ਹਾਂ ਵਿਰੁਧ ਹਮਲੇ ਕੀਤੇ ਹਨ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਵੀ ਪੱਤਰ ਲਿਖਿਆ ਹੈ।

## ਸੁਖਬੀਰ ਬਾਦਲ ਨੇ ਦਿੱਤੀ ਕੈਪਟਨ ਨੂੰ ਸਲਾਹ



**ਪਟਿਆਲਾ:** ਕੈਪਟਨ ਅਮਰਿੰਦਰ ਸਿੰਘ ਵੱਲੋਂ ਲੰਮੀ ਸਿਆਸੀ ਪਾਰੀ ਖੇਡਣ ਦੀ ਇੱਛਾ ਪ੍ਰਗਟਾਉਣ ਸਬੰਧੀ ਟਿੱਪਣੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਅਮਰਿੰਦਰ ਸਿੰਘ ਇਸ ਸਰਕਾਰ ਦੇ ਪੰਜ ਸਾਲ ਹੀ ਟਪਾ ਲੈਣ, ਇਹੀ ਵੱਡੀ ਗੱਲ ਹੋਵੇਗੀ। ਉਨ੍ਹਾਂ ਆਖਿਆ ਕਿ ਕੈਪਟਨ ਸਰਕਾਰ ਲਈ ਨਵਜੋਤ ਸਿੰਘ ਸਿੱਧੂ, ਪ੍ਰਤਾਪ ਸਿੰਘ ਬਾਜਵਾ ਤੇ ਮਨਪ੍ਰੀਤ ਸਿੰਘ ਬਾਦਲ 'ਖਤਰੇ ਦੇ ਬੱਦਲਾਂ' ਵਾਂਗ ਹਨ ਤੇ ਕੈਪਟਨ ਵੱਲੋਂ ਅਗਲੀ ਪਾਰੀ ਖੇਡਣ ਦੇ ਬਿਆਨ ਪਿੱਛੇ ਆਪਣੇ ਇਨ੍ਹਾਂ ਆਗੂਆਂ ਨੂੰ ਡਰਾਉਣ ਦਾ ਮਕਸਦ ਲੁਕਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਇਹ ਤਿੰਨੋਂ ਆਗੂ ਅੰਦਰੋਂ-ਅੰਦਰੀ ਕੈਪਟਨ ਦੇ ਪਿੱਛੇ ਪਏ ਹੋਏ ਹਨ। ਸਰਕਾਰ ਵਿਚ ਅਜਿਹੇ ਆਪਾ ਵਿਰੋਧੀ ਮਾਹੌਲ ਤੋਂ ਲੱਗ ਰਿਹਾ ਹੈ ਕਿ ਅਮਰਿੰਦਰ ਸਿੰਘ ਦਾ ਕਦੇ ਵੀ 'ਤਖਤਾ ਪਲਟ' ਹੋ ਸਕਦਾ ਹੈ।

# ਪਹਿਲੇ ਵਿਸ਼ਵ ਯੁੱਧ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੰਡੀਗੜ੍ਹ ਵਿਚ ਬਰਤਾਨਵੀ ਡਿਪਟੀ ਹਾਈ ਕਮਿਸ਼ਨਰ ਐਂਡਰਿਊ ਆਇਰ ਤੇ ਕੈਨੇਡੀਅਨ ਕੌਂਸਲਰ ਜਨਰਲ ਕ੍ਰਿਸਟੋਫਰ ਗਿਬਿਨਜ਼ ਨਾਲ ਯਾਦਗਾਰੀ ਦਿਵਸ ਸਬੰਧੀ ਸਮਾਗਮ ਵਿਚ ਸ਼ਿਰਕਤ ਕੀਤੀ ਤੇ ਆਪਣੀ ਡਿਊਟੀ ਨਿਭਾਉਂਦਿਆਂ ਜਾਨ ਵਾਰਨ ਵਾਲੇ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਦੱਸਣਯੋਗ ਹੈ ਕਿ ਯਾਦਗਾਰੀ ਦਿਵਸ ਇਤਿਹਾਸਕ ਦਿਨ ਹੈ, ਜੋ ਪਹਿਲੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਰਾਸ਼ਟਰ ਮੰਡਲ ਦੇ ਮੈਂਬਰ ਦੇਸ਼ਾਂ ਵੱਲੋਂ ਮਨਾਇਆ ਜਾਂਦਾ ਹੈ। ਇਸ ਦਿਨ ਹਥਿਆਰਬੰਦ ਫੌਜ ਦੇ ਉਨ੍ਹਾਂ ਸੈਨਿਕਾਂ ਨੂੰ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਜੰਗ ਵਿਚ ਆਪਣੀਆਂ ਜਾਨਾਂ ਗੁਆਈਆਂ ਸਨ। ਬਰਤਾਨਵੀ ਡਿਪਟੀ ਹਾਈ ਕਮਿਸ਼ਨਰ ਨੇ ਪਹਿਲੇ ਵਿਸ਼ਵ ਯੁੱਧ ਦੌਰਾਨ ਵਿਦੇਸ਼ਾਂ ਵਿਚ ਸੇਵਾ ਨਿਭਾਉਣ ਵਾਲੇ 10 ਲੱਖ ਭਾਰਤੀ ਸੈਨਿਕਾਂ ਨੂੰ ਚੇਤੇ ਕੀਤਾ, ਜਿਨ੍ਹਾਂ ਵਿਚੋਂ 74,000 ਸੈਨਿਕ ਮਾਰੇ ਗਏ ਜਦਕਿ ਹੋਰ 67,000 ਜ਼ਖ਼ਮੀ ਹੋ ਗਏ ਸਨ।

**Punjab Times**
**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

# ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਲਈ ਖਿੱਚੋਤਾਣ ਵਧੀ

**ਅੰਮ੍ਰਿਤਸਰ:** ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦਾ ਕਬਜ਼ਾ ਲੈਣ ਦਾ ਮਾਮਲਾ ਸ਼੍ਰੋਮਣੀ ਅਕਾਲੀ ਦਲ ਅਤੇ ਦਿੱਲੀ ਅਕਾਲੀ ਦਲ ਵਿਚਾਲੇ ਆਪਸੀ ਖਿੱਚੋਤਾਣ ਦਾ ਮੁੱਦਾ ਅਤੇ ਹਾਸੋਹੀਣੀ ਸਥਿਤੀ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਮਾਮਲੇ ਵਿਚ ਪਟਨਾ ਹਾਈ ਕੋਰਟ ਵੱਲੋਂ ਦਿੱਤੇ ਫੈਸਲੇ ਨਾਲ ਮੁੜ ਹਰਵਿੰਦਰ ਸਿੰਘ ਸਰਨਾ ਦੀ ਪ੍ਰਧਾਨਗੀ ਹੇਠ ਬਣੀ ਕਮੇਟੀ ਬਹਾਲ ਹੋ ਗਈ ਹੈ। ਦੂਜੇ ਪਾਸੇ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਅਗਵਾਈ ਵਾਲੀ ਧਿਰ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਜਾ ਰਹੀ ਹੈ।

ਸ. ਸਰਨਾ ਦਾ ਦਾਅਵਾ ਹੈ ਕਿ ਪਟਨਾ ਹਾਈ ਕੋਰਟ ਵਿਚ ਹੇਠਲੀ ਅਦਾਲਤ ਦੇ ਫੈਸਲੇ ਖਿਲਾਫ਼ ਦਾਇਰ ਪਟੀਸ਼ਨ ਉਤੇ ਉਨ੍ਹਾਂ ਨੂੰ ਸਟੇਅ ਮਿਲ ਗਈ ਹੈ, ਜਿਸ ਨਾਲ ਮੁੜ ਉਨ੍ਹਾਂ ਦੀ ਪ੍ਰਧਾਨਗੀ ਵਾਲੀ ਕਮੇਟੀ ਬਹਾਲ ਹੋ ਗਈ ਹੈ। ਦੱਸਣਯੋਗ ਹੈ ਕਿ ਤਖਤ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਦੇ ਅਹੁਦੇਦਾਰਾਂ ਦੀ ਚੋਣ ਸਬੰਧੀ ਤਿੰਨ ਸਤੰਬਰ 2017 ਨੂੰ ਮੀਟਿੰਗ ਹੋਈ ਸੀ, ਜਿਸ ਵਿਚ ਸਰਨਾ ਨੂੰ ਪ੍ਰਧਾਨ ਚੁਣ ਲਿਆ ਗਿਆ ਸੀ। ਇਸ ਮੀਟਿੰਗ ਨੂੰ ਮੌਜੂਦਾ ਪ੍ਰਧਾਨ ਅਵਤਾਰ ਸਿੰਘ ਮੱਕੜ ਵੱਲੋਂ ਰੱਦ ਕਰ ਦਿੱਤਾ ਗਿਆ ਸੀ ਤੇ ਇਸ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਸੀ।



ਲਗਭਗ ਤਿੰਨ ਮਹੀਨਿਆਂ ਮਗਰੋਂ ਪਟਨਾ ਸਾਹਿਬ ਦੀ ਅਦਾਲਤ ਵੱਲੋਂ ਇਸ ਮੀਟਿੰਗ ਅਤੇ ਮੀਟਿੰਗ ਵਿਚ ਕੀਤੀ ਕਾਰਵਾਈ ਨੂੰ ਰੱਦ ਕਰ ਦਿੱਤਾ ਹੈ। ਅਦਾਲਤ ਦੇ ਫੈਸਲੇ ਨਾਲ ਜਥੇਦਾਰ ਅਵਤਾਰ ਸਿੰਘ ਮੱਕੜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਬਣ ਗਏ ਸਨ। ਇਸ ਮਗਰੋਂ ਸਰਨਾ ਨੇ ਇਸ ਨਿਯੁਕਤੀ ਨੂੰ ਪਟਨਾ ਹਾਈ ਕੋਰਟ ਵਿਚ ਚੁਣੌਤੀ ਦੇ ਦਿੱਤੀ। ਮੱਕੜ ਦਾ ਦਾਅਵਾ ਸੀ ਕਿ ਤਖਤ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਸਦਨ ਦੀ ਮਿਆਦ ਖਤਮ ਹੋ ਚੁੱਕੀ ਹੈ ਅਤੇ ਆਮ ਚੋਣ ਹੋਣਾ ਬਾਕੀ ਹੈ।

ਇਸ ਦੌਰਾਨ ਅਹੁਦੇਦਾਰਾਂ ਦੀ ਚੋਣ ਮੁੜ ਨਹੀਂ ਹੋ ਸਕਦੀ। ਹੁਣ ਪਟਨਾ ਹਾਈ ਕੋਰਟ ਵੱਲੋਂ ਦਿੱਤੇ ਫੈਸਲੇ ਨਾਲ ਮੁੜ ਹਰਵਿੰਦਰ ਸਿੰਘ ਸਰਨਾ ਦੀ ਪ੍ਰਧਾਨਗੀ ਹੇਠ ਬਣੀ ਕਮੇਟੀ ਬਹਾਲ ਹੋ ਗਈ ਹੈ। ਦੱਸ ਦਈਏ ਕਿ ਸ. ਸਰਨਾ ਨੇ ਤਿੰਨ ਸਤੰਬਰ ਦੀ ਚੋਣ ਮਗਰੋਂ ਪ੍ਰਧਾਨ ਵਜੋਂ ਕਾਰਜਭਾਰ ਸਾਂਭਿਆ ਸੀ। ਇਸ ਮਗਰੋਂ ਉਨ੍ਹਾਂ ਨੇ ਕਈ ਅਹਿਮ ਫੈਸਲੇ ਲਏ ਸਨ। ਇਸ ਤਹਿਤ ਗੁਰਬਾਣੀ ਦੇ ਪ੍ਰਸਾਰਣ ਦਾ ਹੱਕ ਅਜਿਹੇ ਚੈਨਲ ਨੂੰ ਸੌਂਪਿਆ ਗਿਆ ਸੀ, ਜਿਸ ਨੂੰ ਪ੍ਰਸਾਰਨ ਲਈ ਕੋਈ ਰਕਮ ਨਹੀਂ ਦੇਣੀ ਪਵੇਗੀ, ਪਰ ਮੱਕੜ ਦੇ ਮੁੜ ਪ੍ਰਧਾਨ ਬਣਦਿਆਂ ਹੀ ਇਨ੍ਹਾਂ ਫੈਸਲਿਆਂ ਨੂੰ ਪਲਟਣਾ ਸ਼ੁਰੂ ਕਰ ਦਿੱਤਾ ਸੀ। ਹੁਣ ਪ੍ਰਧਾਨਗੀ ਦਾ ਅਹੁਦਾ ਮੁੜ ਸਰਨਾ ਹੱਥ ਆ ਗਿਆ ਹੈ, ਜਿਸ ਪਿੱਛੋਂ ਪਹਿਲੇ ਫੈਸਲਿਆਂ 'ਤੇ ਮੁੜ ਮੋਹਰ ਲੱਗ ਗਈ ਹੈ। ਅਹੁਦਾ ਮਿਲਦਿਆਂ ਹੀ ਸ. ਸਰਨਾ ਨੇ ਕਿਹਾ ਹੈ ਕਿ ਉਨ੍ਹਾਂ ਦੀ ਪ੍ਰਧਾਨਗੀ ਵਿਚ ਜੋ ਫੈਸਲੇ ਕੀਤੇ ਗਏ ਸਨ, ਉਨ੍ਹਾਂ ਨੂੰ ਉਸੇ ਰੂਪ ਵਿਚ ਲਾਗੂ ਕੀਤਾ ਜਾਵੇਗਾ।

## ਸਾਊਦੀ ਅਰਬ ਵਿਚ ਫਸੇ ਭਾਰਤੀਆਂ ਵੱਲੋਂ ਮਦਦ ਦੀ

**ਚੰਡੀਗੜ੍ਹ:** ਸਾਊਦੀ ਅਰਬ ਵਿਚ ਫਸੇ ਕਈ ਭਾਰਤੀ ਨੌਜਵਾਨਾਂ ਨੇ ਇਕ ਵੀਡੀਓ ਬਣਾ ਕੇ ਭਾਰਤ ਸਰਕਾਰ ਦੇ ਨਾਂ ਭੇਜੀ ਹੈ। ਨੌਜਵਾਨਾਂ ਦਾ ਕਹਿਣਾ ਹੈ ਕਿ ਉਹ ਯੂਨਾਈਟਿਡ ਇੰਜੀਨੀਅਰ ਨਾਂ ਦੀ ਕੰਪਨੀ ਵਿਚ ਦੋ ਸਾਲਾਂ ਦੇ ਇਕਰਾਰਨਾਮੇ ਤਹਿਤ ਆਏ ਸਨ। ਉਨ੍ਹਾਂ ਦੇ ਕਰਾਰ ਪੂਰੇ ਹੋਏ ਨੂੰ ਦੋ ਸਾਲ ਤੋਂ ਵੀ ਜ਼ਿਆਦਾ ਬੀਤ ਗਏ ਹਨ ਪਰ ਕੰਪਨੀ ਉਨ੍ਹਾਂ ਨੂੰ ਜਾਣ ਨਹੀਂ ਦੇ ਰਹੀ। ਪੰਜਾਬ ਸਮੇਤ ਉਤਰ ਪ੍ਰਦੇਸ਼, ਬਿਹਾਰ, ਕੋਲਕਾਤਾ ਦੇ ਰਹਿਣ ਵਾਲੇ ਨੌਜਵਾਨਾਂ ਨੇ ਕੰਪਨੀ ਵਿਰੁੱਧ ਧੱਕੇਸ਼ਾਹੀ ਦਾ ਇਲਜ਼ਾਮ ਲਾਇਆ ਹੈ।

ਕੰਪਨੀ ਉਨ੍ਹਾਂ ਨੂੰ ਅੰਦਰ ਹੀ ਬੰਦ ਕਰੀ ਰੱਖਦੀ ਹੈ ਤੇ ਗੇਟ ਤੋਂ ਵੀ ਬਾਹਰ ਨਹੀਂ ਜਾਣ ਦਿੱਤਾ ਜਾਂਦਾ। ਉਨ੍ਹਾਂ ਵਿਚੋਂ ਕਈ ਬਿਮਾਰ ਹਨ ਪਰ ਦਵਾਈ ਖਰੀਦਣਾ ਤਾਂ ਦੂਰ ਰੋਟੀ ਲਈ ਵੀ ਪੈਸੇ ਨਹੀਂ ਹਨ। ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਸਾਊਦੀ ਅਰਬ ਵਿਚੋਂ ਕਢਵਾਉਣ ਦੀ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ ਸੁਸ਼ਮਾ ਸਵਰਾਜ ਦੇ ਯਤਨਾਂ ਸਦਕਾ ਬੀਤੇ ਦਿਨੀਂ ਤਿੰਨ ਪੰਜਾਬਣਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰ ਪਹੁੰਚਾਇਆ ਗਿਆ ਹੈ।

# ਜੌਹਲ ਮਾਮਲਾ: ਪੁਲਿਸ ਦੀ ਫੁਰਤੀ ਸਵਾਲਾਂ ਦੇ ਘੇਰੇ 'ਚ

*(ਸਫਾ ਇਕ ਦੀ ਬਾਕੀ)*

ਵਾਲਿਆਂ ਨੂੰ ਘਰ ਬੁਲਾ ਕੇ ਪਾਰਟੀ ਵੀ ਦੇ ਚੁੱਕੇ ਹਨ, ਪਰ ਕਤਲਾਂ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਇੰਗਲੈਂਡ ਵਾਸੀ ਜਗਤਾਰ ਸਿੰਘ ਜੌਹਲ ਦੇ ਹੱਕ ਵਿਚ ਹੋਈ ਲਾਮਬੰਦੀ ਪਿੱਛੋਂ ਪੰਜਾਬ ਸਰਕਾਰ ਬੁਰੀ ਤਰ੍ਹਾਂ ਘਿਰ ਗਈ ਹੈ। ਖਾਸਕਰ ਵਿਦੇਸ਼ਾਂ ਵਿਚ ਇਸ ਦਾ ਵੱਡੇ ਪੱਧਰ ਉਤੇ ਵਿਰੋਧ ਸ਼ੁਰੂ ਹੋ ਗਿਆ ਹੈ। ਇੰਗਲੈਂਡ ਦੇ ਸੰਸਦ ਮੈਂਬਰਾਂ ਦੇ ਸਰਬ ਪਾਰਟੀ ਗਰੁੱਪ ਵੱਲੋਂ ਮਨੁੱਖੀ ਅਧਿਕਾਰਾਂ ਨਾਲ ਜੁੜੇ ਇਸ ਮਾਮਲੇ ਨੂੰ ਉਠਾਉਣ ਤੋਂ ਬਾਅਦ ਕੈਨੇਡਾ ਦੇ ਸਿਆਸੀ ਆਗੂ ਵੀ ਅੱਗੇ ਆਏ ਹਨ। ਕੈਨੇਡਾ ਦੀ ਐਨ.ਡੀ.ਪੀ. ਪਾਰਟੀ ਦੇ ਪ੍ਰਧਾਨ ਬਣੇ ਜਗਮੀਤ ਸਿੰਘ ਅਤੇ ਉਸ ਦੀ ਪਾਰਟੀ ਦੀਆਂ ਹੀ ਦੋ ਮਹਿਲਾ ਵਿਧਾਇਕਾਂ ਨੇ ਜੱਗੀ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ।

ਕੈਨੇਡਾ ਦੇ ਸ਼ਹਿਰ ਸਰੀ ਵਿਚ ਜੱਗੀ ਦੇ ਹੱਕ 'ਚ ਕਾਰ ਰੈਲੀ ਕੱਢੀ ਗਈ। ਅਮਰੀਕਾ ਵਿਚ ਵੀ ਸਿੱਖ ਜਥੇਬੰਦੀਆਂ ਨੇ ਜੌਹਲ ਦੀ ਰਿਹਾਈ ਲਈ ਆਵਾਜ਼ ਉਠਾਈ ਹੈ। ਵਿਦੇਸ਼ੀ ਮੀਡੀਆ ਵੀ ਜੌਹਲ ਦੇ ਮਾਮਲੇ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਜ਼ੋਰ-ਸ਼ੋਰ ਨਾਲ ਚਰਚਾ ਕਰ ਰਿਹਾ ਹੈ। ਜੌਹਲ ਦੇ ਕੇਸਾਂ ਦੀ ਸੁਣਵਾਈ ਦੌਰਾਨ ਭਾਰਤ ਸਥਿਤ ਬ੍ਰਿਟਿਸ਼ ਕੌਂਸਲ ਦੇ ਅਧਿਕਾਰੀਆਂ ਦੀ ਰਿਪੋਰਟ ਵੀ ਭਾਰਤ ਸਰਕਾਰ ਸਾਹਮਣੇ ਸਵਾਲ ਖੜ੍ਹੇ ਕਰ ਰਹੀ ਹੈ। ਸਵਾਲ ਕੀਤਾ ਜਾ ਰਿਹਾ ਹੈ ਕਿ ਜੌਹਲ ਨੂੰ ਅਦਾਲਤ ਵਿਚ ਪੇਸ਼ ਕਰਨ ਸਮੇਂ ਉਸ ਨੂੰ ਬ੍ਰਿਟਿਸ਼ ਹਾਈ ਕਮਿਸ਼ਨ ਵੱਲੋਂ ਸਹਾਇਤਾ ਦਿੱਤੀ ਗਈ ਸੀ। ਜੇ ਜੱਗੀ ਜੌਹਲ ਉਤੇ ਭਾਰਤ ਦੀਆਂ ਏਜੰਸੀਆਂ ਇਕ ਸਾਲ ਤੋਂ ਨਜ਼ਰ ਰੱਖ ਰਹੀਆਂ ਸਨ ਤਾਂ ਇਸ ਬਾਰੇ ਭਾਰਤ ਨੇ ਬ੍ਰਿਟੇਨ ਸਰਕਾਰ ਨਾਲ ਕੋਈ ਜਾਣਕਾਰੀ ਸਾਂਝੀ ਕੀਤੀ ਸੀ। ਇੰਗਲੈਂਡ ਦੇ ਕੁਝ ਕਾਨੂੰਨਸਾਜ਼ਾਂ ਨੇ ਸਵਾਲ ਕੀਤਾ ਹੈ ਕਿ ਜਦੋਂ ਜੱਗੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤਾਂ ਘੱਟੋ-ਘੱਟ ਭਾਰਤ ਸਰਕਾਰ ਵੱਲੋਂ ਉਦੋਂ ਹੀ ਇਸ ਦੀ ਸੂਚਨਾ ਯੂ.ਕੇ. ਸਰਕਾਰ ਨੂੰ ਦੇਣੀ ਚਾਹੀਦੀ ਸੀ। ਜੱਗੀ ਨੂੰ ਅਦਾਲਤ ਵਿਚ ਪੇਸ਼ ਕਰਨ ਸਮੇਂ ਨਾ ਤਾਂ ਉਸ ਦੇ ਵਕੀਲ ਅਤੇ ਨਾ ਹੀ ਬ੍ਰਿਟਿਸ਼ ਹਾਈ ਕਮਿਸ਼ਨ ਦੇ ਅਧਿਕਾਰੀ ਨੂੰ ਮਿਲਣ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਜਗਤਾਰ ਸਿੰਘ ਜੱਗੀ ਵਿਆਹ ਕਰਵਾਉਣ ਲਈ ਭਾਰਤ ਆਇਆ ਸੀ। ਮੋਗਾ ਪੁਲਿਸ ਤੇ ਹੋਰ ਏਜੰਸੀਆਂ ਨੇ ਚਾਰ ਨਵੰਬਰ ਨੂੰ ਉਸ ਨੂੰ ਰਾਮਾ ਮੰਡੀ ਜਲੰਧਰ ਤੋਂ ਉਦੋਂ ਚੁੱਕ ਲਿਆ ਸੀ, ਜਦੋਂ ਉਹ ਪਤਨੀ ਅਤੇ ਭੈਣ ਨਾਲ ਚੰਡੀਗੜ੍ਹ ਜਾ ਰਿਹਾ ਸੀ।

ਪੁਲਿਸ ਦਾ ਦਾਅਵਾ ਹੈ ਕਿ ਇੰਗਲੈਂਡ ਤੋਂ ਆਏ ਜਿੰਮੀ ਸਿੰਘ ਦੀ ਸੂਹ ਉਤੇ ਜੌਹਲ ਨੂੰ ਫੜਿਆ ਸੀ, ਪਰ ਜੌਹਲ ਦੇ ਪਿੰਡ ਵਾਲਿਆਂ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਜਿਸ ਪਿੱਛੋਂ ਇਹ ਮਾਮਲਾ ਤੂਲ ਫੜਦਾ ਗਿਆ। ਹੁਣ ਚੁਫੇਰਿਓਂ ਦਬਾਅ ਕਾਰਨ ਪੰਜਾਬ ਸਰਕਾਰ ਕਾਫੀ ਕਸੂਤੀ ਸਥਿਤੀ ਵਿਚ ਫਸ ਗਈ ਹੈ।

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਰਾਜ ਦੀ ਪਹਿਲੀ ਰਾਜਧਾਨੀ ਕਿਲ੍ਹਾ ਲੋਹਗੜ੍ਹ ਬਣੇਗਾ ਵਿਰਾਸਤੀ ਸਥਾਨ

**ਚੰਡੀਗੜ੍ਹ:** ਹਰਿਆਣਾ ਦੇ ਯਮੁਨਾਨਗਰ ਜ਼ਿਲ੍ਹੇ ਵਿਚ ਸਥਿਤ ਕਿਲ੍ਹਾ ਲੋਹਗੜ੍ਹ ਨੂੰ ਵਿਰਾਸਤੀ ਖੇਤਰ ਵਜੋਂ ਵਿਕਸਤ ਕੀਤਾ ਜਾਵੇਗਾ। ਲੋਹਗੜ੍ਹ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਰਾਜ ਦੀ ਰਾਜਧਾਨੀ ਐਲਾਨਿਆ ਸੀ। ਹੁਣ ਇਸ ਇਲਾਕੇ ਨੂੰ ਸੈਰ ਸਪਾਟੇ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਇਹ ਪਹਿਲ ਬਾਬਾ ਬੰਦਾ ਸਿੰਘ ਬਹਾਦਰ ਹੈਰੀਟੇਜ ਡਿਵੈਲਪਮੈਂਟ ਟਰੱਸਟ ਵੱਲੋਂ ਕੀਤੀ ਗਈ ਹੈ। ਇਸ ਤੋਂ ਪਹਿਲਾਂ ਹਰਿਆਣਾ ਸਰਕਾਰ ਵੱਲੋਂ ਇਸ ਖੇਤਰ ਨੂੰ ਸੈਰ ਸਪਾਟੇ ਵਜੋਂ ਵਿਕਸਤ ਕਰਨ ਦਾ ਐਲਾਨ ਕੀਤਾ ਸੀ। ਟਰੱਸਟ ਵੱਲੋਂ ਸ਼ੁਰੂ ਕੀਤੇ ਗਏ ਨਵੇਂ ਪ੍ਰੋਜੈਕਟ ਤਹਿਤ ਇਥੇ ਗੁਰਦੁਆਰਾ ਉਸਾਰਿਆ ਜਾਵੇਗਾ। ਇਸ ਤੋਂ ਇਲਾਵਾ ਲੰਗਰ ਹਾਲ ਤੇ ਮਲਟੀਮੀਡੀਆ ਕਲਾਸ-ਰੂਮ ਵੀ ਤਿਆਰ ਕੀਤਾ ਜਾਵੇਗਾ।

ਪ੍ਰੋਜੈਕਟ ਦੇ ਨੋਡਲ ਅਧਿਕਾਰੀ ਤੇ ਯਮੁਨਾਨਗਰ ਜ਼ਿਲ੍ਹੇ ਦੇ ਡਿਵੈਲਪਮੈਂਟ ਤੇ ਪੰਚਾਇਤ ਅਧਿਕਾਰੀ ਗਗਨਦੀਪ ਸਿੰਘ ਨੇ ਦੱਸਿਆ ਕਿ ਇਸ ਪ੍ਰੋਜੈਕਟ ਨੂੰ 'ਲੋਹਗੜ੍ਹ ਖਾਲਸਾ ਰਾਜਧਾਨੀ' ਦੇ ਨਾਂ ਹੇਠ ਵਿਕਸਤ ਕੀਤਾ ਜਾ ਰਿਹਾ ਹੈ। ਲੋਹਗੜ੍ਹ



ਕਿਲ੍ਹਾ ਕਿਸੇ ਸ਼ਾਹੀ ਪਰਿਵਾਰ ਨੇ ਨਹੀਂ, ਸਗੋਂ ਮੁਗਲ ਰਾਜ ਦੇ ਖਾਤਮੇ ਸਮੇਂ ਆਮ ਲੋਕਾਂ ਨੇ ਬਣਾਇਆ ਸੀ। ਇਸ ਲਈ ਟਰੱਸਟ ਨੇ ਫੈਸਲਾ ਕੀਤਾ ਹੈ ਕਿ ਇਸ ਪ੍ਰੋਜੈਕਟ ਦਾ ਨੀਂਹ ਪੱਥਰ ਆਮ ਲੋਕਾਂ ਵੱਲੋਂ ਹੀ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਬਾਬਾ ਬੰਦਾ ਸਿੰਘ ਬਹਾਦਰ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ ਸੀ। ਇਸ ਤੋਂ ਬਾਅਦ ਲੋਹਗੜ੍ਹ ਕਿਲੇ ਬਾਰੇ ਕਾਫੀ ਇਤਿਹਾਸਕ ਤੱਥ ਸਾਹਮਣੇ ਆਏ ਹਨ। ਲੋਹਗੜ੍ਹ ਵਪਾਰ ਤੇ ਉਦਯੋਗ ਦਾ ਮੁੱਖ ਕੇਂਦਰ ਹੈ। ਪਿਛਲੇ ਸਮੇਂ ਵਿਚ ਇਥੇ ਕਾਫੀ ਉਦਯੋਗ ਸਥਾਪਤ ਕੀਤੇ ਗਏ ਹਨ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਹਾਲ ਹੀ ਵਿਚ ਇਸ ਖੇਤਰ ਨੂੰ ਸੈਰ ਸਪਾਟੇ ਵਜੋਂ ਵਿਕਸਤ ਕਰਨ ਦਾ ਐਲਾਨ ਕੀਤਾ ਸੀ।

## ਦਰਬਾਰ ਸਾਹਿਬ ਦੀ ਇਮਾਰਤ ਦਾ ਨੀਂਹ ਪੱਥਰ

**ਮੁਖਲਿਸਗੜ੍ਹ (ਯਮੁਨਾ ਨਗਰ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕਾਇਮ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਕਿਲ੍ਹਾ ਲੋਹਗੜ੍ਹ ਸਾਹਿਬ, ਮੁਖਲਿਸਗੜ੍ਹ (ਹਰਿਆਣਾ) ਦੀ ਸ਼ਾਨ ਮੁੜ ਸੁਰਜੀਤ ਕਰਨ ਲਈ ਸ਼੍ਰੋਮਣੀ ਕਮੇਟੀ ਕੋਈ ਕਸਰ ਨਹੀਂ ਛੱਡੇਗੀ। ਉਹ ਇਥੇ ਦਰਬਾਰ ਸਾਹਿਬ ਦੀ ਉਸਾਰੀ ਲਈ ਨੀਂਹ ਪੱਥਰ ਰੱਖਣ ਲਈ ਪਹੁੰਚੇ ਸਨ। ਉਨ੍ਹਾਂ ਦੱਸਿਆ ਕਿ ਕਿਲ੍ਹਾ ਲੋਹਗੜ੍ਹ ਸਾਹਿਬ ਲਈ ਸੇਵਾ ਪੰਥ ਰਤਨ ਬਾਬਾ ਹਰਬੰਸ ਸਿੰਘ ਕਾਰ ਸੇਵਾ ਦਿੱਲੀ ਵਾਲਿਆਂ ਵੱਲੋਂ ਵਰੋਸਾਏ ਬਾਬਾ ਬਚਨ ਸਿੰਘ ਅਤੇ ਬਾਬਾ ਸੁੱਖਾ ਸਿੰਘ ਕਰਨਾਲ ਵਾਲਿਆਂ ਨੂੰ ਸੌਂਪੀ ਗਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਕਿਸਾਨਾਂ ਵੱਲੋਂ ਲੜਾਈ ਪਿੰਡਾਂ ਵਿਚ ਲਿਜਾਣ ਦਾ ਐਲਾਨ

**ਨਵੀਂ ਦਿੱਲੀ:** ਦੋ ਸੌ ਦੇ ਕਰੀਬ ਕਿਸਾਨ ਜਥੇਬੰਦੀਆਂ ਨੇ ਕਿਸਾਨੀ ਕਰਜ਼ਿਆਂ 'ਤੇ ਲੀਕ, ਕਿਸਾਨ ਖ਼ੁਦਕੁਸ਼ੀਆਂ, ਫ਼ਸਲਾਂ ਦੇ ਭਾਅ ਅਤੇ ਹੋਰਨਾਂ ਮੁੱਦਿਆਂ ਨੂੰ ਲੈ ਕੇ ਵਿੱਢੀ ਲੜਾਈ ਨੂੰ ਹੁਣ ਪਿੰਡਾਂ ਵਿਚ ਲਿਜਾਣ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਇਥੇ ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਵੱਲੋਂ ਵਿਉਂਤੀ ਦੋ ਰੋਜ਼ਾ ਕਿਸਾਨ ਮੁਕਤੀ ਸੰਸਦ ਦੇ ਆਖਰੀ ਦਿਨ ਕੀਤਾ ਗਿਆ।

ਕਮੇਟੀ ਦੇ ਕਨਵੀਨਰ ਵੀ.ਐਮ. ਸਿੰਘ ਨੇ ਦੱਸਿਆ, "ਅਸੀਂ ਮੁਲਕ ਦੇ ਹਰ ਜ਼ਿਲ੍ਹੇ ਵਿਚ ਜਾ ਕੇ ਖੁਦ, ਕਿਸਾਨ ਸੰਸਦ ਵੱਲੋਂ ਪਾਸ ਕੀਤੇ ਬਿਲਾਂ ਬਾਰੇ ਲੋਕਾਂ ਦੀਆਂ ਪ੍ਰਤਿਕਿਰਿਆਵਾਂ ਲਵਾਂਗੇ ਤੇ ਮੁਲਕ ਨੂੰ ਦੱਸਾਂਗੇ ਕਿ ਅਸੀਂ ਉਨ੍ਹਾਂ ਤੋਂ ਕੀ ਸਿੱਖਿਆ ਹੈ। ਇਕ ਵਾਰ ਬਿੱਲ ਵਾਪਸ ਆਉਣ 'ਤੇ ਵਰਕਿੰਗ ਗਰੁੱਪ ਇਸ ਦਾ ਮੁਆਇਨਾ ਕਰੇਗਾ ਜਿਸ ਮਗਰੋਂ ਇਸ ਨੂੰ ਲੋਕ ਸਭਾ ਤੇ ਰਾਜ ਸਭਾ ਵਿਚ ਪ੍ਰਾਈਵੇਟ ਮੈਂਬਰਜ਼ ਬਿੱਲ ਵਜੋਂ ਪੇਸ਼ ਕੀਤਾ ਜਾਵੇਗਾ।" ਯਾਦ ਰਹੇ ਕਿ ਕਿਸਾਨ ਮੁਕਤੀ ਸੰਸਦ ਨੇ ਖੇਤੀ ਸੰਕਟ ਨਾਲ ਨਜਿੱਠਣ ਲਈ ਦੋ ਬਿੱਲ



ਪਾਸ ਕੀਤੇ ਸਨ। ਇਨ੍ਹਾਂ ਵਿਚੋਂ ਇਕ ਬਿੱਲ ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤੀ ਤੇ ਦੂਜਾ ਕਿਸਾਨਾਂ ਨੂੰ ਫ਼ਸਲਾਂ ਦਾ ਨਿਰਪੱਖ ਤੇ ਲਾਹੇਵੰਦਾ ਭਾਅ ਯਕੀਨੀ ਬਣਾਉਣ ਨਾਲ ਸਬੰਧਤ ਸੀ। ਇਨ੍ਹਾਂ ਬਿਲਾਂ ਨੂੰ ਸਵਾਭਿਮਾਨੀ ਸ਼ੇਤਕਾਰੀ ਸੰਗਠਨ ਦੇ ਆਗੂ ਰਾਜੂ ਸ਼ੈੱਟੀ ਵੱਲੋਂ ਸੰਸਦ ਵਿਚ ਪ੍ਰਾਈਵੇਟ ਮੈਂਬਰਜ਼ ਬਿੱਲ ਵਜੋਂ ਪੇਸ਼ ਕੀਤਾ ਜਾਵੇਗਾ। ਸ਼ੈੱਟੀ ਨੇ ਪਿੱਛੇ ਜਿਹੇ ਕਿਸਾਨ ਵਿਰੋਧੀ ਨੀਤੀਆਂ ਦੇ ਚਲਦਿਆਂ ਐਨ.ਡੀ.ਏ. ਨੂੰ ਅਲਵਿਦਾ ਆਖ ਦਿੱਤੀ ਸੀ। ਰਾਜ ਸਭਾ ਵਿਚ ਇਹ ਬਿੱਲ ਸੀ.ਪੀ.ਐਮ. ਮੈਂਬਰ ਕੇ.ਕੇ. ਰਾਗੇਸ਼ ਪੇਸ਼ ਕਰਨਗੇ। ਦੇਸ਼ ਭਰ ਵਿਚੋਂ ਆਏ ਹਜ਼ਾਰਾਂ ਕਿਸਾਨਾਂ ਨੇ ਕਿਸਾਨ ਕਮਿਸ਼ਨ ਦੇ ਗਠਨ ਦੇ ਨਾਲ ਨਾਲ ਖੇਤੀ ਉਤਪਾਦਾਂ ਲਈ 'ਘੱਟੋ-ਘੱਟ ਸਮਰਥਨ ਮੁੱਲ' ਨੂੰ 'ਯਕੀਨੀ ਘੱਟੋ-ਘੱਟ ਮੁੱਲ' ਵਿਚ ਤਬਦੀਲ ਕੀਤੇ ਜਾਣ ਦੀ ਵੀ ਮੰਗ ਕੀਤੀ। ਇਨ੍ਹਾਂ ਵਿਚ ਵੱਡੀ ਗਿਣਤੀ ਕਿਸਾਨ ਪੰਜਾਬ ਤੋਂ ਵੀ ਸਨ। ਕਿਸਾਨ ਸੰਸਦ ਨੂੰ ਸੰਬੋਧਨ ਕਰਨ ਵਾਲੇ ਕਿਸਾਨ ਆਗੂਆਂ ਵਿਚੋਂ ਵੱਡੀ ਗਿਣਤੀ ਨੇ ਮੋਦੀ ਸਰਕਾਰ ਅਤੇ ਇਸ ਦੀਆਂ ਖੇਤੀ ਨੀਤੀਆਂ ਦੀ ਨਿਖੇਧੀ ਕੀਤੀ।

## ਕਾਰਖਾਨੇ ਦੀ ਇਮਾਰਤ ਡਿੱਗਣ ਕਾਰਨ 16 ਮੌਤਾਂ

**ਲੁਧਿਆਣਾ:** ਲਿਫਾਫੇ ਬਣਾਉਣ ਵਾਲੇ ਕਾਰਖਾਨੇ ਨੂੰ ਭਿਆਨਕ ਅੱਗ ਲੱਗਣ ਕਾਰਨ 16 ਮੌਤਾਂ ਹੋ ਗਈਆਂ। ਮਰਨ ਵਾਲਿਆਂ ਵਿਚ ਚਾਰ ਫਾਇਰ ਕਰਮੀ ਹਨ। ਲੁਧਿਆਣਾ ਦੇ ਸਨਅਤੀ ਖੇਤਰ 'ਏ' ਵਿਚ ਅਮਰਸਨ ਪੌਲੀਮਰਜ਼ ਨਾਂ ਦੇ ਪਲਾਸਟਿਕ ਤੇ ਪੌਲੀਥੀਨ ਬਣਾਉਣ ਵਾਲੇ ਕਾਰਖਾਨੇ ਨੂੰ ਭਿਆਨਕ ਅੱਗ ਲੱਗ ਗਈ ਸੀ। ਸੂਚਨਾ ਮਿਲਦੇ ਹੀ ਅੱਗ ਬੁਝਾਊ ਵਿਭਾਗ ਦੀਆਂ 20 ਗੱਡੀਆਂ ਮੌਕੇ ਉਤੇ ਪਹੁੰਚ ਗਈਆਂ ਸਨ, ਪਰ ਇਸੇ ਦੌਰਾਨ ਅਚਾਨਕ ਇਮਾਰਤ ਡਿੱਗ ਗਈ।

# ਆਲਮੀ ਅਦਾਲਤ ਦੀ ਚੋਣ 'ਚ ਭਾਰਤ ਦੀ ਬੱਲੇ ਬੱਲੇ

**ਸੰਯੁਕਤ ਰਾਸ਼ਟਰ:** ਭਾਰਤ ਦੇ ਦਲਵੀਰ ਭੰਡਾਰੀ ਦੀ ਮੁੜ ਕੌਮਾਂਤਰੀ ਨਿਆਂ ਅਦਾਲਤ (ਆਈ.ਸੀ.ਜੇ.) ਦੀ ਚੋਣ ਜਿੱਤ ਲਈ ਹੈ। ਉਸ ਨੂੰ ਸੰਯੁਕਤ ਰਾਸ਼ਟਰ ਦੇ ਦੋ ਤਿਹਾਈ ਮੈਂਬਰਾਂ ਦੀ ਹਮਾਇਤ ਹਾਸਲ ਹੋਈ ਜਿਸ ਕਾਰਨ ਵਿਸ਼ਵ ਅਦਾਲਤ ਦੀ ਇਸ ਸੀਟ ਲਈ ਹੋ ਰਹੇ ਸਖਤ ਮੁਕਾਬਲੇ ਵਿਚ ਬਰਤਾਨੀਆ ਨੂੰ ਪਿੱਛੇ ਹਟਣਾ ਪਿਆ। ਦੇਸ਼ ਦੀ ਇਸ ਸਭ ਤੋਂ ਵੱਡੀ ਕੂਟਨੀਤਕ ਜਿੱਤ ਲਈ ਸ੍ਰੀ ਭੰਡਾਰੀ ਨੂੰ ਆਮ ਸਭਾ ਦੀਆਂ 193 ਵਿਚੋਂ 183 ਵੋਟਾਂ ਅਤੇ ਸੁਰੱਖਿਆ ਕੌਂਸਲ ਦੀਆਂ ਸਾਰੀਆਂ 15 ਵੋਟਾਂ ਹਾਸਲ ਹੋਈਆਂ। ਹੌਂਗ ਆਧਾਰਤ ਆਈ.ਸੀ.ਜੇ. ਦੀ ਇਸ ਖਾਲੀ ਪਈ ਸੀਟ ਦੀ ਚੋਣ ਸੰਯੁਕਤ ਰਾਸ਼ਟਰ ਦੇ ਹੈੱਡ ਕੁਆਰਟਰ ਵਿਚ ਹੋਈ, ਜਿਸ 'ਚ ਸ੍ਰੀ ਭੰਡਾਰੀ (70) ਨੂੰ ਨੌਂ ਸਾਲਾਂ ਦੀ ਮਿਆਦ ਲਈ ਮੁੜ ਮੈਂਬਰ ਚੁਣ ਲਿਆ ਗਿਆ। ਵੋਟਾਂ ਪੈਣ ਤੋਂ ਇਕ ਘੰਟਾ ਪਹਿਲਾਂ ਹੀ ਬਰਤਾਨੀਆ ਦੇ ਇਸ ਦੌੜ 'ਚੋਂ ਆਪਣੇ ਉਮੀਦਵਾਰ ਕ੍ਰਿਸਟੋਫਰ ਗਰੀਨਵੁੱਡ ਦਾ ਨਾਂ ਵਾਪਸ ਲੈ ਲਿਆ ਸੀ।

ਮਾਹਰਾਂ ਅਨੁਸਾਰ ਭੰਡਾਰੀ ਦੀ ਇਸ ਚੋਣ ਨੇ ਦੁਨੀਆਂ ਦੀਆਂ ਮੋਹਰੀ ਤਾਕਤਾਂ ਨੂੰ ਸੁਨੇਹਾ ਦਿੱਤਾ ਹੈ ਕਿ ਹਵਾਵਾਂ ਦਾ ਰੁਖ ਬਦਲ ਰਿਹਾ ਹੈ ਤੇ ਇਹ ਇਸ਼ਾਰਾ ਦਿੱਤਾ ਹੈ ਭਾਰਤ ਨੂੰ ਵੱਧ ਤਵੱਜੋ ਮਿਲ ਰਹੀ ਹੈ। ਆਈ.ਸੀ.ਜੇ. 15 ਜੱਜਾਂ ਦਾ ਬੈਂਚ ਹੈ, ਜਿਨ੍ਹਾਂ 'ਚੋਂ 5 ਨੂੰ ਹਰ ਤਿੰਨ ਸਾਲ ਬਾਅਦ ਨੌਂ ਸਾਲਾਂ ਲਈ ਚੁਣਿਆ ਜਾਂਦਾ ਹੈ। ਇਸ ਚੋਣ ਦਾ ਨਤੀਜਾ ਆਉਂਦਿਆਂ ਹੀ ਸੰਯੁਕਤ ਰਾਸ਼ਟਰ 'ਚ ਭਾਰਤ ਦੇ ਸਥਾਈ ਨੁਮਾਇੰਦੇ ਸਯਦ ਅਕਬਰੁੱਦੀਨ ਨੂੰ ਹੋਰਨਾਂ ਮੁਲਕਾਂ ਦੇ ਨੁਮਾਇੰਦਿਆਂ ਨੇ ਵਧਾਈਆਂ ਦਿੱਤੀਆਂ।

## ਰੌਬਰਟ ਮੁਗਾਬੇ ਵੱਲੋਂ ਅਸਤੀਫਾ

**ਹਰਾਰੇ:** ਜ਼ਿੰਬਾਬਵੇ ਦੀ ਸੰਸਦ ਵੱਲੋਂ ਮਹਾਂਦੋਸ਼ ਸਬੰਧੀ ਕਾਰਵਾਈ ਆਰੰਭੇ ਜਾਣ ਤੋਂ ਫੌਰੀ ਬਾਅਦ ਰੌਬਰਟ ਮੁਗਾਬੇ ਨੇ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਸਪੀਕਰ ਜੈਕਬ ਮੁਡੈਂਡਾ ਨੇ ਰਾਸ਼ਟਰਪਤੀ ਦੇ ਅਸਤੀਫੇ ਦਾ ਐਲਾਨ ਕਰਦਿਆਂ ਮਹਾਂਦੋਸ਼ ਸਬੰਧੀ ਕਾਰਵਾਈ ਮੁਅੱਤਲ ਕਰ ਦਿੱਤੀ।

# ਹਰਦੀਪ ਗਿੱਲ ਨੂੰ ਸਦਮਾ ਸਹੁਰਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਥਾਨਕ ਖੇਡ ਸੰਸਥਾਵਾਂ ਦੇ ਸਰਗਰਮ ਮੈਂਬਰ ਹਰਦੀਪ ਸਿੰਘ ਗਿੱਲ ਦੇ ਪਰਿਵਾਰ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ ਜਦੋਂ ਉਸ ਦੇ ਸਹੁਰਾ ਸਾਹਿਬ ਸ.



ਤਰਲੋਚਨ ਸਿੰਘ ਲੰਘੀ 20 ਨਵੰਬਰ ਨੂੰ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿਛੇ ਪਤਨੀ ਪਰਮਜੀਤ ਕੌਰ, ਧੀ ਮਨਜਿੰਦਰ ਕੌਰ ਅਤੇ ਪੁੱਤਰ ਅਵਨਿੰਦਰ ਸਿੰਘ ਤੇ ਨੂੰਹ ਅਮਨਦੀਪ ਕੌਰ ਤੋਂ ਇਲਾਵਾ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਸਵਰਗੀ ਤਰਲੋਚਨ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖੁਸ਼ਹਾਲਪੁਰ ਤੋਂ ਸਨ। ਉਨ੍ਹਾਂ ਦਾ ਅੰਤਿਮ ਸਸਕਾਰ 25 ਨਵੰਬਰ, ਐਤਵਾਰ ਨੂੰ ਇਥੇ ਬੋਹਿਮਿਅਨ ਨੈਸ਼ਨਲ ਸਿਮਿਟਰੀ (5255 North Pulaski Road, Chicago, IL 60630) ਵਿਖੇ ਦੁਪਹਿਰ 12 ਤੋਂ 2 ਵਜੇ ਤੱਕ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਦੀਵਾਨ ਐਵੇਨਿਊ ਵਿਖੇ ਬਾਅਦ ਦੁਪਹਿਰ 3 ਤੋਂ 5 ਵਜੇ ਤੱਕ ਹੋਵੇਗੀ। ਪਰਿਵਾਰ ਨਾਲ ਸੰਪਰਕ ਹਰਦੀਪ ਗਿੱਲ, ਫੋਨ: 847-226-2515 ਜਾਂ ਅਵਨਿੰਦਰ ਸਿੰਘ ਫੋਨ: 847-226-2323 ਰਾਹੀਂ ਕੀਤਾ ਜਾ ਸਕਦਾ ਹੈ।


## Matrimonials

### ਲੜਕੇ ਦੀ ਲੋੜ ਹੈ

Well educated (Midwest US based) Saini Sikh family seeks professionally qualified match for their Indian citizen beautiful, slim, 27/5'-1" daughter. B. Tech in Computer Science (CSE). Working as Software developer in Mohali, India. Contact at 765-570-0149 46-49

### ਲੜਕੀ ਦੀ ਲੋੜ ਹੈ

Wanted suitable US citizen or green card holder girl for Jatt Sikh boy, 32, 6'-3'', PhD (Weed Science), Post-Doctoral research associate at University of Missouri, Columbia, USA. Contact, Ph: 573-529-8325 or 510-209-5298 47-50

### ਲੜਕੀ ਦੀ ਲੋੜ ਹੈ

Wanted suitable girl for clean shaven Sikh Rajput (Rathore) boy 29, 5'-9", B.E., MBA (USA). Working in Chicago on H1B visa. Both sisters married and settled in the USA. Contact, Ph: 91-98150-34814 or singhmatri8@gmail.com 47-50

Saini Sikh clean shave boy, 27, 6', M.Sc. Bio Technology doing BDS in Chandigarh, seeks suitable Saini/Jatt Sikh girl in medical field. Family well settled in the USA. Please contact, Ph: 516-503-9541 44-51

*To Advertise with Punjab Times Call: 847-359-0746*

### ਜੀਵਨ ਸਾਥਣ ਦੀ ਲੋੜ ਹੈ

ਯੂ. ਐਸ. ਸਿਟੀਜ਼ਨ, 73 ਸਾਲਾ ਵਿਧੁਰ, ਸੇਵਾਮੁਕਤ ਵਿਅਕਤੀ ਲਈ ਭਾਰਤ ਜਾਂ ਅਮਰੀਕਾ-ਕੈਨੇਡਾ ਰਹਿੰਦੀ ਜੀਵਨ ਸਾਥਣ ਦੀ ਲੋੜ ਹੈ ਜਿਸ ਦਾ ਪਹਿਲਾਂ ਵਿਆਹ ਨਾ ਹੋਇਆ ਹੋਵੇ। ਭਾਰਤ/ਪੰਜਾਬ ਤੋਂ ਲਿਆਉਣ ਦੀ ਜ਼ਿੰਮੇਵਾਰੀ। ਸੋਸ਼ਲ ਸਿਕਿਉਰਿਟੀ ਅਤੇ ਪ੍ਰਾਈਵੇਟ ਪੈਨਸ਼ਨ ਤੋਂ ਚੰਗੀ ਆਮਦਨ। ਸੰਪਰਕ ਕਰੋ, ਫੋਨ: 845-664-1301 46-49


# ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਤੋਂ ਰੋਹ

**ਨਵੀਂ ਦਿੱਲੀ:** ਦਿੱਲੀ ਯੂਨੀਵਰਸਿਟੀ ਦੇ ਪਹਿਲੇ ਈਵਨਿੰਗ ਕਾਲਜ ਦਿਆਲ ਸਿੰਘ ਕਾਲਜ ਦਾ ਨਾਂ ਬਦਲ ਕੇ 'ਵੰਦੇ ਮਾਤਰਮ ਮਹਾਵਿਦਿਆਲਾ' ਰੱਖਣ ਦਾ ਭਾਜਪਾ ਗੱਠਜੋੜ ਦੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਸਣੇ ਦਿੱਲੀ ਦੇ ਸਿੱਖਾਂ ਦੀ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਤੇ ਹੋਰ ਧਿਰਾਂ ਵੱਲੋਂ ਵਿਰੋਧ ਸ਼ੁਰੂ ਹੋ ਗਿਆ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਤੇ ਭਾਜਪਾ ਦੇ ਰਾਜੌਰੀ ਗਾਰਡਨ ਤੋਂ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਕਾਲਜ ਦੇ ਨਾਂ ਦੀ ਇਹ ਤਬਦੀਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਲੋੜ ਪਈ ਤਾਂ ਹਰ ਪੱਧਰ 'ਤੇ ਇਸ ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵੰਦੇ ਮਾਤਰਮ ਨਾਂ ਦਾ ਵਿਰੋਧ ਨਹੀਂ ਹੈ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦਿਆਲ ਸਿੰਘ ਵੱਲੋਂ ਸਮਾਜ ਨੂੰ ਦਿੱਤੀ ਦੇਣ ਨੂੰ ਯਾਦ ਰੱਖਣ ਲਈ ਉਨ੍ਹਾਂ ਦੇ ਨਾਂ ਦਾ ਕਾਲਜ ਕਾਇਮ ਰਹਿਣਾ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅਜਿਹਾ ਕੁਝ ਨਹੀਂ ਕਰਨਾ ਚਾਹੀਦਾ ਜਿਸ ਨਾਲ ਇਤਿਹਾਸਕ ਵਿਰਾਸਤ ਦਾ ਖਾਤਮਾ ਹੁੰਦਾ ਹੋਵੇ। ਉਧਰ, ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਇਹ ਸਭ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਹੋ ਰਿਹਾ ਹੈ ਤੇ ਮੋਦੀ ਸਰਕਾਰ ਨੂੰ ਸਿਰਫ ਅਤੀਤ ਨਾਲ ਮੋਹ ਹੈ।

# ਆਸਟਰੇਲੀਆ 'ਚ ਵੀਜ਼ੇ ਬਾਰੇ ਗਲਤ ਜਾਣਕਾਰੀ ਦੇਣ ਵਾਲੇ ਖਬਰਦਾਰ

**ਚੰਡੀਗੜ੍ਹ:** ਹੁਣ ਆਸਟਰੇਲੀਆ ਵਿਚ ਵੀਜ਼ੇ ਬਾਰੇ ਗਲਤ ਜਾਣਕਾਰੀ ਦੇਣ ਵਾਲਿਆਂ ਦੀ ਖੈਰ ਨਹੀਂ। ਆਸਟਰੇਲੀਅਨ ਇਮੀਗ੍ਰੇਸ਼ਨ ਮੰਤਰੀ ਪੀਟਰ ਡਟਨ ਨੇ ਕਿਹਾ ਕਿ ਵੀਜ਼ਾ ਕਾਨੂੰਨਾਂ ਮੁਤਾਬਕ ਗਲਤ ਸੂਚਨਾ ਦੇਣ ਵਾਲੇ ਵਿਅਕਤੀ ਖਿਲਾਫ 10 ਸਾਲ ਤੱਕ ਵੀਜ਼ਾ ਦੇਣ 'ਤੇ ਪਾਬੰਦੀ ਰਹੇਗੀ।

ਇਸ ਤੋਂ ਪਹਿਲਾਂ ਜੇਕਰ ਕੋਈ ਵਿਅਕਤੀ ਵੀਜ਼ਾ ਲੈਣ ਲਈ ਗਲਤ ਸੂਚਨਾ ਜਾਂ ਤੱਥ ਇਮੀਗ੍ਰੇਸ਼ਨ ਨੂੰ ਦਿੰਦਾ ਸੀ ਤਾਂ ਦੋਸ਼ੀ ਪਾਏ ਜਾਣ 'ਤੇ ਤਿੰਨ ਸਾਲ ਲਈ ਪਾਬੰਦੀ ਲਾਈ ਜਾਂਦੀ ਸੀ ਪਰ ਉਸ ਦਾ ਰਿਕਾਰਡ ਪਿਛਲੇ ਇਕ ਸਾਲ ਦਾ ਹੀ ਦੇਖਿਆ ਜਾਂਦਾ ਸੀ। ਹੁਣ ਰਿਕਾਰਡ ਵੀ ਪਿਛਲੇ 10 ਸਾਲ ਦਾ ਚੈੱਕ ਹੋਵੇਗਾ ਤੇ ਪਾਬੰਦੀ ਵੀ 10 ਸਾਲ ਦੀ ਲਾਈ ਜਾਵੇਗੀ। ਇਹ ਸੋਧ 18 ਨਵੰਬਰ, 2017 ਤੋਂ ਲਾਗੂ ਕੀਤੀ ਗਈ ਹੈ। ਸਰਕਾਰ ਨੇ ਮਾਈਗ੍ਰੇਸ਼ਨ ਐਕਟ ਵਿਚ ਇਹ ਸੋਧ ਕੀਤੀ ਹੈ। ਪੰਜਾਬੀ ਭਾਈਚਾਰੇ ਦੇ ਉਨ੍ਹਾਂ ਲੋਕਾਂ ਨੂੰ ਨਵੀਂ ਸੋਧ ਦਾ ਝਟਕਾ ਲੱਗਾ ਹੈ ਜਿਨ੍ਹਾਂ ਦੇ ਤਿੰਨ ਸਾਲ ਖਤਮ ਹੋਣ ਵਾਲੇ ਸਨ। ਉਂਜ, ਮਨੁੱਖੀ ਅਧਿਕਾਰਾਂ ਤੇ ਸੁਰੱਖਿਆ ਕਾਰਨਾਂ ਲਈ ਵੀਜ਼ਾ ਲੈਣ ਵਾਲਿਆਂ ਨੂੰ ਇਸ ਦੀ ਛੋਟ ਦਿੱਤੀ ਗਈ ਹੈ।


Flat For Sale

*In Jalandhar*

Well Furnished, 1500 Sq.ft. Flat , Three Bed Rooms, Three Bathrooms, Drawing Room, Pooja Room, Secured Gated Community, Gym, Park, Elevator With Generator Backup, 6th Floor, Hamilton Towers, Nakodar Rd. Near GTB Nagar, Jalandhar City

*Price- $90,000*

Contact, Ph: 630-624-7426

Email-shankapoor75@Gmail.com

45-46

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973

DHMS-Gold Medalist, BAMS, MDEh.- India


**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

*Live on Jas TV*

Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

# ਕੋਹਰੇ ਦੀ ਚਾਦਰ ਵਿਚ ਬਦਲ ਸਕਦੇ ਨੇ ਭਾਰਤ ਤੇ ਪਾਕਿ ਦੇ ਸ਼ਹਿਰ





**ਵਾਸ਼ਿੰਗਟਨ:** ਅਮਰੀਕਾ ਦੀ ਵਾਤਾਵਰਨ ਨਾਲ ਸਬੰਧਤ ਇਕ ਸਿਖਰਲੀ ਸੰਸਥਾ ਨੇ ਕਿਹਾ ਹੈ ਕਿ ਉਤਰ ਭਾਰਤ ਅਤੇ ਪਾਕਿਸਤਾਨ ਦੇ ਕੁਝ ਸ਼ਹਿਰ, ਜੋ ਧੁਆਂਖੇ ਧੂੰਏਂ ਦੀ ਸਮੱਸਿਆ ਨਾਲ ਜੂਝ ਰਹੇ ਹਨ, ਨੂੰ ਅਗਲੇ ਕੁਝ ਮਹੀਨਿਆਂ 'ਚ ਰਾਹਤ ਮਿਲਣ ਦੀ ਕੋਈ ਆਸ ਨਹੀਂ ਹੈ। ਸੰਸਥਾ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਸ਼ਹਿਰ ਖਤਰਨਾਕ ਤੇ ਸਿਹਤ ਨਹੀਂ ਹਾਨੀਕਾਰਕ 'ਬਰਫ ਦੇ ਭੂ-ਮੰਡਲਾਂ' ਭਾਵ ਕੋਹਰੇ ਦੀ ਚਾਦਰ ਵਿਚ ਤਬਦੀਲ ਹੋ ਜਾਣਗੇ। ਨਵੀਂ ਦਿੱਲੀ ਸਮੇਤ ਉਤਰੀ ਭਾਰਤ ਦੇ ਕਈ ਹੋਰ ਰਾਜ ਪਿਛਲੇ ਡੇਢ ਹਫਤੇ ਤੋਂ ਜ਼ਹਿਰੀਲੇ ਧੁਆਂਖੇ ਧੂੰਏਂ ਵਿਚ ਕੱਜੇ ਹੋਏ ਹਨ ਤੇ ਰਾਜ ਸਰਕਾਰਾਂ ਨੂੰ ਹੰਗਾਮੀ ਕਦਮ ਚੁਕਦਿਆਂ ਨਿਰਮਾਣ ਕਾਰਜਾਂ ਤੇ ਇੱਟਾਂ ਦੇ ਭੱਠਿਆਂ ਉਤੇ ਰੋਕ ਲਾਉਣੀ ਪੈ ਗਈ ਹੈ।

ਗੁਆਂਢੀ ਮੁਲਕ ਪਾਕਿਸਤਾਨ ਦੇ ਕਈ ਸ਼ਹਿਰਾਂ ਵਿਚ ਵੀ ਸਥਿਤੀ ਕੋਈ ਵੱਖਰੀ ਨਹੀਂ ਹੈ। ਮਾੜੇ ਮੌਸਮੀ ਹਾਲਾਤ ਕਰ ਕੇ ਇਸ ਮਹੀਨੇ ਵਿਚ ਹੁਣ ਤੱਕ 600 ਤੋਂ ਵੱਧ ਹਵਾਈ ਉਡਾਣਾਂ ਪ੍ਰਭਾਵਿਤ ਹੋਈਆਂ ਹਨ। ਨੈਸ਼ਨਲ ਓਸ਼ੀਐਨਿਕ ਤੇ ਐਟਮੌਸਫਿਅਰਿਕ ਐਡਮਨਿਸਟਰੇਸ਼ਨ (ਐ.ਨਓ.ਏ.ਏ.) ਨੇ ਦਾਅਵਾ ਕੀਤਾ ਹੈ ਕਿ ਉਤਰ ਭਾਰਤ ਤੇ ਪਾਕਿਸਤਾਨ ਵਿਚ ਧੁੰਦ ਦੇ ਮੌਸਮ ਦੀ ਮਹਿਜ਼ ਸ਼ੁਰੂਆਤ ਹੈ। ਠੰਢ ਤੇ ਸਥਿਰ ਹਵਾਵਾਂ ਕਰ ਕੇ ਪ੍ਰਦੂਸ਼ਣ ਦੇ ਵਧਣ ਦਾ ਵੱਡਾ ਖਦਸ਼ਾ ਹੈ। ਇਸ ਨਾਲ ਸ਼ਹਿਰ ਖਤਰਨਾਕ ਤਰੀਕੇ ਨਾਲ ਬਰਫ ਦੇ ਭੂ-ਮੰਡਲ ਭਾਵ ਕੋਹਰੇ ਦੀ ਚਾਦਰ 'ਚ ਤਬਦੀਲ ਹੋ ਜਾਣਗੇ। ਐਨ.ਓ.ਏ.ਏ. ਨੇ ਸੈਟੇਲਾਈਟ ਤੋਂ ਲਈਆਂ ਤਸਵੀਰਾਂ ਜਾਰੀ ਕਰਦਿਆਂ ਉਤਰ ਭਾਰਤ ਤੇ ਪਾਕਿਸਤਾਨ ਦੇ ਪ੍ਰਮੁੱਖ ਇਲਾਕਿਆਂ 'ਚ ਪ੍ਰਦੂਸ਼ਿਤ ਵਾਤਾਵਰਣ ਦੇ ਕਾਰਨ ਵੀ ਦੱਸੇ ਹਨ।

ਸੰਸਥਾ ਨੇ ਕਿਹਾ ਕਿ ਈਂਧਣ ਦੇ ਬਲਣ, ਫਸਲਾਂ ਦੀ ਪਰਾਲੀ ਸਾੜਨ ਤੇ ਅੱਗ ਕਰਕੇ ਪੈਦਾ ਹੋਏ ਧੁਆਂਖੇ ਧੂੰਏਂ ਨੇ ਉਤਰ ਭਾਰਤ ਤੇ ਪਾਕਿਸਤਾਨ ਦੇ ਲੋਕਾਂ ਦਾ ਘਰਾਂ ਵਿਚੋਂ ਨਿਕਲਣਾ ਔਖਾ ਕਰ ਦਿੱਤਾ ਹੈ। ਸੰਸਥਾ ਨੇ ਕਿਹਾ ਕਿ ਵਾਤਾਵਰਣ ਵਿਚ ਤਪਸ਼ ਵਧਣ ਕਰ ਕੇ ਧਰਤੀ ਤੋਂ ਜਾਂਦੀਆਂ ਠੰਢੀਆਂ ਹਵਾਵਾਂ ਨੂੰ ਰਾਹ ਨਹੀਂ ਮਿਲਦਾ ਤੇ ਲਿਹਾਜ਼ਾ ਵਾਤਾਵਰਣ ਵਿਚਲੇ ਪਲੀਤ ਕਣਾਂ ਦੀ ਇਕ ਤਹਿ ਉਥੇ ਹੀ ਜੰਮ ਜਾਂਦੀ ਹੈ, ਜੋ ਧੁਆਂਖੇ ਧੂੰਏਂ ਦਾ ਰੂਪ ਲੈ ਲੈਂਦੀ ਹੈ। ਸੈਟੇਲਾਈਟ ਤਸਵੀਰਾਂ ਦਾ ਹਵਾਲਾ ਦਿੰਦਿਆਂ ਐਨ.ਓ.ਏ.ਏ. ਨੇ ਕਿਹਾ ਕਿ ਉਤਰੀ ਭਾਰਤ ਵਿਚ ਫਸਲਾਂ ਦੀ ਰਹਿੰਦ ਖੂੰਹਦ (ਪਰਾਲੀ) ਸਾੜੇ ਜਾਣ ਦਾ ਰੁਝਾਨ ਭਾਰਤ ਤੇ ਪਾਕਿਸਤਾਨੀ ਸ਼ਹਿਰਾਂ ਵਿਚ ਹਵਾ ਵਿਚਲੇ ਪ੍ਰਦੂਸ਼ਣ ਨੂੰ ਖਤਰਨਾਕ ਹੱਦ ਤੱਕ ਪਹੁੰਚਾਉਣ ਲਈ ਜ਼ਿੰਮੇਵਾਰ ਹੈ। ਸੰਸਥਾ ਮੁਤਾਬਕ ਨਵੀਂ ਦਿੱਲੀ ਸਥਿਤ ਅਮਰੀਕੀ ਅੰਬੈਸੀ 'ਚ ਸੱਤ ਤੋਂ ਦਸ ਨਵੰਬਰ ਦੇ ਵਿਚਾਲੇ ਪੀ.ਐਮ. 2.5 ਲਈ ਹਰ ਘੰਟੇ ਲਈ ਦਰਜ ਕੀਤੀ ਗਈ ਹਵਾ ਦੀ ਗੁਣਵੱਤਾ ਦਾ ਸੂਚਕ (ਏਕਿਊਆਈ) 500 ਦੇ ਅੰਕੜੇ ਨੂੰ ਵੀ ਟੱਪ ਗਿਆ ਸੀ। ਅੱਠ ਨਵੰਬਰ ਨੂੰ ਸਥਾਨਕ ਸਮੇਂ ਮੁਤਾਬਕ ਸ਼ਾਮ ਚਾਰ ਵਜੇ ਇਹ ਅੰਕੜਾ 1010 ਦਰਜ ਕੀਤਾ ਗਿਆ, ਜੋ ਸਭ ਤੋਂ ਖਤਰਨਾਕ ਸੀ। 14 ਨਵੰਬਰ ਤੱਕ ਹਰ ਘੰਟੇ ਦਾ ਇਹ ਅੰਕੜਾ ਖਤਰਨਾਕ ਵਰਗ 301-500 ਏਕਿਊਆਈ ਵਿਚਾਲੇ ਹੀ ਬਣਿਆ ਹੋਇਆ ਸੀ।

## ਪ੍ਰਦੂਸ਼ਣ: ਗਾਂਧੀ ਨੂੰ ਵੀ ਮੂੰਹ ਉਤੇ ਮਾਸਕ ਲਾਉਣਾ ਪਿਆ



**ਨਵੀਂ ਦਿੱਲੀ:** ਦਿੱਲੀ ਵਿਚ ਲਗਾਤਾਰ ਪਰੇਸ਼ਾਨੀ ਦਾ ਕਾਰਨ ਬਣ ਰਹੀ 'ਧੁਆਂਖੀ ਧੁੰਦ ਤੇ ਪ੍ਰਦੂਸ਼ਣ' ਮਾਮਲੇ ਵਿਚ ਦਿੱਲੀ ਸਰਕਾਰ ਦਾ ਵਿਰੋਧ ਕਰਨ ਲਈ ਵੱਖਰਾ ਤਰੀਕਾ ਅਪਣਾਉਂਦਿਆਂ 'ਆਪ' ਤੋਂ ਮੁਅੱਤਲ ਕਪਿਲ ਮਿਸ਼ਰਾ (ਸਾਬਕਾ ਮੰਤਰੀ) ਤੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ 11 ਮੂਰਤੀ ਇਲਾਕੇ 'ਚ ਮਹਾਤਮਾ ਗਾਂਧੀ ਤੇ ਹੋਰ ਬੁੱਤਾਂ ਦੇ ਮੂੰਹ ਉਤੇ ਮਾਸਕ ਪਾ ਦਿੱਤੇ। ਇਸ ਤੋਂ ਬਾਅਦ ਦੋਵਾਂ ਆਗੂਆਂ ਨੂੰ ਦਿੱਲੀ ਪੁਲਿਸ ਨੇ ਹਿਰਾਸਤ 'ਚ ਲੈ ਕੇ ਛੱਡ ਦਿੱਤਾ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੂੰ ਪ੍ਰਦੂਸ਼ਣ ਦੀ ਚਿੰਤਾ ਨਹੀਂ, ਇਸ ਲਈ ਉਨ੍ਹਾਂ ਬਾਪੂ ਦੀ ਮੂਰਤੀ 'ਤੇ ਮਾਸਕ ਪਾ ਕੇ ਸੰਕੇਤਕ ਤੌਰ ਉਤੇ ਉਨ੍ਹਾਂ ਤੋਂ ਮਾਰਗ ਦਰਸ਼ਨ ਮੰਗਿਆ ਹੈ।

## ਦਿੱਲੀ ਦੇ ਪ੍ਰਦੂਸ਼ਣ ਲਈ ਇਕੱਲੇ ਕਿਸਾਨ ਨਹੀਂ ਜ਼ਿੰਮੇਵਾਰ

**ਨਵੀਂ ਦਿੱਲੀ:** ਭਾਰਤ ਦੀ ਰਾਜਧਾਨੀ ਵਿਚ ਜਿਸ ਤਰ੍ਹਾਂ ਹਵਾ ਜ਼ਹਿਰੀਲੀ ਹੋ ਗਈ ਹੈ ਤੇ ਧੂੰਏਂ ਕਾਰਨ ਲੋਕਾਂ ਦਾ ਜਿਉਣਾ ਮੁਹਾਲ ਹੋ ਗਿਆ ਹੈ, ਉਸ ਦਾ ਵੱਡਾ ਕਾਰਨ ਕਿਸਾਨਾਂ ਦੀ ਪਰਾਲੀ ਨਹੀਂ ਹੈ। ਇਸ ਦਾ ਵੱਡਾ ਕਾਰਨ ਹੈ ਇਰਾਕ, ਕੁਵੈਤ, ਸਾਊਦੀ ਅਰਬ ਵਿਚ ਚੱਲ ਰਿਹਾ ਮਿਡ ਡੇ ਡਸਟ ਸਟ੍ਰੌਮ ਹੈ। ਨਵੰਬਰ 6 ਤੋਂ 14 ਵਿਚਾਲੇ ਦਿੱਲੀ 'ਚ ਧੁਆਂਖੀ ਧੁੰਦ ਦਾ ਇਕ ਵੱਡਾ ਕਾਰਨ ਇਹ ਹੀ ਸੀ। ਇਹ ਗੱਲ ਸਿਸਟਮ ਆਫ ਏਅਰ ਕਵਾਲਿਟੀ ਵੈਦਰ ਫੋਰਕਾਸਟਿੰਗ ਐਂਡ ਰਿਸਰਚ ਦੀ ਨਵੀਂ ਖੋਜ 'ਚ ਸਾਹਮਣੇ ਆਈ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ 8 ਨਵੰਬਰ ਨੂੰ ਫੈਲੇ ਸਮੋਗ ਦਾ ਵੱਡਾ ਕਾਰਨ ਇਹੀ ਸੀ। ਰਿਪੋਰਟ ਮੁਤਾਬਕ 25 ਫੀਸਦੀ ਪ੍ਰਦੂਸ਼ਣ ਪਰਾਲੀ ਸਾੜਨ ਕਾਰਨ ਹੈ। ਅਕਤੂਬਰ ਮਹੀਨੇ 'ਚ ਇਰਾਕ, ਕੁਵੈਤ ਤੇ ਸਾਊਦੀ ਅਰਬ ਵਿਚ ਕਈ ਦਿਨਾਂ ਤੱਕ ਧੂੜ ਉਡਦੀ ਰਹੀ, ਜੋ 3-4 ਨਵੰਬਰ ਤੱਕ ਜਾਰੀ ਰਹੀ। ਇਹ ਧੂੜ ਠੰਢੀ ਹਵਾ ਕਾਰਨ ਕਾਫੀ ਦੂਰ ਤੱਕ ਫੈਲੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਧੂੜ ਵਾਲੀ ਹਵਾ ਦਿੱਲੀ ਤੱਕ ਪੁੱਜੀ ਹੈ। ਰਿਪੋਰਟ ਮੁਤਾਬਕ ਗਲਫ ਮੁਲਕਾਂ ਤੋਂ ਆਉਣ ਵਾਲੀ ਧੂੜ ਭਰੀ ਹਵਾ 40 ਫੀਸਦੀ, ਪ੍ਰਦੂਸ਼ਣ ਲਈ ਜ਼ਿੰਮੇਵਾਰ ਹੈ, ਜਦਕਿ 25 ਫੀਸਦੀ ਪਰਾਲੀ।

# ਅਮਰੀਕੀ ਸਰਵੇਖਣ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਬੱਲੇ ਬੱਲੇ

**ਵਾਸ਼ਿੰਗਟਨ:** ਇਕ ਅਮਰੀਕੀ ਥਿੰਕ ਟੈਂਕ ਦੇ ਸਰਵੇ ਮੁਤਾਬਕ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਾਰਤੀ ਰਾਜਨੀਤੀ ਵਿਚ ਹੁਣ ਵੀ ਸਭ ਤੋਂ ਪਸੰਦ ਕੀਤੀ ਜਾਣ ਵਾਲੀ ਹਸਤੀ ਹਨ। ਸਰਵੇ ਦੌਰਾਨ ਭਾਰਤ 'ਚ ਤਕਰੀਬਨ 2,464 ਲੋਕਾਂ ਨੂੰ ਸ਼ਾਮਲ ਕੀਤਾ ਗਿਆ ਸੀ। ਥਿੰਕ ਟੈਂਕ 'ਪਊ ਰਿਸਰਚ ਸੈਂਟਰ' ਨੇ ਇਸ ਸਰਵੇ ਕੀਤਾ ਹੈ।

ਇਸ ਸਾਲ 21 ਫਰਵਰੀ ਤੋਂ 10 ਮਾਰਚ ਵਿਚਕਾਰ ਕੀਤੇ ਸਰਵੇ ਮੁਤਾਬਕ 88 ਫੀਸਦੀ ਦੇ ਅੰਕੜੇ ਨਾਲ ਮੋਦੀ ਨੂੰ ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ (58 ਫੀਸਦੀ) ਉਤੇ 30 ਅੰਕਾਂ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ (57 ਫੀਸਦੀ) ਉਤੇ 31 ਅੰਕਾਂ ਜਦਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ (39 ਫੀਸਦੀ) ਉਤੇ 49 ਅੰਕਾਂ ਦੀ ਬੜਤ ਹਾਸਲ ਹੈ। ਪਊ ਨੇ ਕਿਹਾ ਕਿ ਜਨਤਾ ਦਾ ਮੋਦੀ ਨੂੰ ਲੈ ਕੇ ਇਹ ਸਕਾਰਾਤਮਕ ਰਵੱਈਆ ਭਾਰਤੀ ਅਰਥਵਿਵਸਥਾ ਉਤੇ ਵਧਦੀ ਸੰਤੁਸ਼ਟੀ ਤੋਂ ਪ੍ਰੇਰਿਤ ਹੈ। ਹਰ 10 ਵਿਚੋਂ ਅੱਠ ਲੋਕਾਂ ਨੇ ਕਿਹਾ ਕਿ ਆਰਥਿਕ ਸਥਿਤੀ ਚੰਗੀ ਹੈ।

ਪੰਜ ਨੇ ਕਿਹਾ ਗਿਆ ਕਿ ਅਰਥਵਿਵਸਥਾ ਨੂੰ ਬਹੁਤ ਚੰਗਾ (30 ਫੀਸਦੀ) ਦੱਸਣ ਵਾਲੇ ਨੌਜਵਾਨਾਂ ਦੇ ਅੰਕੜਿਆਂ ਵਿਚ ਪਿਛਲੇ ਤਿੰਨ ਸਾਲ 'ਚ ਤਿੰਨ ਗੁਣਾ ਵਾਧਾ ਹੋਇਆ ਹੈ। ਸਰਵੇ ਅਨੁਸਾਰ ਦੱਖਣੀ ਰਾਜਾਂ ਆਂਧਰਾ ਪ੍ਰਦੇਸ਼, ਕਰਨਾਟਕ, ਤਾਮਿਲਨਾਡੂ ਤੇ ਤੇਲੰਗਾਨਾ ਤੋਂ ਇਲਾਵਾ ਪੱਛਮੀ ਰਾਜਾਂ-ਮਹਾਰਾਸ਼ਟਰ, ਗੁਜਰਾਤ ਤੇ ਛੱਤੀਸਗੜ੍ਹ ਵਿਚ 10 ਵਿਚੋਂ ਘੱਟੋ ਘੱਟ ਨੌਂ ਭਾਰਤੀਆਂ ਨੇ ਪ੍ਰਧਾਨ ਮੰਤਰੀ ਨੂੰ ਲੈ ਕੇ ਸਕਾਰਾਤਮਕ ਰੁਖ ਅਪਣਾਇਆ।

# ਖੱਟਰ ਤੇ ਕੇਜਰੀਵਾਲ ਵੱਲੋਂ ਪ੍ਰਦੂਸ਼ਣ ਰੋਕਣ ਬਾਰੇ ਵਿਚਾਰਾਂ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੀਟਿੰਗ ਵਿਚ ਖੇਤੀ ਦੀ ਰਹਿੰਦ-ਖੂੰਹਦ ਸਾੜਨ ਅਤੇ ਵਾਹਨਾਂ ਕਾਰਨ ਪੈਦਾ ਹੋਣ ਵਾਲੇ ਪ੍ਰਦੂਸ਼ਣ ਬਾਰੇ ਚਰਚਾ ਕੀਤੀ, ਪਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਕੇਜਰੀਵਾਲ ਤੋਂ ਮੂੰਹ ਮੋੜੀ ਰੱਖਿਆ। ਹਰਿਆਣਾ ਤੇ ਦਿੱਲੀ ਦੇ ਮੁੱਖ ਮੰਤਰੀਆਂ ਨੇ ਕੌਮੀ ਰਾਜਧਾਨੀ ਵਿਚ ਛਾਈ ਜ਼ਹਿਰੀਲੀ ਧੁੰਦ 'ਤੇ ਡੂੰਘੀ ਚਿੰਤਾ ਪ੍ਰਗਟਾਈ।

ਉਨ੍ਹਾਂ ਨੇ ਸਾਲ 2018 'ਚ ਸਰਦੀ ਦੇ ਮੌਸਮ ਵਿਚ ਮੁੜ ਅਜਿਹੀ ਸਥਿਤੀ ਪੈਦਾ ਹੋਣ ਤੋਂ ਰੋਕਣ ਲਈ ਕਦਮ ਚੁੱਕਣ ਦੀ ਲੋੜ ਉਤੇ ਸਹਿਮਤੀ ਪ੍ਰਗਟਾਈ। ਹਰਿਆਣਾ ਤੇ ਦਿੱਲੀ ਸਰਕਾਰਾਂ ਭਵਿੱਖ ਵਿਚ ਆਪਸੀ ਵਿਚਾਰ-ਵਟਾਂਦਰੇ ਰਾਹੀਂ ਹਵਾ ਤੇ ਪਾਣੀ ਪ੍ਰਦੂਸ਼ਣ ਰੋਕਣ ਲਈ ਯਤਨ ਕਰਦੀਆਂ ਰਹਿਣਗੀਆਂ।



## ਕੈਪਟਨ ਦੀ ਕੇਜਰੀਵਾਲ ਨੂੰ ਨਾਂਹ 'ਤੇ ਬਾਦਲ ਨੂੰ ਇਤਰਾਜ਼

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਪ੍ਰਦੂਸ਼ਣ ਦੇ ਮਸਲੇ ਉਤੇ ਜੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਣਾ ਚਾਹੁੰਦੇ ਸਨ ਤਾਂ ਕੈਪਟਨ ਨੂੰ ਮੁਲਾਕਾਤ ਕਰਨੀ ਚਾਹੀਦੀ ਸੀ। ਜਦੋਂ ਕੋਈ ਵਿਅਕਤੀ ਕਿਸੇ ਸੂਬੇ ਦਾ ਮੁੱਖ ਮੰਤਰੀ ਬਣ ਜਾਂਦਾ ਹੈ ਤਾਂ ਉਹ ਕਿਸੇ ਪਾਰਟੀ ਦਾ ਨਹੀਂ, ਬਲਕਿ ਰਾਸ਼ਟਰ ਅਤੇ ਸਾਰੇ ਸੂਬੇ ਦਾ ਹੋ ਜਾਂਦਾ ਹੈ, ਇਸ ਲਈ ਉਸ ਵਿਅਕਤੀ ਨੂੰ ਕਿਸੇ ਵੀ ਸੂਬੇ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕਰ ਲੈਣੀ ਚਾਹੀਦੀ ਹੈ।

# ਪਾਕਿਸਤਾਨ ਦੀ ਖਾਲਿਸਤਾਨੀਆਂ ਨੂੰ ਹੱਲਾਸ਼ੇਰੀ

**ਨਵੀਂ ਦਿੱਲੀ:** ਪਾਕਿਸਤਾਨ ਦੀ ਧਰਤੀ ਤੋਂ ਇਕ ਵਾਰ ਮੁੜ ਖਾਲਿਸਤਾਨ ਦੀ ਆਵਾਜ਼ ਉਠੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਮਨਾਉਣ ਲਈ ਜਦੋਂ ਸਿੱਖ ਜਥਾ ਪਾਕਿਸਤਾਨ ਪੁੱਜਿਆ ਤਾਂ ਉਥੇ ਖਾਲਿਸਤਾਨ ਦੇ ਪੋਸਟਰ ਲੱਗੇ ਹੋਏ ਸਨ। ਮੀਡੀਆ ਰਿਪੋਰਟਾਂ ਮੁਤਾਬਕ ਪਾਕਿਸਤਾਨ ਖੁਫ਼ੀਆ ਏਜੰਸੀ ਆਈ.ਐਸ.ਆਈ., ਖਾਲਿਸਤਾਨ ਸਮਰਥਕਾਂ ਦੀ ਖੁੱਲ੍ਹ ਕੇ ਮਦਦ ਕਰ ਰਹੀ ਹੈ। ਇਹ ਏਜੰਸੀ ਪੰਜਾਬ ਵਿਚ ਮੁੜ ਖਾਲਿਸਤਾਨੀ ਲਹਿਰ ਉਭਾਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

ਖਾਲਿਸਤਾਨ ਲਹਿਰ ਦੌਰਾਨ ਪੰਜਾਬ ਵਿਚ ਹਜ਼ਾਰਾਂ ਨੌਜਵਾਨਾਂ ਮਾਰੇ ਗਏ ਸਨ। ਸਾਲ 1970 ਤੋਂ ਸ਼ੁਰੂ ਹੋਈ ਇਹ ਲਹਿਰ ਕਰੀਬ 15 ਸਾਲ ਤੱਕ ਜਾਰੀ ਰਹੀ। ਹੁਣ ਇਕ ਵਾਰ ਫਿਰ ਪਾਕਿਸਤਾਨ ਇਸ ਨੂੰ ਹਵਾ ਦੇ ਰਿਹਾ ਹੈ। ਹੁਣ ਜਿਹੇ ਜਦੋਂ ਸਿੱਖ ਸ਼ਰਧਾਲੂ ਪਾਕਿਸਤਾਨ ਸਥਿਤ ਨਨਕਾਣਾ ਸਾਹਿਬ ਪੁੱਜੇ ਤਾਂ ਉਥੇ ਖਾਲਿਸਤਾਨ ਦੇ ਪੋਸਟਰ ਲੱਗੇ ਹੋਏ ਸਨ। ਰਿਪੋਰਟਾਂ ਮੁਤਾਬਕ ਆਈ.ਐਸ.ਆਈ. ਨੇ ਖਾਲਿਸਤਾਨ ਸਮਰਥਕਾਂ ਨੂੰ ਲੱਭ ਕੇ ਉਨ੍ਹਾਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ ਹੈ।

ਦਰਅਸਲ, ਪਾਕਿਸਤਾਨ ਵਿਚ ਵੱਖਰੇ ਬਲੋਚਿਸਤਾਨ ਦੀ ਮੰਗ ਤੇਜ਼ ਹੋ ਰਹੀ ਹੈ। ਬਲੋਚਿਸਤਾਨ ਦੇ ਨੇਤਾਵਾਂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਮਦਦ ਦੀ ਮੰਗ ਕੀਤੀ ਸੀ। ਭਾਰਤ ਨੇ ਵੀ ਬਲੋਚਿਸਤਾਨੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਸੀ। ਇਸ ਮਗਰੋਂ ਪਾਕਿਸਤਾਨ ਵੀ ਭਾਰਤ ਵਿਚ ਮਾਹੌਲ ਖਰਾਬ ਕਰਨ ਦੀ ਵਿਊਂਤ ਬਣਾ ਰਿਹਾ ਹੈ। ਅਮਰੀਕਾ ਵਿਚ ਪਾਕਿਸਤਾਨ ਦੇ ਰਾਜਦੂਤਾਂ ਨੇ ਵੀ ਕਿਹਾ ਸੀ ਕਿ ਜੇਕਰ ਭਾਰਤ, ਬਲੋਚਿਸਤਾਨ 'ਚ ਦਖਲ ਦਿੰਦਾ ਹੈ ਤਾਂ ਪਾਕਿਸਤਾਨ, ਖਾਲਿਸਤਾਨ ਨਾਲ ਇਸ ਦਾ ਜਵਾਬ ਦੇਵੇਗਾ।



## ਖਾਲਿਸਤਾਨੀ ਲਹਿਰ ਲਈ ਹੋ ਰਹੀਆਂ ਨੇ ਕੋਸ਼ਿਸ਼ਾਂ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਦੀ ਜਾਸੂਸੀ ਏਜੰਸੀ ਆਈ.ਐਸ.ਆਈ. ਦੀ ਮਿਲੀਭੁਗਤ ਨਾਲ ਖਾਲਿਸਤਾਨੀ ਲਹਿਰ ਨੂੰ ਮੁੜ ਉਭਾਰੇ ਜਾਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਅਜਿਹੀਆਂ ਤਾਕਤਾਂ ਨਾਲ ਨਜਿੱਠਣ ਲਈ ਪੰਜਾਬ ਕੰਟਰੋਲ ਆਫ ਆਰਗੇਨਾਈਜ਼ਡ ਕ੍ਰਾਈਮ ਐਕਟ (ਪਕੋਕਾ) ਵਰਗੇ ਸਖਤ ਕਾਨੂੰਨਾਂ ਦੀ ਵਕਾਲਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਤਬਾਹ ਕਰਨ ਲਈ ਆਈ.ਐਸ.ਆਈ. ਪਾਕਿਸਤਾਨ ਦੀ ਜ਼ਮੀਨ ਤੋਂ ਇਲਾਵਾ ਯੂਕੇ, ਕੈਨੇਡਾ ਅਤੇ ਇਟਲੀ ਤੋਂ ਵੀ ਆਪਣੇ ਨਾਪਾਕ ਮਨਸੂਬਿਆਂ ਨੂੰ ਅੰਜਾਮ ਦੇਣ ਲਈ ਸਰਗਰਮ ਹੈ।

# ਇਕ ਫੀਸਦੀ ਧਨਾਢ ਸਾਂਭੀ ਬੈਠੇ ਨੇ ਦੁਨੀਆਂ ਦੀ ਅੱਧੀ ਤੋਂ ਵੱਧ ਦੌਲਤ

**ਨਵੀਂ ਦਿੱਲੀ:** ਦੁਨੀਆਂ ਵਿਚ ਅਮੀਰੀ ਤੇ ਗਰੀਬੀ ਦੇ ਪਾੜੇ ਉਜਾਗਰ ਕਰਨ ਵਾਲੀ ਇਕ ਰਿਪੋਰਟ ਮੁਤਾਬਕ ਸਿਰਫ ਇਕ ਫੀਸਦੀ ਧਨਾਢਾਂ ਕੋਲ ਦੁਨੀਆਂ ਦੀ ਅੱਧੀ ਦੌਲਤ ਹੈ। ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਕਿਵੇਂ 2008 ਵਿਚ ਮੰਦੀ ਤੋਂ ਬਾਅਦ ਦੁਨੀਆਂ ਦੇ ਵੱਡੇ ਅਮੀਰਾਂ ਨੂੰ ਫਾਇਦਾ ਹੋਇਆ ਹੈ ਤੇ ਦੁਨੀਆਂ ਵਿਚ ਮੌਜੂਦ ਕੁੱਲ ਦੌਲਤ ਵਿਚ ਉਨ੍ਹਾਂ ਦੀ ਹਿੱਸੇਦਾਰੀ 42.5 ਫੀਸਦੀ ਤੋਂ ਵਧ ਕੇ 50.1 ਫੀਸਦੀ ਹੋ ਗਈ ਹੈ।

ਕ੍ਰੈਡਿਆ ਸਈਸ ਗਲੋਬਲ ਵੈਲਥ ਰਿਪੋਰਟ ਮੁਤਾਬਕ ਸਭ ਤੋਂ ਜ਼ਿਆਦਾ ਅਮੀਰ ਇਕ ਫੀਸਦੀ ਲੋਕਾਂ ਕੋਲ 106 ਟ੍ਰਿਲੀਅਨ ਬ੍ਰਟਿਸ਼ ਪੌਂਡ ਦੀ ਸੰਪਤੀ ਹੈ। ਭਾਵ, ਅਮਰੀਕਾ ਦੀ ਅਰਥ ਵਿਵਸਥਾ ਦਾ ਤਕਰੀਬਨ ਅੱਠ ਗੁਣਾ। 10 ਫੀਸਦੀ ਦੌਲਤਮੰਦ ਲੋਕਾਂ ਕੋਲ ਦੁਨੀਆਂ ਦੀ 87.8 ਫੀਸਦੀ ਸੰਪਤੀ ਹੈ। ਰਿਪੋਰਟ ਮੁਤਾਬਕ ਅਸਮਾਨਤਾ ਵਿਚ ਆ ਰਹੀ ਗਿਰਾਵਟ ਪ੍ਰਵਿਰਤੀ 2008 ਵਿਚ ਬਦਲੀ ਤੇ ਇਸ ਤੋਂ ਬਾਅਦ ਤੋਂ ਹਰ ਸਾਲ ਵਧਦੀ ਗਈ। ਇਸ ਅਸਮਾਨਤਾ ਦਾ ਨਤੀਜਾ ਹੈ ਕਿ ਦੁਨੀਆਂ ਵਿਚ ਕਰੋੜਪਤੀਆਂ ਦੀ ਗਿਣਤੀ 'ਚ ਵਾਧਾ ਤੇਜੀ ਨਾਲ ਹੋ ਰਿਹਾ ਹੈ। 2000 ਤੋਂ ਬਾਅਦ ਦੁਨੀਆਂ ਦੀ ਅੱਧੀ ਗਰੀਬ ਆਬਾਦੀ ਕੋਲ ਸਿਰਫ 2.7 ਫੀਸਦੀ ਸੰਪਤੀ ਹੈ।

## ਅੰਬਾਨੀ ਪਰਿਵਾਰ ਸਭ ਤੋਂ ਵੱਧ ਅਮੀਰ



**ਮੁੰਬਈ:** ਰਿਲਾਇੰਸ ਗਰੁੱਪ ਦੇ ਚੇਅਰਮੈਨ ਮੁਕੇਸ਼ ਅੰਬਾਨੀ ਦਾ ਪਰਿਵਾਰ ਭਾਰਤ ਹੀ ਨਹੀਂ ਬਲਕਿ ਏਸ਼ੀਆ ਦਾ ਵੀ ਸਭ ਤੋਂ ਅਮੀਰ ਪਰਿਵਾਰ ਹੈ। ਫੋਬਰਸ ਵੱਲੋਂ ਜਾਰੀ ਰੈਂਕਿੰਗ ਮੁਤਾਬਕ ਏਸ਼ੀਆ ਦੇ 50 ਸਭ ਤੋਂ ਅਮੀਰ ਪਰਿਵਾਰਾਂ ਵਿਚ ਮੁਕੇਸ਼ ਅੰਬਾਨੀ ਦਾ ਪਰਿਵਾਰ ਵੀ ਮੁੱਖ ਹੈ। ਉਨ੍ਹਾਂ ਦੀ ਕੁੱਲ ਜਾਇਦਾਦ 19 ਅਰਬ ਡਾਲਰ ਮਤਲਬ 1.25 ਲੱਖ ਕਰੋੜ ਰੁਪਏ ਤੋਂ ਵਧ ਕੇ 44.8 ਅਰਬ (2.92 ਲੱਖ ਕਰੋੜ ਰੁਪਏ) ਹੋ ਗਈ ਹੈ। ਇਸੇ ਹੀ ਲਿਸਟ ਵਿਚ ਦੂਜੇ ਨੰਬਰ ਉਤੇ ਦੱਖਣੀ ਕੋਰੀਆ ਦਾ ਲੀ ਪਰਿਵਾਰ ਹੈ। ਲੀ ਪਰਿਵਾਰ ਦੀ ਜਾਇਦਾਦ 11.2 ਅਰਬ ਡਾਲਰ ਤੋਂ ਵਧ ਕੇ 40.8 ਅਰਬ ਡਾਲਰ ਹੋ ਗਈ ਹੈ।

# ਹਰਿਮੰਦਰ ਸਾਹਿਬ 'ਚ ਲੰਗਰ ਛਕਣ ਵਾਲੇ ਦੂਜੇ ਰਾਸ਼ਟਰਪਤੀ ਬਣੇ ਕੋਵਿੰਦ



**ਅੰਮ੍ਰਿਤਸਰ:** ਭਾਰਤ ਦੇ ਰਾਸ਼ਟਰਪਤੀ ਬਣਨ ਬਾਅਦ ਪਹਿਲੀ ਵਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਪੁੱਜੇ ਰਾਮ ਨਾਥ ਕੋਵਿੰਦ ਦੇਸ਼ ਦੇ ਦੂਜੇ ਅਜਿਹੇ ਰਾਸ਼ਟਰਪਤੀ ਹਨ, ਜਿਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਵਿਖੇ ਪੰਗਤ 'ਚ ਬੈਠ ਕੇ ਲੰਗਰ ਛਕਿਆ।

ਸ੍ਰੀ ਕੋਵਿੰਦ ਜੋ ਆਪਣੇ ਪਰਿਵਾਰ ਸਮੇਤ ਪਹਿਲੀ ਵਾਰ ਦਰਸ਼ਨ ਕਰਨ ਪੁੱਜੇ ਸਨ, ਨੇ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਸੂਚਿਤ ਕੀਤਾ ਸੀ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਤੋਂ ਪਹਿਲਾਂ ਲੰਗਰ ਘਰ ਵਿਖੇ ਆਮ ਸੰਗਤ ਵਾਂਗ ਲੰਗਰ ਛਕਣਾ ਚਾਹੁਣਗੇ ਤੇ ਇਸ ਲਈ ਕੋਈ ਵਿਸ਼ੇਸ਼ ਉਚੇਚ ਨਾ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੀ ਗੁਰੂ ਘਰ 'ਚੋਂ ਲੰਗਰ ਛਕ ਚੁੱਕੇ ਹਨ, ਪਰ ਕੋਵਿੰਦ ਅਜਿਹਾ ਕਰਨ ਵਾਲੇ ਪਹਿਲੇ ਗੈਰ ਸਿੱਖ ਰਾਸ਼ਟਰਪਤੀ ਹਨ।

# ਬਾਦਲਾਂ ਨਾਲ ਉਧਾਰ ਕਰ ਕੇ ਫਸੀ ਟ੍ਰੈਵਲ ਕੰਪਨੀ

## ਵੋਟਾਂ ਸਮੇਂ ਭੇਜੀਆਂ ਕਾਰਾਂ ਦੇ ਪੈਸੇ ਅਦਾ ਨਾ ਕੀਤੇ



**ਬਠਿੰਡਾ:** ਬੀਤੇ ਸਾਲ ਵੋਟਾਂ ਦੇ ਸਮੇਂ ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਕੌਰ ਬਾਦਲ ਲਈ ਕੁਝ ਗੱਡੀਆਂ ਕਿਰਾਏ ਉਤੇ ਭੇਜੀਆਂ ਸਨ, ਜਿਨ੍ਹਾਂ ਦਾ ਬਕਾਇਆ ਬਿੱਲ 24 ਲੱਖ ਰੁਪਏ ਹਾਲੇ ਤੱਕ ਅਦਾ ਨਹੀਂ ਕੀਤਾ ਗਿਆ ਹੈ। ਟੂਰ ਐਂਡ ਟ੍ਰੈਵਲਰਜ਼ ਕੰਪਨੀ ਦੇ ਮਾਲਕ ਪ੍ਰਿਥਵੀ ਰਾਮ ਬਾਂਸਲ ਦਾ ਕਹਿਣਾ ਹੈ ਕਿ ਉਸ ਨੇ ਬਠਿੰਡਾ ਦੇ ਡੀ.ਸੀ. ਦੇ ਕਹਿਣ ਉਤੇ ਇਹ ਕਾਰਾਂ ਬਾਦਲ ਪਰਿਵਾਰ ਲਈ ਭੇਜੀਆਂ ਸਨ।

ਪਹਿਲਾਂ ਵੋਟਾਂ ਲਈ ਤੇ ਉਸ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਵੱਲੋਂ ਕੀਤੇ ਗਏ ਏਮਜ਼ ਦੇ ਨੀਂਹ ਪੱਥਰ ਸਮਾਗਮ ਵਾਲੇ ਦਿਨ ਵੀ ਆਪਣੀਆਂ ਗੱਡੀਆਂ ਭੇਜੀਆਂ ਸਨ। ਪ੍ਰਿਥਵੀ ਰਾਮ ਨੇ ਦੱਸਿਆ ਕਿ ਪਹਿਲੀ ਮਈ 2016 ਤੋਂ ਲੈ ਕੇ 31 ਦਸੰਬਰ 2016 ਤੱਕ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਕੌਰ ਬਾਦਲ ਦੇ ਵੱਖ-ਵੱਖ ਸੰਗਤ ਦਰਸ਼ਨ ਪ੍ਰੋਗਰਾਮਾਂ ਲਈ ਇਨੋਵਾ ਗੱਡੀਆਂ ਭੇਜੀਆਂ ਸਨ। ਇਨ੍ਹਾਂ ਦਾ ਬਿੱਲ 14,50,000 ਰੁਪਏ ਬਣਦਾ ਹੈ, ਜੋ ਹਾਲੇ ਤੱਕ ਅਦਾ ਨਹੀਂ ਕੀਤਾ ਗਿਆ।

ਇਸ ਤੋਂ ਇਲਾਵਾ ਉਸ ਨੇ ਦੱਸਿਆ ਕਿ ਡੀ.ਸੀ. ਬਠਿੰਡਾ ਦੇ ਕਹਿਣ ਉਤੇ ਉਸ ਨੇ 21 ਨਵੰਬਰ 2016 ਤੋਂ ਲੈ ਕੇ 25 ਨਵੰਬਰ 2016 ਤੱਕ ਕਈ ਅਫਸਰਾਂ ਨੂੰ ਇਨੋਵਾ ਗੱਡੀਆਂ ਮੁਹੱਈਆ ਕਰਵਾਈਆਂ ਸਨ। ਉਸ ਸਮੇਂ ਪ੍ਰਧਾਨ ਨਰੇਂਦਰ ਮੋਦੀ ਬਠਿੰਡਾ ਵਿਚ ਏਮਜ਼ ਹਸਪਤਾਲ ਦਾ ਨੀਂਹ ਪੱਥਰ ਰੱਖਣ ਲਈ ਆਏ ਸਨ। ਇਸ ਦਾ ਬਿੱਲ 9,56,000 ਰੁਪਏ ਬਣਦਾ ਹੈ। ਗੱਡੀਆਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਉਸ ਨੇ ਹੋਰਨਾਂ ਟੂਰ ਐਂਡ ਟ੍ਰੈਵਲਜ਼ ਤੋਂ ਵੀ ਗੱਡੀਆਂ ਲੈ ਕੇ ਦਿੱਤੀਆਂ ਸਨ, ਜਿਨ੍ਹਾਂ ਦੀ ਅਦਾਇਗੀ ਉਸ ਨੂੰ ਆਪਣੇ ਪੱਲਿਓਂ ਕਰਨੀ ਪਈ ਹੈ। ਇਸ ਰਕਮ ਦਾ ਭਾਰੀ ਵਿਆਜ ਵੀ ਉਹ ਚੁਕਾ ਰਿਹਾ ਹੈ। ਉਹ ਆਪਣੇ ਪੈਸੇ ਲਈ ਡੀ.ਸੀ. ਨੂੰ ਮਿਲਣ ਤੋਂ ਇਲਾਵਾ ਮੁੱਖ ਮੰਤਰੀ ਤੇ ਇਥੋਂ ਤੱਕ ਕਿ ਪ੍ਰਧਾਨ ਮੰਤਰੀ ਨੂੰ ਵੀ ਬੇਨਤੀ ਕਰ ਚੁੱਕਾ ਹੈ, ਪਰ ਹਾਲੇ ਤੱਕ ਉਸ ਨੂੰ ਇਕ ਵੀ ਪੈਸਾ ਨਹੀਂ ਮਿਲਿਆ। ਉਸ ਨੇ ਸਰਕਾਰ ਤੋਂ ਉਸ ਦਾ ਪੈਸਾ ਛੇਤੀ ਤੋਂ ਛੇਤੀ ਦੇਣ ਦੀ ਅਪੀਲ ਕੀਤੀ ਹੈ।

# ਡੇਰਿਆਂ 'ਚ ਸਰੂਪਾਂ ਦੀ ਬੇਅਦਬੀ ਦਾ ਜਥੇਦਾਰ ਵੱਲੋਂ ਸਖਤ ਨੋਟਿਸ

**ਸ੍ਰੀ ਆਨੰਦਪੁਰ ਸਾਹਿਬ:** ਡੇਰਾ ਸੁੰਦਰ ਆਸ਼ਰਮ ਵਿਚੋਂ 16 ਨਵੰਬਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ, ਸ਼ਬਦਾਰਥ ਪੋਥੀਆਂ ਤੇ ਗੁਟਕੇ ਬੇਅਦਬੀ ਦੀ ਹਾਲਤ ਵਿਚ ਮਿਲਣ ਦਾ ਸਖਤ ਨੋਟਿਸ ਲੈਂਦਿਆਂ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਡੇਰੇ ਦੇ ਪ੍ਰਬੰਧਕ ਬਾਬਾ ਸੰਤੋਖ ਸਿੰਘ ਪਾਲਦੀ ਵਾਲਿਆਂ ਨੂੰ ਤਲਬ ਕੀਤਾ ਹੈ।

ਜਥੇਦਾਰ ਰਘਬੀਰ ਸਿੰਘ ਨੇ ਆਨੰਦਪੁਰ ਸਾਹਿਬ ਦੇ ਆਸ-ਪਾਸ ਬਣੇ ਸਮੂਹ ਡੇਰਿਆਂ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਡੇਰਿਆਂ 'ਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਹਨ ਪਰ ਮਰਿਆਦਾ ਮੁਤਾਬਕ ਸੇਵਾ-ਸੰਭਾਲ ਨਹੀਂ ਹੋ ਰਹੀ, ਉਥੋਂ ਇਕ ਹਫਤੇ ਦੇ ਅੰਦਰ ਸਰੂਪ ਅਦਬ ਸਹਿਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਲਿਆਂਦੇ ਜਾਣ।

ਇਸ ਉਪਰੰਤ ਕਰਵਾਈ ਗਈ ਪੜਤਾਲ ਦੌਰਾਨ ਜੇ ਕਿਸੇ ਵੀ ਡੇਰੇ ਵਿਚ ਪਾਵਨ ਸਰੂਪਾਂ ਦੀ ਸੇਵਾ ਸੰਭਾਲ ਸਬੰਧੀ ਕੋਈ ਕਮੀ ਪਾਈ ਗਈ ਤਾਂ ਪ੍ਰਬੰਧਕਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ। ਉਧਰ, ਬਾਬਾ ਸੰਤੋਖ ਸਿੰਘ ਪਾਲਦੀ ਵਾਲਿਆਂ ਨੇ ਕਿਹਾ ਕਿ ਉਨ੍ਹਾਂ ਮੁਤਾਬਕ ਤਾਂ ਕੋਈ ਬੇਅਦਬੀ ਨਹੀਂ ਹੋਈ ਹੈ। ਉਨ੍ਹਾਂ ਨੇ ਬਾਕਾਇਦਾ ਗ੍ਰੰਥੀ ਸਿੰਘ ਰੱਖਿਆ ਹੋਇਆ ਹੈ ਤੇ ਹਰ ਰੋਜ਼ ਸੇਵਾ ਸੰਭਾਲ ਕੀਤੀ ਜਾਂਦੀ ਸੀ। ਜਿਥੋਂ ਤੱਕ ਗੁਟਕਿਆਂ ਦੀ ਗੱਲ ਹੈ ਤਾਂ ਉਹ ਸ੍ਰੀ ਆਨੰਦਪੁਰ ਸਾਹਿਬ ਦੀ ਸੰਗਤ ਦੇ ਹੀ ਗੁਟਕੇ ਹਨ, ਜਿਹੜੇ ਪੁਰਾਣੇ ਹੋ ਗਏ ਸਨ ਤੇ ਗੋਇੰਦਵਾਲ ਸਾਹਿਬ ਲਿਜਾਣੇ ਸਨ।

## ਲਖਵੀ ਦੇ ਭਤੀਜੇ ਸਣੇ ਛੇ ਲਸ਼ਕਰੀ ਹਲਾਕ

**ਸ੍ਰੀਨਗਰ:** ਮੁੰਬਈ ਹਮਲੇ ਦੇ ਸਾਜ਼ਿਸ਼ਘਾੜੇ ਜ਼ਕੀ-ਉਰ-ਰਹਿਮਾਨ ਲਖਵੀ ਦੇ ਭਤੀਜੇ ਸਣੇ ਲਸ਼ਕਰ-ਏ-ਤੋਇਬਾ ਦੇ ਛੇ ਪਾਕਿਸਤਾਨੀ ਅਤਿਵਾਦੀ ਉਤਰੀ ਕਸ਼ਮੀਰ ਦੇ ਬਾਂਦੀਪੋਰਾ ਵਿਚ ਮੁਕਾਬਲੇ ਦੌਰਾਨ ਮਾਰੇ ਗਏ। ਇਸ ਮੁਕਾਬਲੇ ਵਿਚ ਹਵਾਈ ਫੌਜ ਦਾ ਇਕ ਗਰੁੜ ਕਮਾਂਡੋ ਵੀ ਮਾਰਿਆ ਗਿਆ।

## ਨਿਤੀਸ਼ ਧੜੇ ਨੂੰ ਮਿਲੀ ਜੇ.ਡੀ.ਯੂ. ਵਜੋਂ ਮਾਨਤਾ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਵਾਲੇ ਧੜੇ ਨੂੰ ਜਨਤਾ ਦਲ (ਯੂਨਾਈਟਿਡ) ਵਜੋਂ ਮਾਨਤਾ ਦਿੰਦਿਆਂ ਚੋਣ ਨਿਸ਼ਾਨ 'ਤੀਰ' ਵਰਤਣ ਦੀ ਖੁੱਲ੍ਹ ਦੇ ਦਿੱਤੀ ਹੈ। ਕੁਮਾਰ ਵੱਲੋਂ ਜੁਲਾਈ 'ਚ ਭਾਜਪਾ ਨਾਲ ਹੱਥ ਮਿਲਾਉਣ ਮਗਰੋਂ ਨਿਤੀਸ਼ ਤੇ ਸ਼ਰਦ ਯਾਦਵ ਵਿਚ ਪਾਰਟੀ ਦੀ ਕਮਾਨ ਨੂੰ ਲੈ ਕੇ ਜੰਗ ਛਿੜ ਗਈ ਸੀ।

ਸ਼ੈਫ/ਤੰਦੂਰੀਏ, ਕੱਰੀ ਕੁੱਕ ਅਤੇ ਵੇਟਰ ਦੀ ਲੋੜ ਹੈ
ਰੋਮ, ਨਿਊ ਯਾਰਕ ਵਿਚ ਇੰਡੀਅਨ ਰੈਸਟੋਰੈਂਟ ਲਈ ਵੇਟਰ ਅਤੇ ਸ਼ੈਫ/ਤੰਦੂਰੀਏ ਤੇ ਕੱਰੀ ਕੁੱਕ ਦੀ ਲੋੜ ਹੈ ਜੋ ਹਰ ਤਰ੍ਹਾਂ ਦਾ ਵੈਸ਼ਨੂੰ ਤੇ ਗੈਰ ਵੈਸ਼ਨੂੰ ਤੰਦੂਰੀ ਖਾਣਾ ਤਿਆਰ ਕਰ ਸਕਦਾ ਹੋਵੇ।
ਵਿਜ਼ਿਟਰ ਵੀਜ਼ੇ 'ਤੇ ਆਏ ਢੁਕਵੇਂ ਸ਼ਖਸ ਨੂੰ ਸਪਾਂਸਰ ਵੀ ਕੀਤਾ ਜਾ ਸਕਦਾ ਹੈ।
ਵਧੀਆ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ, ਫੋਨ: 315-832-0496
ranjitlubana39@gmail.com
ਸਟੋਰ ਵਿਕਾਊ ਹੈ
ਗਰੌਸਰੀ, ਬੀਅਰ-ਵਾਈਨ ਅਤੇ ਲਾਟੋ ਸਮੇਤ
ਸੰਪਰਕ ਕਰੋ: ਰਣਜੀਤ ਸਿੰਘ ਲੁਬਾਣਾ 315-371-0141
47-50

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage
ਫੁੱਲ ਟਾਈਮ ਬਾਰਬਰ ਦੀ ਲੋੜ ਹੈ
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਕੰਨੜ ਪ੍ਰੋਫੈਸਰ ਦਾ ਹੁਣ ਲੱਚਰ ਪੰਜਾਬੀ ਗਾਇਕੀ ਖਿਲਾਫ ਮੋਰਚਾ

**ਪਟਿਆਲਾ:** ਕਰਨਾਟਕ ਨਾਲ ਸਬੰਧਤ ਪੰਜਾਬੀ ਦੇ ਮੁੱਦਈ ਪ੍ਰੋਫੈਸਰ ਪੰਡਿਤ ਰਾਓ ਨੇ ਹੁਣ ਲੱਚਰ ਗਾਇਕੀ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਪ੍ਰੋ. ਰਾਓ ਨੇ ਲੱਚਰ, ਹਥਿਆਰਾਂ ਤੇ ਸ਼ਰਾਬ ਦੀ ਉਪਮਾ ਵਿਚ ਗੀਤ ਗਾ ਚੁੱਕੇ ਪੰਜਾਬੀ ਗਾਇਕਾਂ ਨੂੰ 15 ਦਸੰਬਰ ਤੱਕ ਪੰਜਾਬੀ ਮਾਂ ਬੋਲੀ ਤੋਂ ਮੁਆਫੀ ਮੰਗਣ ਲਈ ਕਿਹਾ ਹੈ।




ਜੇਕਰ 15 ਦਸੰਬਰ ਤੱਕ ਇਹ ਗਾਇਕ ਮੁਆਫੀ ਨਹੀਂ ਮੰਗਣਗੇ ਤਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਇਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ ਹੈ। ਪੰਡਿਤ ਰਾਓ ਨੇ ਕਿਹਾ ਕਿ 'ਚੌਥਾ ਪੈਗ ਲਾ ਕੇ ਤੇਰੀ ਬਾਂਹ ਫੜਨੀ, ਚੰਡੀਗੜ੍ਹ ਵਿਚ ਕੁੜੀ ਮਿਲੀ ਚਾਕਲੇਟ ਵਰਗੀ, ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ, ਘਰ ਦੀ ਸ਼ਰਾਬ ਹੋਵੇ, ਚਾਰ ਬੋਤਲ ਵੋਡਕਾ ਕਾਮ ਮੇਰਾ ਰੋਜ਼ ਕਾ, ਬੋਤਲ ਸ਼ਰਾਬ ਦੀਏ', ਜਿਹੇ ਗਾਣੇ ਗਾਉਣ ਵਾਲੇ ਪੰਜਾਬੀ ਗਾਇਕ ਪੰਜਾਬੀ ਭਾਸ਼ਾ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਅੱਗੇ ਆ ਕੇ ਮੁਆਫੀ ਮੰਗਣ ਤਾਂ ਕਿ ਆਉਣ ਵਾਲੇ ਦਿਨਾਂ ਵਿਚ ਕੋਈ ਵੀ ਇਸ ਪਵਿੱਤਰ ਭਾਸ਼ਾ ਵਿਚ ਹਥਿਆਰਾਂ, ਲੱਚਰਤਾ ਜਾਂ ਸ਼ਰਾਬ ਦੇ ਸੋਹਲੇ ਗਾਉਣ ਦੀ ਹਿੰਮਤ ਨਾ ਕਰ ਸਕੇ। ਸ੍ਰੀ ਜਪੁਜੀ ਸਾਹਿਬ, ਸ੍ਰੀ ਸੁਖਮਨੀ ਸਾਹਿਬ ਅਤੇ ਜ਼ਫ਼ਰਨਾਮਾ ਨੂੰ ਕੰਨੜ ਭਾਸ਼ਾ ਵਿਚ ਅਨੁਵਾਦ ਕਰਨ ਵਾਲੇ ਪੰਡਿਤ ਰਾਓ ਪੰਜਾਬੀ ਭਾਸ਼ਾ ਸਿੱਖ ਕੇ ਪੰਜਾਬੀ ਵਿਚ 12 ਕਿਤਾਬਾਂ ਲਿਖ ਚੁੱਕੇ ਹਨ। ਪੰਜਾਬੀ ਭਾਸ਼ਾ ਤੇ ਸੱਭਿਆਚਾਰ ਤੋਂ ਪ੍ਰਭਾਵਿਤ ਹੋਏ ਪੰਡਿਤ ਰਾਓ ਪੰਜਾਬੀ ਵਿਚ ਲੱਚਰਤਾ ਤੇ ਹੋਰਨਾਂ ਵੈਲਾਂ ਦੀ ਗੱਲ ਕਰਨ ਵਾਲੇ ਗੀਤ ਨਾ ਚਲਾਉਣ ਬਾਰੇ ਮੁਹਿੰਮ ਸ਼ੁਰੂ ਕਰਦੇ ਹੋਏ ਹਾਈ ਕੋਰਟ ਵਿਚ ਕਾਨੂੰਨੀ ਲੜਾਈ ਵੀ ਲੜ ਰਹੇ ਹਨ। ਜਨਹਿਤ ਪਟੀਸ਼ਨ ਦਰਜ ਕਰਨ ਵਾਲੇ ਪੰਡਿਤ ਰਾਓ ਨੇ ਕੋਰਟ ਵਿਚ ਸੈਂਸਰ ਬੋਰਡ ਜਾਂ ਇਸ ਤਰ੍ਹਾਂ ਦੀ ਨੀਤੀ ਬਣਾਏ ਜਾਣ ਦੀ ਮੰਗ ਵੀ ਕੀਤੀ ਹੈ। ਪੰਡਿਤ ਰਾਓ ਨੇ ਪਟਿਆਲਾ ਸਥਿਤ ਆਡੀਓ, ਵੀਡੀਓ ਰਿਕਾਰਡਿੰਗ ਕੰਪਨੀ, ਡੀ.ਜੇ. ਕੰਪਨੀ ਅਤੇ ਮੈਰਿਜ ਪੈਲੇਸਾਂ ਦੇ ਨਾਲ-ਨਾਲ ਕਈ ਸਰਕਾਰੀ ਦਫਤਰਾਂ ਨੂੰ ਵੀ ਕਾਨੂੰਨੀ ਨੋਟਿਸ ਜਾਰੀ ਕੀਤੇ ਹਨ। ਇਸ ਵਿਚ ਇਹ ਮੰਗ ਕੀਤੀ ਗਈ ਹੈ ਕਿ ਲੱਚਰਤਾ, ਹਥਿਆਰਾਂ ਤੇ ਸ਼ਰਾਬ ਨੂੰ ਉਤਸ਼ਾਹਤ ਕਰਨ ਵਾਲੇ ਗੀਤਾਂ ਦੀ ਨਾ ਤਾਂ ਰਿਕਾਰਡਿੰਗ ਕੀਤੀ ਜਾਵੇ ਅਤੇ ਨਾ ਹੀ ਇਨ੍ਹਾਂ ਨੂੰ ਚਲਾਇਆ ਜਾਵੇ। ਜਨਮ ਤੋਂ ਪੰਜਾਬੀ ਨਾ ਹੋਣ ਦੇ ਬਾਵਜੂਦ ਪੰਜਾਬੀ ਬੋਲੀ ਦੇ ਹੱਕ ਵਿਚ ਡਟੇ ਪੰਡਿਤ ਰਾਓ ਨੂੰ ਵੇਖ ਆਮ ਲੋਕ ਹੈਰਾਨ ਵੀ ਹੋਏ।

### ਪਕੋਕਾ ਨਹੀਂ, ਮਾਂ ਬੋਲੀ ਲਾਗੂ ਕਰੋ: ਲੱਖਾ ਸਿਧਾਣਾ

**ਬਠਿੰਡਾ:** ਫਰੀਦਕੋਟ ਜੇਲ੍ਹ ਵਿਚ ਬੰਦ ਮਾਲਵਾ ਯੂਥ ਫੈਡਰੇਸ਼ਨ ਦੇ ਪ੍ਰਧਾਨ ਲਖਵੀਰ ਸਿੰਘ ਉਰਫ ਲੱਖਾ ਸਿਧਾਣਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਭੇਜ ਕੇ ਆਖਿਆ ਹੈ ਕਿ ਪੰਜਾਬ ਵਿਚ 'ਪਕੋਕਾ' ਨਹੀਂ, ਪੰਜਾਬੀ ਮਾਂ ਬੋਲੀ ਨੂੰ ਲਾਗੂ ਕੀਤਾ ਜਾਵੇ। ਲੱਖਾ ਸਿਧਾਣਾ ਨੇ ਲਿਖਿਆ ਕਿ ਪੰਜਾਬ ਵਿਚ 'ਪਕੋਕਾ' ਨਾਂ ਦਾ ਕਾਲਾ ਕਾਨੂੰਨ ਗੈਂਗਸਟਰਾਂ ਨੂੰ ਕਾਬੂ ਕਰਨ ਦੇ ਨਾਂ ਹੇਠ ਬਣਾਇਆ ਜਾ ਰਿਹਾ ਹੈ ਪਰ ਇਸ ਦੀ ਆੜ ਵਿਚ ਮੁੱਖ ਤੌਰ 'ਤੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਪੰਜਾਬ ਵਿਚੋਂ ਪੰਜਾਬੀ ਮਾਂ ਬੋਲੀ ਨੂੰ ਇਕ ਸਾਜ਼ਿਸ਼ ਤਹਿਤ ਖਤਮ ਕਰਨ ਲਈ ਹੱਲੇ ਕੀਤੇ ਜਾ ਰਹੇ ਹਨ।

## ਮਾੜੇ ਪ੍ਰਬੰਧਾਂ ਕਾਰਨ ਪੰਜਾਬ 'ਚ ਹਰ ਵਰ੍ਹੇ ਸੜ ਜਾਂਦੀ ਹੈ ਕਰੋੜਾਂ ਦੀ ਕਣਕ

**ਚੰਡੀਗੜ੍ਹ:** ਭਾਰਤ ਵਿਚ ਜਿਥੇ ਕਰੋੜਾਂ ਗਰੀਬ ਲੋਕ ਭੁੱਖੇ ਢਿੱਡ ਸੌਂਦੇ ਹਨ, ਉਥੇ ਪੰਜਾਬ ਸਣੇ ਦੇਸ਼ ਭਰ ਵਿਚ ਹਰ ਵਰ੍ਹੇ ਅਰਬਾਂ ਰੁਪਏ ਦੀ ਤਕਰੀਬਨ 2 ਕਰੋੜ ਲੱਖ ਟਨ ਕਣਕ ਖੁੱਲ੍ਹੇ ਅਸਮਾਨ ਹੇਠ ਬਰਬਾਦ ਹੋ ਰਹੀ ਹੈ। ਪੰਜਾਬ ਵਿਚ 2009 ਤੋਂ ਇਕ ਫਰਵਰੀ 2017 ਤੱਕ 5,67,835 ਟਨ ਕਣਕ ਖਰਾਬ ਹੋ ਚੁੱਕੀ ਹੈ। ਪੰਜਾਬ ਵਿਚ ਇਨ੍ਹਾਂ ਅੱਠ ਸਾਲਾਂ ਵਿਚ ਜਿੰਨੀ ਕਣਕ ਖਰਾਬ ਹੋਈ ਹੈ, ਉਸ ਦੀ 56.78 ਲੱਖ (100 ਕਿਲੋਗ੍ਰਾਮ) ਬੋਰੀ ਬਣਦੀ ਹੈ। ਖਰੀਦ ਏਜੰਸੀਆਂ ਇਸ ਖਰਾਬ ਕਣਕ ਨੂੰ ਟੈਂਡਰਾਂ ਰਾਹੀਂ ਘਾਟੇ ਉਤੇ ਚੁਕਵਾ ਦਿੰਦੀਆਂ ਹਨ।



ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਮੋਗਾ, ਨਿਹਾਲ ਸਿੰਘ ਵਾਲਾ, ਬਾਘਾਪੁਰਾਣਾ, ਧਰਮਕੋਟ, ਕੋਟ ਈਸੇ ਖਾਂ ਤੇ ਬੱਧਨੀ ਕਲਾਂ ਵਿਚ ਵਿੱਤੀ ਸਾਲ 2014-15 ਤੋਂ 30 ਸਤੰਬਰ 2017 ਤੱਕ ਪੰਜਾਬ ਐਗਰੋ ਫੂਡ ਕਾਰਪੋਰੇਸ਼ਨ (ਪੀ.ਏ.ਐਫ.ਸੀ.) ਦੀ 14022 ਟਨ, ਪੰਜਾਬ ਸਟੇਟ ਕੋਆਪਰੇਟਿਵ ਸਪਲਾਈ ਮਾਰਕੀਟਿੰਗ ਫੈਡਰੇਸ਼ਨ ਲਿਮਟਿਡ (ਮਾਰਕਫੈੱਡ) ਦੀ 6176 ਟਨ, ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ (ਪਨਸਪ) ਦੀ 4303 ਟਨ ਤੇ ਪੰਜਾਬ ਰਾਜ ਗੁਦਾਮ ਨਿਗਮ (ਪੀ.ਐਸ.ਡਬਲਿਊ.ਸੀ.) ਦੀ 3209 ਟਨ ਤੇ ਕੁੱਲ 27710 ਟਨ ਕਣਕ ਖੁੱਲ੍ਹੇ ਅਸਮਾਨ ਹੇਠ ਪਈ ਖਰਾਬ ਹੋ ਗਈ ਹੈ। ਇਸ ਦੀ ਬਾਜ਼ਾਰੀ ਕੀਮਤ ਕਰੀਬ 40 ਕਰੋੜ ਰੁਪਏ ਬਣਦੀ ਹੈ। ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਰਜਨੀਸ਼ ਕੁਮਾਰੀ ਦਾ ਕਹਿਣਾ ਹੈ ਕਿ ਸਟੇਟ ਏਜੰਸੀਆਂ ਐਫ.ਸੀ.ਆਈ. ਦੀਆਂ ਹਦਾਇਤਾਂ ਮੁਤਾਬਕ ਕੇਂਦਰੀ ਪੂਲ ਲਈ ਕਣਕ ਖਰੀਦ ਕੇ ਸਟੋਰ ਕਰਦੀਆਂ ਹਨ। ਤਕਰੀਬਨ ਇਕ ਸਾਲ ਬਾਅਦ ਖੁੱਲ੍ਹੇ ਅਸਮਾਨ (ਓਪਨ ਪਲੇਥਾਂ) ਹੇਠ ਪਈ ਕਣਕ ਡਲਿਵਰੀ ਨਾ ਹੋਣ ਕਾਰਨ ਮੀਂਹ ਆਦਿ ਨਾਲ ਖਰਾਬ ਹੋਣ ਲੱਗ ਜਾਂਦੀ ਹੈ।

## ਹੁਣ ਹਿੰਦੀ ਵਿਹੂਣੇ ਸਾਈਨ ਬੋਰਡਾਂ 'ਤੇ ਇਤਰਾਜ਼

**ਬਠਿੰਡਾ:** ਭਾਜਪਾ ਪੰਜਾਬ ਹੁਣ ਕੌਮੀ ਮਾਰਗ ਬਠਿੰਡਾ-ਅੰਮ੍ਰਿਤਸਰ ਦੇ ਸਾਈਨ ਬੋਰਡਾਂ ਤੋਂ ਹਿੰਦੀ ਭਾਸ਼ਾ ਨੂੰ ਹਟਾਉਣ ਤੋਂ ਭੜਕ ਉਠੀ ਹੈ। ਭਾਜਪਾ ਪੰਜਾਬ ਦੇ ਪ੍ਰਧਾਨ ਅਤੇ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਨੇ ਇਸ ਦਾ ਸਖਤ ਨੋਟਿਸ ਲਿਆ ਹੈ ਅਤੇ ਮਾਮਲਾ ਕੇਂਦਰੀ ਮੰਤਰਾਲੇ ਕੋਲ ਉਠਾਉਣ ਦੀ ਗੱਲ ਆਖੀ ਹੈ।

ਦੱਸਣਯੋਗ ਹੈ ਕਿ ਲੋਕ ਨਿਰਮਾਣ ਵਿਭਾਗ ਪੰਜਾਬ ਨੇ ਕੌਮੀ ਮਾਰਗ ਦੇ ਸਾਈਨ ਬੋਰਡ ਹੁਣ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਲਿਖਣ ਦੀ ਹਦਾਇਤ ਕੀਤੀ ਹੈ ਜਦਕਿ ਹਿੰਦੀ ਭਾਸ਼ਾ ਨੂੰ ਬੋਰਡਾਂ ਤੋਂ ਹਟਾਉਣ ਦਾ ਫੈਸਲਾ ਕੀਤਾ ਹੈ। ਪਹਿਲਾਂ ਬੋਰਡਾਂ ਤੋਂ ਪੰਜਾਬੀ ਨੂੰ ਤੀਜੇ ਨੰਬਰ ਉਤੇ ਰੱਖਣ ਤੋਂ ਵਿਵਾਦ ਹੋਇਆ ਸੀ ਤੇ ਹੁਣ ਹਿੰਦੀ ਭਾਸ਼ਾ ਨੂੰ ਗਾਇਬ ਕਰਨ ਦਾ ਮਸਲਾ ਉਠਿਆ ਹੈ। ਕੇਂਦਰੀ ਰਾਜ ਮੰਤਰੀ ਤੇ ਪੰਜਾਬ ਭਾਜਪਾ ਪ੍ਰਧਾਨ ਵਿਜੇ ਸਾਂਪਲਾ ਨੇ ਆਖਿਆ ਕਿ ਸਾਈਨ ਬੋਰਡਾਂ ਉਤੇ ਪੰਜਾਬੀ ਭਾਸ਼ਾ ਨੂੰ ਸਭ ਤੋਂ ਉਪਰ ਥਾਂ ਮਿਲਣੀ ਚਾਹੀਦੀ ਹੈ ਅਤੇ ਪੰਜਾਬੀ ਨੂੰ ਪੂਰਾ ਬਣਦਾ ਮਾਣ ਸਤਿਕਾਰ ਮਿਲਣਾ ਚਾਹੀਦਾ ਹੈ, ਪਰ ਕੌਮੀ ਭਾਸ਼ਾ ਹਿੰਦੀ ਨੂੰ ਨਜ਼ਰ ਅੰਦਾਜ਼ ਕੀਤੇ ਜਾਣਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।




ਉਨ੍ਹਾਂ ਆਖਿਆ ਕਿ ਅਫਸਰਾਂ ਨੂੰ ਅਜਿਹੇ ਮਾਮਲੇ 'ਤੇ ਆਪਣੀ ਮਰਜ਼ੀ ਨਹੀਂ ਕਰਨੀ ਚਾਹੀਦੀ ਹਨ। ਪੰਜਾਬੀ ਦਾ ਸਤਿਕਾਰ ਹੋਵੇ ਪਰ ਕੌਮੀ ਭਾਸ਼ਾ ਦੀ ਅਣਦੇਖੀ ਕਰ ਕੇ ਅੰਗਰੇਜ਼ੀ ਨੂੰ ਉਪਰ ਰੱਖਣਾ ਵੀ ਠੀਕ ਨਹੀਂ ਹੈ। ਇਸ ਬਾਰੇ ਭਾਜਪਾ ਦੇ ਕਾਰਜਕਾਰਨੀ ਮੈਂਬਰ ਦਿਆਲ ਸੋਢੀ ਨੇ ਕਿਹਾ ਕਿ ਮਾਂ ਬੋਲੀ ਦਾ ਸਨਮਾਨ ਹੋਣਾ ਚਾਹੀਦਾ ਹੈ ਪਰ ਹਿੰਦੀ ਦੇਸ਼ ਦੀ ਕੌਮੀ ਭਾਸ਼ਾ ਹੈ, ਜਿਸ ਨੂੰ ਨਜ਼ਰ ਅੰਦਾਜ਼ ਕਰਨਾ ਠੀਕ ਨਹੀਂ ਹੈ।

ਉਨ੍ਹਾਂ ਮੰਗ ਕੀਤੀ ਕਿ ਸਰਕਾਰ ਇਸ ਨੂੰ ਦਰੁਸਤ ਕਰੇ। ਦੂਜੇ ਪਾਸੇ ਪੰਜਾਬੀ ਭਾਸ਼ਾ ਪ੍ਰੇਮੀ ਆਖਦੇ ਹਨ ਕਿ ਉਨ੍ਹਾਂ ਨੂੰ ਹਿੰਦੀ ਭਾਸ਼ਾ ਨਾਲ ਕੋਈ ਗਿਲਾ ਨਹੀਂ ਹੈ ਅਤੇ ਬੋਰਡ ਤਿੰਨੇ ਭਾਸ਼ਾਵਾਂ ਵਿਚ ਲਿਖੇ ਜਾਣੇ ਚਾਹੀਦੇ ਹਨ। ਭਾਜਪਾ ਵਿਧਾਇਕ ਅਤੇ ਸਾਬਕਾ ਡਿਪਟੀ ਸਪੀਕਰ ਦਿਨੇਸ਼ ਸਿੰਘ ਬੱਬੂ ਨੇ ਕਿਹਾ ਕਿ ਸਾਈਨ ਬੋਰਡਾਂ ਤੋਂ ਰਾਸ਼ਟਰੀ ਭਾਸ਼ਾ ਨੂੰ ਬੇਦਖਲ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਉਨ੍ਹਾਂ ਆਖਿਆ ਕਿ ਅਗਾਮੀ ਵਿਧਾਨ ਸਭਾ ਸੈਸ਼ਨ ਵਿਚ ਉਹ ਇਸ ਮਾਮਲੇ ਨੂੰ ਉਠਾਉਣਗੇ।

ਦੱਸਣਯੋਗ ਹੈ ਕਿ ਪੰਜਾਬ ਵਿਚ ਬਹੁਗਿਣਤੀ ਕੌਮੀ ਮਾਰਗਾਂ ਉਤੇ ਜੋ ਸਾਈਨ ਬੋਰਡ ਲੱਗੇ ਹੋਏ ਹਨ, ਉਨ੍ਹਾਂ ਵਿਚ ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਹੀ ਹੈ ਜਦਕਿ ਹਿੰਦੀ ਭਾਸ਼ਾ ਕਿਧਰੇ ਵੀ ਨਹੀਂ ਹੈ। ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਸਾਰੇ ਸਾਈਨ ਬੋਰਡਾਂ ਉਤੇ ਇਸੇ ਤਰ੍ਹਾਂ ਹੀ ਹੈ ਤਾਂ ਹੁਣ ਭਾਸ਼ਾ ਨੂੰ ਮੁੱਦਾ ਨਹੀਂ ਬਣਾਇਆ ਜਾਣਾ ਚਾਹੀਦਾ ਹੈ। ਅਜਿਹੀ ਹਾਲਤ ਵਿਚ ਲੋਕ ਨਿਰਮਾਣ ਵਿਭਾਗ ਨੂੰ ਮੁੜ ਸਾਈਨ ਬੋਰਡ ਤਬਦੀਲ ਕਰਨੇ ਪੈ ਸਕਦੇ ਹਨ।

# ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਲਈ ਇਕਜੁਟ ਨਾ ਹੋਏ ਸੰਸਦ ਮੈਂਬਰ

**ਚੰਡੀਗੜ੍ਹ:** ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਲਈ ਸੂਬੇ ਦੇ ਸਾਰੇ ਸੰਸਦ ਮੈਂਬਰਾਂ ਦਾ ਸਾਂਝਾ ਮੰਚ ਤਿਆਰ ਕਰਨ ਦੇ ਉਪਰਾਲੇ ਨੂੰ ਬੂਰ ਨਹੀਂ ਪਿਆ। ਚੰਡੀਗੜ੍ਹ ਵਿਚ ਇਸ ਸਬੰਧੀ ਬੁਲਾਈ ਮੀਟਿੰਗ ਵਿਚ ਸਿਰਫ ਚਾਰ ਸੰਸਦ ਮੈਂਬਰ ਹੀ ਪੁੱਜੇ। ਇਹ ਮੀਟਿੰਗ ਬੁਲਾਉਣ ਦੀ ਪਹਿਲ ਪਟਿਆਲਾ ਤੋਂ ਆਮ ਆਦਮੀ ਪਾਰਟੀ (ਆਪ) ਦੇ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਮੁੱਖ ਮੰਤਰੀ ਨੂੰ ਕੀਤੀ ਸੀ। ਅਕਾਲੀਆਂ ਦੇ ਸੱਤ ਸੰਸਦ ਮੈਂਬਰਾਂ ਨੇ ਵੀ ਮੁੱਖ ਮੰਤਰੀ ਦੀ ਗੈਰ-ਸੰਜੀਦਗੀ ਨੂੰ ਮੀਟਿੰਗ ਤੋਂ ਪਾਸੇ ਰਹਿਣ ਦਾ ਬਹਾਨਾ ਬਣਾ ਲਿਆ ਜਦੋਂਕਿ 'ਆਪ' ਦੇ ਤਿੰਨ ਸੰਸਦ ਮੈਂਬਰਾਂ ਨੇ ਤਾਂ ਗੈਰਹਾਜ਼ਰੀ ਦੀ ਵਜ੍ਹਾ ਬਿਆਨਣੀ ਵੀ ਮੁਨਾਸਬ ਨਹੀਂ ਸਮਝੀ।

**ਸਰਬ ਪਾਰਟੀ ਮੀਟਿੰਗ ਵਿਚ ਸਿਰਫ ਚਾਰ ਸੰਸਦ ਮੈਂਬਰ ਹੀ ਪੁੱਜੇ**



ਮੀਟਿੰਗ ਦੇ ਏਜੰਡੇ ਵਿਚ ਪਰਾਲੀ ਸੰਕਟ, ਵਿਕਾਸ ਫੰਡਾਂ ਦੀ ਅਣਹੋਂਦ ਦਾ ਸੰਕਟ, ਸਰਹੱਦੀ ਖੇਤਰਾਂ ਦੇ ਮਸਲੇ ਆਦਿ ਸਮੇਤ 26 ਆਈਟਮਾਂ ਸ਼ਾਮਲ ਸਨ। 13 ਲੋਕ ਸਭਾ ਤੇ ਸੱਤ ਰਾਜ ਸਭਾ ਮੈਂਬਰਾਂ ਵਿਚੋਂ ਸਿਰਫ ਚਾਰ ਦੀ ਹਾਜ਼ਰੀ ਇਨ੍ਹਾਂ ਸਿਆਸੀ ਆਗੂਆਂ ਦੀ ਸੂਬੇ ਦੀਆਂ ਸਮੱਸਿਆਵਾਂ ਬਾਰੇ ਗੰਭੀਰਤਾ ਨੂੰ ਦਰਸਾਉਂਦੀ ਹੈ। ਕਾਂਗਰਸ ਪਾਰਟੀ ਦੇ ਤਿੰਨ ਸੀਨੀਅਰ ਰਾਜ ਸਭਾ ਮੈਂਬਰ ਅੰਬਿਕਾ ਸੋਨੀ, ਪ੍ਰਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋ ਮੀਟਿੰਗ ਵਿਚ ਇਸ ਕਰ ਕੇ ਨਹੀਂ ਆਏ ਕਿਉਂਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੀਟਿੰਗ ਵਿਚ ਨਹੀਂ ਸੀ ਆਉਣਾ। ਕਾਂਗਰਸ ਦੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਬਿੱਟੂ ਸੰਸਦ ਦੀ ਸਥਾਈ ਕਮੇਟੀ ਦੀ ਮੀਟਿੰਗ ਵਿਚ ਹਿੱਸਾ ਲੈਣ ਦੇ ਬਹਾਨੇ ਸੂਬੇ ਦੇ ਸੰਸਦ ਮੈਂਬਰਾਂ ਦੀ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ। ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਪਹਿਲਾਂ ਤੋਂ ਲਏ ਸਟੈਂਡ ਮੁਤਾਬਕ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ।

ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸੀਨੀਅਰ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਵਿਰੋਧੀ ਪਾਰਟੀ ਦੇ ਸੰਸਦ ਮੈਂਬਰਾਂ ਨੇ ਮੀਟਿੰਗ ਵਿਚ ਨਾ ਆ ਕੇ ਰਾਜਨੀਤਕ ਗਲਤੀ ਕੀਤੀ ਹੈ। ਇਕ ਕਾਂਗਰਸੀ ਆਗੂ ਦਾ ਕਹਿਣਾ ਸੀ ਕਿ ਮੁੱਖ ਮੰਤਰੀ ਨੂੰ ਮੀਟਿੰਗ ਵਿਚ ਆਉਣਾ ਚਾਹੀਦਾ ਸੀ, ਭਾਵੇਂ ਉਹ ਕੁਝ ਸਮੇਂ ਬਾਅਦ ਚਲੇ ਜਾਂਦੇ। ਖੁਦ ਮੀਟਿੰਗ ਸੱਦ ਕੇ ਨਾ ਆਉਣਾ ਠੀਕ ਨਹੀਂ।

### ਸਿਆਸਤ ਦੀ ਭੇਟ ਚੜ੍ਹੀ ਮੀਟਿੰਗ: ਗਾਂਧੀ

ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ.ਧਰਮਵੀਰ ਗਾਂਧੀ ਨੇ ਕਿਹਾ ਕਿ ਮੀਟਿੰਗ ਅੰਤਰ ਪਾਰਟੀ ਅਤੇ ਵਿਰੋਧੀ ਪਾਰਟੀਆਂ ਦੀ ਰਾਜਨੀਤੀ ਦੀ ਭੇਟ ਚੜ੍ਹ ਗਈ। ਮੀਟਿੰਗ ਚੌਤਰਫੇ ਸੰਕਟ ਵਿਚ ਘਿਰੇ ਪੰਜਾਬ ਨੂੰ ਬਾਹਰ ਕੱਢਣ ਵਿਚ ਮਦਦਗਾਰ ਸਾਬਤ ਹੋਣੀ ਸੀ। ਪੰਜਾਬ ਨੂੰ ਸੰਕਟ ਵਿਚੋਂ ਕੱਢਣ ਲਈ ਹੋਰ ਮੀਟਿੰਗਾਂ ਕਰਨ ਦੀ ਲੋੜ ਹੈ।

ਉਨ੍ਹਾਂ ਨੇ ਅਕਾਲੀ ਭਾਜਪਾ ਸਰਕਾਰ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮੀਟਿੰਗ ਸੱਦਣ ਲਈ ਚਿੱਠੀ ਲਿਖੀ ਸੀ ਪਰ ਉਨ੍ਹਾਂ ਨੇ ਮੀਟਿੰਗ ਨਹੀਂ ਸੱਦੀ। ਉਨ੍ਹਾਂ ਨੇ ਇਸ ਸਾਲ 21 ਜੁਲਾਈ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖਿਆ ਸੀ ਕਿ ਸੰਸਦ ਦੇ ਹਰੇਕ ਸੈਸ਼ਨ ਤੋਂ ਪਹਿਲਾਂ ਮੀਟਿੰਗ ਸੱਦੀ ਜਾਵੇ ਤੇ ਉਨ੍ਹਾਂ ਨੇ ਮੀਟਿੰਗ ਸੱਦ ਕੇ ਚੰਗਾ ਕਦਮ ਚੁੱਕਿਆ ਹੈ। ਸਾਰੀਆਂ ਸਿਆਸੀ ਪਾਰਟੀਆਂ ਨੂੰ ਸੌੜੀ ਸਿਆਸਤ ਨੂੰ ਪਾਸੇ ਰੱਖ ਕੇ ਸੂਬੇ ਦੇ ਹਿੱਤਾਂ ਲਈ ਮੀਟਿੰਗ 'ਚ ਆਉਣਾ ਚਾਹੀਦਾ ਹੈ।

### ਗਿਰੀਸ਼ ਕਰਨਾਡ ਨੂੰ ਲਾਈਫਟਾਈਮ ਅਚੀਵਮੈਂਟ ਐਵਾਰਡ

**ਮੁੰਬਈ:** ਅਦਾਕਾਰ-ਨਾਟਕਕਾਰ ਗਿਰੀਸ਼ ਕਰਨਾਡ (79) ਨੂੰ 'ਟਾਟਾ ਲਿਟਰੇਚਰ ਲਾਈਵ' ਦੌਰਾਨ ਥਿਏਟਰ ਦੇ ਖੇਤਰ ਵਿਚ ਅਹਿਮ ਯੋਗਦਾਨ ਦੇਣ ਲਈ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਆ ਗਿਆ ਹੈ।

ਸ੍ਰੀ ਕਰਨਾਡ ਅਕਸਰ ਸਮਕਾਲੀ ਮੁੱਦਿਆਂ ਨਾਲ ਨਜਿੱਠਣ ਲਈ ਇਤਿਹਾਸ ਅਤੇ ਮਿਥਿਹਾਸ ਦੀ ਵਰਤੋਂ ਕਰਦੇ ਹਨ। ਉਨ੍ਹਾਂ ਦੇ ਕਈ ਨਾਟਕਾਂ ਦਾ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿਚ ਤਰਜਮਾ ਹੋਇਆ ਹੈ। ਉਨ੍ਹਾਂ ਦੇ ਮਸ਼ਹੂਰ ਨਾਟਕਾਂ ਵਿਚ 'ਤੁਗਲਕ' ਸ਼ਾਮਲ ਹੈ।

# ਇੰਗਲੈਂਡ ਵੱਲੋਂ ਵੀਜ਼ਿਆਂ ਦੇ ਖੁੱਲ੍ਹੇ ਗੱਫੇ

**ਲੰਡਨ:** ਯੂਰਪੀ ਸੰਘ ਤੋਂ ਬਾਹਰ ਦੇ ਵਸਨੀਕਾਂ ਲਈ ਬਰਤਾਨੀਆ ਤਕਨੀਕੀ, ਕਲਾ ਤੇ ਸਿਰਜਨਾਤਮਕ ਇੰਡਸਟਰੀ ਲਈ ਵੀਜ਼ੇ ਦੀ ਗਿਣਤੀ ਦੁਗਣੀ ਕਰਨ ਜਾ ਰਿਹਾ ਹੈ। ਪ੍ਰਧਾਨ ਮੰਤਰੀ ਥਰੇਸਾ ਮੇਅ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਇਸ ਰਾਹੀਂ ਉਹ ਬਰਤਾਨੀਆ ਵੱਲੋਂ ਵਿਸ਼ਵ ਵਿਚ ਮੌਜੂਦ ਹੁਨਰ ਲਈ ਵਧੇਰੇ ਮੌਕੇ ਦੇਣੇ ਚਾਹੁੰਦੇ ਹਨ।

ਉਨ੍ਹਾਂ ਕਿਹਾ ਕਿ ਇਸ ਨਾਲ ਹੁਨਰਮੰਦ ਲੋਕ ਬਰਤਾਨੀਆ ਨਾਲ ਜੁੜਨਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜਿਵੇਂ ਉਹ ਯੂਰਪੀ ਸੰਘ ਨਾਲੋਂ ਵੱਖ ਹੋਣ ਜਾ ਰਹੇ ਹਨ ਤਾਂ ਉਹ ਚਾਹੁੰਦੇ ਹਨ ਕਿ ਬਰਤਾਨੀਆ ਪੂਰੇ ਸੰਸਾਰ ਨਾਲ ਵਪਾਰ ਲਈ ਖੁੱਲ੍ਹਾ ਹੋਵੇ। ਯੂ.ਕੇ. ਦਾ ਡਿਜੀਟਲ ਸੈਕਟਰ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਇਸ ਖੇਤਰ ਵਿਚ ਨੌਕਰੀਆਂ ਦੀ ਭਰਮਾਰ ਹੈ। ਇਸ ਲਈ ਦੇਸ਼ ਵਿਚ ਉਤਮ ਹੁਨਰ ਵਾਲੇ ਲੋਕਾਂ ਦੀ ਕਾਫੀ ਲੋੜ ਹੈ ਜਿਸ ਨਾਲ ਉਤਪਾਦਨ ਵਿਚ ਵਾਧਾ ਹੋਵੇ ਤੇ ਚੰਗੀ ਪ੍ਰਤਿਭਾ ਨੂੰ ਹੁਲਾਰਾ ਮਿਲੇ।

ਜ਼ਿਕਰਯੋਗ ਹੈ ਕਿ ਉਕਤ ਸ਼੍ਰੇਣੀ ਵਿਚ ਹਾਲ ਦੀ ਘੜੀ ਬਰਤਾਨੀਆ ਸਾਲ ਦੇ 1,000 ਵੀਜ਼ੇ ਹੀ ਦੇ ਰਿਹਾ ਹੈ। ਇਸ ਐਲਾਨ ਤੋਂ ਬਾਅਦ ਇਨ੍ਹਾਂ ਦੀ ਗਿਣਤੀ 2,000 ਹੋ ਜਾਵੇਗੀ। ਬਰਤਾਨੀਆ ਸਰਕਾਰ ਨੇ 20 ਮਿਲੀਅਨ ਪਾਊਂਡ ਦੀ ਲਾਗਤ ਦੀ ਇਕ ਯੋਜਨਾ ਦਾ ਐਲਾਨ ਕੀਤਾ ਹੈ ਜੋ ਸਾਈਬਰ ਹਮਲਿਆਂ ਦੇ ਟਾਕਰੇ ਲਈ 14 ਤੋਂ 18 ਸਾਲਾਂ ਦੇ ਨੌਜਵਾਨਾਂ ਨੂੰ ਆਪਣੀ ਕਾਬਲੀਅਤ ਪਰਖਣ ਦਾ ਮੌਕਾ ਦੇਵੇਗੀ।




## ਐਚ-1ਬੀ ਵੀਜ਼ਿਆਂ 'ਤੇ ਸਖਤੀ ਕਰਨ ਦੀ ਤਿਆਰੀ

**ਵਾਸ਼ਿੰਗਟਨ:** ਅਮਰੀਕੀ ਕਾਂਗਰਸ ਦੀ ਇਕ ਕਮੇਟੀ ਨੇ ਐਚ-1ਬੀ ਵੀਜ਼ਾ ਧਾਰਕਾਂ ਲਈ ਘੱਟੋ ਘੱਟ ਤਨਖਾਹ 60 ਹਜ਼ਾਰ ਤੋਂ ਵਧਾ ਕੇ 90 ਹਜ਼ਾਰ ਡਾਲਰ ਕਰਨ ਅਤੇ ਇਸ ਵਰਗ ਵੀਜ਼ਾ ਉਤੇ ਕਈ ਪਾਬੰਦੀਆਂ ਲਾਗੂ ਕਰਨ ਵਾਲਾ ਬਿਲ ਪਾਸ ਕਰ ਦਿੱਤਾ। 'ਕੋਰਟਸ, ਇੰਟੈਲੈਕਚੁਅਲ ਪ੍ਰਾਪਰਟੀ ਤੇ ਇੰਟਰਨੈੱਟ ਸਬ ਕਮੇਟੀ' ਦੇ ਚੇਅਰਮੈਨ ਡੈਰੇਲ ਇਸਾ ਵੱਲੋਂ ਪੇਸ਼ 'ਪ੍ਰੋਟੈਕਟ ਐਂਡ ਗਰੋਅ ਅਮਰੀਕਨ ਜੌਬਜ਼ ਐਕਟ' ਨੂੰ ਸਦਨ ਦੀ ਜੁਡੀਸ਼ਰੀ ਕਮੇਟੀ ਨੇ ਪਾਸ ਕਰ ਦਿੱਤਾ। ਇਹ ਬਿੱਲ ਹੁਣ ਲੋੜੀਂਦੀ ਕਾਰਵਾਈ ਲਈ ਸਦਨ ਵਿਚ ਪੇਸ਼ ਹੋਵੇਗਾ। ਰਾਸ਼ਟਰਪਤੀ ਡੋਨਲਡ ਟਰੰਪ ਦੇ ਦਸਤਖਤ ਲਈ ਵ੍ਹਾਈਟ ਹਾਊਸ ਭੇਜੇ ਜਾਣ ਤੋਂ ਪਹਿਲਾਂ ਇਸ ਬਿੱਲ ਨੂੰ ਸੈਨੇਟ ਦੀ ਹਰੀ ਝੰਡੀ ਦੀ ਵੀ ਲੋੜ ਹੋਵੇਗੀ।

ਡੈਮੋਕਰੈਟਿਕ ਤੇ ਰਿਪਬਲੀਕਨ ਕਾਨੂੰਨਸਾਜ਼ਾਂ ਵਿਚਾਲੇ ਤਿੱਖੇ ਮਤਭੇਦਾਂ ਕਾਰਨ ਇਸ ਬਿਲ ਨੂੰ ਕਾਂਗਰਸ ਦੀ ਮਨਜ਼ੂਰੀ ਮਿਲਣੀ ਤੇ ਕਾਨੂੰਨ ਬਣਨ ਦੇ ਰਾਹ ਵਿਚ ਕਾਫੀ ਮੁਸ਼ਕਲਾਂ ਹਨ। ਇਸ ਬਿੱਲ ਵਿਚ ਐਚ-1ਬੀ ਵੀਜ਼ੇ ਉਤੇ ਨਿਰਭਰ ਕਰਦੇ ਮਾਲਕਾਂ ਨੂੰ ਅਮਰੀਕੀ ਕਾਮਿਆਂ ਨੂੰ ਕੱਢ ਕੇ ਐਚ-1ਬੀ ਵੀਜ਼ਾ ਕਰਮਚਾਰੀਆਂ ਦੀ ਭਰਤੀ ਦੀ ਮਨਾਹੀ ਹੋਵੇਗੀ। ਖਾਸ ਗੱਲ ਇਹ ਹੈ ਕਿ ਐਚ-1ਬੀ ਵੀਜ਼ੇ ਉਤੇ ਨਿਰਭਰ ਮਾਲਕਾਂ ਨੂੰ ਅਮਰੀਕੀ ਕਾਮਿਆਂ ਨੂੰ ਪਹਿਲ ਦੇਣ ਦੀ ਸ਼ਰਤ ਤੋਂ ਛੋਟ ਹੋਵੇਗੀ ਕਿਉਂਕਿ ਨਵੇਂ ਬਿੱਲ ਵਿਚ ਐਚ-1ਬੀ ਵੀਜ਼ਾ ਕਾਮਿਆਂ ਲਈ ਲੋੜੀਂਦੀਆਂ ਤਨਖਾਹਾਂ ਵਿਚ ਚੋਖੇ ਵਾਧੇ ਦੀ ਤਜਵੀਜ਼ ਹੈ। ਇਸ ਵਾਧੇ ਕਾਰਨ ਮਾਲਕ ਆਪੇ ਅਮਰੀਕੀ ਕਾਮਿਆਂ ਨੂੰ ਪਹਿਲ ਦੇਣਗੇ।

# 'ਮੂਡੀਜ਼' ਦੇ ਬਦਲੇ ਮੂਡ ਤੋਂ ਮੋਦੀ ਸਰਕਾਰ ਹੋਈ ਬਾਗੋ-ਬਾਗ



**ਨਵੀਂ ਦਿੱਲੀ:** ਦਰਜਾਬੰਦੀ ਏਜੰਸੀ 'ਮੂਡੀਜ਼ ਇਨਵੈਸਟਰਜ਼ ਸਰਵਿਸ' ਵੱਲੋਂ 13 ਸਾਲਾਂ ਵਿਚ ਪਹਿਲੀ ਦਫਾ ਭਾਰਤ ਦੀ ਦਰਜਾਬੰਦੀ ਬਾਰੇ ਜਾਰੀ ਕੀਤੀ 'ਚੰਗੀ' ਰਿਪੋਰਟ ਤੋਂ ਮੋਦੀ ਸਰਕਾਰ ਬਾਗੋ ਬਾਗ ਹੈ। ਏਜੰਸੀ ਨੇ ਦਰਜਾਬੰਦੀ ਵਧਾਉਂਦਿਆਂ ਕਿਹਾ ਹੈ ਕਿ ਆਰਥਿਕ ਤੇ ਸੰਸਥਾਗਤ ਸੁਧਾਰਾਂ ਦੇ ਰਾਹ ਉਤੇ ਦੇਸ਼ ਦੀ ਲਗਾਤਾਰ ਤਰੱਕੀ ਨਾਲ ਵਿਕਾਸ ਦੀਆਂ ਸੰਭਾਵਨਾਵਾਂ ਵਿਚ ਸੁਧਾਰ ਹੋਇਆ ਹੈ।

ਅਮਰੀਕਾ ਆਧਾਰਤ ਇਸ ਏਜੰਸੀ ਨੇ ਭਾਰਤ ਦੀ ਦਰਜਾਬੰਦੀ 'ਬੀਏਏ3' ਤੋਂ ਵਧਾ ਕੇ 'ਬੀਏਏ2' ਕਰ ਦਿੱਤੀ ਹੈ ਅਤੇ ਦਰਜਾਬੰਦੀ ਦ੍ਰਿਸ਼ਟੀਕੋਣ ਵੀ 'ਸਾਕਾਰਾਤਮਕ' ਤੋਂ 'ਸਥਿਰ' ਕਰਦਿਆਂ ਕਿਹਾ ਕਿ ਇਨ੍ਹਾਂ ਸੁਧਾਰਾਂ ਨਾਲ ਕਰਜ਼ ਦੇ ਵਧਦੇ ਪੱਧਰ ਨੂੰ ਸਥਿਰ ਕਰਨ ਵਿਚ ਮਦਦ ਮਿਲੇਗੀ। ਮੂਡੀਜ਼ ਨੇ ਹਾਲ ਹੀ ਵਿਚ ਲਾਗੂ ਕੀਤੇ 'ਗੁੱਡਜ਼ ਤੇ ਸਰਵਿਸਜ਼ ਟੈਕਸ' (ਜੀ.ਐਸ.ਟੀ.) ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਨਾਲ ਉਤਪਾਦਨ ਵਧਾਉਣ ਦੇ ਰਾਹ ਵਿਚ ਆਉਂਦੇ ਅੰਤਰਰਾਜੀ ਅੜਿੱਕੇ ਦੂਰ ਹੋਏ, ਮਾਲੀ ਨੀਤੀ ਚੌਖਟੇ 'ਚ ਸੁਧਾਰ ਹੋਏ, ਡੁੱਬੇ ਕਰਜ਼ਿਆਂ ਦੇ ਨਿਬੇੜੇ ਲਈ ਕਦਮ ਚੁੱਕੇ ਗਏ ਅਤੇ ਹੋਰ ਜ਼ਿਆਦਾ ਖੇਤਰਾਂ ਨੂੰ ਰਸਮੀ ਅਰਥਚਾਰੇ ਦੇ ਘੇਰੇ ਵਿਚ ਲਿਆਉਣ ਦੀਆਂ ਕੋਸ਼ਿਸ਼ਾਂ ਹੋਈਆਂ।

## ਗਲਤਫਹਿਮੀ ਵਿਚ ਨਾ ਰਹੇ ਸਰਕਾਰ: ਮਨਮੋਹਨ ਸਿੰਘ

**ਕੋਚੀ:** ਮੂਡੀਜ਼ ਵੱਲੋਂ ਭਾਰਤ ਦੀ ਰੇਟਿੰਗ ਵਿਚ ਸੁਧਾਰ ਕੀਤੇ ਜਾਣ ਉਤੇ ਪ੍ਰਤੀਕਰਮ ਦਿੰਦਿਆਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਹੈ ਕਿ ਐਨ.ਡੀ.ਏ. ਸਰਕਾਰ ਨੂੰ ਇਸ ਗਲਤਫਹਿਮੀ ਵਿਚ ਨਹੀਂ ਰਹਿਣਾ ਚਾਹੀਦਾ ਕਿ ਅਰਥਚਾਰਾ ਪੈਰਾਂ ਸਿਰ ਹੋ ਗਿਆ ਹੈ।

## ਕਦੇ ਮੂਡੀਜ਼ ਨੂੰ ਗਲਤ ਦੱਸਦੀ ਸੀ ਮੋਦੀ ਸਰਕਾਰ

ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਨੇ ਕਿਹਾ ਹੈ ਕਿ ਕੁਝ ਸਮਾਂ ਪਹਿਲਾਂ ਸਰਕਾਰ ਨੂੰ ਮੂਡੀਜ਼ ਦੀ ਰੇਟਿੰਗ ਉਤੇ ਭਰੋਸਾ ਨਹੀਂ ਸੀ ਪਰ ਹੁਣ ਉਹ ਉਸ ਦੇ ਸੋਹਲੇ ਗਾ ਰਹੇ ਹਨ। ਇਹੋ ਸਰਕਾਰ ਮੂਡੀਜ਼ ਦੀਆਂ ਗਿਣਤੀਆਂ-ਮਿਣਤੀਆਂ ਨੂੰ ਗਲਤ ਦੱਸਦੀ ਸੀ ਪਰ ਹੁਣ ਉਹ ਉਸੇ ਨੂੰ ਠੀਕ ਗਰਦਾਨ ਰਹੀ ਹੈ।

# ਸਰਬੱਤ ਖਾਲਸਾ ਪ੍ਰਬੰਧਕਾਂ 'ਚ ਸਭ ਠੀਕ ਹੋਣ ਦਾ ਦਾਅਵਾ

**ਅੰਮ੍ਰਿਤਸਰ:** ਸਰਬੱਤ ਖਾਲਸਾ 2015 ਦੇ ਪ੍ਰਬੰਧਕਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਵਿਚਾਲੇ ਪੈਦਾ ਹੋਈਆਂ ਗਲਤਫਹਿਮੀਆਂ ਦੂਰ ਹੋ ਗਈਆਂ ਹਨ ਤੇ ਭਵਿੱਖ ਵਿਚ ਉਹ ਇਕੱਠੇ ਹੋ ਕੇ ਕੌਮ ਲਈ ਕੰਮ ਕਰਨਗੇ। ਇਸ ਸਬੰਧੀ ਸੱਦੀ ਮੀਟਿੰਗ ਵਿਚ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ, ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ, ਗੁਰਦੀਪ ਸਿੰਘ ਬਠਿੰਡਾ, ਆਦਿ ਹਾਜ਼ਰ ਸਨ। ਮੀਟਿੰਗ ਵਿਚ ਜਥੇਦਾਰ ਅਮਰੀਕ ਸਿੰਘ ਅਜਨਾਲਾ ਸ਼ਾਮਲ ਨਹੀਂ ਹੋਏ। ਮੁਤਵਾਜ਼ੀ ਜਥੇਦਾਰਾਂ ਵਿਚਾਲੇ ਮਤਭੇਦਾਂ ਕਾਰਨ ਭਾਈ ਅਜਨਾਲਾ ਨੇ ਮੁਤਵਾਜ਼ੀ ਜਥੇਦਾਰ ਦੀ ਜ਼ਿੰਮੇਵਾਰੀ ਛੱਡ ਦਿੱਤੀ ਸੀ।



ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਦੱਸਿਆ ਕਿ ਪ੍ਰਬੰਧਕਾਂ ਵਿਚਾਲੇ ਆਪਸੀ ਗਲਤਫਹਿਮੀਆਂ ਦੂਰ ਹੋ ਗਈਆਂ ਹਨ। ਭਾਈ ਮੋਹਕਮ ਸਿੰਘ ਨੇ ਸਮੂਹ ਆਗੂਆਂ ਨੂੰ ਸਪਸ਼ਟ ਕੀਤਾ ਕਿ ਉਨ੍ਹਾਂ ਨੇ ਪੰਜਾਬ ਪੁਲਿਸ ਦੀ ਸਾਬਕਾ ਮੁਖੀ ਮਰਹੂਮ ਕੇ.ਪੀ.ਐਸ. ਗਿੱਲ ਨੂੰ ਕੋਈ ਸਿਰੋਪਾਓ ਨਹੀਂ ਦਿੱਤਾ ਅਤੇ ਨਾ ਹੀ ਕਦੇ ਕਾਂਗਰਸ ਨੂੰ ਸਹਿਯੋਗ ਦਿੱਤਾ ਹੈ। ਉਨ੍ਹਾਂ ਆਖਿਆ ਕਿ ਮੀਟਿੰਗ ਵਿਚ ਗਲਤਫਹਿਮੀਆਂ ਦੂਰ ਹੋਣ ਮਗਰੋਂ ਸਮੂਹਿਕ ਤੌਰ 'ਤੇ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਕੇ.ਪੀ.ਐਸ. ਗਿੱਲ ਸਬੰਧੀ ਪੈਨਸ਼ਨ ਬੰਦ ਕੀਤੀ ਜਾਵੇ ਅਤੇ ਉਸ ਸਬੰਧੀ ਸਿੱਖ ਨਸਲਕੁਸ਼ੀ ਦਾ ਕੇਸ ਚਲਾਇਆ ਜਾਵੇ। ਮੀਟਿੰਗ ਵਿਚ ਕੌਮੀ ਹਿੱਤਾਂ ਖਾਤਰ ਮੁੜ ਇਕੱਠੇ ਹੋ ਕੇ ਚੱਲਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਭਾਈ ਅਮਰੀਕ ਸਿੰਘ ਅਜਨਾਲਾ ਨਾਲ ਵੀ ਗੱਲਬਾਤ ਕੀਤੀ ਜਾਵੇਗੀ ਤੇ ਉਨ੍ਹਾਂ ਨੂੰ ਵੀ ਨਾਲ ਲੈ ਕੇ ਚੱਲਿਆ ਜਾਵੇਗਾ।

ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਕਿ ਸਾਰੀਆਂ ਗਲਤਫਹਿਮੀਆਂ ਦੂਰ ਹੋ ਗਈਆਂ ਹਨ। ਸ੍ਰੀ ਮਾਨ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਵੇਲੇ ਸਿੱਖਾਂ ਨੇ ਕਾਂਗਰਸ ਨੂੰ ਵੋਟਾਂ ਪਾ ਕੇ ਇਕ ਵਾਰ ਮੁੜ ਗਲਤੀ ਕੀਤੀ ਹੈ।

# ਦਲ ਖਾਲਸਾ ਵੱਲੋਂ ਜਲਾਵਤਨ ਆਗੂ ਗਜਿੰਦਰ ਸਿੰਘ ਦੀ ਰਿਹਾਈ ਲਈ ਚਾਰਾਜੋਈ

**ਅੰਮ੍ਰਿਤਸਰ:** ਦਲ ਖਾਲਸਾ ਨੇ ਆਪਣੇ ਜਲਾਵਤਨ ਆਗੂ ਗਜਿੰਦਰ ਸਿੰਘ ਦੇ 66ਵੇਂ ਜਨਮ ਦਿਨ 'ਤੇ ਸੰਯੁਕਤ ਰਾਸ਼ਟਰ ਕੋਲੋਂ ਮੰਗ ਕੀਤੀ ਹੈ ਕਿ ਗਜਿੰਦਰ ਸਿੰਘ ਨੂੰ ਸ਼ਰਨਾਰਥੀ ਦਰਜਾ ਦਿਵਾਉਣ ਲਈ ਮਦਦ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਗਜਿੰਦਰ ਸਿੰਘ ਸਮੇਤ ਦਲ ਖਾਲਸਾ ਦੇ ਕਈ ਹੋਰ ਮੈਂਬਰ 29 ਸਤੰਬਰ 1981 ਨੂੰ ਭਾਰਤੀ ਹਵਾਈ ਜਹਾਜ਼ ਅਗਵਾ ਕਰ ਕੇ ਲਾਹੌਰ ਲੈ ਗਏ ਸਨ ਤੇ ਇਨ੍ਹਾਂ ਨੂੰ ਪਾਕਿਸਤਾਨ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਸੀਨੀਅਰ ਆਗੂ ਹਰਚਰਨਜੀਤ ਸਿੰਘ ਧਾਮੀ ਅਤੇ ਕੰਵਰਪਾਲ ਸਿੰਘ ਨੇ ਕਿਹਾ ਕਿ ਇਹ ਇਕ ਤ੍ਰਾਸਦੀ ਹੈ ਕਿ ਜਹਾਜ਼ ਅਗਵਾ ਦੀ ਘਟਨਾ ਲਈ ਉਮਰ ਕੈਦ ਕੱਟਣ ਦੇ ਬਾਵਜੂਦ ਗਜਿੰਦਰ ਸਿੰਘ ਨੂੰ ਜਲਾਵਤਨੀ ਅਤੇ ਗੁਮਨਾਮੀ ਦੀ ਜ਼ਿੰਦਗੀ ਬਤੀਤ ਕਰਨੀ ਪੈ ਰਹੀ ਹੈ। ਜਥੇਬੰਦੀ ਨੇ ਇਹ ਨਹੀਂ ਦੱਸਿਆ ਕਿ ਗਜਿੰਦਰ ਸਿੰਘ ਹੁਣ ਕਿਥੇ ਹੈ ਪਰ ਇਹ ਜ਼ਰੂਰ ਲਿਖਿਆ ਹੈ ਕਿ ਉਹ ਜਥੇਬੰਦੀ ਦੇ ਸਰਪ੍ਰਸਤ ਹਨ ਅਤੇ ਮਿਥੇ ਟੀਚੇ ਨੂੰ ਪ੍ਰਾਪਤ ਕਰਨ ਲਈ ਜਮਹੂਰੀ ਢੰਗ-ਤਰੀਕਿਆਂ ਨਾਲ ਸਰਗਰਮ ਹਨ। ਜ਼ਿਕਰਯੋਗ ਹੈ ਕਿ ਗਜਿੰਦਰ ਸਿੰਘ ਨਵੰਬਰ 1994 ਵਿਚ ਸਜ਼ਾ ਪੂਰੀ ਕਰ ਕੇ ਕੋਟ ਲਖਪੱਤ ਜੇਲ੍ਹ (ਪਾਕਿਸਤਾਨ) ਵਿਚੋਂ ਰਿਹਾਅ ਹੋਇਆ ਸੀ। ਜਥੇਬੰਦੀ ਦੇ ਆਗੂਆਂ ਦਾ ਕਹਿਣਾ ਹੈ ਕਿ ਗਜਿੰਦਰ ਸਿੰਘ ਦਾ ਕੇਸ ਸ਼ਰਨਾਰਥੀ ਦਰਜੇ ਲਈ ਯੋਗ ਕੇਸ ਹੈ ਕਿਉਂਕਿ ਸਜ਼ਾ ਭੁਗਤਣ ਦੇ ਬਾਵਜੂਦ ਉਸ ਨੂੰ ਘਰ ਨਹੀਂ ਪਰਤਣ ਦਿੱਤਾ ਜਾ ਰਿਹਾ।

# ਸਰਕਾਰ ਨੇ ਗੈਰ-ਕਾਨੂੰਨੀ ਪਰਵਾਸ ਰੋਕਣ ਦਾ ਲੱਭਿਆ ਰਾਹ

**ਚੰਡੀਗੜ੍ਹ:** ਡਾਲਰਾਂ ਦੀ ਚਾਹ ਵਿਚ ਗੈਰਕਾਨੂੰਨੀ ਪਰਵਾਸ ਕਰਨ ਵਾਲੇ ਨੌਜਵਾਨਾਂ ਨੂੰ ਪੰਜਾਬ ਸਰਕਾਰ ਸਿੱਧੇ ਰਾਹ ਪਾਏਗੀ। ਇਸ ਉਦੇਸ਼ ਲਈ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਕੌਮਾਂਤਰੀ ਹੁਨਰ ਸਿਖਲਾਈ ਕੇਂਦਰ ਸਥਾਪਤ ਕੀਤਾ ਜਾ ਰਿਹਾ ਹੈ। ਇਸ ਕੇਂਦਰ 'ਚ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਨੂੰ ਮਾਹਿਰਾਂ ਵੱਲੋਂ ਕਾਨੂੰਨੀ ਰਸਤੇ ਬਾਰੇ ਸਲਾਹ-ਮਸ਼ਵਰੇ ਦਿੱਤੇ ਜਾਣਗੇ। ਇਹ ਕੇਂਦਰ ਪੰਜਾਬ ਹੁਨਰ ਵਿਕਾਸ ਮਿਸ਼ਨ ਦੀ ਨਿਗਰਾਨੀ ਹੇਠ ਸਥਾਪਤ ਕੀਤਾ ਜਾਵੇਗਾ।

ਪੰਜਾਬ ਸਰਕਾਰ ਵੱਲੋਂ ਰਾਜਪੁਰਾ, ਜਲੰਧਰ ਅਤੇ ਅੰਮ੍ਰਿਤਸਰ ਵਿਚੋਂ ਕਿਸੇ ਇਕ ਸ਼ਹਿਰ 'ਚ ਕੌਮਾਂਤਰੀ ਹੁਨਰ ਸਿਖਲਾਈ ਕੇਂਦਰ ਖੋਲ੍ਹਿਆ ਜਾਵੇਗਾ। ਪੰਜਾਬ ਹੁਨਰ ਵਿਕਾਸ ਮਿਸ਼ਨ ਦੇ ਅਧਿਕਾਰੀਆਂ ਮੁਤਾਬਕ ਇਹ ਆਪਣੇ ਤਰ੍ਹਾਂ ਦਾ ਪਹਿਲਾ ਕੇਂਦਰ ਹੋਵੇਗਾ, ਜੋ ਉਨ੍ਹਾਂ ਨੌਜਵਾਨਾਂ ਲਈ ਚਾਨਣ ਮੁਨਾਰਾ ਬਣੇਗਾ ਜੋ ਹਰ ਹੀਲਾ ਵਰਤ ਕੇ ਵਿਦੇਸ਼ ਜਾਣਾ ਚਾਹੁੰਦੇ ਹਨ। ਕਾਨੂੰਨੀ ਢੰਗ ਨਾਲ ਸੱਤ ਸਮੁੰਦਰ ਪਾਰ ਕਰਨ 'ਚ ਅਸਫਲ ਰਹਿਣ ਮਗਰੋਂ ਨੌਜਵਾਨ ਗੈਰਕਾਨੂੰਨੀ ਢੰਗ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਨਤੀਜੇ ਵਜੋਂ ਪਨਾਮਾ ਅਤੇ ਮਾਲਟਾ ਕਿਸ਼ਤੀ ਵਰਗੀਆਂ ਤਰਾਸਦੀਆਂ ਸਾਹਮਣੇ ਆਉਂਦੀਆਂ ਹਨ। ਸੰਯੁਕਤ ਰਾਸ਼ਟਰ ਸੰਗਠਨ ਦੇ ਅਧਿਐਨ ਮੁਤਾਬਕ ਹਰ ਸਾਲ ਪੰਜਾਬ 'ਚ ਵੀਹ ਹਜ਼ਾਰ ਨੌਜਵਾਨ ਗੈਰਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿਚ ਪਰਵਾਸ ਕਰਦਾ ਹੈ। ਯੂ.ਐਨ.ਓ. ਵੱਲੋਂ ਇਹ ਅਧਿਐਨ ਕਈ ਸਾਲ ਪਹਿਲਾਂ ਕੀਤਾ ਗਿਆ ਸੀ, ਜਿਸ ਕਰ ਕੇ ਇਹ ਅੰਕੜਾ ਹੋਰ ਵੀ ਵਿਸ਼ਾਲ ਹੋ ਸਕਦਾ ਹੈ। ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸੂਬਿਆਂ ਦੇ 'ਹੁਨਰ ਵਿਕਾਸ ਸੰਮੇਲਨ' ਵਿਚ ਪਹੁੰਚੇ ਪੰਜਾਬ ਹੁਨਰ ਵਿਕਾਸ ਮਿਸ਼ਨ ਦੇ ਸਲਾਹਕਾਰ ਸੰਦੀਪ ਕੌਹਰਾ ਨੇ ਕਿਹਾ ਕਿ ਭਵਿੱਖ 'ਚ ਪਨਾਮਾ, ਮਾਲਟਾ ਤੇ ਅਜਿਹੀਆਂ ਤਰਾਸਦੀਆਂ ਨੂੰ ਵਾਪਰਨ ਤੋਂ ਰੋਕਣ ਲਈ ਹੀ ਪੰਜਾਬ ਸਰਕਾਰ ਨੇ ਇਹ ਕਦਮ ਚੁੱਕਿਆ ਹੈ।

## ਡਾ. ਮਨਮੋਹਨ ਸਿੰਘ ਨੂੰ ਇੰਦਰਾ ਗਾਂਧੀ ਸ਼ਾਂਤੀ ਪੁਰਸਕਾਰ

**ਨਵੀਂ ਦਿੱਲੀ:** 2004 ਤੋਂ 2014 ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਰਹੇ ਮਨਮੋਹਨ ਸਿੰਘ ਨੂੰ ਉਨ੍ਹਾਂ ਵਲੋਂ ਵਿਸ਼ਵ 'ਚ ਭਾਰਤ ਦਾ ਨਾਂ ਉਚਾ ਕਰਨ, ਨਿਸ਼ਸਤਰੀਕਰਨ ਤੇ ਦੇਸ਼ ਦੇ ਵਿਕਾਸ ਦੇ ਖੇਤਰ 'ਚ ਪਾਏ ਅਹਿਮ ਯੋਗਦਾਨ ਲਈ ਇੰਦਰਾ ਗਾਂਧੀ ਸ਼ਾਂਤੀ ਪੁਰਸਕਾਰ ਨਾਲ ਸਨਮਾਨਤ ਕੀਤਾ ਜਾਵੇਗਾ।

*ਪਦਮਾਵਤੀ ਵਿਵਾਦ*

# ਫਿਲਮਕਾਰਾਂ ਨੇ ਰਿਲੀਜ਼ ਦੀ ਤਰੀਕ ਟਾਲੀ

ਮੁੰਬਈ: ਸੰਜੇ ਲੀਲਾ ਭੰਸਾਲੀ ਦੀ ਵਿਵਾਦਾਂ ਵਿਚ ਘਿਰੀ ਫਿਲਮ ਪਦਮਾਵਤੀ ਨੂੰ ਰਿਲੀਜ਼ ਕਰਨ ਦੀ ਤਜਵੀਜ਼ਤ ਤਰੀਕ ਫਿਲਮ ਦੇ ਨਿਰਮਾਤਾਵਾਂ ਨੇ ਫਿਲਹਾਲ ਟਾਲ ਦਿੱਤੀ ਹੈ।

ਵਾਇਆਕੌਮ18 ਮੋਸ਼ਨ ਪਿਕਚਰਜ਼ ਦੇ ਬੁਲਾਰੇ ਨੇ ਦੱਸਿਆ ਕਿ ਪਦਮਾਵਤੀ ਫਿਲਮ ਨੂੰ ਪਹਿਲੀ ਦਸੰਬਰ 2017 ਨੂੰ ਰਿਲੀਜ਼ ਕਰਨ ਦਾ ਤਰੀਕ ਅੱਗੇ ਪਾਉਣ ਦਾ ਫੈਸਲਾ ਆਪਣੀ ਮਰਜ਼ੀ ਨਾਲ ਲਿਆ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਉਹ ਦੇਸ਼ ਦੇ ਕਾਨੂੰਨ ਤੇ ਫਿਲਮ ਸਰਟੀਫਿਕੇਟ ਬਾਰੇ ਕੇਂਦਰੀ ਬੋਰਡ (ਸੀ.ਬੀ.ਐਫ.ਸੀ.) ਵਰਗੀਆਂ ਸੰਸਥਾਵਾਂ ਸਨਮਾਨ ਕਰਦੇ ਹਨ ਤੇ ਇਕ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਉਹ ਉਹ ਮੁਕੰਮਲ ਪ੍ਰਕਿਰਿਆ ਦਾ ਪਾਲਣ ਕਰਨ ਲਈ ਪ੍ਰਤੀਬੱਧ ਹਨ।

**ਸੁਪਰੀਮ ਕੋਰਟ ਵੱਲੋਂ ਪਟੀਸ਼ਨ ਰੱਦ:** ਸੁਪਰੀਮ ਕੋਰਟ ਨੇ ਬੌਲੀਵੁੱਡ ਫਿਲਮ ਪਦਮਾਵਤੀ ਵਿਚ 'ਇਤਰਾਜ਼ਯੋਗ ਦ੍ਰਿਸ਼' ਹਟਾਉਣ ਦੀ ਮੰਗ ਕਰਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ। ਸਿਖਰਲੀ ਅਦਾਲਤ ਨੇ ਕਿਹਾ ਕਿ ਇਸ ਮੌਕੇ ਅਜਿਹੀ ਅਪੀਲ 'ਤੇ ਗੌਰ ਕਰਨਾ 'ਬੇਵਕਤੀ' ਕਾਰਵਾਈ ਹੋਵੇਗੀ।

# ਸਰਕਾਰੀ ਲਾਰਿਆਂ ਆਸਰੇ ਖੁਦਕੁਸ਼ੀ ਪੀੜਤ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਖੁਦਕੁਸ਼ੀ ਪੀੜਤ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਰਾਹਤ ਰਾਸ਼ੀ ਪੰਜ ਲੱਖ ਰੁਪਏ ਦੇਣ ਦਾ ਐਲਾਨ ਤਾਂ ਸ਼ਗੂਫਾ ਬਣ ਕੇ ਰਹਿ ਗਿਆ ਹੈ ਬਲਕਿ ਅਜੇ ਤੱਕ ਪੁਰਾਣੇ ਦੋ ਅਤੇ ਤਿੰਨ ਲੱਖ ਰੁਪਏ ਵਾਲੇ ਬਿੱਲਾਂ ਉਤੇ ਵੀ ਖਜ਼ਾਨੇ ਵੱਲੋਂ ਅਣਐਲਾਨੀ ਪਾਬੰਦੀ ਲੱਗਣ ਕਰ ਕੇ ਪੈਸਾ ਪੀੜਤ ਪਰਿਵਾਰਾਂ ਨੂੰ ਨਹੀਂ ਮਿਲ ਰਿਹਾ। ਬਹੁਤੇ ਪਰਿਵਾਰ ਪਿਛਲੇ ਕਈ ਸਾਲਾਂ ਤੋਂ ਰਾਹਤ ਉਡੀਕ ਰਹੇ ਹਨ। ਪਿਛਲੇ ਦਿਨੀਂ 92 ਕੇਸਾਂ ਨੂੰ ਮਨਜ਼ੂਰੀ ਮਿਲੀ ਹੈ ਅਤੇ ਖਜ਼ਾਨੇ ਵਿਚ ਕਿੰਨਾ ਇੰਤਜ਼ਾਰ ਕਰਨਾ ਪਵੇਗਾ, ਇਸ ਬਾਰੇ ਕਿਸੇ ਨੂੰ ਇਲਮ ਨਹੀਂ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਮਨੋਰਥ ਵਿਚ ਕੀਤੇ ਵਾਅਦੇ ਅਨੁਸਾਰ 19 ਜੂਨ 2017 ਨੂੰ ਵਿਧਾਨ ਸਭਾ ਵਿਚ ਖੁਦਕੁਸ਼ੀ ਪੀੜਤ ਕਿਸਾਨਾਂ ਅਤੇ ਮਜ਼ਦੂਰ ਪਰਿਵਾਰਾਂ ਲਈ ਰਾਹਤ ਰਾਸ਼ੀ ਵਧਾ ਕੇ ਪੰਜ ਲੱਖ ਕਰਨ ਦਾ ਐਲਾਨ ਕੀਤਾ ਸੀ। ਕਰਜ਼ਾ ਮੁਆਫੀ ਦਾ ਨੋਟੀਫਿਕੇਸ਼ਨ ਤਾਂ ਹੋਇਆ ਪਰ ਇਹ ਵੀ ਅਧਵਾਟੇ ਲਟਕ ਰਿਹਾ ਹੈ। ਖੁਦਕੁਸ਼ੀ ਪੀੜਤ ਪਰਿਵਾਰਾਂ ਦੀ ਰਾਸ਼ੀ ਬਾਰੇ ਤਾਂ ਨੋਟੀਫਿਕੇਸ਼ਨ ਵੀ ਅਜੇ ਤੱਕ ਜਾਰੀ ਨਹੀਂ ਹੋਇਆ। ਸੂਬਾ ਸਰਕਾਰ ਵੱਲੋਂ 12 ਜੂਨ 2015 ਨੂੰ ਖੁਦਕੁਸ਼ੀ ਪੀੜਤ ਕਿਸਾਨਾਂ ਅਤੇ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਰਾਹਤ ਸਬੰਧੀ ਜਾਰੀ ਨੀਤੀ ਦੇ ਨੋਟੀਫਿਕੇਸ਼ਨ ਅਨੁਸਾਰ ਖੁਦਕੁਸ਼ੀ ਦੀ ਤਰੀਕ ਤੋਂ ਤਿੰਨ ਮਹੀਨਿਆਂ ਦੇ ਅੰਦਰ ਪੀੜਤ ਪਰਿਵਾਰ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਵਿਚ ਬਣੀ ਜ਼ਿਲ੍ਹਾ ਪੱਧਰੀ ਕਮੇਟੀ ਕੋਲ ਅਰਜ਼ੀ ਦੇਵੇਗਾ। ਕਮੇਟੀ ਇਕ ਮਹੀਨੇ ਦੇ ਅੰਦਰ ਇਸ ਉਤੇ ਫੈਸਲਾ ਕਰੇਗੀ। ਸਥਿਤੀ ਦਾ ਆਲਮ ਇਹ ਹੈ ਕਿ ਸਾਲਾਂਬੱਧੀ ਸੈਂਕੜੇ ਕੇਸ ਸਰਕਾਰ ਦੀ ਮਾਲ ਵਿਭਾਗ ਦੇ ਵਧੀਕ ਸਕੱਤਰ ਦੀ ਅਗਵਾਈ ਵਾਲੀ ਕਮੇਟੀ ਕੋਲ ਜਾਂ ਉਸ ਤੋਂ ਬਾਅਦ ਖਜ਼ਾਨਿਆਂ ਵਿਚ ਅਟਕੇ ਪਏ ਹਨ।

## ਫਾਰੂਕ ਤੇ ਰਿਸ਼ੀ ਕਪੂਰ ਖਿਲਾਫ਼ ਸ਼ਿਕਾਇਤ ਦਰਜ

**ਜੰਮੂ:** ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਬਾਰੇ ਬਿਆਨਬਾਜ਼ੀ ਕਰਨ ਦੇ ਮਾਮਲੇ ਵਿਚ ਫਿਲਮ ਅਦਾਕਾਰ ਰਿਸ਼ੀ ਕਪੂਰ ਅਤੇ ਨੈਸ਼ਨਲ ਕਾਨਫਰੰਸ ਦੇ ਮੁਖੀ ਫਾਰੂਕ ਅਬਦੁੱਲਾ ਖਿਲਾਫ਼ ਜੰਮੂ ਦੇ ਇਕ ਸਮਾਜ ਸੇਵੀ ਨੇ ਅਦਾਲਤ ਵਿਚ ਸ਼ਿਕਾਇਤ ਦਰਜ ਕਰਾਈ ਹੈ। ਸਮਾਜ ਸੇਵੀ ਅਤੇ ਰਾਜ ਸਰਕਾਰ ਵੱਲੋਂ ਗਠਿਤ ਸਾਬਕਾ ਮੈਂਬਰ ਸੁਕੇਸ਼ ਸੀ ਖਜੂਰੀਆ ਨੇ ਧਾਰਾ 196 ਦੇ ਤਹਿਤ ਇਨ੍ਹਾਂ ਦੋਵਾਂ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 25 ਨਵੰਬਰ 2017*

## ਮੋਦੀ ਮਾਹੌਲ ਦੀ ਮਾਰ

ਫਿਲਮ 'ਪਦਮਾਵਤੀ' ਦੇ ਬਹਾਨੇ ਵਰਤਾਈ ਜਾ ਰਹੀ ਹਿੰਸਾ ਦਾ ਵਰਤਾਰਾ ਹੁਣ ਭਾਰਤ ਅਤੇ ਉਥੇ ਵੱਸਦੇ ਲੋਕਾਂ ਲਈ ਕੋਈ ਨਵਾਂ ਨਹੀਂ। ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਜਿੱਤ ਅਤੇ ਆਰ.ਐਸ.ਐਸ. ਪ੍ਰਚਾਰਕ ਰਹੇ ਕੱਟੜ ਆਗੂ ਨਰੇਂਦਰ ਮੋਦੀ ਵੱਲੋਂ ਮੁਲਕ ਦੀ ਵਾਗਡੋਰ ਸੰਭਾਲਣ ਤੋਂ ਤੁਰੰਤ ਬਾਅਦ ਇਸ ਸਿਲਸਿਲਾ ਸ਼ੁਰੂ ਹੋ ਗਿਆ ਸੀ। ਮੋਦੀ ਨੇ 26 ਮਈ ਨੂੰ ਬਤੌਰ ਪ੍ਰਧਾਨ ਮੰਤਰੀ ਅਹੁਦਾ ਸੰਭਾਲਿਆ ਸੀ ਅਤੇ ਇਕ ਹਫਤੇ ਬਾਅਦ ਹੀ 2 ਜੂਨ ਨੂੰ ਪੂਣੇ ਵਿਚ ਹਿੰਦੂ ਕੱਟੜਪੰਥੀਆਂ ਨੇ ਮੋਹਸਿਨ ਸ਼ੇਖ ਨਾਂ ਦੇ ਨੌਜਵਾਨ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਭੀੜ-ਤੰਤਰ ਦੀਆਂ ਅਜਿਹੀਆਂ ਅਣਗਿਣਤ ਕਰਤੂਤਾਂ ਵਾਪਰ ਚੁਕੀਆਂ ਹਨ, ਪਰ ਪ੍ਰਧਾਨ ਮੰਤਰੀ ਮੋਦੀ ਨੇ ਇਸ ਬਾਰੇ ਕਦੀ ਕੋਈ ਟਿੱਪਣੀ ਨਹੀਂ ਕੀਤੀ; ਜੇ ਕਦੀ ਕੀਤੀ ਵੀ ਹੈ ਤਾਂ ਬਹੁਤ ਲੇਟ ਅਤੇ ਆਪਣੇ ਸਮਰਥਕਾਂ ਨੂੰ ਮਿੱਠੀਆਂ ਝਿੜਕਾਂ ਦੇ ਕੇ ਸਾਰ ਦਿੱਤਾ ਗਿਆ। ਕਥਿਤ ਗਊ ਰਾਖਿਆਂ ਬਾਰੇ ਉਨ੍ਹਾਂ ਦਾ ਬਿਆਨ ਇਸ ਦੀ ਉਘੀ ਮਿਸਾਲ ਹੈ। ਅਸਲ ਵਿਚ ਪ੍ਰਧਾਨ ਮੰਤਰੀ, ਉਨ੍ਹਾਂ ਦੀ ਪਾਰਟੀ-ਭਾਰਤੀ ਜਨਤਾ ਪਾਰਟੀ ਤੇ ਇਨ੍ਹਾਂ ਦੀ ਸਰਪ੍ਰਸਤ- ਆਰ.ਐਸ.ਐਸ. ਨੇ ਇਨ੍ਹਾਂ ਸਾਢੇ ਤਿੰਨ ਸਾਲਾਂ ਦੌਰਾਨ ਮਾਹੌਲ ਹੀ ਅਜਿਹਾ ਸਿਰਜ ਦਿੱਤਾ ਹੈ, ਜਿਸ ਕਾਰਨ ਲੋਕਾਂ ਅੰਦਰਲੀ ਫਿਰਕੂ ਜ਼ਹਿਨੀਅਤ ਫੁੱਟ ਫੁੱਟ ਕੇ ਬਾਹਰ ਆ ਰਹੀ ਹੈ ਅਤੇ ਸਮਾਜ ਦਾ ਪਿੰਡਾ ਝੁਲਸ ਰਹੀ ਹੈ।

ਤਾਜ਼ਾ ਮਿਸਾਲ ਫਿਲਮ 'ਪਦਮਾਵਤੀ' ਦੀ ਹੈ। ਇਸ ਦਾ ਵਿਰੋਧ ਹਿੰਦੂ ਕੱਟਪੰਥੀ ਜਥੇਬੰਦੀਆਂ ਅਤੇ ਸੰਸਥਾਵਾਂ ਤਾਂ ਕਰ ਰਹੀ ਰਹੀਆਂ ਹਨ, ਭਾਜਪਾ ਦੇ ਮੁੱਖ ਮੰਤਰੀ ਤੱਕ ਬਿਆਨ ਦਾਗਣ ਤੋਂ ਗੁਰੇਜ਼ ਨਹੀਂ ਕਰ ਰਹੇ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਤਾਂ ਫਿਲਮ ਦੇ ਨਿਰਦੇਸ਼ਕ ਸੰਜੇ ਲੀਲ੍ਹਾ ਭੰਸਾਲੀ ਨੂੰ ਵੀ ਹੁੱਲੜਬਾਜ਼ੀ ਕਰਨ ਵਾਲਿਆਂ ਦੇ ਬਰਾਬਰ ਦੋਸ਼ੀ ਕਰਾਰ ਦੇ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਅਜਿਹੀ ਵਿਵਾਦਗ੍ਰਸਤ ਫਿਲਮ ਬਣਾ ਕੇ ਲੋਕਾਂ ਦੀਆਂ ਭਾਵਨਾਵਾਂ ਭੜਕਾਈਆਂ ਹਨ। ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਨੇ ਤਾਂ ਇਹ ਐਲਾਨ ਵੀ ਕਰ ਦਿੱਤਾ ਹੈ ਕਿ ਜਿੰਨਾ ਚਿਰ ਫਿਲਮ ਵਿਚੋਂ ਇਤਰਾਜ਼ ਵਾਲੇ ਦ੍ਰਿਸ਼ ਕੱਟੇ ਨਹੀਂ ਜਾਂਦੇ, ਉਦੋਂ ਤੱਕ ਫਿਲਮ ਰਿਲੀਜ਼ ਨਹੀਂ ਕਰਨ ਦਿੱਤੀ ਜਾਵੇਗੀ। ਭਾਰਤੀ ਜਨਤਾ ਪਾਰਟੀ ਦੀ ਹਰਿਆਣਾ ਇਕਾਈ ਦੇ ਬੁਲਾਰੇ ਸੂਰਜ ਪਾਲ ਅਮੂ ਨੇ ਤਾਂ ਸੰਜੇ ਲੀਲ੍ਹਾ ਭੰਸਾਲੀ ਅਤੇ ਫਿਲਮ ਦੀ ਨਾਇਕਾ ਦੀਪਕਾ ਪਾਦੂਕੋਣ ਦੇ ਸਿਰ ਉਤੇ 10 ਕਰੋੜ ਰੁਪਏ ਦਾ ਇਨਾਮ ਤਕ ਰੱਖ ਦਿੱਤਾ ਅਤੇ ਪਾਰਟੀ ਵੱਲੋਂ 'ਕਾਰਨ ਦੱਸੋ ਨੋਟਿਸ' ਜਾਰੀ ਕਰਨ ਅਤੇ ਪੁਲਿਸ ਵੱਲੋਂ ਕੇਸ ਦਰਜ ਕਰਨ ਦੇ ਬਾਵਜੂਦ ਉਸ ਨੇ ਚੰਡੀਗੜ੍ਹ ਵਿਚ ਪ੍ਰੈਸ ਕਾਨਫਰੰਸ ਕਰ ਕੇ ਇਕ ਹੋਰ ਚਿਤਾਵਨੀ ਦੇ ਦਿੱਤੀ ਕਿ ਉਹ ਇਹ ਫਿਲਮ ਰਿਲੀਜ਼ ਹੀ ਨਹੀਂ ਹੋਣ ਦੇਵੇਗਾ। ਇਸ ਫਿਲਮ ਦੇ ਕਿਹੜੇ ਦ੍ਰਿਸ਼ ਇਤਰਾਜ਼ ਵਾਲੇ ਹਨ? ਕਿਸੇ ਨੇ ਫਿਲਮ ਅਜੇ ਦੇਖੀ ਨਹੀਂ ਹੈ ਅਤੇ ਇਤਰਾਜ਼ ਵਾਲੇ ਦ੍ਰਿਸ਼ਾਂ ਦਾ ਢੰਡੋਰਾ ਸਾਰੇ ਪਿੱਟ ਰਹੇ ਹਨ। ਭੰਸਾਲੀ ਨੇ ਹੁਣ ਤੱਕ ਜਿਹੜੇ ਪੱਤਰਕਾਰਾਂ ਨੂੰ ਇਹ ਫਿਲਮ ਦਿਖਾਈ ਹੈ, ਉਨ੍ਹਾਂ ਵਿਚੋਂ ਕੁਝ ਇਕ ਭਾਜਪਾ ਪੱਖੀ ਵੀ ਹਨ। ਇਨ੍ਹਾਂ ਪੱਤਰਕਾਰਾਂ ਦਾ ਵੀ ਕਹਿਣਾ ਹੈ ਕਿ ਫਿਲਮ ਵਿਚ ਇਤਰਾਜ਼ ਵਾਲਾ ਕੁਝ ਵੀ ਨਹੀਂ ਹੈ, ਬਲਕਿ ਫਿਲਮ ਵਿਚ ਹਰ ਮਰਿਆਦਾ ਨੂੰ ਸ਼ਾਨਦਾਰ ਢੰਗ ਨਾਲ ਬੁਲੰਦ ਕੀਤਾ ਗਿਆ ਹੈ, ਪਰ ਉਨ੍ਹਾਂ ਦੀ ਗੱਲ ਕਿਸੇ ਨੇ ਵੀ ਸੁਣੀ ਨਹੀਂ ਹੈ। ਸਭ ਤੋਂ ਵੱਡੀ ਗੱਲ, ਭਾਰਤੀ ਜਨਤਾ ਪਾਰਟੀ ਦੇ ਕਿਸੇ ਵੀ ਜ਼ਿੰਮੇਵਾਰ ਆਗੂ ਨੇ ਇਸ ਬਾਰੇ ਕੁਝ ਵੀ ਸਪਸ਼ਟ ਕਰਨ ਦਾ ਯਤਨ ਤਕ ਨਹੀਂ ਕੀਤਾ ਹੈ।

ਦਰਅਸਲ ਇਥੇ ਮਸਲਾ ਸਿਰਫ ਫਿਲਮ ਦਾ ਨਹੀਂ, ਸਗੋਂ ਸਿਆਸਤ ਦਾ ਹੈ। ਗੁਜਰਾਤ ਅਤੇ ਹਿਮਚਾਲ ਪ੍ਰਦੇਸ਼ ਵਰਗੇ ਸੂਬਿਆਂ ਵਿਚ ਵੋਟਾਂ ਦਾ ਅਮਲ ਚੱਲ ਰਿਹਾ ਹੈ ਅਤੇ ਇਨ੍ਹਾਂ ਸੂਬਿਆਂ ਵਿਚ ਭਾਵੇਂ ਭਾਰਤੀ ਜਨਤਾ ਪਾਰਟੀ ਦਾ ਹੱਥ ਉਤਾਂਹ ਹੀ ਹੈ, ਪਰ ਇਸ ਨੂੰ ਖਦਸ਼ਾ ਹੈ ਕਿ ਇਹ ਕਿਤੇ ਹਾਰ ਨਾ ਜਾਵੇ। ਇਸ ਲਈ ਇਹ ਫਿਲਮ ਦੇ ਬਹਾਨੇ ਆਪਣਾ ਪੁਰਾਣਾ ਨੁਸਖਾ ਵਰਤ ਰਹੀ ਹੈ ਅਤੇ ਅਜਿਹੇ ਮੁੱਦੇ ਉਭਾਰ ਕੇ ਲੋਕਾਂ ਨੂੰ ਭਾਵੁਕ ਕਰਨ ਦਾ ਯਤਨ ਕਰ ਰਹੀ ਹੈ। ਉਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵੇਲੇ ਅਜਿਹਾ ਹੀ ਪੱਤਾ ਵਰਤਿਆ ਗਿਆ ਸੀ। ਹੁਣ ਵੀ ਉਥੇ ਨਗਰ ਨਿਗਮ ਚੋਣਾਂ ਹੋ ਰਹੀਆਂ ਹਨ ਤਾਂ ਕਿਸੇ ਨਾ ਕਿਸੇ ਬਹਾਨੇ ਰਾਮ ਮੰਦਿਰ ਬਾਰੇ ਚਰਚਾ ਛੇੜ ਲਈ ਗਈ ਹੈ। ਇਸ ਪੱਖ ਤੋਂ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀ ਪੂਰੀ ਝੰਡੀ ਹੈ ਕਿ ਇਹ ਜਥੇਬੰਦੀਆਂ ਸਮਾਜ ਅੰਦਰ ਆਪਣੀ ਸਿਆਸਤ ਦੇ ਹੱਕ ਵਿਚ ਮਾਹੌਲ ਬਣਾਉਣ ਵਿਚ ਸਫਲ ਰਹੀਆਂ ਹਨ। ਫਿਲਮ 'ਪਦਮਾਵਤੀ' ਅਜੇ ਸੈਂਸਰ ਬੋਰਡ ਨੇ ਪਾਸ ਕਰਨੀ ਹੈ ਅਤੇ ਉਥੇ ਪੁੱਜਣ ਤੋਂ ਪਹਿਲਾਂ ਹੀ ਮਾਹੌਲ ਇਹ ਬਣਾ ਦਿੱਤਾ ਗਿਆ ਹੈ ਕਿ ਫਿਲਮ ਚੱਲਣ ਨਹੀਂ ਦਿੱਤੀ ਜਾਵੇਗੀ। ਕੁਝ ਸਮਾਂ ਪਹਿਲਾਂ ਪਾਕਿਸਤਾਨੀ ਕਲਾਕਾਰਾਂ ਖਿਲਾਫ ਚਲਾਈ ਮੁਹਿੰਮ ਵੇਲੇ ਵੀ ਅਜਿਹਾ ਹੀ ਕੀਤਾ ਗਿਆ ਸੀ। ਉਸ ਵਕਤ ਪਹਿਲਾਂ-ਪਹਿਲ ਫਿਲਮ 'ਐ ਦਿਲ ਏ ਮੁਸ਼ਕਿਲ' ਦੇ ਕਰਤਾ-ਧਰਤਾ ਕਰਨ ਜੌਹਰ ਕੁਝ ਕੁ ਅੜੇ ਸਨ, ਪਰ ਫਿਰ ਸਮਝੌਤਾ ਕਰ ਕੇ ਕੱਟੜਪੰਥੀਆਂ ਅੱਗੇ ਝੁਕ ਗਏ ਅਤੇ ਪਾਕਿਸਤਾਨੀ ਕਲਾਕਾਰ ਫਵਾਦ ਖਾਨ ਦਾ ਰੋਲ ਕੱਟ-ਕਟਾ ਕੇ ਫਿਲਮ ਰਿਲੀਜ਼ ਕਰ ਦਿੱਤੀ ਗਈ ਸੀ। ਅਸਲ ਵਿਚ ਭਾਰਤੀ ਜਨਤਾ ਪਾਰਟੀ ਦੀ ਇਸ ਕੱਟੜ ਸਿਆਸਤ ਖਿਲਾਫ ਡਟਣ ਵਾਲਿਆਂ ਦਾ ਹਾਲ ਫਿਲਹਾਲ ਮਾੜਾ ਹੈ। ਲੈ-ਦੇ ਕੇ ਸਭ ਨਜ਼ਰਾਂ ਕਾਂਗਰਸ ਵੱਲ ਹੋ ਜਾਂਦੀਆਂ ਹਨ ਅਤੇ ਪਿਛਲੇ ਸਮਿਆਂ ਦੌਰਾਨ ਕਾਂਗਰਸ ਦੀ ਸਿਆਸਤ ਕਿਹੋ ਜਿਹੀ ਰਹੀ ਹੈ, ਇਸ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ। ਅਸਲ ਵਿਚ ਹੁਣ ਭਾਰਤੀ ਜਨਤਾ ਪਾਰਟੀ ਦੀ ਹੁਲੜਬਾਜ਼ੀ ਵਾਲੀ ਅਤੇ ਕਾਂਗਰਸ ਦੀ ਯਰਕਾਊ ਸਿਆਸਤ ਖਿਲਾਫ ਨਵੀਂ ਸਿਆਸਤ ਦਾ ਆਗਾਜ਼ ਹੋਣਾ ਚਾਹੀਦਾ ਹੈ। ਕਿਤੇ ਕਿਤੇ ਅਜਿਹੀ ਆਵਾਜ਼ ਉਠਦੀ ਵੀ ਰਹੀ ਹੈ, ਪਰ ਇਹ ਆਵਾਜ਼ ਅਜੇ ਬਹੁਤ ਧੀਮੀ ਹੈ। ਸੰਜੀਦਾ ਲੋਕਾਂ ਨੂੰ ਅਜਿਹੀ ਆਵਾਜ਼ ਵਿਚ ਆਵਾਜ਼ ਮਿਲਾਉਣ ਲਈ ਆਪੋ-ਆਪਣੇ ਥਾਂ ਹੀਲਾ-ਵਸੀਲਾ ਕਰਦੇ ਰਹਿਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਾਜ਼ਾਰ ਦੀ ਮਾਰ!*

ਮਮਤਾ ਧੂਹ ਕੇ ਮਾਂਵਾਂ ਦੇ ਦਿਲਾਂ ਵਿਚੋਂ, ਰਾਹ ਧਨ ਕਮਾਉਣ ਦੇ ਪਾਈਆਂ ਨੇ।
ਆਏ ਸਮਝਦੇ 'ਨੀਵੀਆਂ' ਆਪਣੇ ਤੋਂ, ਦਿੱਤੀ ਇਹ 'ਬਰਾਬਰੀ' ਭਾਈਆਂ ਨੇ।
ਦੇਖ-ਰੇਖ ਵਿਚ ਬੱਚੇ ਨੂੰ ਪਾਲਣਾ ਸੀ, ਉਹ 'ਡਿਊਟੀਆਂ' ਸਭ ਭੁਲਾਈਆਂ ਨੇ।
ਬਾਲ ਜੰਮਦੇ ਤੋਰ ਸਕੂਲ ਦਿੱਤੇ, ਘੂਰ-ਘੱਪ ਕੇ ਬੰਨ੍ਹੀਆਂ 'ਟਾਈਆਂ' ਨੇ।
ਮਾਂ ਦੇ ਮੂੰਹ ਨੂੰ ਤਰਸਦੇ ਰਹਿਣ ਬੱਚੇ, ਨਵੀਂ ਪੀੜ੍ਹੀ 'ਚ 'ਖੁਸ਼ਕੀਆਂ' ਆਈਆਂ ਨੇ।
ਮਾਰ ਪਈ 'ਬਾਜ਼ਾਰ' ਦੀ ਟੱਬਰਾਂ 'ਤੇ, ਪੱਕੇ ਡੇਰੇ ਲਾ ਲਏ ਆ ਬੁਰਾਈਆਂ ਨੇ!

# ਪੰਜਾਬ ਦੀ ਖਾੜਕੂ ਜੱਦੋ-ਜਹਿਦ ਦਾ ਕੱਲ੍ਹ, ਅੱਜ ਤੇ ਭਲਕ

*ਪੰਜਾਬ ਵਿਚ ਪਿਛਲੇ ਕੁਝ ਸਮੇਂ ਦੌਰਾਨ ਲਗਾਤਾਰ ਹੋ ਰਹੇ ਸਿਆਸੀ ਕਤਲਾਂ ਅਤੇ ਇਸ ਸਿਲਸਿਲੇ ਵਿਚ ਹੁਣ ਹੋਈਆਂ ਕੁਝ ਗ੍ਰਿਫਤਾਰੀਆਂ ਤੋਂ ਬਾਅਦ ਖਾੜਕੂਵਾਦ ਬਾਰੇ ਚਰਚਾ ਇਕ ਵਾਰ ਫਿਰ ਚੱਲੀ ਹੈ। ਸੀਨੀਅਰ ਪੱਤਰਕਾਰ ਜਗਤਾਰ ਸਿੰਘ ਜਿਨ੍ਹਾਂ ਆਪਣੀ ਅਹਿਮ ਕਿਤਾਬ 'ਖਾਲਿਸਤਾਨ ਸਟਰਗਲ: ਏ ਨਾਨ ਮੂਵਮੈਂਟ' ਵਿਚ ਪੰਜਾਬ ਦੇ ਇਨ੍ਹਾਂ ਸਾਲਾਂ ਬਾਰੇ ਵਿਸਥਾਰ ਸਹਿਤ ਲਿਖਿਆ ਹੈ, ਨੇ ਇਸ ਲੇਖ ਵਿਚ ਪੰਜਾਬ ਦੇ ਨਵੇਂ ਹਾਲਾਤ ਬਾਰੇ ਟਿੱਪਣੀ ਕੀਤੀ ਹੈ ਅਤੇ ਇਹ ਸਵਾਲ ਵੀ ਛੱਡਿਆ ਹੈ ਕਿ ਪੰਜਾਬ ਵਿਚ ਬਦਲ ਰਹੇ ਸਮਾਜਕ, ਆਰਥਿਕ ਅਤੇ ਸਿਆਸੀ ਮਾਹੌਲ ਅੰਦਰ ਹੁਣ ਕਿਹੜੇ ਨਵੇਂ ਸਮੀਕਰਣ ਬਣ-ਵਿਗਸ ਰਹੇ ਹਨ। ਉਨ੍ਹਾਂ ਦੀ ਇਹ ਟਿੱਪਣੀ ਅਸੀਂ ਆਪਣੇ ਪਾਠਕਾਂ ਲਈ ਉਚੇਚੀ ਛਾਪ ਰਹੇ ਹਾਂ। -ਸੰਪਾਦਕ*

ਜਗਤਾਰ ਸਿੰਘ ਜੱਗੀ ਜੌਹਲ ਦੀ ਗ੍ਰਿਫਤਾਰੀ ਅਤੇ ਹਾਲ ਹੀ ਦੌਰਾਨ ਕੀਤੀਆਂ ਹੋਰ ਗ੍ਰਿਫ਼ਤਾਰੀਆਂ ਤੋਂ ਬਾਅਦ ਪੰਜਾਬ ਸਰਕਾਰ ਨੇ ਹਿੰਦੂ ਅਤੇ ਹੋਰ ਆਗੂਆਂ ਦੇ ਕਤਲ ਕੇਸ ਸੁਲਝਾਉਣ ਦਾ ਦਾਅਵਾ ਕਰਦਿਆਂ ਦੋ ਅਹਿਮ ਇੰਕਸ਼ਾਫ ਕੀਤੇ ਹਨ। ਜੱਗੀ ਜੌਹਲ ਦੀ ਗ੍ਰਿਫਤਾਰੀ ਖਿਲਾਫ਼ ਵੱਡੇ ਪੱਧਰ 'ਤੇ ਰੋਸ ਪ੍ਰਗਟ ਹੋਇਆ ਹੈ। ਸਰਕਾਰ ਦੇ ਇਨ੍ਹਾਂ ਦੋਹਾਂ ਇੰਕਸ਼ਾਫਾਂ ਤੋਂ ਸਾਫ ਸੰਕੇਤ ਮਿਲਦਾ ਹੈ ਕਿ 24 ਅਪਰੈਲ 1980 ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੇ ਕਤਲ ਨਾਲ ਸ਼ੁਰੂ ਹੋਈ ਸਿੱਖ ਖਾੜਕੂ ਜੱਦੋ-ਜਹਿਦ ਅੱਜ



**ਜਗਤਾਰ ਸਿੰਘ**
ਫੋਨ: +91-97797-11201

ਵੀ ਜਾਰੀ ਹੈ। ਮਾਰਚ 1992 ਦੀਆਂ ਚੋਣਾਂ ਦੌਰਾਨ ਅਕਾਲੀ ਦਲ ਵੱਲੋਂ ਬਾਈਕਾਟ ਤੋਂ ਬਾਅਦ ਬੇਅੰਤ ਸਿੰਘ ਸਰਕਾਰ ਕਾਇਮ ਹੋ ਗਈ ਸੀ ਤਾਂ ਇਸ ਜੱਦੋ-ਜਹਿਦ ਨੂੰ ਲੋਕਾਂ ਦੀ ਹਮਾਇਤ ਨਾ ਮਿਲਣ ਕਾਰਨ ਇਹ ਪੁਲਿਸ ਨੇ ਅੰਨ੍ਹੇ ਤਸ਼ੱਦਦ ਨਾਲ ਉਸ ਵੇਲੇ ਦਬਾਅ ਦਿੱਤੀ ਗਈ ਸੀ।

ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਨੇ ਜੋ ਦਾਅਵੇ ਕੀਤੇ ਹਨ, ਉਸ ਦੀ ਤਾਰਕਿਕ ਵਿਆਖਿਆ ਇਹੀ ਹੈ ਕਿ ਖਾੜਕੂ ਜੱਦੋ-ਜਹਿਦ ਸਿਰਫ ਕਾਨੂੰਨ ਅਤੇ ਵਿਵਸਥਾ ਦਾ ਮਸਲਾ ਨਹੀਂ, ਸਗੋਂ ਸਿਆਸੀ ਮਸਲਾ ਹੈ/ਸੀ।

ਇਸ ਵਿਆਖਿਆ ਦਾ ਇਕ ਪੱਖ ਇਹ ਵੀ ਹੋ ਸਕਦਾ ਹੈ ਕਿ ਇਹ ਇਸੇ ਜਦੋ-ਜਹਿਦ ਦੀ ਮੁੜ ਸੁਰਜੀਤੀ ਹੈ। ਪੰਜਾਬ ਵਿਚ ਉਠੀ ਸਿਆਸੀ ਹਿੰਸਾ ਦਾ ਸਰੂਪ ਸਿਲਸਿਲੇਵਾਰ ਸੀ। ਸਿੱਖ ਖਾੜਕੂ ਜਦੋ-ਜਹਿਦ ਦੇ ਪਹਿਲੇ ਪੜਾਅ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ 31 ਅਗਸਤ 1995 ਨੂੰ ਚੰਡੀਗੜ੍ਹ ਦੇ ਪੰਜਾਬ ਸਿਵਲ ਸਕੱਤਰੇਤ ਦੇ ਸਾਹਮਣੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਨਾਲ ਹੀ ਖਤਮ ਹੋ ਗਿਆ ਸੀ। ਇਸ ਤੋਂ ਬਾਅਦ ਵਿਚ ਜਿੰਨੀਆਂ ਵੀ ਸਰਕਾਰਾਂ ਆਈਆਂ, ਉਨ੍ਹਾਂ ਦਾ ਵਾਰ ਵਾਰ ਇਹੀ ਦਾਅਵਾ ਰਿਹਾ ਕਿ ਸੂਬੇ ਵਿਚ ਅਮਨ-ਸ਼ਾਂਤੀ ਕਾਇਮ ਹੋ ਗਈ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤਾਂ ਅਮਨ-ਸ਼ਾਂਤੀ ਅਤੇ ਫਿਰਕੂ ਸਦਭਾਵ ਕਾਇਮ ਕਰਨ ਦਾ ਦਾਅਵਾ ਕਰਦਿਆਂ ਇਹ ਵੀ ਆਖ ਗਏ ਸਨ ਕਿ ਅਮਨ-ਸ਼ਾਂਤੀ ਦੀ ਕਾਇਮੀ ਉਨ੍ਹਾਂ ਦੀ ਸਰਕਾਰ ਦੀ ਮੁੱਖ ਪ੍ਰਾਪਤੀ ਹੈ। ਉਨ੍ਹਾਂ ਨੂੰ ਚੰਡੀਗੜ੍ਹ ਦੇ ਪ੍ਰੈੱਸ ਕਲੱਬ ਵਿਚ ਪ੍ਰੈੱਸ ਮਿਲਣੀ ਦੌਰਾਨ ਸਰਕਾਰ ਦੀਆਂ ਦੋ ਅਹਿਮ ਪ੍ਰਾਪਤੀਆਂ ਦੱਸਣ ਬਾਰੇ ਸਵਾਲ ਕੀਤਾ ਗਿਆ ਸੀ ਅਤੇ ਉਨ੍ਹਾਂ ਨੇ ਜਵਾਬ ਵਿਚ ਇਕ ਪ੍ਰਾਪਤੀ ਇਹ ਵੀ ਗਿਣਾਈ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਗ੍ਰਿਫਤਾਰੀਆਂ ਵਾਲੇ ਦਿਨ ਐਲਾਨ ਕੀਤਾ ਕਿ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਇੰਟਰ-ਸਰਵਿਸ ਇੰਟੈਲੀਜੈਂਸ (ਆਈ.ਐਸ.ਆਈ.) ਪੰਜਾਬ ਵਿਚ ਗੜਬੜ ਫੈਲਾਉਣਾ ਚਾਹੁੰਦੀ ਹੈ। ਦੂਜਾ ਨੁਕਤਾ ਪੁਲਿਸ ਦੇ ਇਸ ਦਾਅਵੇ ਵਿਚ ਹੈ ਕਿ ਕਤਲ ਦੀਆਂ ਇਨ੍ਹਾਂ ਘਟਨਾਵਾਂ ਵਿਚ ਖਾਲਿਸਤਾਨ ਲਿਬਰੇਸ਼ਨ ਫੋਰਸ ਦੀ ਸ਼ਮੂਲੀਅਤ ਹੈ। ਇਹ ਜਥੇਬੰਦੀ 80ਵਿਆਂ ਦੇ ਅੱਧ ਵਿਚ ਸਰਗਰਮ ਹੋਈ ਸੀ।

ਪਿਛਲੇ ਦੋ ਸਾਲਾਂ ਦੌਰਾਨ ਪੰਜਾਬ ਵਿਚ ਜਿਨ੍ਹਾਂ ਅਹਿਮ ਸ਼ਖਸਾਂ ਨੂੰ ਕਤਲ ਕੀਤਾ ਗਿਆ ਹੈ, ਉਨ੍ਹਾਂ ਵਿਚੋਂ ਰਾਸ਼ਟਰੀ ਸਵੈਂਮਸੇਵਕ ਸੰਘ (ਆਰ.ਐਸ.ਐਸ.) ਦੀ ਪੰਜਾਬ ਦੀ ਇਕਾਈ ਦਾ ਮੀਤ ਪ੍ਰਧਾਨ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਸ਼ਾਮਲ ਹੈ, ਜੋ ਇਸ ਸਰਹੱਦੀ ਸੂਬੇ ਵਿਚ ਇਸ ਕੱਟੜਪੰਥੀ ਹਿੰਦੂ ਜਥੇਬੰਦੀ ਦੇ ਪੈਰ ਬੰਨ੍ਹਣ ਲਈ ਟਿੱਲ ਲਾ ਰਿਹਾ ਸੀ। ਹੋਰ ਆਗੂਆਂ ਦਾ ਸਬੰਧ ਵਿਚ ਸ਼ਿਵ ਸੈਨਾ ਅਤੇ ਕੁਝ ਘੱਟ ਚਰਚਿਤ ਹਿੰਦੂ ਤਖ਼ਤ ਵਰਗੀਆਂ ਜਥੇਬੰਦੀਆਂ ਨਾਲ ਹੈ। ਇਸ ਸੂਚੀ ਵਿਚ ਡੇਰਾ ਸੱਚਾ ਸੌਦਾ (ਸਿਰਸਾ) ਦੇ ਪੈਰੋਕਾਰ ਅਤੇ ਇਕ ਇਸਾਈ ਪਾਦਰੀ ਵੀ ਸ਼ਾਮਲ ਹੈ। ਜੇ ਖੇਤਰ ਦੇ ਆਧਾਰ 'ਤੇ ਪੁਣ-ਛਾਣ ਕੀਤੀ ਜਾਵੇ ਤਾਂ ਇਹ ਸਾਰੇ ਕਤਲ ਦੁਆਬਾ ਅਤੇ ਮਾਲਵਾ ਖੇਤਰ ਵਿਚ ਹੋਏ ਹਨ। ਯਾਦ ਰਹੇ ਕਿ ਇਹ ਮਾਝਾ ਖੇਤਰ ਸੀ ਜਿਥੋਂ ਖਾੜਕੂ ਜੱਦੋ-ਜਹਿਦ ਦੀ ਸ਼ੁਰੂਆਤ ਹੋਈ ਸੀ।

ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਤੋਂ ਪਹਿਲਾਂ 2009 ਵਿਚ ਆਰ.ਐਸ.ਐਸ. ਦੇ ਜਿਸ ਮੁੱਖ ਲੀਡਰ ਨੂੰ ਕਤਲ ਕੀਤਾ ਗਿਆ ਸੀ, ਉਹ ਰੁਲਦਾ ਸਿੰਘ ਸੀ। ਉਹ ਆਰ.ਐਸ.ਐਸ ਦੇ ਸਿੱਖ ਫਰੰਟ- ਰਾਸ਼ਟਰੀ ਸਿੱਖ ਸੰਗਤ, ਦਾ ਮੁਖੀ ਸੀ। ਰਾਸ਼ਟਰੀ ਸਿੱਖ ਸੰਗਤ ਅਕਸਰ ਵਿਵਾਦਾਂ ਵਿਚ ਘਿਰਦੀ ਰਹੀ ਹੈ। ਫਿਰ ਵੀ, ਗਗਨੇਜਾ ਦੇ ਕਤਲ




ਤੋਂ ਬਾਅਦ ਕੁਝ ਮਹੀਨਿਆਂ ਦੇ ਵਕਫੇ ਤੋਂ ਬਾਅਦ, ਕਤਲ ਦੀਆਂ ਘਟਨਾਵਾਂ ਲਗਾਤਾਰ ਹੁੰਦੀਆਂ ਰਹੀਆਂ ਹਨ। ਇਸ ਮਾਮਲੇ 'ਤੇ 1980 ਦੇ ਵੇਲਿਆਂ ਦੀ ਸ਼ੁਰੂਆਤ 'ਤੇ ਨਜ਼ਰ ਮਾਰੀ ਜਾ ਸਕਦੀ ਹੈ,

> ***ਪੰਜਾਬ ਦੇ ਸਮਾਜਿਕ-ਆਰਥਿਕ-ਸਿਆਸੀ ਹਾਲਾਤ ਦੀਆਂ ਹਕੀਕਤਾਂ ਵਿਚ ਹੁਣ ਥੋੜ੍ਹੀ ਤਬਦੀਲੀ ਆ ਗਈ ਹੈ। ਬਿਨਾਂ ਸ਼ੱਕ, ਇਨ੍ਹਾਂ ਬਦਲੇ ਹੋਏ ਹਾਲਾਤ ਕਾਰਨ ਪੰਜਾਬ ਦੇ ਲੋਕਾਂ ਦੀਆਂ ਤਾਘਾਂ ਅਤੇ ਟੀਚੇ ਬਦਲ ਰਹੇ ਹਨ। ਫਿਰ ਵੀ, ਇਕ ਵਰਗ ਖਾਲਿਸਤਾਨ ਦੇ ਟੀਚੇ ਉਤੇ ਜਿਉਂ ਦਾ ਤਿਉਂ ਕਾਇਮ ਹੈ।... ਇਹ ਸਾਰੇ ਮੁੱਦੇ ਭਾਵੇਂ ਬਦਲ ਰਹੇ ਹਾਲਾਤ ਮੁਤਾਬਕ ਪ੍ਰਸੰਗਕ ਨਾ ਵੀ ਹੋਣ, ਤਾਂ ਵੀ ਇਨ੍ਹਾਂ ਵਿਚੋਂ ਕੁਝ ਮੁੱਦੇ ਪ੍ਰਸੰਗਕ ਜ਼ਰੂਰ ਹਨ।***

ਜਦੋਂ ਨਿਰੰਕਾਰੀ ਮੁਖੀ ਦੇ ਕਤਲ ਪਿੱਛੋਂ ਇਸੇ ਤਰ੍ਹਾਂ ਕੁਝ ਕੁਝ ਮਹੀਨਿਆਂ ਦੇ ਵਕਫੇ ਤੋਂ ਬਾਅਦ ਕਤਲ ਹੁੰਦੇ ਰਹੇ ਸਨ।

ਇਸ ਮਾਮਲੇ ਵਿਚ ਇਕੋ-ਇਕ ਫਰਕ ਇਹ ਹੈ ਕਿ ਉਦੋਂ ਭਾਵੇਂ ਬੱਬਰ ਖਾਲਸਾ ਵੀ ਖੂਬ ਸਰਗਰਮ ਸੀ, ਪਰ ਉਦੋਂ ਧਾਰਨਾ ਇਹ ਬਣੀ ਹੋਈ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਹੀ ਖਾੜਕੂ ਜੱਦੋ-ਜਹਿਦ ਚਲਾ ਰਹੇ ਹਨ। ਦਰਅਸਲ, ਉਸ ਵਕਤ ਲੋਕਾਂ ਸਾਹਮਣੇ ਇਕ ਉਹ ਹੀ ਨਸ਼ਰ ਹੋਏ ਹੋਏ ਸਨ। ਹੁਣ ਵਾਲੀਆਂ ਗ੍ਰਿਫਤਾਰੀਆਂ ਇਸੇ ਤੱਥ ਦੀ ਹੀ ਪੁਸ਼ਟੀ ਹਨ ਕਿ ਉਸ (ਜਰਨੈਲ ਸਿੰਘ ਭਿੰਡਰਾਂਵਾਲੇ) ਦੀ ਵਿਰਾਸਤ ਉਸੇ ਤਰ੍ਹਾਂ ਚੱਲ ਰਹੀ ਹੈ; ਜਿਸ ਜੱਦੋ-ਜਹਿਦ ਦੀ ਉਸ ਅਗਵਾਈ ਕੀਤੀ, ਉਸ ਦਾ ਸਰੂਪ ਸਿਆਸੀ ਸੀ, ਜੋ ਬਾਅਦ ਵਿਚ ਜ਼ੋਰ-ਜ਼ਬਰਦਸਤੀ ਨਾਲ ਕੁਚਲ ਤਾਂ ਦਿੱਤੀ ਗਈ, ਪਰ ਇਹ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ। ਖਾੜਕੂ ਸਿਆਸੀ ਜੱਦੋ-ਜਹਿਦਾਂ ਦਾ ਇਹੀ ਖਾਸਾ ਹੁੰਦਾ ਹੈ।

1980ਵਿਆਂ ਵਿਚ ਅਕਾਲੀ ਦਲ ਅਤੇ ਖਾੜਕੂ ਜੱਦੋ-ਜਹਿਦ ਦਾ ਦਿਸਦਾ ਸਿਆਸੀ ਟੀਚਾ 1973 ਵਾਲਾ ਅਨੰਦਪੁਰ ਸਾਹਿਬ ਮਤਾ ਲਾਗੂ ਕਰਵਾਉਣਾ ਸੀ। ਬਾਅਦ ਵਿਚ ਜਦੋਂ ਅਕਾਲੀ ਦਲ ਸੱਤਾ ਵਿਚ ਆਇਆ ਤਾਂ 1978 ਵਿਚ ਇਸ ਮਤੇ ਵਿਚ ਸੋਧ ਕਰ ਲਈ ਗਈ। 1977 ਵਿਚ ਅਕਾਲੀ ਦਲ ਨੇ ਆਪਣੇ ਜਰਨਲ ਹਾਊਸ ਦੌਰਾਨ ਨੀਤੀ ਪ੍ਰੋਗਰਾਮ ਤਹਿਤ 1973 ਵਾਲਾ ਮਤਾ ਸਵੀਕਾਰ ਕੀਤਾ ਸੀ। ਇਥੇ ਇਹ ਚਰਚਾ ਕੀਤੀ ਜਾ ਸਕਦੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਮੁਤਾਬਕ, ਦਲ ਦਾ ਸਿਆਸੀ ਟੀਚਾ ਅਨੰਦਪੁਰ ਸਾਹਿਬ ਦਾ ਮਤਾ ਲਾਗੂ ਕਰਵਾਉਣਾ ਸੀ। ਇਸ ਬਾਰੇ ਕਿਤੇ ਕੋਈ ਰੌਲਾ ਨਹੀਂ।

ਪੰਜਾਬ ਦੇ ਸਮਾਜਿਕ-ਆਰਥਿਕ-ਸਿਆਸੀ ਹਾਲਾਤ ਦੀਆਂ ਹਕੀਕਤਾਂ ਵਿਚ ਹੁਣ ਥੋੜ੍ਹੀ ਤਬਦੀਲੀ ਆ ਗਈ ਹੈ। ਬਿਨਾਂ ਸ਼ੱਕ, ਇਨ੍ਹਾਂ ਬਦਲੇ ਹੋਏ ਹਾਲਾਤ ਕਾਰਨ ਪੰਜਾਬ ਦੇ ਲੋਕਾਂ ਦੀਆਂ ਤਾਘਾਂ ਅਤੇ ਟੀਚੇ ਬਦਲ ਰਹੇ ਹਨ। ਫਿਰ ਵੀ, ਇਕ ਵਰਗ ਖਾਲਿਸਤਾਨ ਦੇ ਟੀਚੇ ਉਤੇ ਜਿਉਂ ਦਾ ਤਿਉਂ ਕਾਇਮ ਹੈ। ਇਨ੍ਹਾਂ ਵਿਚੋਂ ਦਲ ਖਾਲਸਾ ਅਜਿਹੀ ਜਥੇਬੰਦੀ ਹੈ ਜੋ ਜਮਹੂਰੀ ਚੌਖਟੇ ਅੰਦਰ ਰਹਿ ਕੇ ਅਮਨ-ਅਮਾਨ ਨਾਲ ਆਪਣੀ ਜੱਦੋ-ਜਹਿਦ ਜਾਰੀ ਰੱਖ ਰਹੀ ਹੈ। ਇਸ ਜਥੇਬੰਦੀ ਨੇ ਉਨ੍ਹਾਂ ਮੁੱਦਿਆਂ ਬਾਰੇ ਵੀ ਗੱਲ ਕੀਤੀ ਹੈ ਜਿਨ੍ਹਾਂ ਦੇ ਆਧਾਰ ਉਤੇ ਇਹ ਜੱਦੋ-ਜਹਿਦ ਸ਼ੁਰੂ ਹੋਈ ਸੀ। ਇਹ ਸਾਰੇ ਮੁੱਦੇ ਭਾਵੇਂ ਬਦਲ ਰਹੇ ਹਾਲਾਤ ਮੁਤਾਬਕ ਪ੍ਰਸੰਗਕ ਨਾ ਵੀ ਹੋਣ, ਤਾਂ ਵੀ ਖਾੜਕੂ ਜਥੇਬੰਦੀਆਂ ਦੇ ਮੁੜ ਜਥੇਬੰਦ ਹੋਣ ਦੇ ਮਾਮਲੇ ਤੋਂ ਇਹੀ ਸੰਕੇਤ ਮਿਲਦਾ ਹੈ ਕਿ ਇਨ੍ਹਾਂ ਵਿਚੋਂ ਕੁਝ ਮੁੱਦੇ ਪ੍ਰਸੰਗਕ ਜ਼ਰੂਰ ਹਨ।

ਮੈਲਬਰਨ (ਆਸਟਰੇਲੀਆ) ਤੋਂ ਸੋਸ਼ਲ ਮੀਡੀਆ ਉਤੇ ਇਕ ਵੀਡੀਓ ਵਾਇਰਲ ਹੋਈ ਹੈ। ਜਿਥੇ ਭਾਰਤੀ ਹਾਈ ਕਮਿਸ਼ਨ ਦੀ ਇਕ ਨੁਮਾਇੰਦਾ ਗੁਰਦੁਆਰੇ ਵਿਚ ਮੱਥਾ ਟੇਕਣ ਗਈ ਸੀ। ਉਥੇ ਮੌਜੂਦ ਸਿੱਖ ਨੌਜਵਾਨਾਂ ਨੇ ਸਪਸ਼ਟ ਕਰ ਦਿੱਤਾ ਕਿ ਗੁਰਦੁਆਰੇ ਵਿਚ ਮੱਥਾ ਟੇਕਣ ਆਉਣ ਲਈ ਉਨ੍ਹਾਂ ਦਾ ਸਵਾਗਤ ਹੈ, ਪਰ ਉਨ੍ਹਾਂ 'ਤੇ ਕੋਈ ਗੱਲ ਠੋਸੀ ਨਹੀਂ ਜਾ ਸਕਦੀ। ਉਨ੍ਹਾਂ ਇਹ ਸਾਰਾ ਕਾਰਜ ਬੜੀ ਨਿਮਰਤਾ ਅਤੇ ਆਦਰ ਨਾਲ ਸਿਰੇ ਲਾਇਆ। ਜਗਤਾਰ ਸਿੰਘ ਜੱਗੀ ਜੌਹਲ ਦੀ ਗ੍ਰਿਫਤਾਰੀ ਨੇ ਲੰਡਨ ਤੋਂ ਕੈਲੀਫੋਰਨੀਆ ਤੱਕ ਸਿੱਖਾਂ ਦੀ ਲਾਮਬੰਦੀ ਦੀ ਸੂਹ ਦਿੱਤੀ ਹੈ। ਇਹ ਵੱਖਰੇ ਯੁੱਗ ਦੀ ਗਾਥਾ ਹੈ।

# ਮੋਦੀ ਦੀ ਲੋਕਪ੍ਰਿਅਤਾ ਅਤੇ ਭਾਰਤੀ ਜਮਹੂਰੀਅਤ

## ਜੇ ਭਾਰਤ 2464 ਲੋਕਾਂ ਦੀ ਗੱਲ ਨੂੰ ਗੰਭੀਰਤਾ ਨਾਲ ਲਵੇਗਾ ਤਾਂ ਲੋਕਤੰਤਰ ਫੇਲ੍ਹ ਹੋ ਜਾਵੇਗਾ

*ਆਲਮੀ ਕਰੈਡਿਟ ਰੇਟਿੰਗ ਏਜੰਸੀ ਮੂਡੀਜ਼ ਨੇ ਮੋਦੀ ਸਰਕਾਰ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ ਹਨ। ਇਸੇ ਤਰ੍ਹਾਂ ਅਮਰੀਕੀ ਥਿੰਕ ਟੈਂਕ ਪਿਊ ਰਿਸਰਚ ਸੈਂਟਰ ਨੇ ਆਪਣੇ ਸਰਵੇਖਣ ਵਿਚ ਦਰਸਾਇਆ ਹੈ ਕਿ ਮੋਦੀ ਦੀ ਲੋਕਪ੍ਰਿਅਤਾ ਵਧੀ ਹੈ। ਸੀਨੀਅਰ ਪੱਤਰਕਾਰ ਰਵੀਸ਼ ਕੁਮਾਰ ਨੇ ਸਰਵੇਖਣਾਂ ਦੇ ਇਸ ਵਰਤਾਰੇ ਦੇ ਵਿਰੋਧਾਭਾਸ ਬਾਰੇ ਪੁਖ਼ਤਾ ਟਿੱਪਣੀ ਕੀਤੀ ਹੈ। ਸਾਡੇ ਕਾਲਮਨਵੀਸ ਬੂਟਾ ਸਿੰਘ ਵੱਲੋਂ ਇਸ ਲਿਖਤ ਦਾ ਕੀਤਾ ਪੰਜਾਬੀ ਅਨੁਵਾਦ ਅਸੀਂ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। -ਸੰਪਾਦਕ*

2464 ਲੋਕ ਉਹ ਹਨ ਜੋ ਪਿਊ ਰਿਸਰਚ ਵਿਚ ਸ਼ਾਮਲ ਹੋਏ ਹਨ। ਇਹੀ ਭਾਰਤ ਹੈ। ਭਾਰਤ ਦੀ ਰੂਹ ਪਿੰਡਾਂ ਵਿਚ ਨਹੀਂ, ਸਰਵੇਖਣ ਦੇ ਸੈਂਪਲਾਂ ਵਿਚ ਵਸਦੀ ਹੈ। ਸਰਵੇ ਭਵਯੰਤੂ ਸੁਖਿਨ:, ਸਰਵੇ ਭਵਯੰਤੂ ਮੋਦਾਮਯਾ। ਹਰਮਨਪਿਆਰਤਾ ਵੀ ਇਕ ਤਰ੍ਹਾਂ ਦਾ ਬੁਖ਼ਾਰ ਹੀ ਹੈ। ਕਈ ਲੋਕ ਥਰਮਾਮੀਟਰ ਚੁੱਕੀ ਦਿਨ ਰਾਤ ਨਾਪਦੇ ਰਹਿੰਦੇ ਹਨ। ਜਿਸ ਨੂੰ ਦੇਖੋ ਥਰਮਾਮੀਟਰ ਚੁੱਕੀ ਘੁੰਮ ਰਿਹਾ ਹੈ। ਅਕਤੂਬਰ ਵਿਚ ਕਈ ਲੇਖ ਛਪੇ ਕਿ ਮੋਦੀ ਦੀ ਹਰਮਨਪਿਆਰਤਾ ਘਟੀ ਹੈ। ਨਵੰਬਰ ਵਿਚ ਲੇਖ ਛਪ ਰਹੇ ਹਨ ਕਿ ਹਰਮਨਪਿਆਰਤਾ ਵਧੀ ਹੈ। ਘਟੀ ਤਾਂ ਬਸ ਨੌਕਰੀ ਅਤੇ ਕਮਾਈ ਹੈ। ਕਿਸਾਨਾਂ ਕੋਲ ਨਾ ਪੈਸਾ ਹੈ, ਨਾ ਦਵਾਈ। ਫਿਰ ਵੀ ਮੋਦੀ ਹਰਮਨਪਿਆਰਾ ਹੈ!

ਸਰਵੇਖਣ ਨੇ ਜੋ ਦੱਸਿਆ ਹੈ, ਉਸ ਤੋਂ

**ਰਵੀਸ਼ ਕੁਮਾਰ**
ਅਨੁਵਾਦ: ਬੂਟਾ ਸਿੰਘ

ਪਹਿਲਾਂ ਅਸੀਂ ਭਾਰਤ ਦੇ ਸਰਵੇਖਣ ਜਾਣ ਲਈਏ, ਪਰ ਇਹ 2464 ਲੋਕ ਕੌਣ ਹਨ ਜੋ 'ਅਸੀਂ ਭਾਰਤ ਦੇ ਲੋਕ' ਹਨ। ਸਰਵੇਖਣ ਹੀ ਸਰਵੋਸਰਵਾ ਹੈ ਅਤੇ ਸਰਵੇਸੇਵਾ ਹੀ ਦੇਸ਼ ਸੇਵਾ ਹੈ।

2464 ਲੋਕਾਂ ਦਾ ਵਿਚਾਰ ਹੈ ਕਿ ਮੋਦੀ ਜੀ 10 ਭਾਰਤੀਆਂ ਵਿਚੋਂ 9 ਵਿਚ ਹਰਮਨਪਿਆਰੇ ਹਨ। ਪੱਤਰਕਾਰ ਮਿੱਤਰ ਜ਼ਫ਼ਰ ਨੇ ਫੇਸਬੁਕ ਉਪਰ ਲਿਖਿਆ ਕਿ ਉਹ ਦਸਵਾਂ ਕੌਣ ਹੈ? ਕੀ ਉਹ ਦੇਸ਼ਧ੍ਰੋਹੀ ਹੈ? ਕਿਉਂ ਨਾ ਅਸੀਂ ਸਭ ਉਸ ਦਸਵੇਂ ਨੂੰ ਦੇਸ਼ ਦੇ ਹਿਤ ਵਿਚ ਸਮਝਾਈਏ ਕਿ ਭਾਈ, ਤੂੰ ਵੀ 9 ਨਾਲ ਰਲ ਜਾ। ਇਕੱਲਾ ਰਹਿ ਕੇ ਤੈਥੋਂ ਕੁਝ ਨਹੀਂ ਹੋਣਾ। ਇਸ 9 ਵਿਚ ਤਾਂ ਵਿਰੋਧੀ ਧਿਰ ਦੇ ਆਗੂ ਵੀ ਆ ਗਏ ਹਨ, ਸਾਡੇ ਉਪਰ ਯਕੀਨ ਕਰ, ਤਮਾਮ ਪਾਰਟੀਆਂ ਦੇ ਹਮਾਇਤੀ ਵੀ ਆ ਗਏ ਹਨ। ਪਤਾ ਨਹੀਂ ਤੇਰੀ ਕਿਸ ਗੱਲੋਂ ਮੋਦੀ ਨਾਲ ਖੁੰਦਕ ਹੈ; ਨਹੀਂ ਤਾਂ ਅੱਜ 10 ਵਿਚੋਂ ਪੂਰਾ 10 ਸਕੋਰ ਹੁੰਦਾ। ਅਜੇ ਵੀ ਮੇਰੀ ਗੱਲ ਮੰਨ ਲੈ, ਨਹੀਂ ਤਾਂ 'ਮਨ ਕੀ ਬਾਤ' ਵਿਚ ਮੋਦੀ ਜੀ ਤੇਰੀ ਦਸਵੇਂ ਦੀ ਗੱਲ ਕਰਨ ਲੱਗ ਪੈਣਗੇ। ਕਹਿਣਾ ਸ਼ੁਰੂ ਕਰ ਦੇਣਗੇ, ਭਾਈਓ, ਇਹ ਦਸਵਾਂ ਕਦੋਂ ਮੰਨੇਗਾ, ਇਸ ਨੂੰ ਕੀ ਸਮੱਸਿਆ ਹੈ। ਇਸ ਦੇ ਲਈ ਮੈਂ ਦੀਨਦਿਆਲ ਦਸਵਾਂ ਅੰਸ਼ ਮੰਤਰ ਜਾਪ ਯੋਜਨਾ ਵੀ ਸ਼ੁਰੂ ਕਰ ਦਿੰਦਾ ਹਾਂ। ਅਮਿਤ ਸ਼ਾਹ ਕਿਤੇ ਮਿਸ਼ਨ ਨਾ ਸ਼ੁਰੂ ਕਰ ਦੇਵੇ। ਮਿਸ਼ਨ ਟੈਂਥ। ਜਦੋਂ ਤਕ ਦਸਵਾਂ ਸਾਡੀ ਹਮਾਇਤ 'ਤੇ ਨਹੀਂ ਆਵੇਗਾ, ਉਦੋਂ ਤਕ ਸਾਨੂੰ ਅਤੇ ਮੋਦੀ ਜੀ ਨੂੰ ਚਿੰਤਾ ਲੱਗੀ ਰਹੇਗੀ।


2464 ਦਾ ਸੈਂਪਲ ਹੋਵੇ ਜਾਂ 20000 ਦਾ; ਝਲਕ ਅਤੇ ਝਾਕੀ ਤਾਂ ਮਿਲਦੀ ਹੀ ਹੈ। ਸਰਵੇਖਣ ਗ਼ਲਤ ਵੀ ਹੁੰਦੇ ਹਨ ਅਤੇ ਸਹੀ ਵੀ। ਲਿਹਾਜ਼ਾ ਬਹਿਸ ਇਸ ਬਾਰੇ ਨਹੀਂ। ਮੋਦੀ ਜੀ ਹਰਮਨਪਿਆਰੇ ਨੇਤਾ ਹਨ, ਇਸ ਨੂੰ ਕਿਸੇ ਸਰਵੇਖਣ ਨਾਲ ਜਾਨਣ ਦੀ ਜ਼ਰੂਰਤ ਨਹੀਂ ਹੈ, ਜੇ ਹੈ ਤਾਂ ਇਹ ਮਾੜਾ ਵੀ ਨਹੀਂ ਹੈ।

ਸਮੱਸਿਆ ਕਿਤੇ ਹੋਰ ਹੈ। ਪਿਊ ਰਿਸਰਚ ਨੇ 40 ਤੋਂ ਵੱਧ ਸਵਾਲਾਂ ਦੇ ਜਵਾਬ ਮੰਗੇ ਹਨ। ਉਨ੍ਹਾਂ ਜਵਾਬਾਂ ਨਾਲ ਇਨ੍ਹਾਂ 2464 ਲੋਕਾਂ ਦੀ ਜੋ ਤਸਵੀਰ ਉਭਰਦੀ ਹੈ, ਉਸ ਉਪਰ ਗੱਲ ਹੋਣੀ ਚਾਹੀਦੀ ਹੈ। ਇਹ ਲੋਕ ਮੋਦੀ ਜੀ ਦੇ ਮਸਲੇ ਨੂੰ ਛੱਡ ਕੇ ਬਾਕੀ ਕਈ ਚੀਜ਼ਾਂ ਉਪਰ ਘਚੋਲੇ ਵਿਚ ਜਾਪਦੇ ਹਨ; ਭਾਵ ਉਹ ਕਹਿੰਦੇ ਹਨ ਕਿ ਕਾਨੂੰਨ ਬਣੇ ਤਾਂ ਉਸ ਵਿਚ ਚੁਣੇ ਹੋਏ ਨੁਮਾਇੰਦੇ ਵੋਟ ਨਾ ਦੇਣ। ਅਸੀਂ ਨਾਗਰਿਕ ਸਿੱਧੀ ਵੋਟ ਪਾ ਦੇਈਏ। ਫਿਰ ਇਹੀ ਲੋਕ ਕਹਿੰਦੇ ਹਨ ਕਿ ਉਹ ਲੋਕਤੰਤਰ ਵਿਚ ਯਕੀਨ ਵੀ ਰੱਖਦੇ ਹਨ। ਭਾਈ, ਜਦੋਂ ਕਾਨੂੰਨ ਵੀ ਤੁਸੀਂ ਟਰੈਫਿਕ ਜਾਮ ਵਿਚ ਟਵੀਟ ਕਰ ਕੇ ਬਣਾਉਣਾ ਹੈ ਤਾਂ ਇਹ ਐਮ.ਪੀ., ਐਮ.ਐਲ.ਏ. ਚੁਣਨ ਕਿਉਂ ਜਾਂਦੇ ਹੋ। ਨਹੁੰ ਉਪਰ ਸਿਆਹੀ ਦੇ ਨਿਸ਼ਾਨ ਨਾਲ ਸੈਲਫੀ ਲੈਣ ਲਈ?

ਤੁਸੀਂ ਦੇਖਿਆ ਹੋਵੇਗਾ ਕਿ ਹਵਾਈ ਜਹਾਜ਼ ਤੋਂ ਲੈ ਕੇ ਰੇਲ ਗੱਡੀ ਤਕ ਐਕਸਪਰਟ ਹੀ ਚਲਾ ਰਹੇ ਹਨ। ਕੀ ਤੁਸੀਂ ਦੇਖਿਆ ਹੈ ਕਿ ਸੰਸਦ ਮੈਂਬਰ ਏਅਰ ਇੰਡੀਆ ਦਾ ਜਹਾਜ਼ ਚਲਾ ਰਿਹਾ ਹੈ? ਚੀਫ਼ ਇੰਜੀਨੀਅਰ ਦਾ ਕੰਮ ਇੰਜੀਨੀਅਰ ਹੀ ਤਾਂ ਕਰ ਰਿਹਾ ਸੀ, ਸੈਨਾ ਦਾ ਮੁਖੀ ਉਸ ਵਿਚ ਜ਼ਿੰਦਗੀ ਗੁਜ਼ਾਰਨ ਵਾਲਾ ਐਕਸਪਰਟ ਹੀ ਤਾਂ ਬਣਦਾ ਹੈ, ਫਿਰ ਇਹ ਕਿਹੜੇ ਐਕਸਪਰਟ ਹਨ ਜੋ ਡੈਮੋਕਰੇਸੀ ਵਿਚ ਚੁਣੇ ਹੋਏ ਨੁਮਾਇੰਦਿਆਂ ਨਾਲੋਂ ਜ਼ਰੂਰੀ ਹੋ ਗਏ? ਅਸੀਂ ਭਾਰਤ ਦੇ ਬਾਕੀ ਸਵਾ ਅਰਬ ਲੋਕ ਆਪਣੇ ਇਨ੍ਹਾਂ 2464 ਲੋਕਾਂ ਨੂੰ ਸਮਝਾਈਏ, ਨਹੀਂ ਤਾਂ ਇਹ ਪੂਰੇ ਇੰਡੀਆ ਨੂੰ ਪਾਗਲ ਕਰ ਦੇਣਗੇ।

ਇਨ੍ਹਾਂ ਵਿਚੋਂ 55 ਫ਼ੀਸਦੀ, ਯਾਨੀ ਬਹੁਮਤ ਮੰਨਦਾ ਹੈ ਕਿ ਭਾਰਤ ਵਿਚ ਫ਼ੈਸਲਾ ਕਰਨ ਲਈ ਮਜ਼ਬੂਤ ਆਗੂ ਹੋਵੇ, ਜੋ ਸੰਸਦ ਤੇ ਅਦਾਲਤ ਦੀ ਦਖ਼ਲਅੰਦਾਜ਼ੀ ਤੋਂ ਬਗ਼ੈਰ ਫ਼ੈਸਲੇ ਲਵੇ। ਜੋ ਸੰਸਦ ਅਤੇ ਅਦਾਲਤ ਦੀ ਗੱਲ ਨਹੀਂ ਮੰਨੇਗਾ, ਅੱਜ ਦੇ ਫੈਸ਼ਨ ਦੇ ਹਿਸਾਬ ਨਾਲ ਤਾਂ ਇਨ੍ਹਾਂ ਨੂੰ ਦੇਸ਼ਧ੍ਰੋਹੀ ਕਿਹਾ ਜਾਣਾ ਚਾਹੀਦਾ ਹੈ, ਪਰ ਲੋਕ ਐਸੇ ਤੁੱਛ ਸੱਜਣਾਂ ਦੀ ਰਾਇ ਦਾ ਜਸ਼ਨ ਮਨਾ ਰਹੇ ਹਨ। ਐਨੀਆਂ ਚੋਣਾਂ ਵਿਚ ਜਿਤਾ ਕੇ ਲੋਕਾਂ ਨੇ ਮੋਦੀ ਜੀ ਦੀ ਹਰਮਨਪਿਆਰਤਾ ਸਾਬਤ ਕਰਨ ਵਿਚ ਕੋਈ ਕਸਰ ਛੱਡੀ ਹੈ, ਹੁਣ ਐਸੇ ਲੋਕਾਂ ਦੀ ਰਾਇ ਉਪਰ ਖ਼ਬਰਾਂ ਬਣ ਰਹੀਆਂ ਹਨ।

ਭਾਜਪਾ ਦੇ ਆਗੂ ਅਤੇ ਹਮਾਇਤੀ ਕਿਸ ਤਰ੍ਹਾਂ ਦੇ ਲੋਕਾਂ ਦੀ ਰਾਇ ਦਾ ਜਸ਼ਨ ਮਨਾ ਰਹੇ ਹਨ। ਮੇਰੀ ਰਾਇ ਵਿਚ ਉਨ੍ਹਾਂ ਨੂੰ ਵੀ 2464 ਲੋਕਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਭਾਈ ਸੰਸਦ, ਅਦਾਲਤ ਨੂੰ ਬਾਈਪਾਸ ਕਰਨਾ ਸਾਡੇ ਮੋਦੀ ਜੀ ਦੇ ਹਿਤ ਵਿਚ ਨਹੀਂ ਹੈ। ਇਹ ਸਭ ਪਹਿਲਾਂ ਹੋ ਚੁੱਕਾ ਹੁੰਦਾ ਤਾਂ ਅੱਜ ਮੋਦੀ ਜੀ ਪ੍ਰਧਾਨ ਮੰਤਰੀ ਹੀ ਨਾ ਬਣ ਸਕਦੇ। ਵੈਸੇ



ਵੀ ਸੰਸਦ ਦਾ ਸੈਸ਼ਨ ਅਸੀਂ ਚੋਣਾਂ ਦੇ ਹਿਸਾਬ ਨਾਲ ਮੈਨੇਜ ਕਰ ਲੈਂਦੇ ਹਾਂ, ਤਾਂ ਇਸ ਨੂੰ ਬਾਈਪਾਸ ਕਰਨ ਦੀ ਗੱਲ ਕਿਉਂ ਕਰਦੇ ਹੋ?

ਗਨੀਮਤ ਹੈ ਕਿ ਇਨ੍ਹਾਂ 10 ਭਾਰਤੀਆਂ ਨੇ ਇਹ ਨਹੀਂ ਕਿਹਾ ਕਿ ਅਦਾਲਤ ਦੀ ਵੀ ਜ਼ਰੂਰਤ ਨਹੀਂ ਹੈ। ਸਿਰਫ਼ ਮਜ਼ਬੂਤ ਆਗੂ ਲਈ ਬਾਈਪਾਸ ਕਰਨ ਦੀ ਗੱਲ ਕਹੀ ਗਈ, ਪਰ ਇਹ 2464 ਲੋਕ ਕਾਨੂੰਨ ਬਣਾਉਣ ਦਾ ਸਿੱਧਾ ਅਧਿਕਾਰ ਆਪਣੇ ਕੋਲ ਰੱਖਣਾ ਚਾਹੁੰਦੇ ਹਨ। ਸੰਸਦ ਮੈਂਬਰਾਂ ਨੂੰ ਇਹ ਅਧਿਕਾਰ ਨਹੀਂ ਦੇਣਾ ਚਾਹੁੰਦੇ। ਪਿਊ ਨੂੰ ਦੱਸਣਾ ਚਾਹੀਦਾ ਹੈ ਕਿ ਅਸੀਂ ਐਸੇ ਲੋਕ ਚੁਣੇ ਹਨ ਜਿਨ੍ਹਾਂ ਨੂੰ ਨਾ ਲੋਕਤੰਤਰ ਦੀ ਸਮਝ ਹੈ, ਤੇ ਨਾ ਫ਼ੌਜੀ ਰਾਜ ਦਾ ਇਲਮ ਹੈ। ਇਨ੍ਹਾਂ ਨੂੰ ਲਿਜਾ ਕੇ ਕਿਸੇ ਫ਼ੌਜੀ ਮੈਦਾਨ ਵਿਚ ਦਸ ਚੱਕਰ ਲਗਾਉਣੇ ਚਾਹੀਦੇ ਹਨ ਤਾਂ ਪਤਾ ਲੱਗੇਗਾ ਕਿ ਫ਼ੌਜੀ ਰਾਜ ਹੁੰਦਾ ਕੀ ਹੈ। ਦੋਨੋਂ ਹੱਥ ਉਪਰ ਕਰਕੇ ਬੰਦੂਕ ਚੁੱਕ ਕੇ ਦੌੜਨ ਨਾਲ ਇਕ ਹੀ ਚੱਕਰ ਵਿਚ ਪਤਾ ਲੱਗ ਜਾਵੇਗਾ।

ਨਾ ਜਾਣਣ ਦੇ ਕਾਰਨ ਹੀ ਇਨ੍ਹਾਂ 2464 ਵਿਚੋਂ 53 ਫ਼ੀਸਦੀ ਕਹਿੰਦੇ ਹਨ ਕਿ ਭਾਰਤ ਵਿਚ ਫ਼ੌਜੀ ਰਾਜ ਹੋਣਾ ਚਾਹੀਦਾ ਹੈ। ਇਸ ਹਿਸਾਬ ਨਾਲ ਤਾਂ ਅੱਜ ਪ੍ਰਧਾਨ ਮੰਤਰੀ ਦੀ ਕੁਰਸੀ ਉਪਰ ਨਰਿੰਦਰ ਮੋਦੀ ਦੀ ਥਾਂ ਜਨਰਲ ਵੀ.ਕੇ. ਸਿੰਘ ਹੁੰਦੇ। ਜਦੋਂ 10 ਵਿਚੋਂ 8 ਭਾਰਤੀ ਇਸ ਗੱਲ ਨਾਲ ਖ਼ੁਸ਼ ਹਨ ਕਿ ਜਿਸ ਤਰ੍ਹਾਂ ਨਾਲ ਲੋਕਤੰਤਰ ਚਲ ਰਿਹਾ ਹੈ, ਉਹ ਠੀਕ ਹੈ ਤਾਂ ਉਨ੍ਹਾਂ ਦਸ ਵਿਚੋਂ ਇਹ ਪੰਜ ਤੋਂ ਵਧੇਰੇ ਭਾਰਤੀ ਕੌਣ ਹਨ ਜੋ ਫ਼ੌਜੀ ਰਾਜ ਨੂੰ ਬਿਹਤਰ ਮੰਨਦੇ ਹਨ। ਇਹ ਉਹ 10 ਭਾਰਤੀ ਹਨ ਜੋ ਕਮਾਲ ਦੇ ਹਨ। ਰੱਬ ਬਚਾਏ ਇਨ੍ਹਾਂ 10 ਭਾਰਤੀਆਂ ਤੋਂ! ਇਨ੍ਹਾਂ ਲੋਕਾਂ ਦਰਮਿਆਨ ਫ਼ੌਜੀ ਰਾਜ ਦੀ ਗੁਪਤ ਕਾਮਨਾ ਗੁਪਤ ਰੋਗ ਦੀ ਤਰ੍ਹਾਂ ਫੈਲੀ ਹੋਈ ਹੈ। ਇਨ੍ਹਾਂ ਨਾਲ ਗੱਲ ਕਰਨੀ ਹੀ ਪਵੇਗੀ। ਇਨ੍ਹਾਂ ਸੱਜਣਾਂ ਨੂੰ ਸਮਝਾਉਣਾ ਪਵੇਗਾ ਕਿ ਲੋਕਤੰਤਰ ਨਾ ਹੁੰਦਾ ਤਾਂ ਉਨ੍ਹਾਂ ਦੇ ਹਰਮਨਪਿਆਰੇ ਮੋਦੀ ਜੀ ਉਨ੍ਹਾਂ ਨੂੰ ਨਾ ਮਿਲਦੇ। ਫ਼ੌਜੀ ਰਾਜ ਹੁੰਦਾ ਤਾਂ ਕਿਸੇ ਰਾਤ ਪੁਲਿਸ ਵਾਲੇ ਆਉਣਗੇ ਅਤੇ ਚੁੱਕ ਕੇ ਦਸ ਸਾਲ ਲਈ ਜੇਲ੍ਹ ਵਿਚ ਤੁੰਨ ਦੇਣਗੇ। ਮਾਰ ਦੇਣਗੇ। ਜਿਸ ਦਾ ਨਾ ਕੋਈ ਸਬੂਤ ਹੋਵੇਗਾ, ਨਾ ਗਵਾਹੀ, ਨਾ ਇਨਸਾਫ਼। ਕੀ ਉਹ ਐਸਾ ਪ੍ਰਬੰਧ ਚਾਹੁੰਦੇ ਹਨ? ਫ਼ੌਜੀ ਰਾਜ ਤੋਂ ਬਾਅਦ ਜੇ ਇਹ ਸਵਾਲ ਪੁੱਛਿਆ ਗਿਆ ਹੁੰਦਾ ਤਾਂ ਇਨ੍ਹਾਂ 2464 ਦੀ ਹਾਲਤ ਖ਼ਰਾਬ ਹੋ ਜਾਂਦੀ।

ਇਨ੍ਹਾਂ 2464 ਲੋਕਾਂ ਦੀ ਬਦੌਲਤ ਭਾਰਤ ਇਸ ਸਰਵੇਖਣ ਵਿਚ ਦੁਨੀਆ ਦੇ ਚਾਰ ਮੁਲਕਾਂ ਵਿਚ ਆ ਸਕਿਆ ਹੈ ਜਿਸ ਦੇ 50 ਫ਼ੀਸਦੀ ਤੋਂ ਵਧੇਰੇ ਲੋਕ ਮੰਨਦੇ ਹਨ ਕਿ ਫ਼ੌਜੀ ਰਾਜ ਹੋਣਾ ਚਾਹੀਦਾ ਹੈ। ਇਹ ਸੈਂਪਲ ਦੱਸਦਾ ਹੈ ਕਿ ਚਾਹੇ ਪੂਰਾ ਭਾਰਤ ਲੋਕਤੰਤਰ ਨੂੰ ਲੈ ਕੇ ਘਚੋਲੇ ਵਿਚ ਨਾ ਹੋਵੇ, ਪਰ ਇਹ 2464 ਪੱਕੇ ਬੇਵਕੂਫ਼ ਹਨ। ਇਨ੍ਹਾਂ ਨੂੰ ਲੋਕਤੰਤਰ ਦਾ ਮਤਲਬ ਹੀ ਨਹੀਂ ਪਤਾ। ਅਦਾਲਤ ਦਾ ਕੰਮ ਨਹੀਂ ਪਤਾ। ਸੰਸਦ ਦਾ ਜ਼ਰੂਰਤ ਦਾ ਪਤਾ ਨਹੀਂ ਹੈ। ਇਕ ਨੇਤਾ ਨੂੰ ਜਾਣਦੇ ਹਨ ਜਿਸ ਵਿਚ ਇਨ੍ਹਾਂ ਦਾ ਖ਼ੂਬ ਵਿਸ਼ਵਾਸ ਹੈ।

ਹੁਣ ਇਕ ਗੱਲ ਗੰਭੀਰਤਾ ਨਾਲ। ਸਰਵੇਖਣ ਨੂੰ ਖ਼ਾਰਜ ਨਾ ਕਰਿਓ, ਪਰ ਇਨ੍ਹਾਂ ਦੇ ਸਵਾਲਾਂ ਦੇ ਨਮੂਨੇ ਉਪਰ ਗ਼ੌਰ ਜ਼ਰੂਰ ਕਰਿਓ। ਪਿਊ ਰਿਸਰਚ ਦੇ ਸਵਾਲ ਰਾਜ ਕਰਨ ਲਈ ਸੰਸਦ, ਅਦਾਲਤ ਅਤੇ ਚੁਣੇ ਹੋਏ ਨੁਮਾਇੰਦਿਆਂ ਦੀ ਹੈਸੀਅਤ ਨੂੰ ਘਟਾਉਂਦੇ ਹਨ। ਅਸੀਂ ਜਾਣਦੇ ਹਾਂ ਕਿ ਦੁਨੀਆਂ ਵਿਚ ਆਰਥਿਕ ਪਾੜਾ ਵਧਦਾ ਜਾਂਦਾ ਹੈ। ਇਕ ਫ਼ੀਸਦੀ ਲੋਕਾਂ ਦੇ ਕੋਲ ਕੁਲ ਦੁਨੀਆਂ ਦੀ ਦੌਲਤ ਹੈ। ਇਹੀ ਅਨੁਪਾਤ ਅਮਰੀਕਾ ਵਿਚ ਹੈ, ਇਹੀ ਭਾਰਤ। ਨੇਤਾਵਾਂ ਨੂੰ ਖ਼ਤਰਾ ਹੈ ਕਿ ਕਿਤੇ 90 ਫ਼ੀਸਦੀ ਵਾਂਝੀ ਜਨਤਾ ਉਨ੍ਹਾਂ ਉਪਰ ਹਮਲਾ ਨਾ ਕਰ ਦੇਵੇ। ਇਸ ਲਈ ਐਸੇ ਸਵਾਲ ਪੁੱਛੇ ਜਾਂਦੇ ਹਨ ਜਿਸ ਨਾਲ ਲੱਗੇ ਕਿ ਦੁਨੀਆਂ ਵਿਚ ਜਮਹੂਰੀ ਸੰਸਥਾਵਾਂ ਫੇਲ੍ਹ ਹੋ ਚੁੱਕੀਆਂ ਹਨ ਅਤੇ ਹੁਣ ਫ਼ੌਜੀ ਰਾਜ ਜ਼ਰੂਰੀ ਹੈ।

ਫ਼ੌਜੀ ਰਾਜ ਇਸ ਲਈ ਜ਼ਰੂਰੀ ਹੈ ਕਿ ਇਸ ਦੇ ਜ਼ਰੀਏ ਤੁਸੀਂ ਕਿਸੇ ਵੀ ਬਗ਼ਾਵਤ ਨੂੰ ਬਿਹਤਰ ਤਰੀਕੇ ਨਾਲ ਕੁਚਲਦੇ ਹੋ। ਇਨ੍ਹਾਂ ਸਵਾਲਾਂ ਅਤੇ ਜਵਾਬਾਂ ਦੇ ਜ਼ਰੀਏ ਤੁਸੀਂ ਮੀਡੀਆ ਅਤੇ ਲੋਕਾਂ ਵਿਚ ਬਨਾਉਟੀ ਆਕਾਂਖਿਆ ਭਰ ਦਿੰਦੇ ਹੋ ਕਿ ਫ਼ੌਜ ਨਾਲ ਹੀ ਸਭ ਕੁਝ ਹੋ ਸਕੇਗਾ। ਫ਼ੌਜੀ ਰਾਜ ਦੀ ਕਲਪਨਾ ਆਮ ਨਾਗਰਿਕਾਂ ਦੇ ਅਧਿਕਾਰਾਂ ਦੀ ਹੱਤਿਆ ਦੀ ਕਲਪਨਾ ਹੈ। ਕੀ ਇਹ ਲੋਕ ਆਮ ਲੋਕਾਂ ਨੂੰ ਮਰਵਾਉਣਾ ਚਾਹੁੰਦੇ ਹਨ।

ਮਜ਼ਬੂਤ ਆਗੂ ਨਿਰੀ ਮਿੱਥ ਹੈ। ਮਜ਼ਬੂਤ ਆਗੂ ਦੇ ਨਾਂ ਉਪਰ ਉਸ ਆਗੂ ਦੇ ਅੰਦਰ ਐਨੀ ਅਸੁਰੱਖਿਆ ਭਰੀ ਹੁੰਦੀ ਹੈ ਕਿ ਉਹ ਪੂਰਾ ਦਿਨ ਭਾਵੁਕ ਮੁੱਦਿਆਂ ਦੀ ਤਲਾਸ਼ ਵਿਚ ਰਹਿੰਦਾ ਹੈ। ਭਾਵੁਕਤਾ ਵਿਚ ਹੀ ਮੁਲਕ ਦੇ ਦਸ ਵੀਹ ਸਾਲ ਕੱਢ ਦਿੰਦਾ ਹੈ ਅਤੇ ਇਕ ਦਿਨ ਧੜੰਮ ਡਿਗ ਜਾਂਦਾ ਹੈ। ਕੀ ਤੁਸੀਂ ਗਾਂਧੀ, ਅੰਬੇਦਕਰ, ਲਿੰਕਨ, ਮੰਡੇਲਾ ਨੂੰ ਮਜ਼ਬੂਤ ਆਗੂ ਨਹੀਂ ਮੰਨੋਗੇ ਜਿਨ੍ਹਾਂ ਨੇ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਬਦਲ ਦਿੱਤੀਆਂ। ਮੁਲਕ ਦੀ ਪਛਾਣ ਬਦਲ ਦਿੱਤੀ। ਲੋਕਾਂ ਨੂੰ ਹੋਕਾ ਦੇ ਕੇ ਉਨ੍ਹਾਂ ਵਿਚ ਜਾਨ ਭਰ ਦਿੱਤੀ। ਜਿਥੇ ਕਿਤੇ ਵੀ ਇਕ ਛਤਰ ਵਾਲੇ ਮਜ਼ਬੂਤ ਆਗੂ ਹੋਏ ਹਨ, ਉਥੇ ਉਥੇ ਆਮ ਲੋਕਾਂ ਦੇ ਅਧਿਕਾਰ ਖੋਹੇ ਗਏ ਹਨ; ਚਾਹੇ ਉਹ ਕਮਿਊਨਿਸਟ ਰੂਸ ਹੋਵੇ, ਜਾਂ ਪੁਤਿਨ ਦਾ ਰੂਸ ਹੋਵੇ। ਤੁਸੀਂ ਚੀਨ ਤੋਂ ਲੈ ਕੇ ਅਮਰੀਕਾ ਤਕ ਅਨੇਕਾਂ ਮਿਸਾਲਾਂ ਦੇਖ ਸਕਦੇ ਹੋ।

ਪਰ ਅਸੀਂ ਸਭ ਇਕ ਦਿਨ ਭਾਰਤ ਦੇ ਲੋਕਤੰਤਰ ਨੂੰ ਅਸਫ਼ਲ ਬਣਾ ਦਿਆਂਗੇ, ਜੇ ਅਸੀਂ ਇਨ੍ਹਾਂ 2464 ਲੋਕਾਂ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਲੈ ਲਵਾਂਗੇ। ਇਨ੍ਹਾਂ ਦੀ ਇਕੋ ਗੱਲ ਠੀਕ ਹੈ ਕਿ ਨਰੇਂਦਰ ਮੋਦੀ ਹਰਮਨਪਿਆਰੇ ਆਗੂ ਹਨ ਅਤੇ ਇਨ੍ਹਾਂ ਨੂੰ ਲਗਦਾ ਹੈ ਕਿ ਲੋਕਤੰਤਰ ਠੀਕ ਚਲ ਰਿਹਾ ਹੈ। ਇਹ ਖ਼ਤਰਨਾਕ ਵਿਚਾਰ ਨਹੀਂ। ਖ਼ਤਰਨਾਕ ਵਿਚਾਰ ਹੈ- ਲੋਕਤੰਤਰ ਉਪਰ ਫ਼ੌਜੀ ਰਾਜ ਦਾ ਵਿਚਾਰ। ਇਸ ਲਈ ਐ ਭਾਰਤ ਦੇ ਲੋਕੋ! ਇਨ੍ਹਾਂ 2464 ਲੋਕਾਂ ਦੀ ਰਾਇ ਤੋਂ ਦੂਰ ਰਹੋ।

# ਹਿੰਦੂ ਭਾਈਚਾਰਾ ਅਤੇ ਘੱਟ-ਗਿਣਤੀਆਂ

50 ਦੇ ਦਹਾਕੇ ਦੀ ਸ਼ੁਰੂਆਤ ਵਿਚ ਕਾਂਗਰਸ ਅੰਦਰ ਛਿੜੀ ਬਹਿਸ ਦਾ ਜਵਾਬ ਦਿੰਦੇ ਹੋਏ ਜਵਾਹਰ ਲਾਲ ਨਹਿਰੂ ਨੇ ਘੱਟ-ਗਿਣਤੀ ਅਤੇ ਬਹੁ-ਗਿਣਤੀ ਫ਼ਿਰਕੂਵਾਦ ਵਿਚਕਾਰ ਅੰਤਰ ਲਈ ਸੂਤਰੀਕਰਨ ਕੀਤਾ ਸੀ। ਉਨ੍ਹਾਂ 'ਤੇ ਦੋਸ਼ ਸੀ ਕਿ ਉਨ੍ਹਾਂ ਦੀ ਸਰਕਾਰ ਹਿੰਦੂ ਸਮਾਜ ਦਾ ਆਧੁਨਿਕੀਕਰਨ ਕਰਨ ਲਈ ਕਾਨੂੰਨੀ ਦਖ਼ਲਅੰਦਾਜ਼ੀ ਦਾ ਇਸਤੇਮਾਲ ਕਰ ਰਹੀ ਹੈ, ਪਰ ਉਸ ਨੇ ਮੁਸਲਮਾਨ ਸਮਾਜ ਨੂੰ ਉਸ ਦੇ ਪਛੜੇਪਣ ਨਾਲ ਇਕੱਲਾ ਛੱਡ ਦਿੱਤਾ ਹੈ। ਜਵਾਬ ਵਿਚ ਨਹਿਰੂ ਨੇ ਕਿਹਾ ਸੀ ਕਿ ਫ਼ਿਰਕੂਵਾਦ ਦੋਵੇਂ ਹੀ ਤਰ੍ਹਾਂ ਦਾ ਖ਼ਤਰਨਾਕ ਹੈ, ਪਰ ਬਹੁਗਿਣਤੀ ਸਮਾਜ ਦਾ ਫ਼ਿਰਕੂਵਾਦ ਕਦੇ ਵੀ ਫਾਸ਼ੀਵਾਦ ਵਿਚ ਤਬਦੀਲ ਹੋ ਸਕਦਾ ਹੈ। ਇਸ ਲਈ ਉਸ 'ਤੇ ਕਾਬੂ ਪਾਉਣ ਅਤੇ ਖ਼ਦਸ਼ਿਆਂ ਨੂੰ ਖ਼ਤਮ ਕਰਨਾ ਜ਼ਰੂਰੀ ਹੈ।

ਨਹਿਰੂ ਦੀ ਗੱਲ ਮੋਟੇ ਤੌਰ 'ਤੇ ਸਹੀ ਸੀ, ਪਰ ਉਨ੍ਹਾਂ ਦਾ ਬਿਆਨ ਸੰਵਿਧਾਨ ਸਭਾ ਵਿਚ ਚੱਲੀ ਘੱਟ-ਗਿਣਤੀ ਅਧਿਕਾਰਾਂ ਦੀ ਬਹਿਸ ਵਾਂਗ ਭਾਰਤੀ ਸਮਾਜ ਨੂੰ ਸਥਾਈ ਘੱਟ-ਗਿਣਤੀ, ਸਥਾਈ ਬਹੁ-ਗਿਣਤੀ ਦੀਆਂ ਸ਼੍ਰੇਣੀਆਂ ਵਿਚ ਵੰਡ ਕੇ ਦੇਖਣ ਵਾਲਾ ਸੀ। ਅੱਜ ਸਪਸ਼ਟ ਹੋ ਚੁੱਕਾ ਹੈ ਕਿ ਘੱਟ-ਗਿਣਤੀਆਂ ਅਤੇ ਬਹੁ-ਗਿਣਤੀਆਂ ਦਾ ਸਿਆਸੀ ਮੁਕਾਬਲਾ ਕਰਵਾਉਣ ਦਾ ਜਿਹੜਾ ਸਿਲਸਿਲਾ ਅੰਗਰੇਜ਼ਾਂ ਨੇ ਸ਼ੁਰੂ ਕੀਤਾ ਸੀ, ਤੇ ਜੋ ਭਾਰਤ ਦੀ ਵੰਡ ਦੇ ਰੂਪ ਵਿਚ ਆਪਣੇ ਸਿਖ਼ਰ 'ਤੇ ਪਹੁੰਚਿਆ, ਉਸ ਦਾ ਤਿੱਖਾਪਣ ਖ਼ਤਮ ਕਰ ਕੇ ਸਮਾਜ ਨੂੰ ਸਥਾਈ ਘੱਟ-ਗਿਣਤੀ ਬਹੁ-ਗਿਣਤੀ ਦੀ ਬਜਾਏ ਅਸਥਾਈ ਘੱਟ-ਗਿਣਤੀ ਅਤੇ ਅਸਥਾਈ ਬਹੁ-ਗਿਣਤੀ ਦੇ ਰੂਪ ਵਿਚ ਪਰਿਭਾਸ਼ਤ ਕਰਨ ਦਾ ਕੰਮ ਕਰਨ ਤੋਂ ਨਹਿਰੂ ਦੀ ਸਰਕਾਰ ਵੀ ਵਾਂਝੀ ਰਹੀ ਅਤੇ ਉਨ੍ਹਾਂ ਤੋਂ ਬਾਅਦ ਆਉਣ ਵਾਲੀਆਂ ਸਰਕਾਰਾਂ ਵੀ ਇਸ ਵਿਚ ਅਸਫ਼ਲ ਰਹੀਆਂ। ਨਤੀਜਾ ਇਹ ਨਿਕਲਿਆ ਕਿ ਅੱਜ ਸਿਆਸੀ ਮੁਕਾਬਲੇ ਅਤੇ ਆਰਥਿਕ ਹਿਤਾਂ ਦੀ ਹੋੜ ਕਾਰਨ ਦੋਵੇਂ ਸ਼੍ਰੇਣੀਆਂ 50 ਦੇ ਦਹਾਕੇ ਦੇ ਮੁਕਾਬਲੇ ਹੋਰ ਜ਼ਿਆਦਾ ਦੂਰ ਹੋ ਚੁੱਕੀਆਂ ਹਨ। ਘੱਟ-ਗਿਣਤੀ ਹੋਣ ਦੇ ਆਪਣੇ ਲਾਭ ਹਨ ਅਤੇ ਬਹੁ-ਗਿਣਤੀ ਹੋਣ ਦੇ ਆਪਣੇ। ਕਮਾਲ ਇਹ ਹੈ ਕਿ ਇਕ ਸ਼੍ਰੇਣੀ ਵਿਚ ਆਉਣ ਵਾਲਾ ਵਰਗ ਆਪਣੇ ਲਈ ਨਿਸ਼ਚਿਤ ਲਾਭ ਉਠਾਉਂਦੇ ਹੋਏ ਦੂਜੀ ਸ਼੍ਰੇਣੀ ਦਾ ਲਾਭ ਉਠਾਉਣ ਦਾ ਜੁਗਾੜ ਵੀ ਕਰਦਾ ਹੋਇਆ ਵੇਖਿਆ ਜਾ ਸਕਦਾ ਹੈ।

ਦਰਅਸਲ, ਕੌਣ ਘੱਟ-ਗਿਣਤੀ ਹਨ ਅਤੇ ਕੌਣ ਬਹੁ-ਗਿਣਤੀ, ਇਹ ਭਾਰਤੀ ਸਿਆਸਤ ਦਾ ਸਭ ਤੋਂ ਗੁੰਝਲਦਾਰ ਸਵਾਲ ਬਣ ਚੁੱਕਾ ਹੈ। ਜੋ ਮੋਟੇ ਤੌਰ 'ਤੇ ਸਾਰਿਆਂ ਨੂੰ ਪਤਾ ਹੈ ਕਿ ਭਾਰਤ ਵਿਚ ਹਿੰਦੂ ਬਹੁ-ਗਿਣਤੀ ਹਨ ਅਤੇ ਮੁਸਲਮਾਨ, ਸਿੱਖ, ਇਸਾਈ, ਜੈਨ, ਪਾਰਸੀ ਤੇ ਯਹੂਦੀ ਘੱਟ-ਗਿਣਤੀ ਹਨ, ਪਰ ਇਸ ਨਾਲ ਪੂਰੀ ਗੱਲ ਨਹੀਂ ਬਣਦੀ, ਕਿਉਂਕਿ ਇਹ ਤੈਅ ਨਹੀਂ ਹੁੰਦਾ ਕਿ ਕੌਮੀ ਪੱਧਰ 'ਤੇ ਬਹੁ-ਗਿਣਤੀ, ਘੱਟ-ਗਿਣਤੀ ਦੀ ਸਥਿਤੀ ਸੂਬਿਆਂ ਦੇ ਪੱਧਰ 'ਤੇ ਮੌਜੂਦਾ ਇਸ ਸਥਿਤੀ ਨਾਲ ਕਿਸ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਜਿਵੇਂ ਦਿੱਲੀ ਅਤੇ ਹਰਿਆਣਾ ਵਿਚ ਸਿੱਖ ਘੱਟ-ਗਿਣਤੀ ਵਿਚ ਹਨ, ਪਰ ਪੰਜਾਬ ਵਿਚ ਬਹੁਗਿਣਤੀ ਵਿਚ ਹਨ ਅਤੇ ਉਥੇ ਉਨ੍ਹਾਂ ਦਾ ਰਹਿਣ-ਸਹਿਣ ਵੀ ਕਿਸੇ ਬਹੁ-ਗਿਣਤੀ ਵਰਗ ਵਰਗਾ ਹੀ ਹੈ। ਇਸ ਤਰ੍ਹਾਂ ਉਤਰ-ਪੂਰਬੀ ਸੂਬਿਆਂ ਵਿਚੋਂ ਸਭ ਤੋਂ ਵੱਡੇ ਸੂਬੇ ਅਸਾਮ ਵਿਚ ਹਿੰਦੂ ਬਹੁ-ਗਿਣਤੀ 'ਚ ਹਨ ਪਰ ਮਿਜ਼ੋਰਮ, ਨਾਗਾਲੈਂਡ, ਮੇਘਾਲਿਆ, ਅਰੁਣਾਚਲ ਪ੍ਰਦੇਸ਼ ਅਤੇ ਮਨੀਪੁਰ ਵਿਚ ਇਹ ਘੱਟ-ਗਿਣਤੀ ਵਿਚ ਹਨ। ਇਨ੍ਹਾਂ ਵਿਚੋਂ ਪਹਿਲੇ 4 ਸੂਬਿਆਂ 'ਚ ਇਸਾਈ ਬਹੁਗਿਣਤੀ ਵਿਚ ਹਨ।

ਪਹਿਲੀ ਗੱਲ ਤਾਂ ਇਹ ਕਿ ਭਾਜਪਾ ਅਤੇ ਸੰਘ ਪਰਿਵਾਰ ਨੂੰ ਆਪਣੀ ਵਿਚਾਰਧਾਰਾ ਦੀ ਗੱਲ ਕਰਨੀ ਚਾਹੀਦੀ ਹੈ। ਸੰਘ ਪਰਿਵਾਰ ਇਸ ਦੇਸ਼ ਵਿਚ ਰਹਿਣ ਵਾਲੇ ਹਰ ਬੰਦੇ ਨੂੰ ਹਿੰਦੂ ਮੰਨਦਾ ਹੈ। ਇਉਂ, ਭਾਜਪਾ ਤੇ ਸੰਘ, ਵਿਚਾਰਕ ਤੌਰ 'ਤੇ ਘੱਟ-ਗਿਣਤੀ ਸ਼੍ਰੇਣੀ ਦੇ ਹੀ ਖ਼ਿਲਾਫ਼ ਹਨ। ਇਨ੍ਹਾਂ ਨੇ ਘੱਟ-ਗਿਣਤੀ ਕਮਿਸ਼ਨ ਬਣਾਉਣ ਦਾ ਵੀ ਵਿਰੋਧ ਕੀਤਾ ਸੀ। ਜਿਵੇਂ ਪ੍ਰੋਫੈਸਰ ਰਜਨੀ ਕੋਠਾਰੀ ਦੀ ਮਾਨਤਾ ਸੀ ਕਿ ਇਸ ਦੇਸ਼ ਵਿਚ ਕੋਈ ਬਹੁ-ਗਿਣਤੀ ਨਹੀਂ ਹੈ। ਹਿੰਦੂ ਕਿਹਾ ਜਾਣ ਵਾਲਾ ਵਰਗ ਵੀ ਕਈ ਤਰ੍ਹਾਂ ਦੇ ਵਰਗਾਂ ਦਾ ਜੁੱਟ ਹੈ; ਮਤਲਬ ਕੋਠਾਰੀ ਦੀ ਨਜ਼ਰ ਵਿਚ ਵੱਖ-ਵੱਖ ਘੱਟ-ਗਿਣਤੀ ਵਰਗਾਂ ਨੂੰ ਮਿਲ ਕੇ ਬਣਿਆ ਹੈ। ਇਹ ਸੂਤਰੀਕਰਨ ਕਰ ਕੇ ਉਹ ਇਸ ਫ਼ੈਸਲੇ 'ਤੇ ਪਹੁੰਚੇ ਸਨ ਕਿ ਭਾਰਤ ਵਿਚ ਬਹੁ-ਗਿਣਤੀਵਾਦ ਦੀ ਗੱਲ ਕਰਨਾ ਸਿਆਸੀ ਵਿਗਾੜ ਨੂੰ ਸੱਦਾ ਦੇਣਾ ਹੈ, ਪਰ ਕੋਠਾਰੀ ਦੀ ਇਸ ਮਾਨਤਾ ਵਿਰੁਧ ਸਾਡੀ ਸਿਆਸਤਵਿਚ ਦੋ ਤਰ੍ਹਾਂ ਦੀ ਬਹੁ-ਗਿਣਤੀਵਾਦ ਦਾ ਮੁਕਾਬਲਾ ਲੰਮੇ ਸਮੇਂ ਤੋਂ ਚੱਲ ਰਿਹਾ ਹੈ। ਹਿੰਦੂ ਬਹੁ-ਗਿਣਤੀਵਾਦ ਅਤੇ ਬਹੁਜਨ ਸਿਆਸਤ ਦੇ ਨਾਂ 'ਤੇ ਜਾਤੀਆਂ ਦੇ ਬਹੁ-ਗਿਣਤੀਵਾਦ ਵਿਚਕਾਰਲਾ ਮੁਕਾਬਲਾ। ਦੋਵੇਂ ਬਹੁ-ਗਿਣਤੀਵਾਦਾਂ ਵਿਚੋਂ ਇਕ ਹੀ ਜਿੱਤ ਸਕਦਾ ਹੈ। ਜੇ ਜਾਤੀਆਂ ਦਾ ਬਹੁ-ਗਿਣਤੀਵਾਦ ਸਿਰੇ ਚੜ੍ਹਿਆ ਤਾਂ ਹਿੰਦੂ ਬਹੁ-ਗਿਣਤੀਵਾਦ ਕਦੇ ਕਾਮਯਾਬ ਨਹੀਂ ਹੋ ਸਕਦਾ, ਪਰ ਵੇਖਿਆ ਗਿਆ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਜਾਤੀਆਂ ਦਾ ਬਹੁ-ਗਿਣਤੀਵਾਦ ਪਛੜ ਰਿਹਾ ਹੈ। ਹਿੰਦੂ ਬਹੁ-ਗਿਣਤੀਵਾਦ ਨੇ ਉਸ ਦੇ ਵਿਚਾਰਕ ਪ੍ਰਤੀਕਾਂ (ਅੰਬੇਡਕਰ ਤੇ ਫੂਲੇ) ਨੂੰ ਕਾਮਯਾਬੀ ਨਾਲ ਹੜੱਪ ਲਿਆ ਹੈ ਅਤੇ ਉਸ ਦਾ ਆਧਾਰ ਹੌਲੀ-ਹੌਲੀ ਉਨ੍ਹਾਂ ਕਮਜ਼ੋਰ ਬਰਾਦਰੀਆਂ 'ਤੇ ਵਧਦਾ ਜਾ ਰਿਹਾ ਹੈ, ਜਿਨ੍ਹਾਂ ਨੂੰ ਜਾਤੀਆਂ ਦਾ ਬਹੁ-ਗਿਣਤੀਵਾਦ ਆਪਣਾ ਕੇਂਦਰ ਮੰਨਦਾ ਰਿਹਾ ਹੈ।

ਇਸ ਬਹਿਸ ਦਾ ਤੀਜਾ ਪਹਿਲੂ ਇਹ ਹੈ ਕਿ ਹਿੰਦੂਆਂ ਨੂੰ ਬਹੁ-ਗਿਣਤੀਵਾਦੀ ਚੇਤਨਾ ਨਾਲ ਭਰਪੂਰ ਕਰਨ ਦੀ ਮੁਹਿੰਮ ਮੁਖ ਰੂਪ ਨਾਲ ਘੱਟ-ਗਿਣਤੀਵਾਦੀ ਚੇਤਨਾ ਨੂੰ ਹਥਿਆਰ ਵਾਂਗ ਵਰਤ ਕੇ ਚਲਾਈ ਜਾ ਰਹੀ ਹੈ। ਹਿੰਦੂ ਹਾਂ-ਪੱਖੀ ਰੂਪ ਤੋਂ ਬਹੁ-ਗਿਣਤੀ ਨਹੀਂ ਹੋ ਰਹੇ ਹਨ, ਸਗੋਂ ਉਨ੍ਹਾਂ ਨੂੰ, ਨਾਂਹ-ਪੱਖੀ ਰੂਪ ਨਾਲ ਘੱਟ-ਗਿਣਤੀ ਵਿਰੋਧੀ ਚਿੰਤਨ ਕਰ ਕੇ ਬਹੁ-ਗਿਣਤੀ ਵਾਂਗ ਸੋਚਣ ਲਈ ਤਿਆਰ ਕੀਤਾ ਜਾ ਰਿਹਾ ਹੈ। ਇਹ ਖਾਸ ਮਨੋਵਿਗਿਆਨਕ ਯੋਜਨਾ ਹੈ, ਜੋ ਹਿੰਦੂਆਂ ਤੋਂ ਉਮੀਦ ਕਰਦੀ ਹੈ ਕਿ ਇਹ ਉਸੇ ਤਰ੍ਹਾਂ ਦੀ ਲੜਾਕੀ ਹੋਈ ਅਤੇ ਅਸੁਰੱਖਿਆ ਦੀ ਸ਼ਿਕਾਰ ਮਾਨਸਿਕਤਾ ਬਣਾ ਲੈਣਗੇ, ਜਿਹੜੀ ਘੱਟ-ਗਿਣਤੀ ਵਰਗਾਂ ਦੀ ਵਿਸ਼ੇਸ਼ਤਾ ਹੁੰਦੀ ਹੈ। ਭਾਰਤੀ ਲੋਕਤੰਤਰ ਲਈ ਫ਼ਿਕਰਮੰਦ ਲੋਕਾਂ ਨੂੰ ਸੋਚਣਾ ਚਾਹੀਦਾ ਹੈ ਕਿ ਭਾਰਤ ਵਰਗੇ ਵਿਸ਼ਾਲ ਮੁਲਕ ਦੇ 80 ਫ਼ੀਸਦੀ ਬਾਸ਼ਿੰਦੇ ਜਿਹੜੇ 15-16ਵੀਂ ਸਦੀ ਤੋਂ ਹੀ ਆਪਣੇ-ਆਪ ਨੂੰ ਹਿੰਦੂ ਕਹਿੰਦੇ ਆ ਰਹੇ ਹਨ, ਜੇ ਘੱਟ-ਗਿਣਤੀ ਲਤਾੜੇ ਹੋਏ ਮਨੁੱਖ ਦਾ ਵਾਰਕ ਬਣ ਜਾਣਗੇ ਤਾਂ ਫਿਰ ਉਹ ਉਨ੍ਹਾਂ ਨਾਲ ਕਿਹੋ-ਜਿਹਾ ਸਲੂਕ ਕਰਨਗੇ, ਜੋ ਅਸਲੀਅਤ ਵਿਚ ਘੱਟ-ਗਿਣਤੀ ਵਿਚ ਹਨ। ਘੱਟ-ਗਿਣਤੀ ਬਹੁ-ਗਿਣਤੀ ਵਿਵਾਦ ਦਾ ਸਭ ਤੋਂ ਜ਼ਿਆਦਾ ਡਰਾਉਣ ਵਾਲਾ ਸੰਭਾਵੀ ਸਿੱਟਾ ਇਹੀ ਹੈ।

**-ਅਭੈ ਕੁਮਾਰ ਦੂਬੇ**

# ਡਾ. ਦਿਲਗੀਰ ਵੱਲੋਂ ਅਕਾਲ ਤਖਤ ਦੇ ਫੈਸਲਿਆਂ ਨੂੰ ਕੋਰਟ ਵਿਚ ਚੁਣੌਤੀ!

**ਹਜ਼ਾਰਾ ਸਿੰਘ**
ਫੋਨ: 905-795-3428

ਕਹਿੰਦੇ ਹਨ ਕਿ ਕਈ ਵਾਰ ਹੱਥੀਂ ਲਾਇਆ ਬੂਟਾ ਵੀ ਵੱਢਣਾ ਪੈ ਜਾਂਦਾ ਹੈ। ਡਾ. ਹਰਜਿੰਦਰ ਸਿੰਘ ਦਿਲਗੀਰ ਐਸੇ ਲਿਖਾਰੀ ਹਨ ਜਿਨ੍ਹਾਂ ਨੇ ਅਕਾਲ ਤਖਤ ਦੀ ਹਸਤੀ ਨੂੰ ਉਜਾਗਰ ਕਰਨ ਲਈ ਕਈ ਕਿਤਾਬਾਂ ਲਿਖੀਆਂ। 1984 ਦੇ ਦੁਖਾਂਤ ਤੋਂ ਬਾਅਦ ਸਿਖ ਭਾਈਚਾਰੇ ਅੰਦਰ ਮਾਯੂਸੀ ਦਾ ਆਲਮ ਸੀ ਅਤੇ ਜ਼ਬਰਦਸਤ ਰੋਹ ਵੀ ਸੀ। ਇਸ ਰੋਹ ਦਾ ਪ੍ਰਗਟਾਵਾ ਅਨੇਕਾਂ ਰੂਪਾਂ ਵਿਚ ਹੋਇਆ ਅਤੇ ਇਸੇ ਪਿਛੋਕੜ ਅਤੇ ਪ੍ਰਸੰਗ ਵਿਚ ਅਕਾਲ ਤਖਤ ਸਾਹਿਬ ਦੀ ਸਰਵਉਚਤਾ ਦਾ ਨਾਅਰਾ ਵੀ ਬੁਲੰਦ ਹੁੰਦਾ ਰਿਹਾ। ਇਹ ਕੋਈ ਅਣਹੋਣੀ ਗੱਲ ਵੀ ਨਹੀਂ ਸੀ। ਮਾਨਵੀ ਭਾਈਚਾਰੇ ਸਮੂਹ ਇਤਿਹਾਸਕ ਸੰਕਟਾਂ ਨਾਲ ਨਜਿੱਠਣ ਲਈ ਆਪਣੇ ਆਪਣੇ ਸਤਿਕਾਰਤ ਵਿਰਾਸਤੀ ਚਿੰਨ੍ਹਾਂ ਅਤੇ ਰਵਾਇਤਾਂ ਦਾ ਆਸਰਾ ਸਦਾ ਹੀ ਲੈਂਦੇ ਆਏ ਹਨ ਅਤੇ ਉਨ੍ਹਾਂ ਨੇ ਇਓਂ ਕਰਦਿਆਂ ਵੀ ਰਹਿਣਾ ਹੈ। ਜੱਗੋਂ ਤੇਰਵ੍ਹੀਂ ਇਸ ਵਿਚ ਕੋਈ ਵੀ ਗੱਲ ਨਹੀਂ ਹੈ। ਦੁਨੀਆਂ ਭਰ ਵਿਚ ਸਿੱਖ ਧਰਮ ਨਾਲ ਸਬੰਧਤ ਵਿਅਕਤੀ ਦੇ ਮਨ ਅੰਦਰ ਹਰਿਮੰਦਰ ਸਾਹਿਬ ਜਾਂ ਅਕਾਲ ਤਖਤ ਸਾਹਿਬ ਲਈ ਅਥਾਹ ਸ਼ਰਧਾ ਅਤੇ ਸਤਿਕਾਰ ਹੈ। ਇਨ੍ਹਾਂ ਸੰਸਥਾਵਾਂ ਦਾ ਓਟ ਆਸਰਾ ਜਾਂ ਉਨ੍ਹਾਂ ਦੀ ਟੇਕ ਲੈਣ ਵਿਚ ਕੋਈ ਹਰਜ਼ ਵੀ ਨਹੀਂ ਹੈ ਪ੍ਰੰਤੂ ਮਸਲਾ ਤਾਂ ਇਹ ਹੈ ਕਿ ਅਕਾਲ ਤਖਤ ਸਾਹਿਬ ਦੀ ਅਹਿਮੀਅਤ ਨੂੰ ਅਜੋਕੇ ਸਮੇਂ ਅਤੇ ਸਰੋਕਾਰਾਂ ਨਾਲ ਜੋੜਨਾ ਕਿਵੇਂ ਹੈ ਅਤੇ ਮਹਾਨ ਚਿਹਨਕ ਸਾਰਥਿਕਤਾ ਨੂੰ ਪ੍ਰਭਾਸ਼ਿਤ ਕਿਵੇਂ ਕਰਨਾ ਹੈ? ਸਿੱਖ ਚਿੰਤਕਾਂ ਅਤੇ ਬੁੱਧੀਜੀਵੀਆਂ ਲਈ ਇਹੋ ਚੈਲੰਜ ਸੀ ਅਤੇ ਇਹੋ ਜਿੰਮੇਵਾਰੀ ਸੀ ਜੋ ਡਾ. ਦਿਲਗੀਰ ਨੇ ਅਕਾਲ ਤਖਤ ਸਾਹਿਬ ਬਾਰੇ ਸਾਰੀ ਉਮਰ ਲਿਖੀ ਜਾਣ ਦੇ ਬਾਵਜੂਦ ਕਦੇ ਨਾ ਨਿਭਾਈ। ਸਗੋਂ ਉਹ ਵੀ ਬਹੁਤਾ ਸਮਾਂ ਉਸੇ ਸ਼ੋਰੀਲੀ ਸੁਰ ਵਾਲੇ ਕਾਫਲੇ ਵਿਚ ਡਟਿਆ ਬੈਠਾ ਰਿਹਾ!

ਸਭਨਾਂ ਨੂੰ ਪਤਾ ਹੀ ਹੈ ਕਿ ਸਿੱਖਾਂ ਦੇ ਰਾਜਨੀਤਕ ਅਤੇ ਧਾਰਮਿਕ ਖੇਤਰਾਂ ਵਿਚ ਵੱਜੇ ਢੋਲ ਢਮੱਕੇ ਵਿਚੋਂ ਲੈਅ ਬੱਧ ਹੋ ਕੇ ਜੋ ਇੱਕ ਸੁਰ ਉਭਰੀ, ਉਹ ਸੀ, 'ਸਿੱਖਾਂ ਦਾ ਅਕਾਲ ਤਖਤ ਸਰਵਉਚ, ਅਕਾਲ ਤਖਤ ਸਰਵਉਚ।' ਡਾ. ਦਿਲਗੀਰ ਵਰਗੇ ਬੁੱਧੀਜੀਵੀਆਂ ਦੀਆਂ ਲਿਖਤਾਂ ਨੇ ਇਸ ਸੁਰ ਨੂੰ ਹੋਰ ਸ਼ੋਰੀਲਾ ਕੀਤਾ। ਸਿੱਖਾਂ ਦੇ ਵੱਖ ਵੱਖ ਗਰੁਪ ਇਸ ਸੁਰ ਵਿਚੋਂ ਆਪਣੀ ਰਾਜਨੀਤਕ ਮਜ਼ਬੂਤੀ ਦਾ ਸਾਧਨ ਲੱਭਦੇ ਸਨ। ਯਤਨ ਸਿਰਫ ਇਹ ਸੀ ਕਿ ਅਕਾਲ ਤਖਤ ਦੀ ਸਰਵਉਚਤਾ ਵਾਲਾ ਡੰਡਾ ਹਥਿਆ ਕੇ ਬਾਕੀਆਂ ਦੀਆਂ ਗੋਡਣੀਆਂ ਲਵਾ ਦਿੱਤੀਆਂ ਜਾਣ।

ਡਾ. ਦਿਲਗੀਰ ਵਰਗੇ ਵਿਦਵਾਨਾਂ ਦੀਆਂ ਲਿਖਤਾਂ ਨੇ ਵੀ ਇਸ ਬਿਰਤੀ ਨੂੰ ਚੰਗੀ ਹਵਾ ਦਿੱਤੀ। ਬਦਕਿਸਮਤੀ ਨਾਲ ਬਾਦਲ ਨੂੰ ਸਿਆਸੀ ਤੌਰ 'ਤੇ ਮਾਰਨ ਲਈ ਘੜ ਘੜ ਕੇ ਤਿਆਰ ਕੀਤਾ ਅਕਾਲ ਤਖਤ ਦੀ ਸਰਵਉਚਤਾ ਵਾਲਾ ਡੰਡਾ ਬਾਦਲ ਦੇ ਹੱਥ ਆ ਗਿਆ। ਉਸ ਨੇ ਫਿਰ ਇਸ ਦੀ ਐਸੀ ਵਰਤੋਂ ਕੀਤੀ ਕਿ ਸਭ ਨੂੰ ਧੂੜ ਚਟਾ ਦਿੱਤੀ। ਸਭ ਦੀਆਂ ਰੜਕਾਂ ਕੱਢ ਦਿੱਤੀਆਂ, ਤਾਂ ਕਿਤੇ 'ਅਕਾਲ ਤਖਤ ਸਰਵਉਚ, ਅਕਾਲ ਤਖਤ ਸਰਵਉਚ' ਕਹਿਣ ਵਾਲਿਆਂ ਨੂੰ ਹੋਸ਼ ਆਈ ਕਿ ਬਾਜ਼ੀ ਤਾਂ ਪੁੱਠੀ ਪੈ ਗਈ। ਫਿਰ ਅਕਾਲ ਤਖਤ ਦੇ ਫੈਸਲਿਆਂ ਪ੍ਰਤੀ ਕਿੰਤੂ ਹੋਣ ਲੱਗ ਪਿਆ ਪਰ ਡਰ ਡਰ ਕੇ ਸਹਿੰਦਾ ਸਹਿੰਦਾ। ਅਕਾਲ ਤਖਤ ਵਾਲਿਆਂ ਵੀ 'ਛੱਡਿਆ ਕੋਈ ਨਾ ਸਾਧ ਤੇ ਸੰਤ ਮੀਆਂ' ਅਨੁਸਾਰ ਬਾਦਲ ਵਿਰੋਧੀ ਪ੍ਰਚਾਰਕਾਂ ਅਤੇ ਬੁੱਧੀਜੀਵੀਆਂ ਦਾ ਮੱਕੂ ਠੱਪਣ ਵਿਚ ਢਿੱਲ ਨਾ ਆਉਣ ਦਿੱਤੀ। ਇਸੇ ਲੜੀ ਵਿਚ ਹੀ ਡਾ. ਦਿਲਗੀਰ ਦਾ ਨੰਬਰ ਲੱਗ ਗਿਆ। ਉਨ੍ਹਾਂ ਦੀਆਂ ਦਮਦਮੀ ਟਕਸਾਲ ਅਤੇ ਟਕਸਾਲ ਮੁਖੀ ਬਾਬੇ ਧੁੰਮਾ ਬਾਰੇ ਪਾਜ ਉਘਾੜਦੀਆਂ ਲਿਖਤਾਂ ਕਾਰਨ ਪੰਥ ਦੇ ਕਈ ਥੰਮ ਨਾਰਾਜ਼ ਹੋ ਗਏ ਅਤੇ ਉਨ੍ਹਾਂ ਆਪਣਾ ਅਸਰ ਰਸੂਖ ਵਰਤ ਕੇ ਅਕਾਲ ਤਖਤ 'ਤੇ ਸ਼ਿਕਾਇਤ ਕਰਨ ਵਾਲਾ ਬ੍ਰਹਮ ਅਸਤਰ ਡਾ. ਦਿਲਗੀਰ ਵੱਲ ਵੀ ਛੱਡ'ਤਾ। ਜਦ ਡਾ. ਦਿਲਗੀਰ ਨਾ ਜ਼ਰਕਿਆ ਤਾਂ ਅਕਾਲ ਤਖਤ ਵਾਲਿਆਂ ਆਪਣੇ ਭੱਥੇ ਵਿਚੋਂ ਤੀਰ ਦਾਗਦਿਆਂ ਸਿੱਖਾਂ ਨੂੰ ਅਪੀਲ ਕਰ ਦਿੱਤੀ ਕਿ ਜਿੰਨਾ ਚਿਰ ਡਾ. ਦਿਲਗੀਰ



*ਡਾ. ਹਰਜਿੰਦਰ ਸਿੰਘ ਦਿਲਗੀਰ*

ਆਪਣੀਆਂ ਲਿਖਤਾਂ ਬਾਰੇ ਸਪੱਸ਼ਟੀਕਰਨ ਨਹੀ ਦਿੰਦਾ ਉਤਨਾ ਚਿਰ ਉਸ ਦੀਆਂ ਕਿਤਾਬਾਂ 'ਤੇ ਪਾਬੰਦੀ ਲਾਈ ਜਾਂਦੀ ਹੈ ਅਤੇ ਸੰਗਤਾਂ ਉਨ੍ਹਾਂ ਨੂੰ ਕਿਸੇ ਵੀ ਸਿੱਖ ਸਟੇਜ ਤੋਂ ਬੋਲਣ ਨਾ ਦੇਣ।

ਡਾ. ਦਿਲਗੀਰ ਨੇ ਇਸ ਦਾ ਬੁਰਾ ਮਨਾਉਣ ਦੀ ਥਾਂ ਇਸ ਫੈਸਲੇ ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਬਿਹਤਰ ਹੁੰਦਾ ਜੇ ਅਕਾਲ ਤਖਤ ਵਾਲੇ ਮੈਨੂੰ ਆਪਣੇ ਪੰਥ ਵਿਚੋਂ ਬਾਹਰ ਕੱਢ ਕੇ ਆਜ਼ਾਦ ਕਰ ਦਿੰਦੇ। ਪਰ ਉਨ੍ਹਾਂ ਦਿਲਗੀਰ ਨੂੰ ਪੰਥ ਵਿਚੋਂ ਛੇਕਿਆ ਨਾ ਅਤੇ ਨਾ ਹੀ ਤਨਖਾਹੀਆ ਕਰਾਰ ਦਿੱਤਾ। ਡਾ. ਦਿਲਗੀਰ ਨੇ ਪੁਜਾਰੀਆਂ ਨੂੰ ਕੋਰਟ ਵਿਚ ਘਸੀਟਣ ਦੀ ਚਿਤਾਵਨੀ ਵੀ ਦਿੱਤੀ ਅਤੇ ਨਾਲ ਹੀ ਐਲਾਨ ਕਰ ਦਿੱਤਾ ਕਿ ਉਹ ਹੁਣ ਰਾਗ ਮਾਲਾ ਤੋਂ ਬਿਨਾ ਗ੍ਰੰਥ ਸਾਹਿਬ ਦੀ ਬੀੜ ਵੀ ਛਾਪੇਗਾ।

ਕੁਝ ਮਹੀਨਿਆਂ ਤੋਂ ਇਸ ਬਾਰੇ ਕੋਈ ਖਬਰ ਨਹੀਂ ਸੀ ਆਈ। ਨਵੰਬਰ ਦੇ ਪਹਿਲੇ ਹਫਤੇ ਦੀਆਂ ਅਖਬਾਰਾਂ ਤੋਂ ਪਤਾ ਲੱਗਾ ਕਿ ਡਾ. ਦਿਲਗੀਰ ਨੇ ਅਕਾਲ ਤਖਤ ਵੱਲੋਂ ਕੀਤੇ ਜਾਂਦੇ ਫੈਸਲਿਆਂ ਖਿਲਾਫ ਹਾਈ ਕੋਰਟ ਵਿਚ ਕੇਸ ਕਰ ਦਿੱਤਾ ਹੈ। ਇਹ ਵੀ ਪਤਾ ਲੱਗਾ ਕਿ ਕੇਸ ਤੋਂ ਪਹਿਲਾਂ ਅਗਸਤ ਵਿਚ ਇੱਕ ਕਾਨੂੰਨੀ ਨੋਟਿਸ ਵੀ ਦਿੱਤਾ ਗਿਆ ਸੀ ਜਿਸ ਦਾ ਕਿਸੇ ਨੇ ਕੋਈ ਜਵਾਬ ਦੇਣਾ ਮੁਨਾਸਿਬ ਨਹੀਂ ਸਮਝਿਆ। ਇਸ ਕੇਸ ਰਾਹੀਂ ਡਾ. ਦਿਲਗੀਰ ਨੇ ਜਥੇਦਾਰਾਂ 'ਤੇ ਸੰਵਿਧਾਨ ਦੀ ਧਾਰਾ 21 ਦੀ ਉਲੰਘਣਾ ਦਾ ਦੋਸ਼ ਲਾਇਆ ਹੈ ਪਰ ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਇਹ ਸਿੱਖਾਂ ਦਾ ਅੰਦਰੂਨੀ ਧਾਰਮਿਕ ਮਾਮਲਾ ਹੈ ਜਿਸ ਵਿਚ ਕੋਰਟ ਜਾਂ ਕਾਨੂੰਨ ਦਾ ਕੋਈ ਦਖਲ ਨਹੀਂ ਹੋ ਸਕਦਾ।

ਇੰਜ ਜਾਪਦਾ ਹੈ ਕਿ ਡਾ. ਦਿਲਗੀਰ ਨੇ ਇਹ ਕੇਸ ਕਰਕੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੂੰ ਬਿਆਨਬਾਜ਼ੀ ਲਈ ਇੱਕ ਹੋਰ ਮੁੱਦਾ ਦੇ ਦਿੱਤਾ ਹੈ, ਕਿਉਂਕਿ ਕਿਸੇ ਦੀਆਂ ਕਿਤਾਬਾਂ ਪਸੰਦ ਕਰਨਾ ਜਾਂ ਨਾ ਕਰਨਾ ਹਰ ਕਿਸੇ ਦਾ ਨਿਜੀ ਫੈਸਲਾ ਹੈ। ਇਸੇ ਹੀ ਤਰ੍ਹਾਂ ਹੋਰਨਾਂ ਨੂੰ ਕੋਈ ਕਿਤਾਬਾਂ ਪੜ੍ਹਨ ਲਈ ਕਹਿਣਾ ਜਾਂ ਨਾ ਪੜ੍ਹਨ ਦੀ ਅਪੀਲ ਕਰਨਾ ਵੀ ਕਾਨੂੰਨੀ ਜ਼ੁਰਮ ਨਹੀਂ ਹੈ। ਸੰਵਿਧਾਨ ਦੀ ਧਾਰਾ 21 ਭਾਰਤੀ ਸ਼ਹਿਰੀਆਂ ਨੂੰ ਜੀਵਨ ਅਤੇ ਆਜ਼ਾਦੀ ਦਾ ਹੱਕ ਦਿੰਦੀ ਹੈ। ਸਿੱਖਾਂ ਨੂੰ ਕਿਸੇ ਦੀਆਂ ਕਿਤਾਬਾਂ ਨਾ ਪੜ੍ਹਨ ਦੀ ਅਪੀਲ ਕਰਨਾ ਅਤੇ ਕਿਸੇ ਧਾਰਮਿਕ ਸਟੇਜ ਤੋਂ ਨਾ ਬੋਲਣ ਦੇਣ ਦੀ ਅਪੀਲ ਕਰਨਾ ਕਾਨੂੰਨ ਦੀ ਉਲੰਘਣਾ ਨਹੀਂ ਬਣਦਾ, ਕਿਉਂਕਿ ਨਾ ਤਾਂ ਕੀਤੇ ਹੁਕਮਾਂ ਦੀ ਕੋਈ ਕਾਨੂੰਨੀ ਵੁੱਕਤ ਹੈ ਅਤੇ ਨਾ ਸਿੱਖ ਇਨ੍ਹਾਂ ਨੂੰ ਲਾਗੂ ਕਰਨ ਲਈ ਕਾਨੂੰਨੀ ਤੌਰ 'ਤੇ ਪਾਬੰਦ ਹਨ। ਇਸ ਤਰ੍ਹਾਂ ਇਸ ਅਪੀਲ ਨੂੰ ਮੰਨਣਾ ਜਾਂ ਨਾ ਮੰਨਣਾ ਹਰ ਕਿਸੇ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ। ਕਾਨੂੰਨ ਦੀ ਉਲੰਘਣਾ ਤਦ ਹੋਏਗੀ ਜਦ ਇਹ ਹੁਕਮ ਜਬਰਦਸਤੀ ਲਾਗੂ ਕੀਤੇ ਜਾਣਗੇ। ਇਸ ਤਰ੍ਹਾਂ ਇਹ ਅਪੀਲ ਜਾਂ ਆਦੇਸ਼ ਧਾਰਾ 21 ਤਾਂ ਕੀ ਕਿਸੇ ਕਾਨੂੰਨ ਦੀ ਉਲੰਘਣਾ ਵੀ ਨਹੀਂ ਬਣਦੇ। ਇਸ ਤਰ੍ਹਾਂ ਇਹ ਕੇਸ ਕਮਜ਼ੋਰ ਕਾਨੂੰਨੀ ਆਧਾਰ ਕਰਕੇ ਡਿਗ ਜਾਏਗਾ ਅਤੇ 'ਅਕਾਲ ਤਖਤ ਸਰਵਉਚ' ਕਹਿਣ ਵਾਲਿਆਂ ਦੀ ਫਿਰ ਚੜ੍ਹ ਮੱਚੇਗੀ। ਉਹ ਜਿੱਤ ਦੇ ਡੰਕੇ ਵਜਾਉਂਦੇ ਕਹਿਣਗੇ ਕਿ ਅਕਾਲ ਤਖਤ ਨਾਲ ਮੱਥਾ ਲਾਉਣ ਵਾਲਿਆਂ ਨੂੰ ਹਮੇਸ਼ਾ ਮੂੰਹ ਦੀ ਖਾਣੀ ਪਈ ਹੈ। ਅਕਾਲ ਤਖਤ ਸਭ ਅਦਾਲਤਾਂ ਤੋਂ ਉਪਰ ਹੈ, ਵਗੈਰਾ ਵਗੈਰਾ। ਇਸ ਤਰ੍ਹਾਂ ਇਹ ਕਮਜ਼ੋਰ ਕੇਸ ਮਰਦੀ ਜਾ ਰਹੀ ਪੁਜਾਰੀਸ਼ਾਹੀ ਦੇ ਮੂੰਹ ਵਿਚ ਪਾਣੀ ਪਾਉਣ ਵਾਲੀ ਗੱਲ ਹੋ ਨਿਬੜੇਗਾ। ਕੇਸ ਕਰਨ ਵਾਲੇ ਸਿੱਖ ਵਕੀਲ ਸ. ਨਵਕਿਰਨ ਸਿੰਘ ਨੂੰ ਵੀ ਖਰ੍ਹਵੇ ਬੋਲਾਂ ਅਤੇ ਪੰਥਕ ਤੀਰਾਂ ਦਾ ਸਾਹਮਣਾ ਕਰਨਾ ਪਵੇਗਾ।

ਇਸ ਕੇਸ ਤੋਂ ਪੰਜਾਬੀ ਮੀਡੀਏ ਵੱਲੋਂ ਰਿਪੋਰਟਿੰਗ ਕਰਨ ਸਮੇਂ ਵਰਤੀ ਜਾ ਰਹੀ ਲਾਪਰਵਾਹੀ ਵੀ ਸਾਹਮਣੇ ਆਉਂਦੀ ਹੈ। ਮੀਡੀਏ ਦੇ ਵੱਡੇ ਹਿੱਸੇ ਵਿਚ ਇਸ ਖਬਰ ਨੂੰ ਪੇਸ਼ ਕਰਨ ਲੱਗਿਆਂ ਲਿਖਿਆ ਅਤੇ ਕਿਹਾ ਗਿਆ ਕਿ ਡਾ. ਦਿਲਗੀਰ ਨੂੰ ਪੰਥ ਵਿਚੋਂ ਛੇਕੇ ਜਾਣ ਕਾਰਨ ਉਸ ਨੇ ਅਕਾਲ ਤਖਤ ਦੇ ਫੈਸਲਿਆਂ ਨੂੰ ਕੋਰਟ ਵਿਚ ਚੁਣੌਤੀ ਦਿੱਤੀ। ਰਿਪੋਰਟਿੰਗ ਵੇਲੇ ਇਹ ਘੋਖਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਕਿ ਡਾ. ਦਿਲਗੀਰ ਨੂੰ ਅਜੇ ਪੰਥ ਵਿਚੋਂ ਛੇਕਿਆ ਨਹੀਂ ਗਿਆ। ਕੇਵਲ ਉਸ ਦੀਆਂ ਕਿਤਾਬਾਂ ਅਤੇ ਉਸ ਦੇ ਸਿੱਖ ਸਟੇਜਾਂ ਤੋਂ ਬੋਲਣ 'ਤੇ ਪਾਬੰਦੀ ਹੀ ਲਾਈ ਗਈ ਹੈ।

ਪ੍ਰੰਤੂ ਮਸਲਾ ਇਹ ਨਹੀਂ ਹੈ ਕਿ ਡਾ. ਦਿਲਗੀਰ ਜੇਤੂ ਰਹਿੰਦਾ ਹੈ ਜਾਂ ਉਸ ਨੂੰ ਮੂੰਹ ਦੀ ਖਾਣੀ ਪੈ ਜਾਂਦੀ ਹੈ! ਮਸਲਾ ਤਾਂ ਇਹ ਹੈ ਕਿ ਬੀਤੀਆਂ ਤ੍ਰਾਸਦੀਆਂ ਤੋਂ ਅਸੀਂ ਸਬਕ ਸਿੱਖੀਏ ਅਤੇ ਅਕਾਲ ਤਖਤ ਸਾਹਿਬ ਦੀ ਅਜੋਕੇ ਯੁੱਗ ਵਿਚ ਭੂਮਿਕਾ ਦਾ ਨਕਸ਼ਾ ਤੈਅ ਕਰੀਏ।

## ਪਾਠਕ ਮੰਚ

# ਬਜ਼ੁਰਗ, ਇਕੱਲ ਅਤੇ ਰੁਝੇਵਾਂ

**ਦਵਿੰਦਰ ਕੌਰ**

ਅੱਜ ਮੈਂ ਆਪ ਵੀ ਜ਼ਿੰਦਗੀ ਦੀ ਸ਼ਾਮ ਹੰਢਾ ਰਹੀ ਹਾਂ ਅਤੇ ਆਪਣੇ ਬਣਾਏ ਆਲ੍ਹਣੇ ਨੂੰ ਸੰਭਾਲਣ ਤੋਂ ਅਸਮਰਥ ਹਾਂ। ਬਜ਼ੁਰਗਾਂ ਦੀ ਤ੍ਰਾਸਦੀ ਬਾਰੇ ਡਾ. ਗੁਰਬਖਸ਼ ਸਿੰਘ ਭੰਡਾਲ ਦਾ ਲੇਖ ਪੜ੍ਹ ਕੇ ਗੱਲ ਸਾਂਝੀ ਕਰਨ ਦਾ ਮਨ ਬਣਿਆ। ਜੰਗਲੀ ਜੀਵਨ ਤੋਂ ਇੱਥੇ ਤੱਕ ਪਹੁੰਚਣ ਲਈ ਮਨੁੱਖ ਨੂੰ ਕਿੰਨੇ ਹੀ ਪੜਾਵਾਂ ਵਿਚੋਂ ਲੰਘਣਾ ਪਿਆ। ਹਰ ਪੀੜ੍ਹੀ ਦਾ ਆਉਂਦੀ ਪੀੜ੍ਹੀ ਨਾਲੋਂ ਵਖਰੇਵਾਂ ਵੀ ਹੁੰਦਾ ਗਿਆ ਜੋ ਕਿ ਸੁਭਾਵਿਕ ਸੀ। ਸਾਂਝੇ ਪਰਿਵਾਰ ਦੇ ਆਪਣੇ ਗੁਣ ਤੇ ਦੋਸ਼ ਸਨ ਅਤੇ ਇਕਹਿਰੇ ਪਰਿਵਾਰ ਦੇ ਆਪਣੇ। ਜਦੋਂ ਸਮਾਜਿਕ ਅਤੇ ਪਰਿਵਾਰਕ ਤਾਣਾ-ਬਾਣਾ ਹੀ ਬਦਲ ਚੁਕਾ ਹੈ, ਪੁਰਾਣੀ ਸੋਚ ਨਾਲ ਚੱਲਣਾ ਅਸੰਭਵ ਹੈ।

ਮੇਰੀ ਪੀੜ੍ਹੀ ਦੀਆਂ ਮਾਂਵਾਂ ਅਕਸਰ ਘਰ ਹੀ ਰਹਿੰਦੀਆਂ ਅਤੇ ਘਰਾਂ ਦੇ ਕੰਮਾਂ ਤੱਕ ਸੀਮਤ ਹੁੰਦੀਆਂ ਸਨ। ਸਾਡੀ ਪੀੜ੍ਹੀ ਦੀਆਂ ਬਹੁਤੀਆਂ ਔਰਤਾਂ ਕੰਮਕਾਜੀ ਸਨ, ਬਹੁਤੀਆਂ ਅਧਿਆਪਨ ਕਿੱਤੇ ਵਿਚ। ਔਰਤਾਂ ਨੇ ਆਦਮੀ ਦੀ ਆਮਦਨ ਵਿਚ ਬਰਾਬਰ ਦਾ ਹਿੱਸਾ ਪਾਇਆ ਤੇ ਬੱਚੇ ਵੀ ਪੈਦਾ ਕੀਤੇ, ਪਰ ਘਰ ਦਾ ਸਾਰਾ ਕੰਮ ਜਿਉਂ ਦਾ ਤਿਉਂ ਉਨ੍ਹਾਂ ਦੇ ਗਲ ਪਿਆ ਹੋਇਆ ਹੈ। ਕੰਮ ਤੋਂ ਵਾਪਸ ਆ ਕੇ ਆਦਮੀਆਂ ਨੇ ਘਰ ਦੇ ਕੰਮ ਵਿਚ ਹੱਥ ਵਟਾਉਣ ਦੀ ਕਦੇ ਕੋਸ਼ਿਸ਼ ਹੀ ਨਹੀਂ ਕੀਤੀ, ਸਗੋਂ ਪੈਸਾ ਖੁੱਲ੍ਹਾ ਹੋਣ ਕਾਰਨ ਸ਼ਰਾਬ ਪੀਣ ਅਤੇ ਬਾਹਰ ਰਹਿਣ ਦਾ ਰੁਝਾਨ ਵੱਧ ਗਿਆ। ਅਮਰੀਕਾ, ਕੈਨੇਡਾ ਬੱਚਿਆਂ ਨੂੰ ਭੇਜਣ ਦਾ ਰੁਝਾਨ। ਖਾਣਾ-ਪੀਣਾ ਅਤੇ ਪਹਿਨਣਾ ਬਦਲ ਗਿਆ। ਅੱਧ-ਪਚੱਧੇ ਅੰਗਰੇਜ਼ ਬਣ ਗਏ ਪਰ ਪਰਿਵਾਰਕ ਸੋਚ ਵਿਚ ਭੋਰਾ ਵੀ ਫਰਕ ਨਹੀਂ ਪਿਆ। ਸਾਨੂੰ ਵੀ ਸਾਡੇ ਸਮੇਂ ਵਿਚ ਖੇਡ ਪਿਆਰੀ ਹੁੰਦੀ ਸੀ, ਅਕਸਰ ਹੀ ਕਹਿਣਾ ਨਾ ਮੰਨਣ ਕਰਕੇ ਝਿੜਕਾਂ, ਛਿੱਤਰ ਪੈਂਦੇ ਹੀ ਰਹਿੰਦੇ ਸਨ। ਬਜ਼ੁਰਗ ਹਾਕਾਂ ਮਾਰਦੇ ਰਹਿੰਦੇ, ਕੋਈ ਸੁਣਦਾ, ਕੋਈ ਨਾ। ਹਾਂ, ਇੱਕ ਫਰਕ ਜ਼ਰੂਰ ਸੀ, ਚਾਹ-ਰੋਟੀ ਅਕਸਰ ਪਕਾ ਕੇ ਪਹਿਲਾਂ ਬਜ਼ੁਰਗ ਨੂੰ ਫੜ੍ਹਾ ਦਿੰਦੇ ਸੀ।

ਜੇ ਇਮਾਨਦਾਰੀ ਨਾਲ ਨਜ਼ਰ ਮਾਰੀਏ ਤਾਂ ਦੱਸੋ ਸ਼ਿਫਟਾਂ ਵਿਚ ਕੰਮ ਕਰਨ ਵਾਲੇ ਬੱਚੇ, ਹਰ ਮਿੰਟ ਬਰਾਬਰ ਕੰਪਿਊਟਰ 'ਤੇ ਕੰਮ ਕਰਨਾ, ਬਹੁਤਾ ਨਾ ਬੋਲਣਾ, ਬਹੁਤਿਆਂ ਦਾ ਅੱਠ ਘੰਟੇ ਲਗਾਤਾਰ ਖੜ੍ਹ ਕੇ ਕੰਮ ਕਰਨਾ, ਉਹ ਵੀ ਵੱਖ-ਵੱਖ ਕਲਚਰ ਦੇ ਸਹਿਕਰਮੀਆਂ ਨਾਲ-ਕਿਹੋ ਜਿਹੇ ਹਾਲਾਤ 'ਚੋਂ ਗੁਜ਼ਰਦੇ ਨੇ, ਉਹ ਪੰਜਾਬ ਵਾਲਾ ਮਾਹੌਲ ਬਜ਼ੁਰਗਾਂ ਲਈ ਕਿੱਥੋਂ ਸਿਰਜਣ! ਜੰਮਦੇ ਬੱਚੇ ਮਾਂ ਦੀ ਗੋਦੀ ਦੇ ਨਿੱਘ ਤੋਂ, ਮਾਂ ਦੇ ਦੁੱਧ ਤੋਂ ਵਾਂਝੇ ਹੋ ਚੁਕੇ ਹਨ। ਕੀ ਉਨ੍ਹਾਂ ਦਾ ਦਰਦ ਸੋਚਿਆ ਕਦੇ ਕਿਸੇ ਨੇ? ਕਿਉਂਕਿ ਉਹ ਬੋਲ ਕੇ ਆਪਣੇ ਮਨ ਦੀ ਹਾਲਤ ਨਹੀਂ ਦਸ ਸਕਦੇ। ਉਨ੍ਹਾਂ ਨੂੰ ਜੰਮਦਿਆਂ ਨੂੰ ਹੀ ਕਰੈਚਾਂ ਵਿਚ ਛੱਡਣਾ ਪੈ ਜਾਂਦਾ ਹੈ।

ਮੇਰਾ ਵੀ ਬੜਾ ਜੀਅ ਕਰਦਾ ਸੀ ਜ਼ਿੰਦਗੀ ਦੇ ਚੌਥੇ ਪਹਿਰ ਆਪਦੇ ਤਜ਼ਰਬੇ ਆਉਣ ਵਾਲੀ ਪੀੜ੍ਹੀ ਨੂੰ ਦੱਸਾਂ ਅਤੇ ਆਪਣੀਆਂ ਸਿਆਣਪਾਂ ਵੀ ਵਰਤਾਂ। ਪਰ ਮੈਂ ਸਿਰਫ ਇਹ ਦੱਸਣ ਲਈ ਇਸ ਗੱਲ ਦਾ ਜ਼ਿਕਰ ਕਰ ਰਹੀ ਹਾਂ ਕਿ ਅਸੀਂ ਕਿੱਥੇ ਖੜ੍ਹੇ ਹਾਂ?

ਮੇਰੀ ਗਿਆਰਾਂ ਕੁ ਸਾਲ ਦੀ ਦੋਹਤੀ ਨੂੰ ਆਦਤ ਹੈ ਕਿ ਜਦੋਂ ਵੀ ਮੈਂ ਜਾਂ ਮੇਰੀ ਬੇਟੀ ਕੁਝ ਬਣਾਉਣ ਲੱਗਦੇ ਹਾਂ, ਉਹ ਹੱਥ-ਪਲੱਥਾ ਜਿਹਾ ਮਾਰਦੀ ਰਹਿੰਦੀ ਹੈ ਅਤੇ ਉਸ ਨੂੰ ਕੁਕਿੰਗ ਚੰਗੀ ਲਗਦੀ ਹੈ। ਮੈਨੂੰ ਨਹੀਂ ਸੀ ਪਤਾ, ਉਹ ਭਠੂਰੇ ਬਣਾਉਣ ਲਈ ਸਮਾਨ ਇਕੱਠਾ ਕਰਨ ਲੱਗ ਪਈ। ਮੈਂ ਅੰਦਰੋਂ ਅੰਦਰੀ ਬੜੀ ਖੁਸ਼, ਬਈ ਮੈਂ ਉਹਨੂੰ ਆਟਾ ਗੁੰਨ੍ਹਣ ਦੀਆਂ ਅਤੇ ਬਾਕੀ ਹਦਾਇਤਾਂ ਦੇ ਕੇ ਆਪਦੀ ਸਿਆਣਪ ਵਰਤੂੰਗੀ। ਉਸ ਨੇ ਮੇਰੇ ਵੱਲ ਅੱਖ ਭਰ ਕੇ ਦੇਖਣਾ ਜ਼ਰੂਰੀ ਨਾ ਸਮਝਿਆ, ਆਈ ਪੈਡ ਤੇ ਯੂ-ਟਿਊਬ 'ਤੇ ਹਦਾਇਤਾਂ ਪੜ੍ਹ ਕੇ ਮਿੰਟਾਂ ਵਿਚ ਸਭ ਕੁਝ ਕਰ ਲਿਆ। ਕਹਿੰਦੀ, ਨਾਨੀ ਆਹ ਸਮਾਨ ਚੁੱਕ ਦਿਓ। ਮੈਂ ਠਿੱਠ ਜਿਹੀ ਹੋ ਕੇ ਸ਼ੈਲਫ ਸਾਫ ਕੀਤੀ ਤੇ ਕਮਰੇ ਵਿਚ ਆ ਕੇ ਆਪਣੇ ਆਪ 'ਤੇ ਖੁੱਲ੍ਹ ਕੇ ਹੱਸੀ।

ਮੈਂ ਉਸ ਦਿਨ ਤੋਂ ਇੱਕ ਗੱਲ ਪੱਲੇ ਬੰਨ ਲਈ ਕਿ ਇਹ ਬੱਚੇ ਸਾਡੇ ਨਾਲੋਂ ਕਿਤੇ ਅੱਗੇ ਵਧੇ ਹੋਏ ਨੇ, ਸਾਡੇ ਤਜ਼ਰਬੇ ਇਨ੍ਹਾਂ ਨੂੰ ਅੱਗੇ ਨਹੀਂ ਲਿਜਾ ਸਕਦੇ। ਅਸੀਂ ਹੀ ਸਮੇਂ ਦੇ ਹਾਣ ਦੇ ਨਹੀਂ। ਜੇ ਅਸੀਂ ਵਿਆਹੇ ਧੀ ਜਾਂ ਪੁੱਤ ਰਾਹੀਂ ਬਾਹਰਲੇ ਦੇਸ਼ ਪਹੁੰਚੇ ਹਾਂ ਤਾਂ ਲਾਜ਼ਮੀ ਸਾਨੂੰ ਬੱਚੇ ਵੀ ਸਾਂਭਣੇ ਪੈਣਗੇ ਤੇ ਕਮਾਈ ਵੀ ਕਰਨੀ ਪਵੇਗੀ।

ਅਸੀਂ 2006 ਵਿਚ ਛੇ-ਸੱਤ ਪਰਿਵਾਰ ਅਮਰੀਕਾ ਪਹੁੰਚੇ ਸਾਂ। ਚਾਰ ਪਰਿਵਾਰਾਂ ਨੇ ਆਪਣੇ ਘਰ-ਦਰ ਵੀ ਇੱਧਰ ਆ ਕੇ ਬਣਾ ਲਏ, ਬੱਚੇ ਵੀ ਪਲ ਗਏ। ਮਾਂ-ਬਾਪ ਤੇ ਬੱਚੇ ਨੇੜੇ, ਅਲੱਗ ਰਹਿ ਕੇ ਇੱਕ ਦੂਜੇ ਦੀ ਸਹਾਇਤਾ ਵੀ ਪੂਰੀ ਕਰਦੇ ਹਨ ਅਤੇ ਆਪੋ-ਆਪਣੀ ਆਜ਼ਾਦੀ ਵੀ ਮਾਣ ਰਹੇ ਹਨ ਜਦਕਿ ਦੋ ਪਰਿਵਾਰਾਂ ਨੂੰ ਸਭ ਨੇ ਕਿਹਾ ਕਿ ਘਰ 'ਚ ਕਲੇਸ਼ ਨਾ ਵਧਾਓ ਸਗੋਂ ਅਲੱਗ ਅਤੇ ਨੇੜੇ ਰਹਿਣ ਵਿਚ ਭਲਾਈ ਹੈ। ਬਾਕੀ ਤਾਂ ਸਭ ਰੀਸਾਂ ਅੰਗਰੇਜ਼ਾਂ ਦੀਆਂ ਕਰੀ ਜਾਂਦੇ ਨੇ, ਪਰ ਇਸ ਗੱਲ ਲਈ ਰਾਜ਼ੀ ਨਹੀਂ ਹੋਏ ਅਤੇ ਮਾਂ-ਬਾਪ ਤਲਾਕ ਕਰਾ ਕੇ ਹੀ ਹਟੇ।

ਘਰ ਵਿਚ ਕੀਤੇ ਕੰਮ ਦਾ ਕੋਈ ਅਹਿਸਾਨ ਨਹੀਂ ਹੋਣਾ ਚਾਹੀਦਾ। ਜੇ ਪੰਜ ਸਾਲ ਬੱਚੇ ਸੰਭਾਲ ਵਿਚ ਮਦਦ ਕਰ ਵੀ ਦਿੱਤੀ, ਬਿਲਕੁਲ ਮਾਸੂਮ ਫੁੱਲਾਂ ਵਰਗੇ! ਜਦੋਂ ਤਕਲੀਫ ਆਉਂਦੀ ਹੈ ਤਾਂ ਬੱਚੇ ਹੀ ਸੰਭਾਲਦੇ ਨੇ। ਕਿਉਂ ਆਸ ਕਰੀਏ ਕਿ ਉਹ ਸਭ ਕੁਝ ਸਾਡੇ ਮੁਤਾਬਕ ਹੀ ਕਰਨ! ਉਨ੍ਹਾਂ ਦੀ ਜਿੰਮੇਵਾਰੀ ਵੱਧ ਜਾਂਦੀ ਹੈ, ਸਹਿਯੋਗ ਨਾਲ ਚੱਲਣ ਵਾਲੇ ਪਰਿਵਾਰਾਂ ਵਿਚ ਅੱਜ ਵੀ ਸਭ ਕੁਝ ਠੀਕ ਚੱਲ ਰਿਹਾ ਹੈ। ਹਰ ਪਰਿਵਾਰ ਦੀ ਆਰਥਿਕ ਹਾਲਤ, ਬਜ਼ੁਰਗਾਂ ਦੇ ਸੁਭਾਅ, ਬੱਚਿਆਂ ਦੇ ਸੁਭਾਅ ਅਤੇ ਹਾਲਾਤ ਮੁਤਾਬਕ ਹੀ ਬਜ਼ੁਰਗਾਂ ਦੀ ਸੇਵਾ ਹੋਣੀ ਹੈ। ਮਾਣ-ਇੱਜਤ ਕਰਵਾਉਣ ਲਈ ਜ਼ਰੂਰੀ ਹੈ ਕਿ ਆਪਣੀ ਬਜ਼ੁਰਗੀ ਨੂੰ ਅਹੁਦਾ ਨਾ ਬਣਾਈਏ। ਆਪਣਾ ਰੁਝੇਵਾਂ, ਆਪਣੇ ਹਾਣ ਵਾਲਾ ਰਸਤਾ ਚੁਣੀਏ। ਜੇ ਸਿੱਖਣਾ ਹੈ ਤਾਂ ਅੰਗਰੇਜ਼ਾਂ ਤੋਂ ਸਿੱਖੋ ਕਿਵੇਂ ਬੁਢਾਪੇ ਵਿਚ ਵੀ ਪਤੀ-ਪਤਨੀ ਹੱਥ ਫੜ੍ਹ ਕੇ ਸੈਰ ਕਰਦੇ ਹਨ। ਕਿਵੇਂ ਉਹ ਸੋਲਾਂ ਸਾਲ ਦੇ ਬੱਚੇ ਨੂੰ ਆਪਣੇ ਫੈਸਲੇ ਆਪ ਲੈਣ ਲਈ ਆਜ਼ਾਦ ਕਰ ਦਿੰਦੇ ਹਨ।

ਜੇ ਪਤੀ-ਪਤਨੀ ਦੇ ਸਬੰਧਾਂ ਦੀ ਨੀਂਹ ਪੱਕੀ ਹੋਵੇਗੀ ਤਾਂ ਜ਼ਰੂਰ ਹੀ ਮਾਂ-ਬਾਪ ਅਤੇ ਬੱਚਿਆਂ ਦੇ ਰਿਸ਼ਤੇ ਵਿਚ ਵੀ ਮਜ਼ਬੂਤੀ ਆਵੇਗੀ। ਜਿੱਥੋਂ ਤੱਕ ਸੰਭਵ ਹੋਵੇ ਸਰੀਰਕ ਅਤੇ ਆਰਥਿਕ ਸਹਿਯੋਗ ਬਜ਼ੁਰਗਾਂ ਨੂੰ ਵੀ ਦੇਣਾ ਹੀ ਚਾਹੀਦਾ ਹੈ। ਮੈਨੂੰ ਨਹੀਂ ਲਗਦਾ, ਲੋੜ ਵੇਲੇ ਬੱਚੇ ਸਾਡੇ ਕੰਮ ਨਹੀਂ ਆਉਣਗੇ।

## 'ਬਾਤਾਂ ਸੁਣਾਉਣ ਨੂੰ ਤਰਸਦੇ ਬਾਬੇ'

**ਸਤਿਕਾਰਯੋਗ ਸੰਪਾਦਕ ਜੀ,**
**ਗੁਰ ਫਤਿਹ ਪ੍ਰਵਾਨ ਹੋਵੇ ਜੀ।**

'ਪੰਜਾਬ ਟਾਈਮਜ਼' 'ਚ ਛਪਦੇ ਸਾਰੇ ਹੀ ਲੇਖ ਬੜੇ ਸਲਾਹੁਣਯੋਗ ਹੁੰਦੇ ਹਨ ਜਿਸ ਲਈ ਆਪ ਵਧਾਈ ਦੇ ਪਾਤਰ ਹੋ। ਡਾ. ਗੁਰਬਖਸ਼ ਸਿੰਘ ਭੰਡਾਲ ਦਾ ਲੇਖ 'ਬਾਤਾਂ ਸੁਣਾਉਣ ਨੂੰ ਤਰਸਦੇ ਬਾਬੇ' ਪੜ੍ਹਿਆ ਜੋ ਇਕ ਬੜੇ ਹੀ ਵਧੀਆ ਢੰਗ ਨਾਲ ਜੀਵਨ ਜਾਚ ਦਾ ਅਨੁਭਵ ਕਰਵਾਉਂਦਾ ਹੈ। ਇਸ ਲੇਖ ਵਿਚ ਲੇਖਕ ਨੇ ਚਲੰਤ ਪੀੜ੍ਹੀ ਦੇ ਕੰਨੀਂ ਗੱਲ ਪਾ ਦਿੱਤੀ ਹੈ ਕਿ ਜੇ ਅਸੀਂ ਬਜ਼ੁਰਗਾਂ ਨਾਲ ਦੁਰਵਿਹਾਰ ਜਾਂ ਉਨ੍ਹਾਂ ਨੂੰ ਅਣਗੌਲਿਆਂ ਕਰਦੇ ਹਾਂ, ਤਾਂ ਆਪਣੇ ਬੁਢੇਪੇ 'ਚ ਬੱਚਿਆਂ ਕੋਲੋਂ ਆਪਣੇ ਪ੍ਰਤੀ ਚੰਗੇ ਵਿਹਾਰ ਦੀ ਕਦੇ ਵੀ ਆਸ ਨਹੀਂ ਕਰ ਸਕਦੇ। ਇਹ ਗੱਲ ਸਾਨੂੰ ਬੜੀ ਸਾਰਥਕ ਸੇਧ ਦਿੰਦੀ ਹੈ, "ਬਜ਼ੁਰਗਾਂ ਨੇ ਕੁਝ ਦੇਣਾ ਹੀ ਹੁੰਦਾ ਹੈ, ਲੈਣਾ ਨਹੀਂ ਹੁੰਦਾ।"

ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਅਸੀਂ ਇਸ ਲੇਖ ਤੋਂ ਸੇਧ ਲੈ ਕੇ ਇਕ ਵਧੀਆ ਸਮਾਜ ਸਿਰਜ ਸਕੀਏ ਜਿਸ ਵਿਚ ਅੱਜ ਦੀ ਪੀੜ੍ਹੀ ਤੀਜੀ ਪੀੜ੍ਹੀ ਦੇ ਬੱਚਿਆਂ ਨੂੰ ਆਪਣੇ ਦਾਦਾ-ਦਾਦੀ ਜਾਂ ਨਾਨਾ-ਨਾਨੀ ਨਾਲ ਜੋੜਨ ਲਈ ਪੁਲ ਦਾ ਕੰਮ ਕਰ ਸਕੇ। ਡਾ. ਭੰਡਾਲ ਦੀ ਕਲਮ ਨੂੰ ਪਰਮਾਤਮਾ ਹੋਰ ਤਾਕਤ ਬਖਸ਼ੇ। 'ਪੰਜਾਬ ਟਾਈਮਜ਼' ਅਜਿਹੀਆਂ ਵਡਮੁੱਲੀਆਂ ਰਚਨਾਵਾਂ ਛਾਪਣ ਲਈ ਧੰਨਵਾਦ ਦਾ ਪਾਤਰ ਹੈ। ਪਰਮਾਤਮਾ ਇਸ ਨੂੰ ਦਿਨ ਦੁੱਗਣੀ, ਰਾਤ ਚੌਗੁਣੀ ਤਰੱਕੀ ਬਖਸ਼ੇ।

*-ਅਮਰਜੀਤ ਸਿੰਘ ਹੁੰਦਲ*
*ਫੋਨ: 408-439-4761*



# ਧੂਆਂਖੀ-ਧੁੰਦ ਦੇ ਕਹਿਰ ਨਾਲ ਕਿਵੇਂ ਨਜਿੱਠਿਆ ਜਾਵੇ

ਡਾ. ਗੁਰਿੰਦਰ ਕੌਰ
ਫੋਨ: 609-721-0950

ਪੰਜਾਬ ਸਮੇਤ ਕਰੀਬ ਸਾਰਾ ਉਤਰੀ ਭਾਰਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਿਛਲੇ ਤਿੰਨ ਹਫਤਿਆਂ ਤੋਂ ਧੂਆਂਖੀ-ਧੁੰਦ (ਸਮੌਗ) ਦਾ ਸੰਤਾਪ ਹੰਢਾ ਰਿਹਾ ਹੈ। ਧੂਆਂਖੀ-ਧੁੰਦ ਕਾਰਨ ਪਾਰਦਰਸ਼ਤਾ ਵਿਚ ਕਮੀ ਆਉਣ ਨਾਲ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਵਾਹਨਾਂ ਦੇ ਆਪਸ ਵਿਚ ਟਕਰਾਉਣ ਨਾਲ ਸੜਕ ਹਾਦਸਿਆਂ ਵਿਚ ਕਈਆਂ ਦੀ ਮੌਤ ਹੋ ਗਈ ਅਤੇ ਕਾਫੀ ਲੋਕ ਜਖਮੀ ਹੋ ਗਏ।

ਸਰਦੀਆਂ ਵਿਚ ਧੁੰਦ ਦਾ ਪੈਣਾ ਭਾਵੇਂ ਇੱਕ ਕੁਦਰਤੀ ਕ੍ਰਿਆ ਹੈ ਜੋ ਸੂਰਜ ਚੜ੍ਹਨ ਤੋਂ ਬਾਅਦ ਹੌਲੀ-ਹੌਲੀ ਖਤਮ ਹੋ ਜਾਂਦੀ ਹੈ ਪਰ ਧੂਆਂਖੀ-ਧੁੰਦ ਕੁਦਰਤੀ ਵਰਤਾਰਾ ਨਹੀਂ ਹੈ ਇਹ ਹਵਾ ਦੇ ਪ੍ਰਦੂਸ਼ਣ ਦਾ ਇੱਕ ਬਹੁਤ ਹੀ ਵਿਗੜਿਆ ਰੂਪ ਹੈ ਜਿਸ ਨੂੰ ਮਨੁੱਖ ਨੇ ਆਪ ਆਪਣੀਆਂ ਕਰਤੂਤਾਂ ਰਾਹੀਂ ਪੈਦਾ ਕੀਤਾ ਹੈ ਅਤੇ ਇਹ ਸੂਰਜ ਦੀ ਰੋਸ਼ਨੀ ਨਾਲ ਖਤਮ ਹੋਣ ਦੀ ਥਾਂ ਰਸਾਇਣਕ ਪ੍ਰਕ੍ਰਿਆ ਕਾਰਨ ਸੰਘਣੀ ਹੋ ਜਾਂਦੀ ਹੈ।

ਧੂਆਂਖੀ-ਧੁੰਦ, ਧੂੰਏ ਅਤੇ ਧੁੰਦ ਦਾ ਮਿਸ਼ਰਣ ਹੈ ਜੋ ਖਾਸ ਤਰ੍ਹਾਂ ਦੀਆਂ ਭੂਗੋਲਿਕ ਅਤੇ ਮੌਸਮੀ ਸਥਿਤੀਆਂ ਦੀ ਮੌਜੂਦਗੀ ਵਿਚ ਹੀ ਪੈਦਾ ਹੁੰਦੀ ਹੈ। ਧੂਆਂਖੀ-ਧੁੰਦ ਸਰਦੀਆਂ ਵਿਚ ਉਨ੍ਹਾਂ ਥਾਂਵਾਂ 'ਤੇ ਪੈਂਦੀ ਹੈ, ਜਿੱਥੇ ਹਵਾ ਵਿਚ ਧੂੜ ਅਤੇ ਧੂੰਏ ਦੇ ਅੱਧ-ਜਲੇ ਕਣਾਂ ਅਤੇ ਪ੍ਰਦੂਸ਼ਿਤ ਗੈਸਾਂ ਦੀ ਬਹੁਤਾਤ ਹੋਣ ਦੇ ਨਾਲ-ਨਾਲ ਹਵਾ ਦੀ ਗਤੀ ਬਹੁਤ ਘੱਟ (ਨਾਂਮਾਤਰ) ਅਤੇ ਇਸ ਵਿਚ ਨਮੀ ਮਾਤਰਾ ਬਹੁਤ ਜ਼ਿਆਦਾ ਹੋਵੇ। ਉਤਰੀ ਭਾਰਤ ਵਿਚ ਲਗਭਗ ਪਿਛਲੇ ਇੱਕ ਦਹਾਕੇ ਤੋਂ ਸਰਦੀਆਂ ਦੇ ਮੌਸਮ ਦੀ ਸ਼ੁਰੂਆਤ ਦੇ ਨਾਲ ਹੀ ਧੂਆਂਖੀ-ਧੁੰਦ ਦਾ ਕਹਿਰ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਪੰਜਾਬ, ਹਰਿਆਣਾ, ਦਿੱਲੀ ਅਤੇ ਉਤਰ ਪ੍ਰਦੇਸ਼ ਦੇ ਕੁਝ ਪੱਛਮੀ ਹਿੱਸੇ ਹਵਾ ਦੇ ਇਸ ਖਤਰਨਾਕ ਪ੍ਰਦੂਸ਼ਣ ਦੀ ਲਪੇਟ ਵਿਚ ਆ ਜਾਂਦੇ ਹਨ ਪਰ ਦਿੱਲੀ ਦੇ ਪ੍ਰਦੂਸ਼ਣ ਦੀ ਲਪੇਟ ਵਿਚ ਆਉਣ ਨਾਲ ਹਰ ਸਾਲ ਇਹ ਵੀ ਰੌਲਾ ਪੈਣਾ ਸ਼ੁਰੂ ਹੋ ਜਾਂਦਾ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਪਰਾਲੀ ਨੂੰ ਅੱਗ ਲਾਉਂਦੇ ਹਨ, ਉਸ ਨਾਲ ਦਿੱਲੀ ਦੀ ਹਵਾ ਪ੍ਰਦੂਸ਼ਿਤ ਹੋ ਜਾਂਦੀ ਹੈ। ਦਿੱਲੀ ਦੇ ਮੌਸਮ ਵਿਭਾਗ ਦੇ ਅਧਿਕਾਰੀਆਂ ਅਤੇ ਸੈਂਟਰ ਫਾਰ ਸਾਇੰਸ ਐਂਡ ਇਨਵਾਇਰਨਮੈਂਟ ਨੇ ਸਾਲ 2012 ਵਿਚ ਇਸ ਦਾ ਖੰਡਨ ਕਰਦਿਆਂ ਕਿਹਾ ਸੀ ਕਿ ਦਿੱਲੀ ਵਿਚ ਧੂਆਂਖੀ-ਧੁੰਦ ਦਿੱਲੀ ਵਿਚ ਡੀਜ਼ਲ ਨਾਲ ਚੱਲਣ ਵਾਲੇ ਵਾਹਨਾਂ ਦੀ ਵਧਦੀ ਗਿਣਤੀ ਕਾਰਨ ਹੈ।

ਪਿਛਲੇ ਸਾਲ 2016 ਵਿਚ ਦੀਵਾਲੀ ਤੋਂ ਦੂਜੇ ਦਿਨ ਹੀ ਦਿੱਲੀ ਧੂਆਂਖੀ-ਧੁੰਦ ਦੀ ਲਪੇਟ ਵਿਚ ਆ ਗਈ ਸੀ ਜਿਸ ਨਾਲ ਮਹੀਨਾ ਭਰ ਦਿੱਲੀ ਦੀ ਜਨਤਾ ਅਤੇ ਸਰਕਾਰ ਜੂਝਦੀ ਰਹੀ। ਜਿਸ ਕਰਕੇ ਇਸ ਸਾਲ ਸੁਪਰੀਮ ਕੋਰਟ ਨੇ ਦਿੱਲੀ ਵਿਚ ਦੀਵਾਲੀ ਤੋਂ ਪਹਿਲਾਂ ਪਟਾਕਿਆਂ ਦੀ ਵਿਕਰੀ 'ਤੇ ਰੋਕ ਲਾ ਦਿੱਤੀ ਸੀ।

ਸਵਾਲ ਹੈ ਕਿ ਉਤਰੀ ਭਾਰਤ ਵਿਚ ਧੂਆਂਖੀ-ਧੁੰਦ ਪੈਣ ਦਾ ਅਸਲ ਕਾਰਨ ਕੀ ਹੈ? ਉਤਰੀ ਭਾਰਤ ਵਿਚ ਧੂਆਂਖੀ-ਧੁੰਦ ਪੈਣ ਦਾ ਅਸਲ ਕਾਰਨ ਤਾਂ ਇੱਥੋਂ ਦਾ ਅਣਯੋਜਿਤ ਆਰਥਿਕ ਵਿਕਾਸ, ਭੂਗੋਲਿਕ ਸਥਿਤੀ ਅਤੇ ਲੋਕਾਂ ਵਿਚ ਦੂਰਅੰਦੇਸ਼ੀ ਦੀ ਘਾਟ ਦੇ ਨਾਲ-ਨਾਲ ਸਰਕਾਰ ਦਾ ਵਾਤਾਵਰਣ ਪ੍ਰਤੀ ਬੇਰੁਖੀ ਵਾਲਾ ਵਤੀਰਾ ਹੈ। ਆਰਥਿਕ ਵਿਕਾਸ ਦੇ ਨਾਂ ਉਤੇ ਇਨ੍ਹਾਂ ਸਾਰੇ ਰਾਜਾਂ ਵਿਚ ਵਾਹਨਾਂ ਵਿਚ ਹੋ ਰਿਹਾ ਬੇਸ਼ੁਮਾਰ ਵਾਧਾ ਹੈ। ਦਿੱਲੀ ਵਿਚ ਹਰ ਰੋਜ਼ 1400 ਵਾਹਨ ਜਦਕਿ ਪੰਜਾਬ ਤੇ ਹਰਿਆਣੇ ਵਿਚ ਹਰ ਰੋਜ਼ 100 ਦੇ ਲਗਭਗ ਵਾਹਨ ਰਜਿਸਟਰ ਹੁੰਦੇ ਹਨ। ਇਸ ਤੋਂ ਇਲਾਵਾ ਦਿੱਲੀ ਅਤੇ ਹਰਿਆਣਾ ਵਿਚ ਤਾਂ ਉਦਯੋਗਿਕ ਇਕਾਈਆਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ। ਦਿੱਲੀ ਸ਼ਹਿਰ ਦੇ ਆਲੇ-ਦੁਆਲੇ ਅਣਗਿਣਤ ਇੱਟਾਂ ਦੇ ਭੱਠੇ ਅਤੇ ਪਹਾੜਾਂ ਜਿੱਡੇ ਲਗਾਤਾਰ ਜਲਦੇ ਹੋਏ ਕੂੜੇ ਦੇ ਢੇਰ ਹਰ ਰੋਜ਼ ਮਣਾਂ ਮੂੰਹੀਂ ਪ੍ਰਦੂਸ਼ਿਤ ਗੈਸਾਂ ਛੱਡ ਕੇ ਸਾਰਾ ਸਾਲ ਦਿੱਲੀ ਦੀ ਹਵਾ ਨੂੰ ਪ੍ਰਦੂਸ਼ਿਤ ਕਰਦੇ ਰਹਿੰਦੇ ਹਨ।

ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਝੋਨੇ ਅਤੇ ਕਣਕ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਵੀ ਹਵਾ ਪ੍ਰਦੂਸ਼ਿਤ ਹੁੰਦੀ ਹੈ ਪਰ ਇਹ ਵਰਤਾਰਾ ਸਾਲ ਵਿਚ ਸਿਰਫ 20-25 ਦਿਨਾਂ ਲਈ ਹੁੰਦਾ ਹੈ ਅਤੇ ਪਹਿਲਾਂ ਹੀ ਵਧੇ ਹੋਏ ਪ੍ਰਦੂਸ਼ਣ ਵਿਚ ਥੋੜ੍ਹਾ ਜਿਹਾ ਹੋਰ ਵਾਧਾ ਕਰ ਦਿੰਦਾ ਹੈ। ਕਿਸਾਨ ਆਰਥਿਕ ਤੰਗੀ ਕਰਕੇ ਮਜ਼ਬੂਰੀ ਵੱਸ ਝੋਨੇ ਅਤੇ ਕਣਕ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਂਦੇ ਹਨ। ਕਿਸਾਨ ਦੀ ਇਸ ਮਜ਼ਬੂਰੀ ਨੂੰ ਸਮਝਦਿਆਂ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸਰਕਾਰ ਨੂੰ ਹਦਾਇਤ ਦਿੱਤੀ ਸੀ ਕਿ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਕਰਕੇ ਜੁਰਮਾਨਾ ਲਾਉਣ ਤੋਂ ਪਹਿਲਾਂ ਸਰਕਾਰ ਕਿਸਾਨਾਂ ਨੂੰ ਲੋੜੀਂਦੇ ਸਾਧਨ ਉਚਿਤ ਕੀਮਤ ਉਤੇ ਮੁਹੱਈਆ ਕਰੇ। ਇਸ ਤੋਂ ਇਲਾਵਾ ਝੋਨੇ ਦੀ ਫਸਲ ਪੰਜਾਬ-ਹਰਿਆਣਾ ਦੀ ਆਪਣੀ ਫਸਲ ਹੀ ਨਹੀਂ ਹੈ, ਇਹ ਤਾਂ ਕੇਂਦਰ ਸਰਕਾਰ ਨੇ ਦੇਸ ਵਿਚੋਂ ਅਨਾਜ ਦੀ ਥੁੜ੍ਹ ਨੂੰ ਖਤਮ ਕਰਨ ਲਈ ਇਨ੍ਹਾਂ ਰਾਜਾਂ ਦੇ ਕਿਸਾਨਾਂ ਸਿਰ ਧੱਕੇ ਨਾਲ ਮੜ੍ਹ ਦਿੱਤੀ। ਝੋਨੇ ਦੀ ਫਸਲ ਵੱਧ ਮੀਂਹ ਵਾਲੇ ਰਾਜਾਂ ਦੀ ਫਸਲ ਹੈ। ਇਸ ਦੀ ਥਾਂ ਜੇ ਸਰਕਾਰ ਇੱਥੋਂ ਦੇ ਪੌਣ-ਪਾਣੀ ਦੇ ਅਨੁਕੂਲ ਫਸਲਾਂ-ਮੱਕੀ, ਕਪਾਹ ਆਦਿ ਦਾ ਉਚਿੱਤ ਮੁੱਲ ਨਿਰਧਾਰਤ ਕਰਦੀ ਤਾਂ ਇਨ੍ਹਾਂ ਰਾਜਾਂ ਦੇ ਕਿਸਾਨਾਂ ਨੂੰ ਇਸ ਪ੍ਰਦੂਸ਼ਣ ਦਾ ਭਾਗੀਦਾਰ ਹੀ ਨਾ ਬਣਨਾ ਪੈਂਦਾ ਅਤੇ ਨਾ ਹੀ ਇਸ ਪ੍ਰਦੂਸ਼ਣ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦਾ ਸ਼ਿਕਾਰ ਬਣਨਾ ਪੈਂਦਾ।

ਇਸ ਦੇ ਨਾਲ ਨਾਲ ਇਹ ਵੀ ਜਾਣ ਲੈਣਾ ਜ਼ਰੂਰੀ ਹੈ ਕਿ ਜਿੰਨਾ ਕੁ ਪ੍ਰਦੂਸ਼ਣ ਕਿਸਾਨ ਮਜ਼ਬੂਰੀ ਵੱਸ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਪੈਦਾ ਕਰਦਾ ਹੈ, ਉਸ ਤੋਂ ਕਿੱਤੇ ਜ਼ਿਆਦਾ ਲੋਕ ਦੀਵਾਲੀ ਵੇਲੇ ਆਪਣਾ ਸ਼ੌਕ ਪੂਰਾ ਕਰਨ ਲਈ ਇੱਕੋ ਰਾਤ ਵਿਚ ਪੈਦਾ ਕਰ ਦਿੰਦੇ ਹਨ। ਲੋਕ ਵਿਆਹਾਂ ਜਾਂ ਹੋਰ ਖੁਸ਼ੀ ਦੇ ਮੌਕਿਆਂ ਉਤੇ ਅੱਜ ਕੱਲ ਪਟਾਕੇ ਚਲਾ ਕੇ ਵੀ ਵਾਤਾਵਰਣ ਨੂੰ ਗੰਧਲਾ ਕਰ ਰਹੇ ਹਨ।

ਧੂਆਂਖੀ-ਧੁੰਦ ਦੀ ਸਮੱਸਿਆ ਭਾਰਤ ਲਈ ਭਾਵੇਂ ਨਵੀਂ ਹੈ ਪਰ ਵਿਕਸਿਤ ਦੇਸ਼ਾਂ ਨੇ ਇਹ ਸਮੱਸਿਆ 19ਵੀਂ ਸਦੀ ਤੋਂ ਲੈ ਕੇ 20ਵੀਂ ਸਦੀ ਦੇ ਮੱਧ ਤੱਕ ਹੰਢਾਈ। ਦਸੰਬਰ 1930 ਵਿਚ ਬੈਲਜ਼ੀਅਮ ਦੀ ਮਿਊਜ਼ ਘਾਟੀ ਵਿਚ ਧੂਆਂਖੀ-ਧੁੰਦ ਕਾਰਨ 600 ਵਿਅਕਤੀ ਬਿਮਾਰ ਹੋ ਗਏ ਸਨ ਅਤੇ 60 ਵਿਅਕਤੀ ਮੌਤ ਦੇ ਮੂੰਹ ਵਿਚ ਚਲੇ ਗਏ ਸਨ। ਦਸੰਬਰ 1952 ਵਿਚ ਲੰਡਨ ਦੇ 4000 ਵਿਅਕਤੀਆਂ ਦੀ ਸਿਰਫ ਪੰਜ ਦਿਨਾਂ ਵਿਚ ਹੀ ਮੌਤ ਹੋ ਗਈ ਸੀ ਅਤੇ ਅਗਲੇ ਕੁਝ ਮਹੀਨਿਆਂ ਵਿਚ ਇਸ ਦੇ ਪ੍ਰਭਾਵ ਥੱਲੇ ਆਏ ਹੋਰ 8000 ਵਿਅਕਤੀ ਮਰ ਗਏ ਸਨ। ਲੰਡਨ ਦੇ ਧੂਆਂਖੀ-



ਧੁੰਦ ਦੇ ਇਸ ਭਿਆਨਕ ਹਾਦਸੇ ਨੂੰ ਲੰਡਨ-ਡੈਡਲੀ ਸਮੌਗ-ਇੰਸੀਡੈਂਟ ਨਾਲ ਜਾਣਿਆ ਜਾਂਦਾ ਹੈ। ਇਸ ਹਾਦਸੇ ਤੋਂ ਪਹਿਲਾਂ ਵੀ ਲੰਡਨ ਵਿਚ ਸਾਲ 1873 ਅਤੇ 1892 ਵਿਚ ਧੂਆਂਖੀ-ਧੁੰਦ ਕਾਰਨ ਹਜ਼ਾਰ ਤੋਂ ਵੱਧ ਲੋਕ ਮਰ ਗਏ ਸਨ ਪਰ ਉਦੋਂ ਲੋਕ ਇਸ ਨੂੰ ਵਿਕਾਸ ਨਾਲ ਜੋੜ ਕੇ ਨਹੀਂ ਸਨ ਦੇਖਦੇ। ਜੇ ਉਸ ਸਮੇਂ ਉਥੋਂ ਦੀ ਸਰਕਾਰ ਨੇ ਧਿਆਨ ਦਿੱਤਾ ਹੁੰਦਾ ਤਾਂ ਸਾਲ 1952 ਵਰਗਾ ਭਿਆਨਕ ਹਾਦਸਾ ਨਾ ਵਾਪਰਦਾ।

ਇੰਗਲੈਂਡ ਤੋਂ ਇਲਾਵਾ ਅਮਰੀਕਾ ਨੇ ਵੀ ਧੂਆਂਖੀ-ਧੁੰਦ ਦਾ ਸੰਤਾਪ ਹੰਢਾਇਆ ਹੈ। ਸਾਲ 1940 ਵਿਚ ਪੈਨਸਿਲਵੇਨੀਆ ਵਿਚ ਇਸ ਪ੍ਰਦੂਸ਼ਣ ਕਾਰਨ 20 ਵਿਅਕਤੀ ਮਰੇ ਸਨ ਅਤੇ ਨਿਊ ਯਾਰਕ ਵਿਚ ਸਾਲ 1963 'ਚ 200, 1969 ਵਿਚ 169 ਅਤੇ 1993 ਵਿਚ 20 ਵਿਅਕਤੀ ਮਰ ਗਏ ਸਨ। ਇਨ੍ਹਾਂ ਘਟਨਾਵਾਂ ਤੋਂ ਪਤਾ ਲੱਗਦਾ ਹੈ ਕਿ ਕਿਸੇ ਸਮੇਂ ਵਿਕਸਿਤ ਦੇਸ਼ ਵੀ ਧੂਆਂਖੀ-ਧੁੰਦ ਦੀ ਸਮੱਸਿਆ ਨਾਲ ਜੂਝਦੇ ਰਹੇ ਹਨ ਪਰ ਹੁਣ ਉਨ੍ਹਾਂ ਨੇ ਇਸ ਸਮੱਸਿਆ ਉਤੇ ਕਾਬੂ ਪਾ ਲਿਆ ਹੈ।

ਧੂਆਂਖੀ-ਧੁੰਦ ਜੀਵ-ਜੰਤੂਆਂ ਅਤੇ ਮਨੁੱਖਾਂ ਲਈ ਬਹੁਤ ਹਾਨੀਕਾਰਕ ਹੈ। ਧੂਆਂਖੀ-ਧੁੰਦ ਵਿਚਲੀ ਕਾਰਬਨ-ਮੋਨੋਆਕਸਾਈਡ ਸਾਡੇ ਖੂਨ ਵਿਚਲੀ ਆਕਸੀਜਨ ਘਟਾ ਦਿੰਦੀ ਹੈ ਜਿਸ ਕਰਕੇ ਸਾਹ ਘੁਟਣ ਨਾਲ ਵਿਅਕਤੀ ਮਰ ਜਾਂਦਾ ਹੈ। ਇਸ ਨਾਲ ਲੋਕ ਸਾਹ, ਚਮੜੀ ਅਤੇ ਅੱਖਾਂ ਨਾਲ ਸਬੰਧਤ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਦਿੱਲੀ ਵਿਚ ਪਿਛਲੇ ਦਿਨਾਂ ਵਿਚ ਧੂਆਂਖੀ-ਧੁੰਦ ਕਾਰਨ ਸਾਹ ਨਾਲ ਜੁੜੀਆਂ ਬਿਮਾਰੀਆਂ ਦੇ ਮਰੀਜ਼ਾਂ ਵਿਚ 20 ਤੋਂ 30 ਫੀਸਦੀ ਵਾਧਾ ਹੋਇਆ ਦੱਸਿਆ ਜਾ ਰਿਹਾ ਹੈ ਜਿਨ੍ਹਾਂ ਵਿਚ ਬਜ਼ੁਰਗਾਂ ਅਤੇ ਬੱਚਿਆਂ ਦੀ ਗਿਣਤੀ ਜ਼ਿਆਦਾ ਹੈ। ਪ੍ਰਦੂਸ਼ਣ ਦਾ ਸਭ ਤੋਂ ਵੱਧ ਅਸਰ ਬੱਚਿਆਂ ਉਤੇ ਹੁੰਦਾ ਹੈ। ਡਾਕਟਰਾਂ ਅਨੁਸਾਰ ਬੱਚਿਆਂ ਦੇ ਫੇਫੜੇ ਬਹੁਤ ਨਾਜ਼ੁਕ ਹੁੰਦੇ ਹਨ, ਉਹ ਧੂੰਏ ਅਤੇ ਖਤਰਨਾਕ ਰਸਾਇਣਕ ਕਣਾਂ ਦੀ ਮਾਰ ਨਹੀਂ ਝੱਲ ਸਕਦੇ। ਇਸੇ ਲਈ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਦਿੱਲੀ ਦੇ ਉਪ ਮੁੱਖ ਮੰਤਰੀ ਨੂੰ ਲਿਖਤੀ ਤੌਰ ਉਤੇ ਪੁੱਛਿਆ ਕਿ ਜਦੋਂ ਕਿੱਸੇ ਥਾਂ ਦਾ ਏਅਰ ਕੁਆਲਿਟੀ ਇੰਡੈਕਸ 200 ਤੋਂ ਉਤੇ ਹੁੰਦਾ ਹੈ ਤਾਂ ਬੱਚਿਆਂ ਦੀ ਸਿਹਤ ਲਈ ਬਹੁਤ ਨੁਕਸਾਨਦੇਹ ਹੁੰਦਾ ਹੈ।

ਧੂਆਂਖੀ-ਧੁੰਦ ਪਸੂ-ਪੰਛੀਆਂ ਨੂੰ ਵੀ ਨੁਕਸਾਨ ਪਹੁੰਚਾਉਂਦੀ ਹੈ। ਪ੍ਰਦੂਸ਼ਿਤ ਹਵਾ ਵਿਚ ਅਣਚਾਹੇ ਰਸਾਇਣਾਂ ਨਾਲ ਪਸੂ-ਪੰਛੀ ਵੀ ਸਾਹ ਘੁੱਟਣ ਨਾਲ ਮਰ ਜਾਂਦੇ ਹਨ। ਬਨਸਪਤੀ ਉਤੇ ਵੀ ਧੂਆਂਖੀ-ਧੁੰਦ ਦਾ ਬੁਰਾ ਅਸਰ ਪੈਂਦਾ ਹੈ ਕਿਉਂਕਿ ਇਸ ਵਿਚਲੀਆਂ ਗੈਸਾਂ, ਧੂੰਏ ਅਤੇ ਧੂੜ ਦੇ ਕਣ ਦਰਖਤਾਂ ਅਤੇ ਬੂਟਿਆਂ ਦੇ ਪੱਤਿਆਂ ਉਤੇ ਟਿਕ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦਾ ਰੰਗ ਕਾਲਾ ਜਾਂ ਭੂਰਾ ਹੋ ਜਾਂਦਾ ਹੈ ਅਤੇ ਉਹ ਸੁੱਕ ਵੀ ਜਾਂਦੇ ਹਨ। ਧੂਆਂਖੀ-ਧੁੰਦ ਨਾਲ ਫਸਲਾਂ ਦਾ ਵੀ ਬਹੁਤ ਨੁਕਸਾਨ ਹੁੰਦਾ ਹੈ, ਇੱਕ ਤਾਂ ਸਲਫਰਡਾਇਆਕਸਾਈਡ ਵਰਗੀਆਂ ਗੈਸਾਂ ਉਨ੍ਹਾਂ ਨੂੰ ਪੀਲਾ ਜਾਂ ਕਾਲਾ ਕਰ ਦਿੰਦੀਆਂ ਹਨ, ਦੂਜਾ ਸੂਰਜ ਦੀ ਰੋਸ਼ਨੀ ਨਾ ਮਿਲਣ ਕਾਰਨ ਪ੍ਰਕਾਸ਼ ਸੰਸ਼ਲੇਸ਼ਣ ਨਹੀਂ ਹੁੰਦਾ।

ਧੂਆਂਖੀ-ਧੁੰਦ ਸਾਡੇ ਸਮਾਜਿਕ ਅਤੇ ਆਰਥਿਕ ਜੀਵਨ ਉਤੇ ਵੀ ਮਾੜਾ ਅਸਰ ਪਾਉਂਦੀ ਹੈ। ਧੂਆਂਖੀ-ਧੁੰਦ ਕਾਰਨ ਸੜਕ ਹਾਦਸਿਆਂ ਦੀ ਗਿਣਤੀ ਬਹੁਤ ਜ਼ਿਆਦਾ ਵਧ ਜਾਂਦੀ ਹੈ ਜਿਸ ਨਾਲ ਪਰਿਵਾਰ ਦੇ ਕਿਸੇ ਵੀ ਮੈਂਬਰ ਦੇ ਮਰਨ ਨਾਲ ਕਦੇ ਵੀ ਨਾ ਪੂਰਾ ਹੋਣ ਵਾਲਾ ਆਰਥਿਕ ਅਤੇ ਸਮਾਜਿਕ ਘਾਟਾ ਪੈ ਜਾਂਦਾ ਹੈ। ਵਿਕਸਿਤ ਦੇਸ਼ਾਂ ਨੇ ਹਵਾ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਸਖਤ ਕਾਨੂੰਨ ਬਣਾ ਕੇ ਉਨ੍ਹਾਂ ਨੂੰ ਸੰਜੀਦਗੀ ਅਤੇ ਸਖਤੀ ਨਾਲ ਲਾਗੂ ਕਰਕੇ ਧੂਆਂਖੀ-ਧੁੰਦ ਵਰਗੇ ਖਤਰਨਾਕ ਪ੍ਰਦੂਸ਼ਣ ਉਤੇ ਕਾਬੂ ਪਾ ਲਿਆ ਹੈ। ਸੋ ਅੱਜ ਕੱਲ ਇਨ੍ਹਾਂ ਦੇਸ਼ਾਂ ਲਈ ਧੂਆਂਖੀ-ਧੁੰਦ ਇੱਕ ਬੀਤੇ ਸਮੇਂ ਦੀ ਕਹਾਣੀ ਬਣ ਕੇ ਰਹਿ ਗਈ ਹੈ ਜਦਕਿ ਸਾਡੇ ਦੇਸ਼ ਵਿਚ ਇਹ ਤੇਜ਼ੀ ਨਾਲ ਵਧ ਰਹੀ ਹੈ।

ਸਾਡੀ ਸਰਕਾਰ ਨੇ ਪ੍ਰਦੂਸ਼ਣ ਨਾਲ ਨਜਿੱਠਣ ਲਈ ਕਾਨੂੰਨ ਤਾਂ ਬਹੁਤ ਬਣਾਏ ਹੋਏ ਹਨ ਪਰ ਉਨ੍ਹਾਂ ਨੂੰ ਲਾਗੂ ਕਰਨ ਲਈ ਸੰਜੀਦਾ ਨਹੀਂ ਹੈ ਜਿਵੇਂ ਇਸ ਸਾਲ ਦਿੱਲੀ ਵਿਚ ਸੁਪਰੀਮ ਕੋਰਟ ਨੇ ਪਟਾਕਿਆਂ ਅਤੇ ਆਤਿਸ਼ਬਾਜ਼ੀ ਦੀ ਵਿਕਰੀ ਉਤੇ ਭਾਵੇਂ ਰੋਕ ਲਾ ਦਿੱਤੀ ਸੀ ਪਰ ਫਿਰ ਵੀ ਦਿੱਲੀ ਵਿਚ ਸਾਰੀ ਰਾਤ ਪਟਾਕੇ ਚਲਦੇ ਰਹੇ ਅਤੇ ਦੀਵਾਲੀ ਤੋਂ ਦੂਜੇ ਦਿਨ ਫਿਰ ਸ਼ਹਿਰ ਪ੍ਰਦੂਸ਼ਿਤ ਹਵਾ ਨਾਲ ਭਰ ਗਿਆ। ਸਰਕਾਰ ਨੂੰ ਚਾਹੀਦਾ ਹੈ ਕਿ ਕਾਨੂੰਨ ਸਖਤੀ ਨਾਲ ਲਾਗੂ ਕਰੇ। ਸਰਕਾਰ ਨੂੰ ਇਹ ਵੀ ਚਾਹੀਦਾ ਹੈ ਕਿ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਚੁਸਤ-ਦਰੁਸਤ ਬਣਾ ਕੇ ਅਤੇ ਇਨ੍ਹਾਂ ਵਾਹਨਾਂ ਦੀ ਗਿਣਤੀ ਵਿਚ ਜਨਤਾ ਦੀ ਲੋੜ ਅਨੁਸਾਰ ਵਾਧਾ ਕਰੇ ਤਾਂ ਕਿ ਲੋਕ ਨਿਜੀ ਵਾਹਨ ਅੰਨ੍ਹੇਵਾਹ ਨਾ ਖਰੀਦਣ। ਸਰਕਾਰ ਨੂੰ ਲੋਕਾਂ ਨੂੰ ਪ੍ਰਦੂਸ਼ਣ ਰਹਿਤ ਬਾਲਣ ਵੀ ਮੁਹੱਈਆ ਕਰਵਾਉਣਾ ਚਾਹੀਦਾ ਹੈ।

ਲੋਕਾਂ ਨੂੰ ਵੀ ਆਪਣੇ ਵਾਹਨਾਂ ਦੀ ਸਹੀ ਤਰੀਕੇ ਨਾਲ ਸਾਂਭ-ਸੰਭਾਲ ਕਰਨੀ ਚਾਹੀਦੀ ਹੈ ਤਾਂ ਕਿ ਉਹ ਖਰਾਬ ਹੋਣ ਦੀ ਸੂਰਤ ਵਿਚ ਪ੍ਰਦੂਸ਼ਿਤ ਗੈਸਾਂ ਛੱਡ ਕੇ ਵਾਤਾਵਰਣ ਨੂੰ ਗੰਧਲਾ ਨਾ ਕਰਨ। ਸਰਕਾਰ ਨੂੰ ਇਹ ਵੀ ਚਾਹੀਦਾ ਹੈ ਕਿ ਕਿਸਾਨਾਂ ਨੂੰ ਸਸਤੀਆਂ ਦਰਾਂ ਉਤੇ ਅਜਿਹੀ ਮਸ਼ੀਨਰੀ ਮੁਹੱਈਆ ਕਰਵਾਏ ਜਿਸ ਨਾਲ ਉਹ ਫਸਲਾਂ ਦੀ ਰਹਿੰਦ-ਖੂੰਹਦ ਤੋਂ ਖਾਦ, ਪਸੂਆਂ ਲਈ ਚਾਰਾ ਆਦਿ ਬਣਾ ਸਕਣ, ਨਾ ਕਿ ਉਸ ਨੂੰ ਸਾੜ ਕੇ ਵਾਤਾਵਰਣ ਨੂੰ ਗੰਧਲਾ ਕਰਕੇ ਬਿਮਾਰੀਆਂ ਵਿਚ ਵਾਧਾ ਕਰ ਕੇ ਆਪਣੀ ਅਤੇ ਬੱਚਿਆਂ ਦੀ ਸਿਹਤ ਖਰਾਬ ਕਰਨ।

ਸਰਕਾਰ ਨੂੰ ਤਿਉਹਾਰਾਂ, ਵਿਆਹਾਂ ਉਤੇ ਹਰ ਤਰ੍ਹਾਂ ਦੇ ਪਟਾਕਿਆਂ ਦੀ ਵਰਤੋਂ ਪੂਰਨ ਤੌਰ ਉਤੇ ਰੋਕ ਲਾਉਣੀ ਚਾਹੀਦੀ ਹੈ। ਲੋਕਾਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਤਰ੍ਹਾਂ ਪ੍ਰਦੂਸ਼ਣ ਪੈਦਾ ਕਰਨ ਤੋਂ ਪਰਹੇਜ਼ ਕਰਨ ਤਾਂ ਕਿ ਸਾਰੇ ਲੋਕ ਸ਼ੁਧ ਵਾਤਾਵਰਣ ਵਿਚ ਸਾਹ ਲੈ ਕੇ ਸਿਹਤਮੰਦ ਜ਼ਿੰਦਗੀ ਮਾਣ ਸਕਣ।

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਕਰਤਾਰ ਸਿੰਘ ਸਰਾਭਾ ਦਾ 102ਵਾਂ ਸ਼ਹੀਦੀ ਦਿਨ ਮਨਾਇਆ

**ਸੈਨ ਫਰਾਂਸਿਸਕੋ (ਬਿਊਰੋ):** ਭਾਰਤ ਨੂੰ ਅੰਗਰੇਜ਼ੀ ਰਾਜ ਤੋਂ ਆਜ਼ਾਦ ਕਰਵਾਉਣ ਲਈ 102 ਸਾਲ ਪਹਿਲਾਂ ਸ਼ਹੀਦ ਹੋਏ ਸਰਦਾਰ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ 6 ਹੋਰ ਸਾਥੀਆਂ ਦੀ ਸ਼ਹੀਦੀ ਨੂੰ ਸਲਾਮ ਕਹਿਣ ਲਈ ਇਕ ਸਮਾਗਮ 18 ਨਵੰਬਰ ਨੂੰ ਇਥੇ ਗਦਰ ਮੈਮੋਰੀਅਲ ਹਾਲ ਵਿਚ ਕੀਤਾ ਗਿਆ।



*ਕਰਤਾਰ ਸਿੰਘ ਸਰਾਭਾ*

ਜ਼ਿਕਰਯੋਗ ਹੈ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਉਸ ਸਮੇਂ ਸਿਰਫ 19 ਸਾਲ ਦਾ ਸੀ। 16 ਨਵੰਬਰ 1915 ਨੂੰ ਲਾਹੌਰ ਜੇਲ੍ਹ ਵਿਚ ਉਨ੍ਹਾਂ ਨਾਲ ਫਾਂਸੀ ਚੜ੍ਹਨ ਵਾਲੇ ਉਨ੍ਹਾਂ ਦੇ ਸਾਥੀ ਸ਼ਹੀਦ ਸ. ਬਖਸ਼ੀਸ ਸਿੰਘ, ਸ. ਸਰੈਣ ਸਿੰਘ (ਛੋਟਾ), ਸ. ਸਰੈਣ ਸਿੰਘ (ਵੱਡਾ), ਸ. ਹਰਨਾਮ ਸਿੰਘ, ਸ. ਜਗਤ ਸਿੰਘ ਅਤੇ ਸ੍ਰੀ ਵਿਸ਼ਨੂ ਗਿਣੇਸ਼ ਪਿੰਗਲੇ ਸਨ।

ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਦੇ ਸੱਦੇ 'ਤੇ ਕਰਵਾਏ ਗਏ ਇਸ ਪ੍ਰੋਗਰਾਮ ਵਿਚ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਲੋਕਾਂ ਨੇ ਭਾਰੀ ਗਿਣਤੀ ਵਿਚ ਹਿੱਸਾ ਲਿਆ। ਫੋਰਮ ਦੀਆਂ ਸਹਿਯੋਗੀ ਸੰਸਥਾਵਾਂ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੀਫੋਰਨੀਆ (ਸੈਕਰਾਮੈਂਟੋ) ਵਲੋਂ ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਹਰਪਾਲ ਸਿੰਘ ਮਾਨ, ਸਤਬੀਰ ਸਿੰਘ ਬਾਜਵਾ ਅਤੇ ਰਵਿੰਦਰ ਸਿੰਘ ਮਾਨ ਹਾਜ਼ਰ ਹੋਏ ਅਤੇ ਇੰਡੋ ਅਮੈਰੀਕਨ ਦੇਸ਼ ਭਗਤ ਫਾਊਂਡੇਸ਼ਨ ਬੇ-ਏਰੀਆ ਵਲੋਂ ਪੰਕਜ ਆਂਸਲ ਆਪਣੇ ਸਾਥੀਆਂ ਸਮੇਤ ਪਹੁੰਚੇ।

ਪ੍ਰੋਗਰਾਮ ਦੀ ਪ੍ਰਧਾਨਗੀ ਗੁਰਦੀਪ ਸਿੰਘ ਗਿਲ ਅਤੇ ਕੁਲਦੀਪ ਸਿੰਘ ਅਟਵਾਲ ਨੇ ਕੀਤੀ। ਪ੍ਰੋਗਰਾਮ ਦੇ ਸ਼ੁਰੂ ਵਿਚ ਸਟੇਜ ਸੈਕਟਰੀ ਹਰਜਿੰਦਰ ਢੇਸੀ ਨੇ ਆਏ ਲੋਕਾਂ ਨੂੰ ਜੀ ਆਇਆਂ ਆਖਦਿਆਂ ਸ਼ਹੀਦਾਂ ਦੀ ਮਨੁਖਵਾਦੀ ਸੋਚ ਨੂੰ ਆਪਣੀ ਜ਼ਿੰਦਗੀ ਵਿਚ ਅਪਨਾਉਣ ਦਾ ਸੱਦਾ ਦਿੱਤਾ। ਪ੍ਰੋਗਰਾਮ ਵਿਚ ਕੌਂਸਲ ਜਨਰਲ ਵੈਂਕਟੇਸਨ ਅਸ਼ੋਕ ਅਤੇ ਕਮਿਊਨਟੀ ਮਸਲਿਆਂ ਦੇ ਕੌਂਸਲ ਵੈਕਟਾਰਮਨਾ ਖਾਸ ਤੌਰ 'ਤੇ ਸ਼ਾਮਲ ਹੋਏ। ਕੌਂਸਲ ਜਨਰਲ ਵੈਂਕਟੇਸਨ ਅਸ਼ੋਕ ਨੇ ਅਜਿਹੇ ਪ੍ਰੋਗਰਾਮਾਂ ਲਈ ਕੌਂਸਲੇਟ ਆਫਿਸ ਵਲੋਂ ਭਰਪੂਰ ਸਹਿਯੋਗ ਦਾ ਵਾਅਦਾ ਕੀਤਾ। ਉਨ੍ਹਾਂ ਨੇ ਗਦਰ ਮੈਮੋਰੀਅਲ ਦੀ ਇਮਾਰਤ ਦੀ ਮੁੜ ਉਸਾਰੀ ਲਈ ਆਪਣੀਆਂ ਕੋਸ਼ਿਸ਼ਾਂ ਬਾਰੇ ਵੀ ਦੱਸਿਆ।

ਸ. ਗੁਰਦੀਪ ਸਿੰਘ ਅਣਖੀ ਨੇ ਗਦਰ ਪਾਰਟੀ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਲੋਕਾਂ ਨੂੰ ਦੇਸ਼ ਦੀ ਏਕਤਾ, ਅਖੰਡਤਾ ਅਤੇ ਮਨੁੱਖੀ ਆਜ਼ਾਦੀਆਂ ਦੀ ਰਾਖੀ ਲਈ ਅਗਾਂਹਵਧੂ ਸ਼ਕਤੀਆਂ ਦਾ ਸਾਥ ਦੇਣ ਦਾ ਸੱਦਾ ਦਿੱਤਾ। ਸ. ਮਲਕੀਤ ਸਿੰਘ ਕਿੰਗਰਾ ਨੇ ਵੀ ਆਪਣੀ ਰੋਚਕ ਤਕਰੀਰ ਰਾਹੀਂ ਕਵਿਤਾਵਾਂ ਦੇ ਹਵਾਲੇ ਦੇ ਕੇ ਸੱਚੇ ਸੁਚੇ ਦੇਸ਼ ਭਗਤ ਪਰਵਾਨਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਸੁਰਿੰਦਰ ਮੰਢਾਲੀ ਨੇ ਕੁਝ ਪਿਛਾਂਹਖਿਚੂ ਤਾਕਤਾਂ ਵਲੋਂ ਸ਼ਹੀਦਾਂ ਨੂੰ ਜਾਤ-ਪਾਤ, ਧਰਮ ਜਾਂ ਇਲਾਕੇ ਦੇ ਨਾਂ 'ਤੇ ਵੰਡਣ ਦੀ ਨਿਖੇਧੀ ਕੀਤੀ। ਅਮਰੀਕ ਸਿੰਘ ਕਾਨਕਰਡ, ਹਰਨੇਕ ਸਿੰਘ ਅਤੇ ਰੂਬਲ ਸਿੰਘ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਬਹੁਤੇ ਬੁਲਾਰਿਆਂ ਨੇ ਭਾਰਤ ਵਿਚ ਘਟ ਗਿਣਤੀਆ 'ਤੇ ਹੋ ਰਹੇ ਹਮਲਿਆਂ 'ਤੇ ਚਿੰਤਾ ਪ੍ਰਗਟਾਉਂਦਿਆਂ ਲੋਕਾਂ ਨੂੰ ਸਮਾਜ ਵਿਰੋਧੀ ਤਾਕਤਾਂ ਪ੍ਰਤੀ ਚੌਕਸ ਰਹਿਣ ਦੀ ਅਪੀਲ ਕੀਤੀ।

ਪ੍ਰੋਗਰਾਮ ਦੇ ਸ਼ੁਰੂ ਵਿਚ ਲਾਲ ਚੰਦ ਯਮਲਾ ਦੀ ਗਾਇਕੀ ਨੂੰ ਪ੍ਰਣਾਏ ਗਾਇਕ ਰਾਜਿੰਦਰ ਸਿੰਘ ਬਰਾੜ ਨੇ ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ। ਰਣਜੀਤ ਜੋਤ ਨੇ ਵੀ ਆਪਣੀ ਬਲੁੰਦ ਆਵਾਜ ਵਿਚ ਯੋਧਿਆਂ ਦੀਆਂ ਵਾਰਾਂ ਗਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਹਰਜੀਤ ਸਿੰਘ ਮਰਸਡ ਨੇ ਦੇਸ਼ ਭਗਤੀ ਅਤੇ ਸਮਾਜਕ ਸਰੋਕਾਰਾਂ ਨੂੰ ਪ੍ਰਣਾਏ ਆਪਣੇ ਗੀਤਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਰਨਜੀਤ ਧਾਲੀਵਾਲ ਨੇ ਪੰਜਾਬ ਦੇ ਆਜ਼ਾਦੀ ਤੋਂ ਬਾਅਦ ਦੇ ਇਤਿਹਾਸ ਨੂੰ ਪ੍ਰਗਟਾਉਂਦੀ ਇਕ ਖੂਬਸੂਰਤ ਕਵਿਤਾ ਸੁਣਾਈ। ਕਰਤਾਰ ਸਿੰਘ ਕਰਮਨ ਨੇ ਵੀ ਇਕ ਕਵਿਤਾ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਅਖੀਰ ਵਿਚ ਸ. ਜਸਵੰਤ ਸਿੰਘ ਮਾਨ ਨੇ ਸ਼ਹੀਦਾਂ ਦੀ ਸੋਚ ਪ੍ਰਤੀ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਇਸ ਪ੍ਰੋਗਰਾਮ ਵਿਚ ਪਹੁੰਚੇ ਹੋਏ ਸਾਰੇ ਦੋਸਤਾਂ ਦਾ ਧੰਨਵਾਦ ਕੀਤਾ ਅਤੇ ਕੌਂਸਲੇਟ ਆਫਿਸ ਦੇ ਸਹਿਯੋਗ ਦੀ ਸਰਾਹਨਾ ਵੀ ਕੀਤੀ। ਚਾਹ-ਪਾਣੀ ਦੀ ਸੇਵਾ ਨਵਦੀਪ ਸਿੰਘ ਧਾਲੀਵਾਲ, ਜਗਰੂਪ ਸਿੰਘ ਧਾਲੀਵਾਲ ਅਤੇ ਸੁਰਿੰਦਰ ਸਿੰਘ ਥਿੰਦ ਨੇ ਹੋਰ ਸਾਥੀਆਂ ਨਾਲ ਮਿਲ ਕੇ ਨਿਭਾਈ।



## ਕਾਬੁਲ-ਅੰਮ੍ਰਿਤਸਰ ਹਵਾਈ ਸੰਪਰਕ ਸੁਰਜੀਤ ਕਰਨ ਦੀ ਤਿਆਰੀ

**ਅੰਮ੍ਰਿਤਸਰ:** ਦੁਵੱਲੇ ਵਪਾਰ ਨੂੰ ਉਤਸ਼ਾਹਤ ਕਰਨ ਦੇ ਮੰਤਵ ਨਾਲ ਛੇਤੀ ਹੀ ਅਫਗਾਨਿਸਤਾਨ ਸਰਕਾਰ ਵੱਲੋਂ ਕਾਬੁਲ (ਅਫਗਾਨਿਸਤਾਨ) ਅਤੇ ਅੰਮ੍ਰਿਤਸਰ ਵਿਚਾਲੇ ਹਵਾਈ ਸੰਪਰਕ ਮੁੜ ਬਹਾਲ ਕਰਨ ਦੀ ਯੋਜਨਾ ਹੈ। ਇਹ ਖੁਲਾਸਾ ਅਫਗਾਨਿਸਤਾਨ ਦੇ ਸਫੀਰ ਸ਼ਾਇਦਾ ਮੁਹੰਮਦ ਅਬਦਾਲੀ ਨੇ ਕੀਤਾ। ਉਹ ਸਥਾਨਕ ਵਪਾਰੀਆਂ ਵੱਲੋਂ ਕਰਵਾਈ ਇਕ ਮੀਟਿੰਗ ਵਿਚ ਸ਼ਾਮਲ ਹੋਣ ਆਏ ਸਨ।

ਸਫੀਰ ਨੇ ਆਖਿਆ ਕਿ ਉਨ੍ਹਾਂ ਦਾ ਦੇਸ਼ ਭਾਰਤ ਨਾਲ ਦੁਵੱਲੇ ਵਪਾਰਕ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨਾ ਚਾਹੁੰਦਾ ਹੈ। ਇਸੇ ਤਹਿਤ ਭਾਰਤੀ ਨਾਗਰਿਕਾਂ ਨੂੰ ਮੌਕੇ 'ਤੇ ਹੀ ਵੀਜ਼ੇ ਦੇਣ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ। ਛੇਤੀ ਹੀ ਅੰਮ੍ਰਿਤਸਰ ਅਤੇ ਕਾਬੁਲ ਵਿਚਾਲੇ ਹਵਾਈ ਸੰਪਰਕ ਮੁੜ ਬਹਾਲ ਕਰ ਦਿੱਤਾ ਜਾਵੇਗਾ।

## ਕੌਫੀ ਨਾਲ ਚੱਲਣਗੀਆਂ ਲੰਡਨ ਵਿਚ ਬੱਸਾਂ

**ਲੰਡਨ:** ਕੌਫੀ ਦੀ ਰਹਿੰਦ-ਖੂੰਹਦ ਤੋਂ ਤੇਲ ਬਣਾ ਕੇ ਉਸ ਦੀ ਵਰਤੋਂ ਬੱਸਾਂ ਚਲਾਉਣ ਲਈ ਕੀਤੀ ਜਾਵੇਗੀ। ਬੀ.ਬੀ.ਸੀ. ਦੀ ਰਿਪੋਰਟ ਮੁਤਾਬਕ ਕੌਫੀ ਦੀ ਰਹਿੰਦ-ਖੂੰਹਦ ਤੋਂ ਕੱਢੇ ਗਏ ਤੇਲ ਨੂੰ ਡੀਜ਼ਲ ਨਾਲ ਮਿਲਾ ਕੇ ਜਨਤਕ ਟਰਾਂਸਪੋਰਟ 'ਚ ਈਂਧਣ ਵਜੋਂ ਵਰਤਿਆ ਜਾਵੇਗਾ।

ਬਾਇਓ ਬੀਨ ਕੰਪਨੀ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਕੌਫੀ ਦਾ ਤੇਲ ਇੰਨਾ ਹੈ ਕਿ ਪੂਰੇ ਸਾਲ ਇਕ ਬੱਸ ਨੂੰ ਚਲਾਇਆ ਜਾ ਸਕਦਾ ਹੈ। ਲੰਡਨ 'ਚ ਧੂੰਏਂ ਦੀ ਨਿਕਾਸੀ ਘਟਾਉਣ ਦੇ ਮਕਸਦ ਨਾਲ ਬਾਇਓ ਫਿਊਲ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾ ਰਹੀ ਹੈ। ਕੰਪਨੀ ਮੁਤਾਬਕ ਲੰਡਨ ਵਾਸੀ ਹਰ ਸਾਲ 2 ਲੱਖ ਟਨ ਕੌਫੀ ਦੀ ਰਹਿੰਦ-ਖੂੰਹਦ ਪੈਦਾ ਕਰਦੇ ਹਨ।

## ਸ਼ਬੀਰ ਸ਼ਾਹ ਤੇ ਵਸੀਮ ਵਾਨੀ ਖਿਲਾਫ਼ ਦੋਸ਼ ਆਇਦ

**ਨਵੀਂ ਦਿੱਲੀ:** ਸਾਲ 2005 ਵਿਚ ਅਤਿਵਾਦੀਆਂ ਨੂੰ ਵਿੱਤੀ ਸਹਾਇਤਾ ਦੇਣ ਦੇ ਕੇਸ ਵਿਚ ਨਾਮਜ਼ਦ ਕਸ਼ਮੀਰੀ ਵੱਖਵਾਦੀ ਆਗੂ ਸ਼ਬੀਰ ਸ਼ਾਹ ਤੇ ਹਵਾਲਾ ਡੀਲਰ ਅਸਲਮ ਵਾਨੀ ਖਿਲਾਫ਼ ਦਿੱਲੀ ਦੀ ਇਕ ਅਦਾਲਤ ਨੇ ਕਾਲੇ ਧਨ ਨੂੰ ਸੋਧਣ ਸਬੰਧੀ ਦੋਸ਼ ਆਇਦ ਕਰ ਦਿੱਤੇ ਹਨ। ਇਨਫੋਰਸਮੈਂਟ ਡਾਇਰੈਕਟੋਰੇਟ ਨੇ 23 ਸਤੰਬਰ ਨੂੰ ਸ਼ਾਹ ਖਿਲਾਫ਼ ਚਾਰਜਸ਼ੀਟ ਦਾਖਲ ਕਰ ਕੇ ਦੋਸ਼ ਲਾਇਆ ਸੀ ਕਿ ਉਹ ਪਾਕਿਸਤਾਨ ਆਧਾਰਤ ਅਤਿਵਾਦੀ ਹਾਫ਼ਿਜ਼ ਸਈਦ ਨਾਲ ਸੰਪਰਕ ਵਿਚ ਹੈ। ਇਸ ਚਾਰਜਸ਼ੀਟ 'ਚ ਵਾਨੀ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ, ਜੋ ਇਸ ਸਮੇਂ ਸ਼ਾਹ ਨਾਲ ਨਿਆਇਕ ਹਿਰਾਸਤ ਵਿਚ ਹੈ।

## ਪਿਉ ਮਾਰਨ ਵਾਲੇ ਪੁੱਤ ਨੂੰ ਉਮਰ ਕੈਦ

**ਸੰਗਰੂਰ:** ਅਦਾਲਤ ਨੇ ਘੋਟਣਾ ਮਾਰ ਕੇ ਪਿਉ ਦਾ ਕਤਲ ਕਰਨ ਵਾਲੇ ਨਸ਼ੇੜੀ ਪੁੱਤ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। 14 ਅਕਤੂਬਰ 2016 ਨੂੰ ਦਰਜ ਮਾਮਲੇ ਅਨੁਸਾਰ ਬਲਵੀਰ ਸਿੰਘ, ਜੋ ਨਸ਼ੇ ਦਾ ਆਦੀ ਸੀ, ਆਪਣੇ ਨਸ਼ੇ ਦੀ ਮੰਗ ਪੂਰੀ ਕਰਨ ਲਈ ਸਵੇਰੇ ਆਪਣੇ ਪਿਤਾ ਸੂਰਜ ਮੱਲ ਤੋਂ ਪੈਸੇ ਮੰਗਣ ਲੱਗਾ। ਜਵਾਬ ਮਿਲਣ ਪਿੱਛੋਂ ਉਸ ਨੇ ਘੋਟਣਾ ਚੁੱਕ ਲਿਆ ਅਤੇ ਪਿਤਾ ਦੇ ਮਾਰਨਾ ਸ਼ੁਰੂ ਕਰ ਦਿੱਤਾ ਜਿਸ ਕਾਰਨ ਸੂਰਜ ਮੱਲ ਦੀ ਮੌਤ ਹੋ ਗਈ।

## ਜਿਉਂਦੇ ਬੇਕਸੂਰ ਨੂੰ ਵਿਖਾਇਆ ਮਰਿਆ ਅਤਿਵਾਦੀ

**ਜੰਮੂ:** ਕਸ਼ਮੀਰ ਦੇ ਬਾਂਦੀਪੋਰਾ ਵਿਚ ਮਾਰੇ ਗਏ ਅਤਿਵਾਦੀਆਂ ਦੀਆਂ ਮੀਡੀਆ 'ਚ ਨਸ਼ਰ ਕੀਤੀਆਂ ਤਸਵੀਰਾਂ 'ਚ ਸਥਾਨਕ ਵਸਨੀਕ ਆਪਣੀ ਤਸਵੀਰ ਦੇਖ ਕੇ ਹੈਰਾਨ ਰਹਿ ਗਿਆ ਤੇ ਉਸ ਨੇ ਇਸ ਮਾਮਲੇ ਦੀ ਜਾਂਚ ਮੰਗੀ ਹੈ। ਅਬਦੁਲ ਮਜੀਦ ਨੇ ਦੱਸਿਆ, 'ਮਾਰੇ ਗਏ ਅਤਿਵਾਦੀਆਂ ਦੀਆਂ ਨਸ਼ਰ ਹੋਈਆਂ ਤਸਵੀਰਾਂ 'ਚ ਆਪਣੀ ਤਸਵੀਰ ਦੇਖ ਕੇ ਮੈਨੂੰ ਵੱਡਾ ਝਟਕਾ ਲੱਗਾ।

# ਰੇਡੀਓ ਮਿਰਚੀ ਵਲੋਂ ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' ਦਾ ਸਫਲ ਮੰਚਨ

**ਸੈਨ ਹੋਜੇ (ਬਿਊਰੋ):** 'ਰੇਡੀਓ ਮਿਰਚੀ 1310 ਏ. ਐਮ.' ਅਤੇ ਐਸ. ਪੀ. ਸਿੰਘ ਵਲੋਂ ਬੇ ਏਰੀਆ ਕਲਚਰਲ ਐਸੋਸੀਏਸ਼ਨ ਦੇ ਸਹਿਯੋਗ ਨਾਲ ਨਿਰਦੇਸ਼ਕ ਅਸ਼ੋਕ ਟਾਂਗਰੀ ਅਤੇ ਨਿਰਮਾਤਾ ਤਾਰਾ ਸਿੰਘ ਸਾਗਰ ਦਾ ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' ਇੱਥੇ ਐਵਰਗਰੀਨ ਹਾਈ ਸਕੂਲ ਦੇ ਥੀਏਟਰ ਵਿਚ ਲੰਘੇ ਸਨਿਚਰਵਾਰ ਕਰਵਾਇਆ ਗਿਆ।

ਮੁੱਖ ਪ੍ਰਬੰਧਕ ਐਸ. ਪੀ. ਸਿੰਘ ਨੇ ਕਿਹਾ ਕਿ ਪੰਜਾਬ ਹੀ ਨਹੀਂ ਸਗੋਂ ਸਮੁੱਚੇ ਭਾਰਤ ਵਿਚ ਕਿਸਾਨ ਇਸ ਵੇਲੇ ਭੁੱਬੀਂ ਰੋ ਰਿਹਾ ਹੈ, ਕਿਤੇ ਕਰਜ਼ੇ ਦਾ ਭਾਰ, ਕਿਤੇ ਫਸਲਾਂ 'ਤੇ ਕੁਦਰਤੀ ਕਰੋਪੀ ਦੀ ਚਿੰਤਾ ਤੇ ਸਰਕਾਰਾਂ ਦੀ ਬੇਰੁਖੀ। ਅੰਨਦਾਤੇ ਦੀ ਪੀੜ ਨੂੰ ਨਾ ਸਮਝਣ ਕਾਰਨ ਹੀ ਕਿਸਾਨ ਇਸ ਵੇਲੇ ਖੁਦਕੁਸ਼ੀਆਂ ਕਰਨ ਵੱਲ ਵਧਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਕਿਸਾਨ ਦੇ ਇਸ ਦਰਦ ਦੀ ਵਿਥਿਆ ਨੂੰ ਪੰਜਾਬੀਆਂ ਨਾਲ ਸਾਂਝੀ ਕਰਕੇ ਇੱਕ ਤਰ੍ਹਾਂ ਨਾਲ ਆਪਣਾ ਫਰਜ਼ ਹੀ ਨਿਭਾ ਰਹੇ ਹਨ।

ਗੁਰਦੁਆਰਾ ਸਾਹਿਬ ਸੈਨ ਹੋਜੇ ਦੇ ਮੁੱਖ ਪ੍ਰਬੰਧਕ ਭੁਪਿੰਦਰ ਸਿੰਘ (ਬੌਬ) ਢਿੱਲੋਂ ਨੇ ਕਿਹਾ ਕਿ ਉਨ੍ਹਾਂ ਨੇ ਇਸ ਨਾਟਕ ਨੂੰ ਕਰਵਾਉਣ ਵਿਚ ਭਰਪੂਰ ਵਿੱਤੀ ਸਹਿਯੋਗ ਵੀ ਦਿੱਤਾ ਹੈ ਤੇ ਪੰਜਾਬੀਆਂ ਨੂੰ ਨਾਲ ਜੋੜਨ ਦਾ ਯਤਨ ਵੀ ਕੀਤਾ ਹੈ ਤਾਂ ਜੋ ਪੰਜਾਬ 'ਚ ਮਰ ਰਹੇ ਕਿਸਾਨ ਦੀ ਬਾਂਹ ਫੜ੍ਹਨ ਲਈ ਸਾਰਿਆਂ ਨੂੰ ਸੁਚੇਤ ਕੀਤਾ ਜਾ ਸਕੇ।

ਨਿਰਮਾਤਾ ਤਾਰਾ ਸਿੰਘ ਸਾਗਰ ਤੇ ਨਿਰਦੇਸ਼ਕ ਅਸ਼ੋਕ ਟਾਂਗਰੀ ਨੇ ਇਸ ਨਾਟਕ ਨੂੰ ਮਿਲੀ ਸਫਲਤਾ ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਉਹ ਜਲਦੀ ਹੀ ਇਸ ਨਾਟਕ ਦੀ ਫਿਲਮ ਬਣਾਉਣ ਦੇ ਯਤਨ ਵਿਚ ਲੱਗੇ ਹੋਏ ਹਨ, ਤਾਂ ਜੋ ਮਰ ਰਹੇ ਕਿਸਾਨ ਦੀ ਅਸਲ ਸਥਿਤੀ ਤੇ ਜੀਵਨ ਨੂੰ ਸਮਝਦਿਆਂ ਸਰਕਾਰਾਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਅੱਗੇ ਆਉਣ।

ਨਾਟਕ ਵਿਚ ਮੁੱਖ ਕਿਰਦਾਰ ਜਸਵੰਤ ਸਿੰਘ ਸ਼ਾਦ ਨੇ ਕਿਸਾਨ ਬਚਿੱਤਰ ਸਿੰਘ ਦੇ ਰੂਪ ਵਿਚ ਅਤੇ ਰਿੰਪਲ ਬੈਂਸ ਨੇ ਨਿਹਾਲ ਕੌਰ ਦੇ ਰੂਪ ਵਿਚ ਬਾਖੂਬੀ ਨਿਭਾਏ ਜਦੋਂਕਿ ਜਾਨਵੀ ਬੈਂਸ, ਸੋਨੂੰ ਢਿੱਲੋਂ, ਜੱਸੀ ਗਿੱਲ, ਤਾਰਾ ਸਿੰਘ ਸਾਗਰ, ਸਕੰਦਰ ਟਾਂਗਰੀ ਨੇ ਵੀ ਸਲਾਹੁਣਯੋਗ ਕਿਰਦਾਰ ਨਿਭਾ ਕੇ ਨਾਟਕ ਲਈ ਵਾਹਵਾ ਖੱਟ ਕੇ ਦਿੱਤੀ। ਡਾ. ਚੌਧਰੀ, ਰਾਜ ਜੋਤ ਰੈਸਟੋਰੈਂਟ, ਬਿੱਲਾ ਸੰਘੇੜਾ, ਬਿਕਰਮਜੀਤ ਸਿੰਘ, ਰਾਜ ਭਨੋਟ ਨੇ ਵੀ ਨਾਟਕ ਲਈ ਭਰਵਾਂ ਸਹਿਯੋਗ ਦਿੱਤਾ। ਵੱਡੀ ਗਿਣਤੀ ਵਿਚ ਆਏ ਦਰਸ਼ਕਾਂ ਵਿਚ ਬੀਬੀਆਂ, ਬੱਚੇ ਅਤੇ ਨਾਮੀ ਹਸਤੀਆਂ ਵੀ ਸ਼ਾਮਲ ਸਨ।



*ਸ. ਭੁਪਿੰਦਰ ਸਿੰਘ (ਬੌਬ) ਢਿੱਲੋਂ (ਖੱਬਿਓਂ ਦੂਜੇ), ਅਸ਼ੋਕ ਭੌਰਾ ਅਤੇ ਐਸ. ਪੀ. ਸਿੰਘ ਨਾਟਕ ਦੇ ਮੰਚਨ ਤੋਂ ਪਹਿਲਾਂ*





*ਅਸ਼ੋਕ ਟਾਂਗਰੀ, ਜਸਵੰਤ ਸਿੰਘ ਸ਼ਾਦ, ਡਿੰਪਲ ਬੈਂਸ ਨਾਟਕ ਦੇ ਦੋ ਵੱਖ-ਵੱਖ ਦ੍ਰਿਸ਼ਾਂ ਵਿਚ। ਤਸਵੀਰਾਂ:ਰਾਜ ਬਡਵਾਲ*

# ਸੈਣੀ ਭਾਈਚਾਰੇ ਨੂੰ ਪੱਛੜੀਆਂ ਸ਼੍ਰੇਣੀਆਂ ਤੋਂ ਬਾਹਰ ਰੱਖਣ ਬਾਰੇ ਭਰੋਸਾ

**ਚੰਡੀਗੜ੍ਹ (ਬਿਊਰੋ):** ਪੰਜਾਬ ਵਿਚ ਸੈਣੀ ਭਾਈਚਾਰੇ ਨੂੰ ਪੱਛੜੀਆਂ ਸ਼੍ਰੇਣੀਆਂ ਦੇ ਵਰਗ ਵਿਚੋਂ ਬਾਹਰ ਰੱਖਿਆ ਜਾਵੇਗਾ ਕਿਉਂਕਿ ਇਹ ਭਾਈਚਾਰਾ ਪੂਰਾ ਖੁਸ਼ਹਾਲ ਹੈ ਅਤੇ ਕਿਸੇ ਵੀ ਤਰ੍ਹਾਂ ਪੱਛੜੀਆਂ



ਸ਼੍ਰੇਣੀਆਂ ਵਿਚ ਨਹੀਂ ਆਉਂਦਾ। ਇਹ ਭਰੋਸਾ ਸੈਣੀ ਭਾਈਚਾਰੇ ਦੇ ਇਕ ਵਫਦ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਕਾਂਗਰਸ ਦੇ ਹੋਰ ਆਗੂਆਂ ਨੇ ਦਿੱਤਾ।

ਇਹ ਜਾਣਕਾਰੀ ਦਿੰਦਿਆਂ ਵਫਦ ਦੇ ਇਕ ਮੈਂਬਰ ਮਿਸ਼ੀਗਨ ਸਟੇਟ ਡੈਮੋਕਰੈਟਿਕ ਪਾਰਟੀ ਦੇ ਚੀਫ ਐਡਵਾਈਜ਼ਰ ਅਤੇ ਮਿਸ਼ੀਗਨ ਸੈਣੀ ਸਭਾ ਦੇ ਮੋਹਰੀ ਆਗੂ ਸੰਨੀ ਧੂੜ ਨੇ ਦੱਸਿਆ ਕਿ ਕਾਂਗਰਸ ਆਗੂਆਂ ਨੇ ਕਿਹਾ ਕਿ ਜਲਦ ਹੀ ਇਸ ਮਾਮਲੇ ਉਤੇ ਵਿਚਾਰ ਕੀਤਾ ਜਾਵੇਗਾ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੁਨੀਲ ਜਾਖੜ, ਐਮ. ਪੀ. ਪਰਗਟ ਸਿੰਘ, ਵਿਧਾਇਕ ਰਾਜ ਕੁਮਾਰ ਵਿਰਕਾਂ, ਰਾਜਾ ਹੈਨਰੀ, ਇੰਦਰਵੀਰ ਬੁਲਾਰੀਆ, ਰਾਜਿੰਦਰ ਬੇਰੀ ਅਤੇ ਸੁਨੀਲ ਭੱਟੀ ਹਾਜ਼ਰ ਸਨ।

ਵਫਦ ਨੇ ਕਾਂਗਰਸੀ ਆਗੂਆਂ ਨੂੰ ਦਿੱਤੇ ਮੈਮੋਰੈਂਡਮ ਵਿਚ ਕਿਹਾ ਕਿ ਸੈਣੀ ਭਾਈਚਾਰਾ ਇਕ ਖੁਸ਼ਹਾਲ ਭਾਈਚਾਰਾ ਹੈ। ਇਸ ਭਾਈਚਾਰੇ ਦੇ ਬਹੁਤ ਸਾਰੇ ਲੋਕ ਪੰਜਾਬ ਵਿਚ ਆਰਥਿਕ ਪੱਖੋਂ ਮਜ਼ਬੂਤ ਹਨ ਅਤੇ ਵਿਦੇਸ਼ਾਂ ਵਿਚ ਵੀ ਉਨ੍ਹਾਂ ਆਰਥਿਕ ਪੱਖੋਂ ਪੈਰ ਜਮਾਏ ਹੋਏ ਹਨ। ਇਸ ਭਾਈਚਾਰੇ ਨੂੰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕਰਨਾ ਇਕ ਨਿਰੋਲ ਸਿਆਸੀ ਫੈਸਲਾ ਸੀ ਅਤੇ ਇਸ ਦਾ ਇਕੋ ਇਕ ਮਨੋਰਥ ਵੋਟਾਂ ਬਟੋਰਨਾ ਸੀ ਪਰ ਇਸ ਫੈਸਲੇ ਦਾ ਸੈਣੀ ਭਾਈਚਾਰੇ ਦੀ ਨਵੀਂ ਪੀੜ੍ਹੀ ਉਤੇ ਮਾੜਾ ਅਸਰ ਪਏਗਾ ਅਤੇ ਉਹ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਪੱਛੜੇ ਸਮਝਣ ਲੱਗਣਗੇ।

# ਨਵੇਂ 'ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਿਹ' ਲਈ ਅਣਛਪੀਆਂ ਰਚਨਾਵਾਂ ਭੇਜਣ ਲਈ ਸੱਦਾ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਆਪਣੇ ਵਿਸ਼ੇਸ਼ ਪ੍ਰੋਗਰਾਮ ਤਹਿਤ ਅਗਲੇ ਵਰ੍ਹੇ (2018) ਵਿਚ ਪ੍ਰਕਾਸ਼ਤ ਕੀਤੇ ਜਾਣ ਵਾਲੇ 'ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਿਹ' ਲਈ ਸਭਾ ਨੇ ਕਹਾਣੀਕਾਰਾਂ ਨੂੰ



ਅਣਛਪੀਆਂ ਰਚਨਾਵਾਂ ਭੇਜਣ ਲਈ ਸੱਦਾ ਦਿੱਤਾ ਹੈ।

ਕਹਾਣੀਆਂ ਭੇਜਣ ਲਈ ਆਖਰੀ ਤਾਰੀਖ 31 ਮਾਰਚ 2018 ਮਿਥੀ ਗਈ ਹੈ। ਵਿਸ਼ੇ-ਵਸਤੂ ਦੀ ਚੋਣ ਲੇਖਕ ਦੀ ਆਪਣੀ ਹੋ ਸਕਦੀ ਹੈ ਪਰ ਪਰਵਾਸੀ ਸਰੋਕਾਰ ਅਤੇ ਗਲੋਬਲੀ ਪਰਿਪੇਖ ਵਾਲੀਆਂ ਲੋਕ-ਪੱਖੀ ਅਗਾਂਹ ਵਧੂ ਪਹੁੰਚ ਅਤੇ ਦ੍ਰਿਸ਼ਟੀਕੋਣ ਵਾਲੀਆਂ ਕਹਾਣੀਆਂ ਨੂੰ ਵਿਸ਼ੇਸ਼ ਪਹਿਲ ਦਿੱਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਇਸ ਟੀਮ ਵਲੋਂ ਇਸ ਤੋਂ ਪਹਿਲਾਂ ਪੰਜ ਕਹਾਣੀ ਸੰਗ੍ਰਿਹ: 'ਸੁਪਨੇ ਤੇ ਸੰਤਾਪ', 'ਪੰਖ ਪਿੰਜਰਾ ਤੇ ਪਰਵਾਜ਼', 'ਅਮਰੀਕੀ ਪੰਜਾਬੀ ਕਹਾਣੀ', 'ਪਰਵਾਸ ਤੋਂ ਅਵਾਸ ਵੱਲ' (ਉਤਰੀ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਿਹ) ਅਤੇ 'ਦਿਸਹੱਦਿਆਂ ਦੇ ਆਰ ਪਾਰ' (ਪਰਵਾਸੀ ਪੰਜਾਬੀ ਕਹਾਣੀ-ਸੰਗ੍ਰਿਹ) ਛਪਵਾਏ ਜਾ ਚੁਕੇ ਹਨ।

ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਨਵੇਂ ਕਹਾਣੀ ਸੰਗ੍ਰਿਹ ਦੇ ਸੰਪਾਦਕੀ ਮੰਡਲ ਵਿਚ ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਅਤੇ ਹਰਮਹਿੰਦਰ ਚਾਹਲ ਸ਼ਾਮਲ ਹੋਣਗੇ। ਇਹ ਕਹਾਣੀ-ਸੰਗ੍ਰਿਹ ਅਮਰੀਕੀ ਪੰਜਾਬੀ ਕਹਾਣੀਆਂ ਦਾ ਹੋਵੇਗਾ। ਲੇਖਕ ਆਪਣੀਆਂ ਕਹਾਣੀਆਂ ਸੰਪਾਦਕੀ ਮੰਡਲ ਦੇ ਕਿਸੇ ਵੀ ਮੈਂਬਰ ਨੂੰ ਭੇਜ ਸਕਦੇ ਹਨ: ਸੁਰਿੰਦਰ ਸੋਹਲ (15 Remsen Ave., Valley Stream, NY 11580, Ph: 646-220- 2586, Email: surindersohal@hotmail.com), ਹਰਜਿੰਦਰ ਪੰਧੇਰ (3974 Chatsworth Cir., Stockton, CA 95209, Ph: 209-610-5055, Email: pandher@gmail.com), ਹਰਮਹਿੰਦਰ ਚਹਿਲ (7305 Sterling Grove Dr., Springfield, VA 22150, Ph: 703-362- 3239, Email: chahals@yahoo.com)

ਇਸ ਸਬੰਧੀ ਫੈਸਲਾ ਸਭਾ ਨੇ ਬੀਤੀ 12 ਨਵੰਬਰ ਨੂੰ ਸਭਾ ਦੇ ਮੈਂਬਰ ਚਰਨਜੀਤ ਸਿੰਘ ਸਾਹੀ ਦੇ ਫਾਰਮ ਹਾਊਸ 'ਤੇ ਹੋਈ ਇੱਕ ਸਾਹਿਤਕ ਮੀਟਿੰਗ ਵਿਚ ਲਿਆ ਗਿਆ। ਇਸ ਵਿਚ ਸ਼ਾਮਲ ਸਾਹਿਤਕਾਰਾਂ ਤੇ ਸਰੋਤਿਆਂ ਨੇ ਘੰਟਿਆਂ ਬੱਧੀ ਨਿੰਘੀ ਧੁੱਪ ਵਿਚ ਕੁਦਰਤ ਦੇ ਖੁਸ਼ਗਵਾਰ ਨਜ਼ਾਰਿਆਂ ਦਾ ਅਨੰਦ ਮਾਣਦਿਆਂ ਆਪਣੀਆਂ ਮੌਲਿਕ ਸਾਹਿਤਕ ਰਚਨਾਵਾਂ ਦੁਆਰਾ ਕਲਾਮਈ ਮਾਹੌਲ ਵੀ ਸਿਰਜਿਆ।

ਮੀਟਿੰਗ ਵਿਚ ਹਰਜਿੰਦਰ ਪੰਧੇਰ, ਪ੍ਰਿੰਸੀਪਲ ਹਰਨੇਕ ਸਿੰਘ, ਤਾਰਾ ਸਿੰਘ ਸਾਗਰ, ਮਨਦੀਪ ਗੋਰਾ, ਹਰਜੀਤ ਹਠੂਰ, ਡਾ. ਸਤਵਿੰਦਰ ਸਿੰਘ ਸਾਹੀ, ਪਰਮਜੀਤ ਕੌਰ, ਮਨਜੀਤ ਕੌਰ, ਗੁਰਪ੍ਰੀਤ ਕੌਰ, ਮ੍ਰਿਗਇੰਦਰ ਪੰਧੇਰ, ਇੰਦਰਜੀਤ ਸ਼ਰਮਾ, ਅਜੀਤ ਪ੍ਰਮਿੰਦਰ ਕੌਰ, ਕਮਲੇਸ਼ ਕੁਮਾਰੀ, ਰਾਜ ਕੁਮਾਰੀ ਅਤੇ ਡੋਲੀ ਸ਼ਾਮਲ ਸਨ।

## ਮਿਸਰ ਨੇ ਗਾਜ਼ਾ ਸਰਹੱਦੀ ਲਾਂਘਾ ਖੋਲ੍ਹਿਆ

**ਰਾਫਾਹ:** ਮਿਸਰ ਨੇ ਗਾਜ਼ਾ ਸਰਹੱਦੀ ਲਾਂਘਾ, ਜੋ ਫਲਸਤੀਨੀ ਅਥਾਰਟੀ (ਪੀ.ਏ.) ਦੇ ਕੰਟਰੋਲ ਤਹਿਤ ਆਉਂਦਾ ਹੈ, ਤਕਰੀਬਨ ਦਹਾਕੇ ਬਾਅਦ ਪਹਿਲੀ ਵਾਰ ਖੋਲ੍ਹਿਆ ਹੈ। ਮਿਸਰ ਨੇ ਮਾਨਵੀ ਆਧਾਰ ਉਤੇ ਤਿੰਨ ਦਿਨਾਂ ਵਾਸਤੇ ਰਾਫਾਹ ਲਾਂਘਾ ਖੋਲ੍ਹ ਦਿੱਤਾ। ਅਤਿਵਾਦੀ ਹਮਾਸ ਗਰੁੱਪ ਵੱਲੋਂ ਗਾਜ਼ਾ ਲਾਂਘੇ, ਜੋ ਇਸਰਾਈਲ ਤੇ ਮਿਸਰ ਤੋਂ ਪੱਛਮ ਦੇ ਸਮਰਥਨ ਵਾਲੇ ਫਲਸਤੀਨੀ ਅਥਾਰਟੀ ਨਾਲ ਲੱਗਦਾ ਹੈ, ਉਤੇ ਕਬਜ਼ਾ ਕੀਤੇ ਜਾਣ ਬਾਅਦ ਇਸ ਨੂੰ ਪਹਿਲੀ ਵਾਰ ਖੋਲ੍ਹਿਆ ਗਿਆ ਹੈ।

## ਵਿਆਹ ਸਮਾਗਮ ਵਿਚ ਗੋਲੀ ਨਾਲ ਬੱਚਾ ਹਲਾਕ

**ਕੋਟਕਪੂਰਾ:** ਵਿਆਹ ਸਮਾਗਮ ਦੌਰਾਨ ਚੱਲੀਆਂ ਗੋਲੀਆਂ ਨਾਲ ਇਕ ਅੱਠ ਸਾਲਾ ਬੱਚੇ ਦੀ ਮੌਤ ਜਦਕਿ ਦੂਜਾ ਗੰਭੀਰ ਜ਼ਖ਼ਮੀ ਹੋ ਗਿਆ। ਮ੍ਰਿਤਕ ਦੀ ਪਛਾਣ ਵਿਕਰਮਜੀਤ ਸਿੰਘ ਮਠਾੜੂ ਪੁੱਤਰ ਕੁਲਵਿੰਦਰ ਸਿੰਘ ਵਜੋਂ ਹੋਈ ਹੈ। ਪੁਲਿਸ ਨੇ ਲਾੜੇ ਦੇ ਮਾਮੇ ਅਤੇ ਮਾਸੜ ਖਿਲਾਫ਼ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ।


ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਦੀ ਕੁਲ ਲੋਕਾਈ ਨੂੰ ਕੋਟਾਨਿ ਕੋਟਿ ਵਧਾਈ

ਸ੍ਰੀ ਗੁਰੂ ਨਾਨਕ ਦੇ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

ਮੋਤੀਆ ਬਿੰਦ ਮੁਫਤ ਆਪਰੇਸ਼ਨ ਕੈਂਪ



ਬਾਬਾ ਗੁਰਨਾਮ ਸਿੰਘ ਜੀ ਮਹਿੰਗਾਪੁਰ

ਕੈਂਪ 9 ਅਕਤੂਬਰ 2017 ਤੋਂ ਸ਼ੁਰੂ ਹੈ ਜੋ 2019 ਵਿਚ ਆ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੱਕ ਜਾਰੀ ਰਹੇਗਾ। ਕੈਂਪ ਦਾ ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ

ਸੰਗਤਾਂ ਦੇ ਦਾਸ

ਬਾਬਾ ਗੁਰਨਾਮ ਸਿੰਘ ਜੀ ਮਹਿੰਗਾਪੁਰ

ਸ. ਬਹਾਦਰ ਸਿੰਘ (ਚੇਅਰਮੈਨ)

ਸੇਲਮ, ਓਰੇਗਾਨ (ਯੂ. ਐਸ. ਏ.)

ਫੋਨ: 503-559-8233



ਸ. ਬਹਾਦਰ ਸਿੰਘ (ਚੇਅਰਮੈਨ)

ਵਨ ਬੀਟ ਹਸਪਤਾਲ, ਭੀਰਾ ਖੀਰੀ

# ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਲਈ ਜਥੇਬੰਦ ਹੋਣ ਦਾ ਸੱਦਾ

**ਸ਼ਿਕਾਗੋ (ਬਿਊਰੋ):** ਮੂਲ ਨਾਨਕਸ਼ਾਹੀ ਕੈਲੰਡਰ ਨੂੰ ਪੂਰਨ ਰੂਪ ਵਿਚ ਲਾਗੂ ਕਰਨ ਅਤੇ ਬਾਬੇ ਨਾਨਕ ਦੇ ਵਿਰਸੇ ਨੂੰ ਸਾਂਭਣ ਲਈ ਸਮੂਹ ਸਿੱਖ ਸਮਾਜਿਕ, ਸਭਿਆਚਾਰਕ ਤੇ ਧਾਰਮਿਕ ਸੰਸਥਾਵਾਂ ਨੂੰ ਜਥੇਬੰਦ ਹੋਣਾ ਚਾਹੀਦਾ ਹੈ। ਇਹ ਸੱਦਾ ਇਥੇ ਗੁਰਦੁਆਰਾ ਪੈਲਾਟਾਈਨ ਵਿਖੇ ਲੰਘੀ 11 ਅਤੇ 12 ਨਵੰਬਰ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਸਬੰਧੀ ਹੋਈ ਦੋ ਰੋਜ਼ਾ ਕਾਨਫਰੰਸ ਵਿਚ ਪਾਸ ਕੀਤੇ ਗਏ ਮਤਿਆਂ ਰਾਹੀਂ ਦਿੱਤਾ ਗਿਆ। ਇਸ ਸੱਦੇ ਉਤੇ ਫੁੱਲ ਚੜ੍ਹਾਉਂਦਿਆਂ ਮਿਡਵੈਸਟ ਅਮਰੀਕਾ ਦੀਆਂ ਕਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਦਾ ਤਹੱਈਆ ਕੀਤਾ।

ਕਾਨਫਰੰਸ ਦੌਰਾਨ ਪਾਸ ਕੀਤੇ ਗਏ ਮਤਿਆਂ 'ਚ ਕਿਹਾ ਗਿਆ ਕਿ ਗੁਰਬਾਣੀ ਦੀ ਰੂਹ ਅਨੁਸਾਰ ਤਿਆਰ ਕੀਤੇ ਗਏ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਸਿੱਖ ਵਿਦਵਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 1999 ਵਿਚ ਖਾਲਸਾ ਸਾਜਨਾ ਦਿਵਸ ਦੀ 300ਵੀਂ ਵਰ੍ਹੇਗੰਢ ਮੌਕੇ ਪ੍ਰਵਾਨ ਕਰ ਚੁਕੇ ਹਨ। ਬਹੁਤ ਸਾਰੀਆਂ ਸਿੱਖ ਸੰਸਥਾਵਾਂ ਤਿੰਨ ਮਿਤੀਆਂ-ਗੁਰੂ ਨਾਨਕ ਪ੍ਰਕਾਸ਼ ਪੁਰਬ, ਬੰਦੀਛੋੜ ਦਿਵਸ ਅਤੇ ਹੋਲੇ-ਮਹੱਲੇ ਨੂੰ ਛੱਡ ਕੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾ ਚੁਕੀਆਂ ਹਨ। ਸੋ, ਮੂਲ ਨਾਨਕਸ਼ਾਹੀ ਕੈਲੰਡਰ ਅਤੇ ਸਿੱਖ ਇਤਿਹਾਸਕ ਸਾਲਾਨਾ ਤਿੱਥ-ਤਿਓਹਾਰ ਮਨਾਉਣ ਲਈ ਇਸ ਦੇ ਵਿਧੀ-ਵਿਧਾਨ ਨੂੰ ਅਪਨਾਉਣਾ ਜਰੂਰੀ ਹੈ। ਇਸ ਅਨੁਸਾਰ ਗੁਰੂ ਨਾਨਕ ਪ੍ਰਕਾਸ਼ ਪੁਰਬ 14 ਅਪਰੈਲ (ਪਹਿਲੀ


ਸੁਰਿੰਦਰ ਸਿਘ

ਵਿਸਾਖ), ਬੰਦੀਛੋੜ ਦਿਵਸ 12 ਫਰਵਰੀ (ਪਹਿਲੀ ਫੱਗਣ) ਅਤੇ ਹੋਲਾ-ਮਹੱਲਾ 14 ਮਾਰਚ (ਪਹਿਲੀ ਚੇਤ) ਨੂੰ ਮਨਾਇਆ ਜਾਣਾ ਚਾਹੀਦਾ ਹੈ।

ਬਹੁਤੇ ਬੁਲਾਰਿਆਂ ਨੇ ਦੋਸ਼ ਲਾਇਆ ਕਿ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਵਿਚ ਬ੍ਰਾਹਮਣਵਾਦੀ ਤਾਕਤਾਂ ਵਲੋਂ ਰੋੜੇ ਅਟਕਾਏ ਜਾ ਰਹੇ ਹਨ ਤੇ ਸ਼੍ਰੋਮਣੀ ਕਮੇਟੀ ਬ੍ਰਾਹਮਣਵਾਦੀ ਤਾਕਤਾਂ ਦੇ ਦਬਾਓ ਹੇਠ ਮੂਲ ਨਾਨਕਸ਼ਾਹੀ ਕੈਲੰਡਰ



ਨੂੰ ਲਾਗੂ ਕਰਨ ਤੋਂ ਇਨਕਾਰੀ ਹੈ।

ਅਮਰੀਕਾ ਤੇ ਕੈਨੇਡਾ ਤੋਂ ਇਲਾਵਾ ਇੰਡੀਆ ਅਤੇ ਆਸਟਰੇਲੀਆ ਤੋਂ ਪਹੁੰਚੇ ਬੁਲਾਰਿਆਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਮਲੀ ਰੂਪ ਦੇਣ ਵਿਚ ਪਰਦੇਸਾਂ 'ਚ ਵਸਦੇ ਸਿੱਖ ਭਾਈਚਾਰੇ ਵਲੋਂ ਨਿਭਾਏ ਗਏ ਅਹਿਮ ਰੋਲ ਬਾਰੇ ਚਰਚਾ ਕੀਤੀ। ਕਾਨਫਰੰਸ ਦੌਰਾਨ ਬੁਲਾਰਿਆਂ ਨੇ ਦੱਸਿਆ ਕਿ ਮੂਲ ਨਾਨਕਸ਼ਾਹੀ ਕੈਲੰਡਰ ਕਿਵੇਂ ਭਿੰਨ ਹੈ ਅਤੇ ਸਾਲਾਨਾ ਤਿੱਥ-ਤਿਓਹਾਰਾਂ ਦੀਆਂ ਮਿਤੀਆਂ ਨੂੰ ਇਕਸਾਰ ਰੱਖਣ ਵਿਚ ਇਸ ਦੀ ਕੀ ਭੂਮਿਕਾ ਹੈ। ਸਿੱਖ ਇਤਿਹਾਸਕ ਮਿਤੀਆਂ ਦਾ ਸਹੀ ਹੋਣਾ ਤੇ ਇਨ੍ਹਾਂ ਦੀ ਇਕਸਾਰਤਾ ਅਤੇ ਗੁਰਬਾਣੀ ਦੀ ਜੀਵਨ ਜਾਚ ਵਿਚ ਸਾਰਥਕਤਾ ਨੂੰ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਤੱਕ ਪਹੁੰਚਦੇ ਕਰਨਾ ਬੇਹਦ ਜਰੂਰੀ ਹੈ।

ਸਮਾਗਮ ਦਾ ਅਰੰਭ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਵਲੋਂ ਅਰਦਾਸ ਕੀਤੇ ਜਾਣ ਪਿਛੋਂ ਹੋਇਆ। ਗੁਰਦੁਆਰਾ ਪੈਲਾਟਾਈਨ ਦੇ ਧਾਰਮਿਕ ਸਕੱਤਰ ਸ. ਹਰਜੀਤ ਸਿੰਘ ਗਿੱਲ ਨੇ ਕਿਹਾ ਕਿ ਸਾਡਾ ਆਪਣਾ ਕੈਲੰਡਰ ਹੋਣਾ ਚਾਹੀਦਾ ਹੈ ਅਤੇ ਮੂਲ ਨਾਨਕਸ਼ਾਹੀ ਕੈਲੰਡਰ ਸਿੱਖ ਭਾਵਨਾਵਾਂ ਦੀ ਸਹੀ ਤਰਜਮਾਨੀ ਕਰਦਾ ਹੈ।

ਟੀ.ਵੀ. ਪ੍ਰੋਗਰਾਮ 'ਟਾਕਿੰਗ ਪੰਜਾਬ' ਦੇ ਸੰਚਾਲਕ ਸੁਰਿੰਦਰ ਸਿੰਘ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੂਲ ਨਾਨਕਸ਼ਾਹੀ ਕੈਲੰਡਰ ਸਿੱਖ ਜਗਤ ਦਾ ਭਵਿਖ ਰੌਸ਼ਨ ਕਰਨ ਵਿਚ ਵੱਡੀ ਭੂਮਿਕਾ ਨਿਭਾਵੇਗਾ। ਸ. ਪੁਰੇਵਾਲ ਨੇ 18 ਸਾਲ ਮਿਹਨਤ ਕਰਕੇ ਇਹ ਕੈਲੰਡਰ ਤਿਆਰ ਕੀਤਾ ਹੈ ਜੋ ਅਕਾਲ ਤਖਤ ਸਾਹਿਬ ਵਲੋਂ ਲਾਗੂ ਕੀਤਾ ਗਿਆ। ਹੈਰਾਨੀ ਹੈ ਕਿ ਕੁਝ ਡੇਰਿਆਂ ਤੇ ਸਿੱਖਾਂ ਦੀਆਂ ਅਖੌਤੀ ਸੰਸਥਾਵਾਂ ਦੇ ਮੁਖੀਆਂ ਨੂੰ


ਪਾਲ ਸਿੰਘ ਪੁਰੇਵਾਲ

ਕਿਉਂ ਇਹ ਮਨਜੂਰ ਨਹੀਂ! ਸ. ਸੁਰਿੰਦਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਇਕ ਸੰਦੇਸ਼ ਪੜ੍ਹ ਕੇ ਸੁਣਾਇਆ, ਜਿਸ ਵਿਚ ਕਿਹਾ ਗਿਆ ਸੀ ਕਿ ਨਾਨਕਸ਼ਾਹੀ ਕੈਲੰਡਰ ਸਿੱਖ ਸਮਾਜ ਦੀ ਰੂਹ ਹੈ, ਸਿੱਖ ਕੌਮ ਦੀ ਵਿਲਖੱਣਤਾ ਤੇ ਆਜ਼ਾਦੀ ਦਾ ਪ੍ਰਤੀਕ ਹੈ ਅਤੇ ਇਹ ਹਰ ਹਾਲ ਲਾਗੂ ਹੋਣਾ ਚਾਹੀਦਾ ਹੈ।

ਸ. ਸੁਰਿੰਦਰ ਸਿਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਿੱਖਾਂ ਦਾ ਆਪਣਾ ਮੀਡੀਆ ਹੋਣਾ ਚਾਹੀਦਾ ਹੈ। ਮੀਡੀਏ ਦੀ ਘਾਟ ਕਰਕੇ ਅੱਜ ਸਾਨੂੰ


ਪ੍ਰੋ. ਕੁਲਵੰਤ ਸਿੰਘ ਹੁੰਦਲ

ਆਪਣਾ ਕੈਲੰਡਰ ਲਾਗੂ ਕਰਨ ਵਿਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਸੀਂ ਆਪਣੇ ਤਿੱਥ-ਤਿਉਹਾਰ, ਗੁਰਪੁਰਬ, ਸ਼ਹੀਦੀ ਦਿਹਾੜੇ ਆਪਣੇ ਤਰੀਕੇ ਨਾਲ, ਆਪਣੇ ਪਰਚਮ ਹੇਠ ਮਨਾਵਾਂਗੇ ਤਾਂ ਸਿੱਖ ਪਛਾਣ ਵਿਸ਼ਵ ਪੱਧਰ 'ਤੇ ਸਥਾਪਿਤ ਹੋਏਗੀ। ਇਹ ਉਨ੍ਹਾਂ ਲੋਕਾਂ ਨੂੰ ਪਸੰਦ ਨਹੀਂ ਜੋ 1947 ਤੋਂ ਲੈ ਕੇ ਹੁਣ ਤੱਕ ਸਿੱਖ ਕੌਮ ਨਾਲ ਧੱਕਾ ਕਰਦੇ ਆਏ ਹਨ। ਇਸੇ ਲਈ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦੇ ਰਾਹ ਵਿਚ ਅੜਿਕੇ ਡਾਹੇ ਜਾ ਰਹੇ ਹਨ।

ਸੈਕਰਾਮੈਂਟੋ ਤੋਂ ਆਏ ਸ. ਸਰਬਜੀਤ ਸਿੰਘ ਨੇ ਤਕਨੀਕੀ ਵਿਸਥਾਰ ਦਿੰਦਿਆਂ ਦਸਿਆ ਕਿ ਮੂਲ ਨਾਨਕਸ਼ਾਹੀ ਕੈਲੰਡਰ ਕਿਵੇਂ ਬਿਕਰਮੀ ਕੈਲੰਡਰ ਤੋਂ ਅਲੱਗ ਹੈ? ਉਨ੍ਹਾਂ ਸਕਰੀਨ ਪ੍ਰੈਜੇਂਟੇਸ਼ਨ ਰਾਹੀਂ ਤਕਨੀਕੀ ਨੁਕਤਿਆਂ ਦੇ ਆਧਾਰ 'ਤੇ ਸਿੱਧ ਕੀਤਾ ਕਿ ਜੂਲੀਅਨ ਕੈਲੰਡਰ, ਗੈਗੋਰੀਅਨ ਕੈਲੰਡਰ ਤੇ ਬਿਕਰਮੀ ਕੈਲੰਡਰ ਵਿਚ ਦਿਨ ਕੀ ਹੈ, ਮਹੀਨਾ ਤੇ ਸਾਲ ਕਿਹੜਾ ਹੈ ਤੇ ਕਿਸ ਤਰ੍ਹਾਂ ਰੁੱਤਾਂ ਨਾਲ ਸਬੰਧਤ ਇਨ੍ਹਾਂ ਕੈਲੰਡਰਾਂ ਤੋਂ ਮੂਲ ਨਾਨਕਸ਼ਾਹੀ ਕੈਲੰਡਰ ਕਿਵੇਂ ਭਿੰਨ ਹੈ।

ਕਲੀਵਲੈਂਡ, ਓਹਾਇਓ ਤੋਂ ਆਏ ਸਿੱਖ ਚਿੰਤਕ ਬੀਬੀ ਜਸਬੀਰ ਕੌਰ ਨੇ ਸਿੱਖ ਪਛਾਣ ਨੂੰ ਪੱਕਿਆਂ ਕਰਨ ਲਈ ਆਪਣੇ ਵਿਰਸੇ ਦੀ ਜਾਣਕਾਰੀ ਅਗਲੀ ਪੀੜ੍ਹੀ ਤੱਕ ਪੁੱਜਦੀ ਕਰਨ ਦੀ ਲੋੜ ਦੀ ਅਹਿਮੀਅਤ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਗੁਰਬਾਣੀ ਸਮਝਣ ਅਤੇ ਆਪਣੇ ਜੀਵਨ ਵਿਚ ਅਪਨਾਉਣ ਲਈ ਪ੍ਰੇਰਿਤ ਕਰਨਾ ਬੇਹੱਦ ਜਰੂਰੀ ਹੈ। ਉਨ੍ਹਾਂ ਆਖਿਆ ਕਿ ਬੱਚਿਆਂ ਨੂੰ ਪੰਜਾਬੀ ਪੜ੍ਹਾਈ ਜਾਵੇ ਅਤੇ ਉਨ੍ਹਾਂ ਨੂੰ ਦੇਸੀ ਮਹੀਨਿਆਂ ਦੇ ਨਾਂ ਜਰੂਰ ਸਿਖਾਏ ਜਾਣ।

ਸਿੱਖ ਵਿਦਵਾਨ ਸ. ਨਿਰੰਜਣ ਸਿੰਘ ਢੇਸੀ ਨੇ ਗੁਰਮਤਿ ਤੇ ਮੂਲ ਨਾਨਕਸ਼ਾਹੀ ਕੈਲੰਡਰ ਦਾ ਇਤਿਹਾਸ ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਬਿਕਰਮੀ ਕੈਲੰਡਰ ਸਾਡੀਆਂ ਲੋੜਾਂ ਪੂਰੀਆਂ ਨਹੀਂ ਸੀ ਕਰਦਾ। ਸ. ਪਾਲ ਸਿੰਘ ਪੁਰੇਵਾਲ ਵਲੋਂ ਤਿਆਰ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ ਸਿੱਖ ਹਿੱਤਾਂ ਦੇ ਹਰ ਪਹਿਲੂ 'ਤੇ ਖਰਾ ਉਤਰਦਾ ਹੈ। ਫਿਰ ਵੀ ਇਸ ਨੂੰ ਲਾਗੂ


ਪ੍ਰੋ. ਨਿਰੰਜਣ ਸਿੰਘ ਢੇਸੀ

ਕਰਵਾਉਣ ਲਈ ਬਹੁਤ ਤਲਖ ਅਨੁਭਵਾਂ ਵਿਚੋਂ ਗੁਜਰਨਾ ਪੈ ਰਿਹਾ ਹੈ।

ਗੁਰੂ ਗੋਬਿੰਦ ਸਿੰਘ ਸਿੱਖ ਸਟੱਡੀ ਸਰਕਲ, ਲੁਧਿਆਣਾ ਦੇ ਸ. ਇੰਦਰਪਾਲ ਸਿੰਘ ਨੇ ਕਿਹਾ ਕਿ 1994 ਵਿਚ ਜਦੋਂ ਸ. ਪੁਰੇਵਾਲ ਕੈਲੰਡਰ ਦੇ ਉਦੇਸ਼ ਨੂੰ ਲੈ ਕੇ ਲੁਧਿਆਣਾ ਸਾਡੇ ਕੇਂਦਰ ਵਿਚ ਆਏ ਤਾਂ ਅਸੀਂ ਸ਼੍ਰੋਮਣੀ ਸਿੱਖ ਸੰਸਥਾਵਾਂ ਤੇ ਸਿੱਖ ਵਿਦਵਾਨਾਂ ਨਾਲ ਵਿਚਾਰ-ਵਟਾਂਦਰੇ ਪਿਛੋਂ ਇਸ ਕੈਲੰਡਰ ਨੂੰ ਲਾਗੂ ਕਰਨ ਬਾਰੇ 120 ਗੁਰਦੁਆਰਿਆਂ ਦਾ ਮਤਾ ਭੇਜਿਆ ਸੀ। ਇਹ


ਇੰਦਰਪਾਲ ਸਿੰਘ

ਕੈਲੰਡਰ 2003 ਵਿਚ ਲਾਗੂ ਵੀ ਹੋ ਗਿਆ ਸੀ। ਕੈਲੰਡਰ ਨੂੰ ਲਾਗੂ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਹਿਲਾਂ 11 ਮੈਂਬਰੀ ਕਮੇਟੀ ਬਣਾਈ ਗਈ ਤੇ ਫਿਰ ਕਿਸੇ ਦਬਾਅ ਹੇਠ ਦੋ ਮੈਂਬਰੀ ਕਮੇਟੀ ਬਣਾਈ ਗਈ ਜਿਸ ਨੇ ਕਰੀਬ ਉਹੀ ਪੁਰਾਣਾ ਬਿਕਰਮੀ ਕੈਲੰਡਰ ਲਾਗੂ ਕਰ ਦਿੱਤਾ। ਹੁਣ ਫਿਰ ਸਾਡੇ ਲਈ ਨਿਰਣੇ ਦੀ ਘੜੀ ਹੈ ਤੇ ਆਉ ਹਾਂ ਪੱਖੀ ਇੱਛਾ ਸ਼ਕਤੀ ਨਾਲ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਲਈ ਹੰਭਲਾ ਮਾਰੀਏ।

ਸੁਪਰੀਮ ਸਿੱਖ ਕੌਂਸਲ ਆਸਟਰੇਲੀਆ ਦੇ ਸ. ਹਰਕੀਰਤ ਸਿੰਘ ਅਜਨੋਹਾ ਨੇ ਕਿਹਾ ਕਿ ਇਹ ਕੈਲੰਡਰ ਸਿੱਖ ਸਿਧਾਂਤਾਂ, ਗੁਰਮਤਿ ਤੇ ਇਤਿਹਾਸ ਨਾਲ ਜੁੜਿਆ ਹੈ, ਇਸ ਨੂੰ ਲਾਗੂ ਕਰਨ ਲਈ ਹੰਭਲਾ ਮਾਰਿਆ ਜਾਣਾ ਚਾਹੀਦਾ ਹੈ। ਸ. ਹਰਦੇਵ ਸਿੰਘ ਗਿੱਲ ਨੇ ਕਿਹਾ ਨੇ ਅਮਰੀਕਾ ਦੇ ਕਈ ਗੁਰਦੁਆਰਿਆਂ ਵਿਚ ਇਹ ਕੈਲੰਡਰ ਲਾਗੂ ਹੋ ਚੁਕਾ ਹੈ, ਸਾਨੂੰ ਵਿਸ਼ਵ ਪੱਧਰੀ ਪਹੁੰਚ ਰਾਹੀਂ ਸਾਰੇ ਗੁਰਦੁਆਰਿਆਂ ਵਿਚ ਲਾਗੂ ਕਰਨ ਲਈ ਪੁਰਜੋਰ ਯਤਨ ਕਰਨੇ ਚਾਹੀਦੇ ਹਨ।

ਅਖੀਰ ਵਿਚ ਨਾਨਸ਼ਾਹੀ ਕੈਲੰਡਰ ਦੇ ਬਾਨੀ ਸ. ਪਾਲ ਸਿੰਘ ਪੁਰੇਵਾਲ ਨੇ ਢੁਕਵੀਆਂ ਦਲੀਲਾਂ ਤੇ ਹਵਾਲੇ ਦੇ ਕੇ ਮੂਲ ਨਾਨਕਸ਼ਾਹੀ ਕੈਲੰਡਰ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਉਨ੍ਹਾਂ ਕਈ ਹਵਾਲਾ ਪੁਸਤਕਾਂ ਦਿਖਾਉਂਦਿਆਂ ਕਿਹਾ ਕਿ ਬਾਰੀਕਬੀਨੀ ਖੋਜ ਨਾਲ ਸਾਲਾਂਬੱਧੀ ਕੰਮ ਕੀਤਾ ਹੈ। 1992 ਵਿਚ ਉਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰ ਸਤਿਬੀਰ ਸਿੰਘ ਨਾਲ ਮੁਲਾਕਾਤ ਕਰਕੇ ਇਸ


ਸਰਬਜੀਤ ਸਿੰਘ ਸੈਕਰਾਮੈਂਟੋ

ਕੈਲੰਡਰ ਦੀਆਂ ਤਰੀਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਵੱਖ ਵੱਖ ਸਮਿਆਂ 'ਤੇ ਸਵਰਗੀ ਗੁਰਚਰਨ ਸਿੰਘ ਟੌਹੜਾ, ਬੀਬੀ ਜਗੀਰ ਕੌਰ ਤੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨਾਲ ਕੈਲੰਡਰ ਸਬੰਧੀ ਹੋਈਆਂ ਮੀਟਿੰਗਾਂ ਦੇ ਵੇਰਵੇ ਉਨ੍ਹਾਂ ਦੱਸੇ। ਜਿਸ ਤੋਂ ਬਾਅਦ 2003 ਵਿਚ ਇਹ ਕੈਲੰਡਰ (ਗੁਰੂ ਨਾਨਕ ਗੁਰਪੁਰਬ, ਬੰਦੀਛੋੜ ਦਿਵਸ ਤੇ ਹੋਲਾ-ਮਹੱਲਾ ਛੱਡ ਕੇ) ਲਾਗੂ ਕਰ ਦਿੱਤਾ ਗਿਆ। ਉਨ੍ਹਾਂ ਸਪਸ਼ਟ ਕਿਹਾ ਕਿ ਹੁਣ ਬ੍ਰਾਹਮਣਵਾਦੀ ਤਾਕਤਾਂ ਤੇ ਸੰਤ ਸਮਾਜ ਦੇ ਦਬਾਅ ਅਤੇ ਵੋਟਾਂ ਖਾਤਰ


ਹਰਦੀਪ ਸਿੰਘ

ਇਸ ਨੂੰ ਰੱਦ ਕਰ ਦਿੱਤਾ ਗਿਆ ਹੈ।

ਸ. ਪੁਰੇਵਾਲ ਨੇ ਕਿਹਾ ਕਿ ਚੰਦਰਮਾ ਦੀ ਗਤੀ 'ਤੇ ਆਧਾਰਤ ਬਿਕਰਮੀ ਕੈਲੰਡਰ ਮੁਤਾਬਕ ਤਿੱਥ-ਤਿਓਹਾਰਾਂ ਦੀਆਂ ਮਿਤੀਆਂ ਹਰ ਸਾਲ ਬਦਲਦੀਆਂ ਰਹਿੰਦੀਆਂ ਹਨ ਅਤੇ ਭਵਿੱਖ ਵਿਚ ਭੰਬਲਭੂਸਾ ਪੈਦਾ ਹੁੰਦਾ ਹੈ। ਮੂਲ ਨਾਨਕਸ਼ਾਹੀ ਕੈਲੰਡਰ ਅਸਲ ਅਤੇ ਸਹੀ ਮਿਤੀਆਂ ਨੂੰ ਸੂਰਜੀ ਗਤੀ 'ਤੇ ਆਧਾਰਤ ਕਾਮਨ ਐਰਾ ਕੈਲੰਡਰ ਮੁਤਾਬਕ ਪੱਕਿਆਂ ਕਰੇਗਾ।

ਉਪਰੰਤ 5 ਜੈਕਾਰੇ ਛੱਡ ਕੇ ਹਾਜਰ ਸੰਗਤਾਂ ਨੇ 6 ਮਤੇ ਪਾਸ ਕਰਕੇ ਨਾਨਕਸ਼ਾਹੀ ਕੈਲਡਰ ਨੂੰ ਗੁਰੂ ਘਰਾਂ ਵਿਚ ਲਾਗੂ ਕਰਨ ਪ੍ਰਤੀ ਵਚਨਬੱਧਤਾ ਪ੍ਰਗਟਾਈ। ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਮਹਾਂਬੀਰ ਸਿੰਘ ਬਰਾੜ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸਮਾਗਮ ਦੇ ਪਹਿਲੇ ਹਿੱਸੇ ਦਾ ਮੰਚ ਸੰਚਾਲਨ ਸੁਰਿੰਦਰ ਸਿੰਘ (ਟਾਕਿੰਗ ਪੰਜਾਬ) ਅਤੇ ਦੂਜੇ ਹਿੱਸੇ ਦਾ ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਪ੍ਰਧਾਨ ਪ੍ਰੋ. ਕੁਲਵੰਤ ਸਿੰਘ ਹੁੰਦਲ ਨੇ ਕੀਤਾ।

ਸ. ਇਰਵਿਨਪ੍ਰੀਤ ਸਿੰਘ ਨੇ ਨਾਨਕਸ਼ਾਹੀ ਕੈਲੰਡਰ ਦੇ ਬਣੇ ਐਪ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਨੂੰ ਆਪਣੇ ਫੋਨ 'ਤੇ ਡਾਊਨਲੋਡ ਕੀਤਾ ਜਾ ਸਕਦਾ ਹੈ। ਸੰਗਤਾਂ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਮੁਫਤ ਦਿੱਤਾ ਗਿਆ।

ਸਮਾਗਮ ਵਿਚ ਸ਼ਿਕਾਗੋ ਦੀਆਂ ਸੰਗਤਾਂ ਤੋਂ ਇਲਾਵਾ ਮੁਹਿੰਦਰ ਸਿੰਘ ਕਲਸੀ ਨਿਊ ਯਾਰਕ, ਜਸਬੀਰ ਸਿੰਘ ਰਾਏਪੁਰੀ ਕਰਾਊਨ ਪੁਆਇੰਟ (ਇੰਡੀਆਨਾ), ਕਿਰਪਾਲ ਸਿੰਘ ਨਿੱਜਰ ਅਮੈਰਿਕਨ ਸਿੱਖ ਕੌਂਸਲ, ਕਲਿਆਣ ਸਿੰਘ, ਸੁਰਜੀਤ ਸਿੰਘ, ਦਿਲਬਾਗ ਸਿੰਘ ਗੁਰਦੁਆਰਾ ਮਾਤਾ ਤ੍ਰਿਪਤਾ ਜੀ, ਪਲਿਮਥ (ਮਿਸ਼ੀਗਨ), ਗੁਰਦਿਆਲ ਸਿੰਘ, ਬਲਦੇਵ ਸਿੰਘ, ਅੰਗਰੇਜ ਸਿੰਘ (ਸੇਂਟ ਲੁਇਸ), ਚਰਨਜੀਤ ਸਿੰਘ, ਗੁਰਲਾਭ ਸਿੰਘ (ਗੁਰਦੁਆਰਾ ਸਿਲਵਿਸ), ਹਰਜਿੰਦਰ ਸਿੰਘ, ਬਲਵਿੰਦਰ ਸਿੰਘ ਸ਼ੀਰਾ (ਗੁਰਦੁਆਰਾ ਸਿੱਖ ਸੁਸਾਇਟੀ, ਮੈਡੀਸਨ), ਕਰਮਜੀਤ ਸਿੰਘ (ਪਿਟਸਬਰਗ), ਪ੍ਰੀਤਮੋਹਨ


ਜਸਬੀਰ ਕੌਰ ਕਲੀਵਲੈਂਡ

ਸਿੰਘ (ਇੰਡੀਆਨਾ), ਮਨਜੀਤ ਸਿੰਘ ਪੁਰੇਵਾਲ (ਗੁਰੂ ਨਾਨਕ ਦਰਬਾਰ) ਤੇ ਬੀਬੀ ਸਰਵਰਿੰਦਰ ਕੌਰ (ਸਪੁਤਰੀ ਬਾਪੂ ਸੂਰਤ ਸਿੰਘ ਖਾਲਸਾ) ਆਦਿ ਸ਼ਖਸੀਅਤਾਂ ਸ਼ਾਮਿਲ ਸਨ।

ਸਮਾਗਮ ਨੂੰ ਕਾਮਯਾਬ ਕਰਨ ਲਈ ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਮਹਾਂਬੀਰ ਸਿੰਘ ਬਰਾੜ, ਪ੍ਰਦੀਪ ਸਿੰਘ ਗਿੱਲ, ਬੀਬੀ ਜਸਬੀਰ ਕੌਰ ਮਾਨ, ਹਰਜੀਤ ਸਿੰਘ ਗਿੱਲ, ਤੇਜਿੰਦਰ ਸਿੰਘ, ਗੁਰਮੀਤ ਸਿੰਘ ਬੈਂਸ, ਗਿਆਨ ਸਿੰਘ ਸੀਹਰਾ, ਬੀਬੀ ਸੁਰਿੰਦਰ ਕੌਰ


ਇਰਵਿਨਪ੍ਰੀਤ ਸਿੰਘ

ਸੈਣੀ, ਬੀਬੀ ਜਸਬੀਰ ਕੌਰ ਸਲੂਜਾ ਤੇ ਸੀ. ਆਈ. ਸੀ. ਮੈਂਬਰ ਬਲਵੰਤ ਸਿੰਘ ਹੰਸਰਾ, ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਪ੍ਰਿੰਸੀਪਲ ਅਮਰਦੇਵ ਸਿੰਘ ਬੰਦੇਸ਼ਾ, ਪ੍ਰੋ. ਕੁਲਵੰਤ ਸਿੰਘ ਹੁੰਦਲ, ਹਰਕੀਰਤ ਸਿੰਘ, ਸੁਖਮੇਲ ਸਿੰਘ ਅਟਵਾਲ, ਸਰਵਣ ਸਿੰਘ ਰਾਜੂ, ਸੁਰਿੰਦਰਪਾਲ ਸਿੰਘ ਕਾਲੜਾ, ਠਾਕਰ ਸਿੰਘ ਬਸਾਤੀ ਅਤੇ ਇਰਵਿਨਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਕਾਰਜਸ਼ੀਲ ਰਹੇ।

ਕਾਨਫਰੰਸ ਤੋਂ ਇਕ ਦਿਨ ਪਹਿਲਾਂ ਇਕ ਸਵਾਗਤੀ ਰਾਤਰੀ ਭੋਜਨ ਕੀਤਾ ਗਿਆ ਜਿਸ ਵਿਚ ਮੁੱਖ ਬੁਲਾਰਿਆਂ ਤੇ ਅਮਰੀਕਾ, ਕੈਨੇਡਾ, ਇੰਡੀਆ ਅਤੇ ਆਸਟਰੇਲੀਆ ਤੋਂ ਆਏ ਮਹਿਮਾਨਾਂ ਦਾ ਮਾਣ-ਸਤਿਕਾਰ ਕੀਤਾ ਗਿਆ। ਅਗਲੇ ਦੋ ਦਿਨਾਂ ਦੇ ਸਮਾਗਮ ਦੇ ਬੁਲਾਰਿਆਂ ਅਤੇ ਉਨ੍ਹਾਂ ਵਲੋਂ ਵਿਚਾਰੇ ਜਾਣ ਵਾਲੇ ਮੁੱਦਿਆਂ ਉਤੇ ਸੰਖੇਪ ਚਰਚਾ ਹੋਈ। ਇਸ ਡਿਨਰ ਦਾ ਪ੍ਰਬੰਧ ਅਮਰਦੇਵ ਸਿੰਘ ਬੰਦੇਸ਼ਾ ਨੇ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਵ੍ਹੀਟਨ ਦੇ ਹੈਡ ਗੰਥੀ ਭਾਈ ਮਹਿੰਦਰ ਸਿੰਘ, ਬੀਬੀ ਗੁਰਪ੍ਰੀਤ ਕੌਰ, ਪਰਮਿੰਦਰ ਸਿੰਘ ਮਾਨ, ਅਮਰਦੇਵ ਸਿੰਘ ਬੰਦੇਸ਼ਾ, ਪ੍ਰਦੀਪ ਸਿੰਘ ਗਿੱਲ, ਸਰਵਣ ਸਿੰਘ ਰਾਜੂ, ਪ੍ਰੋ. ਕੁਲਵੰਤ ਸਿੰਘ ਹੁੰਦਲ ਤੇ ਇਰਵਿਨਪ੍ਰੀਤ ਸਿੰਘ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਸਾਡੀ ਪਛਾਣ, ਸਰੂਪ, ਧਰਮ ਗ੍ਰੰਥ, ਨਿਸ਼ਾਨ ਸਾਹਿਬ ਸਭ ਅੱਲਗ ਹਨ ਤਾਂ ਆਪਣਾ ਕੈਲੰਡਰ ਵੀ ਹੋਣਾ ਚਾਹੀਦਾ ਹੈ। ਸਾਨੂੰ ਨਾਨਕਸ਼ਾਹੀ ਕੈਲੰਡਰ ਲਾਗੂ ਕਰਵਾਉਣ ਲਈ ਅਮਰੀਕਾ ਦੀ ਮੁੱਖ ਧਾਰਾ ਦੇ ਸਿਆਸਤਦਾਨਾਂ ਤੱਕ ਵੀ ਪਹੁੰਚ ਕਰਨੀ ਚਾਹੀਦੀ ਹੈ।



# ਸ਼ਬਦਾਂ ਦੇ ਹੌਲੇਪਣ ਤੇ ਕਿਤਾਬਾਂ ਦੇ ਭਾਰ ਬਾਰੇ ਅਲਮਾਰੀਆਂ ਦੀ ਸ਼ਿਕਾਇਤ

**ਫਰਿਜ਼ਨੋ (ਅਵਤਾਰ ਗੋਂਦਾਰਾ):** ਆਮ ਤੌਰ 'ਤੇ ਇੰਡੀਆ ਵਿਚ ਸਕੂਲੀ ਬੱਚਿਆਂ ਦੇ ਭਾਰੇ ਬਸਤਿਆਂ ਦੀ ਸ਼ਿਕਇਤ ਤਾਂ ਅਕਸਰ ਸੁਣਨ ਨੂੰ ਮਿਲਦੀ ਹੈ ਪਰ ਅਲਮਾਰੀਆਂ ਵੀ ਕਿਤਾਬਾਂ ਦੇ ਭਾਰ ਦੀ ਸ਼ਿਕਾਇਤ ਕਰਨ, ਇਹ ਸੁਣਨ ਵਾਲੇ ਨੂੰ ਅਟਪਟਾ ਲੱਗ ਸਕਦਾ ਹੈ।

ਗੱਲ ਕਿਤਾਬਾਂ, ਸਾਹਿਤ ਤੇ ਪੰਜਾਬੀਆਂ ਦੀ ਆਪਣੀ ਬੋਲੀ ਪ੍ਰਤੀ ਬੇਮੁੱਖਤਾ ਦੀ ਹੋ ਰਹੀ ਸੀ। ਥਾਂ ਸੀ, ਕਵੀ ਅਤੇ ਚਿੰਤਕ ਡਾ. ਗੁਰੂਮੇਲ ਸਿੱਧੂ ਦਾ ਰੈਣ ਬਸੇਰਾ, ਜਿੱਥੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਫਰਿਜ਼ਨੋ ਚੈਪਟਰ ਦੇ ਸੱਦੇ 'ਤੇ ਦੋ ਸਾਹਿਤਕਾਰ ਅਰਤਿੰਦਰ ਸੰਧੂ ਅਤੇ ਪ੍ਰੋ. ਸੁਹਿੰਦਰਬੀਰ ਸਿੰਘ ਵਿਸੇਸ਼ ਤੌਰ 'ਤੇ ਪਹੁੰਚੇ ਹੋਏ ਸਨ।



ਚਰਚਾ ਦਾ ਮੁੱਦਾ ਸੀ, ਬੰਗਾਲੀਆਂ, ਮਹਾਰਾਸ਼ਟਰੀਆਂ ਤੇ ਤਾਮਿਲਾਂ ਵਾਂਗ ਪੰਜਾਬੀ ਆਪਣੀ ਬੋਲੀ 'ਤੇ ਮਾਣ ਕਿਉਂ ਨਹੀਂ ਕਰਦੇ? ਇਹ ਭਾਈਚਾਰੇ ਰੁਜ਼ਗਾਰ ਲਈ ਜੇ ਅੰਗਰੇਜ਼ੀ ਨੂੰ ਗਲ ਲਾਉਂਦੇ ਹਨ, ਉਥੇ ਉਹ ਆਪਣੀ ਮਾਂ-ਬੋਲੀ ਨੂੰ ਵੀ ਸਿਰ 'ਤੇ ਚੁੱਕਦੇ ਹਨ। ਕਵਿੱਤਰੀ ਸੰਧੂ ਦਾ ਕਹਿਣਾ ਸੀ ਕਿ ਇਸ ਵਿਚ ਮਾਪਿਆਂ ਅਤੇ ਆਮ ਲੋਕਾਂ ਦੀ ਇੱਛਾ ਸ਼ਕਤੀ ਦਾ ਕਸੂਰ ਹੈ ਅਤੇ ਪੰਜਾਬੀ ਵਿਸ਼ੇ ਨਾਲ ਜੁੜੇ ਅਧਿਆਪਕਾਂ ਵਿਚ ਪ੍ਰਤੀਬੱਧਤਾ ਦੀ ਘਾਟ ਵੀ ਇਸ ਦਾ ਕਾਰਣ ਹੈ। ਪ੍ਰੋ. ਸੁਹਿੰਦਰਬੀਰ ਦਾ ਮੱਤ ਸੀ ਕਿ ਕਿਸੇ ਵੀ ਬੋਲੀ ਦਾ ਵਿਕਾਸ ਤੇ ਉਸ ਦੀ ਵੁੱਕਤ ਉਸ ਨਾਲ ਜੁੜੇ ਰੁਜ਼ਗਾਰ ਨਾਲ ਹੁੰਦੀ ਹੈ, ਅੱਜ ਰੁਜ਼ਗਾਰ ਅੰਗਰੇਜ਼ੀ ਨਾਲ ਜੁੜਿਆ ਹੋਇਆ ਹੈ ਅਤੇ ਹਰ ਮਾਂ-ਪਿਉ ਆਪਣੇ ਬੱਚੇ ਨੂੰ ਅੰਗਰੇਜ਼ੀ ਮਾਧਿਅਮ ਵਾਲੇ ਸਕੂਲ ਵਿਚ ਭੇਜਣ ਲਈ ਕਾਹਲਾ ਹੈ।

ਅਕਾਦਮੀ ਦਾ ਸਕੱਤਰ ਤੇ ਕਵੀ ਹਰਜਿੰਦਰ ਕੰਗ ਇਸ ਧਾਰਣਾ ਨਾਲ ਸਹਿਮਤ ਨਹੀਂ ਹੁੰਦਾ। ਉਸ ਦਾ ਕਹਿਣਾ ਸੀ ਕਿ ਭਾਸ਼ਾ ਤੇ ਬੋਲੀ ਨੂੰ ਸਿਰਫ ਕਮਾਈ ਦਾ ਸਾਧਨ ਨਹੀਂ ਸਮਝਣਾ ਚਾਹੀਦਾ, ਇਹ ਇੱਕ ਰੂਹਾਨੀ ਚੀਜ਼ ਹੈ। ਰੁਜ਼ਗਾਰ ਲਈ ਤੁਸੀਂ ਇੱਕ ਨਹੀਂ ਕਈ ਜੁਬਾਨਾਂ ਸਿੱਖ ਸਕਦੇ ਹੋ ਪਰ ਇਸ ਦਾ ਭਾਵ ਮਾਂ-ਬੋਲੀ ਪ੍ਰਤੀ ਬੇਮੁਖਤਾ ਨਹੀਂ ਹੋਣੀ ਚਾਹੀਦੀ।

ਹਰਜਿੰਦਰ ਕੰਗ ਦਾ ਪੱਖ ਪੂਰਦਿਆਂ ਕਵੀ ਸੰਤੋਖ ਮਿਨਹਾਸ ਨੇ ਕਿਹਾ ਕਿ ਦਾਗਿਸਤਾਨ ਦੀ ਆਵਾਰ ਬੋਲੀ 'ਚ ਲਿਖੀ ਕਿਤਾਬ 'ਮੇਰਾ ਦਾਗਿਸਤਾਨ' ਨੇ ਆਲਮੀ ਸ਼ੋਹਰਤ ਹਾਸਿਲ ਕੀਤੀ ਜੋ ਲੇਖਕ ਦੇ ਆਪਣੀ ਮਾਂ ਬੋਲੀ ਪ੍ਰਤੀ ਪਿਆਰ ਦਾ ਸਤਿਕਾਰ ਹੈ।

ਪੰਜਾਬੀਆਂ ਦੀ ਆਪਣੀ ਬੋਲੀ ਬਾਰੇ ਬੇਰੁੱਖੀ ਦਾ ਸਮੇਂ ਸਮੇਂ ਕਵੀਆਂ ਨੇ ਆਪਣੀ ਕਵਿਤਾ ਵਿਚ ਹੇਰਵੇ ਨਾਲ ਜ਼ਿਕਰ ਕੀਤਾ ਹੈ। ਚੰਗਾ ਤੇ ਆਲਮੀ ਵੁੱਕਤ ਵਾਲਾ ਸਾਹਿਤ ਨਾ ਰਚਿਆ ਜਾਣਾ ਸ਼ਾਇਦ ਇਸੇ ਬੇਰੁਖੀ ਕਰਕੇ ਹੈ। ਡਾ. ਗੁਰੂਮੇਲ ਸਿੱਧੂ ਦਾ ਕਹਿਣਾ ਸੀ ਕਿ ਇਸੇ ਲਈ ਬਹੁਤੇ ਪੰਜਾਬੀ ਲੇਖਕਾਂ ਨੇ ਪੰਜਾਬੀ ਵਿਚ ਲਿਖਣ ਦੀ ਥਾਂ ਉਰਦੂ ਅਤੇ ਅੰਗਰੇਜ਼ੀ ਵਿਚ ਲਿਖਣ ਨੂੰ ਪਹਿਲ ਦਿੱਤੀ। ਪੰਜਾਬੀਆਂ ਕੋਲ ਗੁਰੂਆਂ ਅਤੇ ਭਗਤਾਂ ਦੀ ਬਾਣੀ ਤੋਂ ਇਲਾਵਾ ਮਾਣ ਕਰਨ ਲਈ ਹੋਰ ਬਹੁਤਾ ਸਾਹਿਤ ਨਹੀਂ ਹੈ। ਪੰਜਾਬੀ ਬੋਲੀ ਅਤੇ

ਪੰਜਾਬੀਆਂ ਦੀ ਇਸੇ ਤਰਾਸਦੀ ਨੂੰ ਅਲਮਾਰੀਆਂ ਵਰਗੀਆਂ ਨਿਰਜੀਵ ਚੀਜਾਂ ਵੀ ਮਹਿਸੂਸ ਕਰਦੀਆਂ ਹਨ। ਕੰਗ ਦੇ ਸ਼ਬਦਾਂ ਵਿਚ:

ਸ਼ਬਦ ਹਲਕੇ ਨੇ, ਕਿਤਾਬਾਂ ਭਾਰੀਆਂ।
ਸੀ ਸ਼ਿਕਾਇਤਾਂ ਕਰਦੀਆਂ ਅਲਮਾਰੀਆਂ।

ਕਵਿੱਤਰੀ ਅਰਤਿੰਦਰ ਸੰਧੂ ਨੇ ਕਿਹਾ ਕਿ ਅਲਮਾਰੀਆਂ ਦਾ ਉਲਾਂਭਾ ਲਾਹੁਣ ਲਈ ਉਹ ਮੌਲਿਕ ਰਚਨਾਵਾਂ ਨਾਲ ਭਰਪੂਰ ਰਸਾਲਾ 'ਏਕਮ' ਕਈ ਵਰ੍ਹਿਆਂ ਤੋਂ ਲਗਾਤਾਰ ਕੱਢ ਰਹੀ ਹੈ। ਇਸ ਮੌਕੇ ਉਸ ਦੀਆਂ ਕਵਿਤਾਵਾਂ ਦੀ ਬਾਰਵੀਂ ਕਿਤਾਬ 'ਕਦੇ ਤਾਂ ਆ ਮਿਲ ਜ਼ਿੰਦਗੀ' ਵੀ ਜਾਰੀ ਕੀਤੀ ਗਈ।

ਅਕਾਦਮੀ ਦੇ ਸਕੱਤਰ ਹਰਜਿੰਦਰ ਕੰਗ ਦਾ ਕਹਿਣਾ ਸੀ ਕਿ ਸੰਸਥਾ ਵੱਲੋਂ ਬੋਲੀ ਅਤੇ ਸੱਭਿਆਚਾਰ ਨਾਲ ਸਬੰਧਿਤ ਵਿਸ਼ਿਆਂ ਨੂੰ ਲੈ ਕੇ ਇਸ ਕਿਸਮ ਦੀ ਚਰਚਾ ਲਈ ਬਾਕਾਇਦਗੀ ਨਾਲ ਸਮਾਗਮ ਕਰਵਾਏ ਜਾਣਗੇ, ਜਿਨ੍ਹਾਂ ਵਿਚ ਉਨ੍ਹਾਂ ਮਨੋਗ੍ਰੰਥੀਆਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ, ਜੋ ਬੋਲੀ ਬਾਰੇ ਪੰਜਾਬੀ ਭਾਈਚਾਰੇ ਵਿਚ ਪਾਈਆਂ ਜਾਂਦੀਆਂ ਹਨ।

ਚਰਚਾ ਦਾ ਸਿਖਰ ਕਵਿਤਾ ਪਾਠ ਨਾਲ ਹੋਇਆ ਜਿਸ ਵਿਚ ਅਰਤਿੰਦਰ ਸੰਧੂ, ਸੁਹਿੰਦਰਬੀਰ, ਡਾ ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਸੰਤੋਖ ਮਿਨਹਾਸ, ਕਰਮ ਸਿੰਘ ਮਾਨ ਅਤੇ ਸੁੱਖੀ ਧਾਲੀਵਾਲ ਨੇ ਆਪੋ ਆਪਣਾ ਤਾਜਾ ਕਲਾਮ ਪੇਸ਼ ਕੀਤਾ।

# ਜਥੇਦਾਰ ਤਰਸੇਮ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਜੰਡੀ ਦਾ ਸਨਮਾਨ

**ਟਰੇਸੀ, ਕੈਲੀਫੋਰਨੀਆ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਯੂਥ ਵਿੰਗ ਅਮਰੀਕਾ ਦੇ ਸਾਬਕਾ ਪ੍ਰਧਾਨ ਰਵਿੰਦਰ ਸਿੰਘ ਰਿੰਪੀ ਧਾਲੀਵਾਲ ਵੱਲੋਂ ਕੌਮ ਦੀ ਚੜ੍ਹਦੀ ਕਲਾ ਲਈ ਧੁਰ ਕੀ ਬਾਣੀ ਦੇ ਅਖੰਡ ਪਾਠ ਸਾਹਿਬ ਤੇ ਗੁਰਬਾਣੀ ਕੀਰਤਨ ਦੇ ਵਿਸ਼ੇਸ਼ ਦੀਵਾਨਾਂ ਦੀ ਸੇਵਾ ਲਈ ਗਈ ਸੀ। ਇਸ ਪ੍ਰੋਗਰਾਮ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਪਹੁੰਚੀਆਂ। ਪ੍ਰਸਿੱਧ ਕੀਰਤਨੀਏ ਅਨੂਪ ਸਿੰਘ ਊਨਾ ਵਾਲਿਆਂ ਨੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।



ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਉਘੇ ਬਜ਼ੁਰਗ ਪੰਥਕ ਆਗੂ ਬਾਬਾ ਧਰਮ ਸਿੰਘ ਤੇ ਸਟੇਜ ਸਕੱਤਰ ਭਾਈ ਦੀਪ ਸਿੰਘ ਨੇ ਕੈਲੀਫੋਰਨੀਆ ਦੇ ਉਘੇ ਸਿੱਖ ਆਗੂ ਭਾਈ ਜਸਵਿੰਦਰ ਸਿੰਘ ਜੰਡੀ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕੈਲੀਫੋਰਨੀਆ ਦੇ ਪ੍ਰਧਾਨ ਜਥੇਦਾਰ ਤਰਸੇਮ ਸਿੰਘ ਖਾਲਸਾ ਨੂੰ ਉਨ੍ਹਾਂ ਦੀਆਂ ਪੰਥ ਪ੍ਰਤੀ ਸੇਵਾਵਾਂ ਬਦਲੇ ਗੁਰੂ ਘਰ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਕਰਕੇ ਸਨਮਾਨ ਕੀਤਾ।




## ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

### ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

www.Transportationfunding.com

**Transportation Funding Group, Inc.**

Minneapolis , MN 55426

## Gill Financial & Insurance Services

31080 Union City Blvd# 201, Union City, CA 94587

## Insurance

*Auto *Home *Business *Life
*Health Insurance

*ਆਟੋ *ਹੋਮ *ਬਿਜਨਸ *ਲਾਈਫ *ਹੈਲਥ ਇੰਸ਼ੋਰੈਂਸ

**Save up to 25%**

Get all the discounts.

***Specialize in:***

*Retirement Planning (401K-IRA-SEPIRA)
*Education Funding
*Tax Planning
*Estate Planning
*Investment Planning
*Business Continuation
*Mortgage Protection
*Family Life Insurance



Manjit Gill
CA Ins Lic#0B23990

24 years experience

**Call Manjit Gill, Ph: 510-888-1180**

*www.Gillfinancial.com*

# ਆਦਮੀ ਦੀ ਭਾਸ਼ਾ 'ਚ ਜ਼ਿੰਦਾ ਕਵਿਤਾ



ਅਲਵਿਦਾ ਕੁੰਵਰ ਨਾਰਾਇਣ


ਕਲਾ ਪਰਿਕਰਮਾ

ਜਗਤਵੀਰ ਸਿੰਘ

ਹਿੰਦੀ ਕਵੀ ਕੁੰਵਰ ਨਾਰਾਇਣ 90 ਵਰ੍ਹਿਆਂ ਦੀ ਉਮਰ ਵਿਚ 15 ਨਵੰਬਰ 2017 ਨੂੰ ਇਸ ਸੰਸਾਰ ਤੋਂ ਰੁਖਸਤ ਹੋ ਗਏ। ਉਹ ਕਈ ਮਹੀਨਿਆਂ ਤੋਂ ਕੋਮਾ ਵਿਚ ਸਨ। ਤਿੰਨ ਸਾਲ ਪਹਿਲਾਂ ਕਾਲੇ ਮੋਤੀਏ ਕਾਰਨ ਉਨ੍ਹਾਂ ਦੀ ਅੱਖਾਂ ਦੀ ਰੋਸ਼ਨੀ ਵੀ ਜਾਂਦੀ ਰਹੀ ਸੀ। ਸ਼ਾਇਰ ਪੰਕਜ ਚਤਰਵੇਦੀ ਨੇ ਉਨ੍ਹਾਂ ਦੀਆਂ ਆਖ਼ਰੀ ਘੜੀਆਂ ਬਾਰੇ ਬਹੁਤ ਮਾਰਮਿਕ ਬਿਆਨ ਕੀਤਾ ਸੀ: "ਮੈਂ ਦੇਖਿਆ ਕਿ ਉਹ ਹਨ੍ਹੇਰੇ ਵਿਚ ਕਿਸੇ ਪੰਛੀ ਵਾਂਗ ਛਟਪਟਾ ਰਹੇ ਸਨ।"

ਕੁੰਵਰ ਨਾਰਾਇਣ ਨੇ ਉਦੋਂ ਲਿਖਣਾ ਸ਼ੁਰੂ ਕੀਤਾ, ਜਦੋਂ ਹਿੰਦੀ ਕਵਿਤਾ ਦਾ ਆਧੁਨਿਕ ਅਤੇ ਸਮਕਾਲੀ ਸਰੂਪ ਬਣ-ਵਿਗਸ ਰਿਹਾ ਸੀ। 'ਕੋਈ ਦੂਸਰਾ ਨਹੀਂ' ਕਿਤਾਬ ਨੇ ਉਨ੍ਹਾਂ ਨੂੰ ਮਸ਼ਹੂਰ ਬਣਾਇਆ। ਉਨ੍ਹਾਂ ਦਾ ਪਹਿਲਾ ਕਾਵਿ-ਸੰਗ੍ਰਹਿ 'ਚੱਕਰਵਿਊ' 1956 ਵਿਚ ਛਪਿਆ ਸੀ ਅਤੇ 'ਕੋਈ ਦੂਸਰਾ ਨਹੀਂ' ਦੂਜਾ ਸੰਗ੍ਰਹਿ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ 'ਇਨ ਦਿਨੋਂ' ਅਤੇ 'ਆਤਮਜਈ' ਕਾਵਿ-ਸੰਗ੍ਰਹਿ ਵੀ ਲਿਖੇ।

ਉਨ੍ਹਾਂ ਦਾ ਜਨਮ ਅਯੁੱਧਿਆ ਦੀ ਵੱਖੀ ਵਿਚ ਵਸਦੇ ਕਸਬੇ ਫੈਜ਼ਾਬਾਦ (ਉਤਰ ਪ੍ਰਦੇਸ਼) ਵਿਚ 19 ਸਤੰਬਰ 1927 ਨੂੰ ਹੋਇਆ। ਬਹੁਤਾ ਸਮਾਂ ਉਹ ਲਖਨਊ ਵਿਚ ਰਹੇ ਅਤੇ ਉਨ੍ਹਾਂ ਦਾ ਘਰ ਸਾਹਿਤਕ ਸਮਗਰਮੀਆਂ ਦਾ ਗੜ੍ਹ ਹੁੰਦਾ ਸੀ। ਕਵਿਤਾਵਾਂ ਤੋਂ ਬਿਨਾਂ ਉਨ੍ਹਾਂ ਕਹਾਣੀਆਂ ਵੀ ਲਿਖੀਆਂ ਅਤੇ ਸਿਨੇਮਾ ਬਾਰੇ ਚਰਚਿਤ ਪੁਸਤਕ 'ਲੇਖਕ ਕਾ ਸਿਨੇਮਾ' ਲਿਖੀ। ਉਨ੍ਹਾਂ ਨੂੰ ਸਾਹਿਤ ਅਕਾਦਮੀ ਪੁਰਸਕਾਰ, ਗਿਆਨ ਪੀਠ ਪੁਰਸਕਾਰ ਅਤੇ ਪਦਮਭੂਸ਼ਣ ਤੋਂ ਇਲਾਵਾ ਹੋਰ ਕਈ ਪੁਰਸਕਾਰ ਵੀ ਹਾਸਲ ਹੋਏ।





ਕੁੰਵਰ ਨਾਰਾਇਣ ਦੀਆਂ ਕਵਿਤਾਵਾਂ ਦਰਅਸਲ ਆਪਣੇ ਸਮੇਂ ਨਾਲ ਸੰਵਾਦ ਰਚਾਉਂਦੀਆਂ ਹਨ। ਇਨ੍ਹਾਂ ਵਿਚ ਬੰਦੇ ਦੀ ਹੋਂਦ ਦੀ ਗੜ੍ਹਕ ਸੁਣਦੀ ਹੈ। ਉਨ੍ਹਾਂ ਚਰਚਿਤ ਮਹਾਂ ਕਾਵਿ 'ਆਤਮਜਈ' (1965) ਵਿਚ ਵਾਜਸ਼੍ਰਵਾ ਅਤੇ ਨਚੀਕੇਤਾ ਰਾਹੀਂ ਦੋ ਅਜਿਹੇ ਪਾਤਰ ਉਭਾਰੇ ਜੋ ਤਣਾਅ ਵਿਚ ਫਸੇ ਮਨੁੱਖ ਦਾ ਦੂਸਰਾ ਰੂਪ ਹੀ ਜਾਪਦੇ ਹਨ। ਇਨ੍ਹਾਂ ਵਿਚ ਤਰਕ, ਨਿਰਾਸ਼ਾ, ਲੋਭ, ਇੱਛਾ, ਕਾਮਨਾ ਆਦਿ ਵਾਰ ਵਾਰ ਸਿਰ ਚੁੱਕਦੇ ਅਤੇ ਬੰਦੇ ਦੇ ਸੁਖ-ਚੈਨ ਨੂੰ ਟੁੱਕਦੇ ਹਨ। ਇਸ ਕਿਤਾਬ ਦੀ ਭੂਮਿਕਾ ਵਿਚ ਸ਼ਾਇਰ ਕੁੰਵਰ ਨਾਰਾਇਣ ਨੇ ਲਿਖਿਆ ਹੈ: "ਆਤਮਜਈ ਵਿਚ ਉਠਾਈ ਗਈ ਸਮੱਸਿਆ ਮੁੱਖ ਰੂਪ ਵਿਚ ਵਿਚਾਰਵਾਨ ਬੰਦੇ ਦੀ ਸਮੱਸਿਆ ਹੈ। ਇਹ ਸਮੱਸਿਆ ਕੇਵਲ ਅਜਿਹੇ ਜੀਵ ਦੀ ਨਹੀਂ, ਜੋ ਰੋਜ਼ਾਨਾ ਲੋੜਾਂ-ਥੁੜ੍ਹਾਂ ਤੋਂ ਅੱਗੇ ਕੁਝ ਨਹੀਂ ਸੋਚਦਾ।" ਸ਼ਾਇਰ ਲਈ ਨਚੀਕੇਤਾ ਦੀ ਕਲਪਨਾ ਅਜਿਹੇ ਬੰਦੇ ਦੀ ਕਲਪਨਾ ਹੈ ਜਿਸ ਲਈ, "ਕੇਵਲ ਸੁਖੀ ਜੀਣਾ ਹੀ ਕਾਫੀ ਨਹੀਂ ਹੈ, ਸਾਰਥਕ ਜੀਣਾ ਵਧੇਰੇ ਜ਼ਰੂਰੀ ਹੈ।" ਨਚੀਕੇਤਾ ਵਿਦਰੋਹ ਦੀ ਮਸ਼ਾਲ ਹੈ ਅਤੇ ਇਸ ਵਿਚ ਸ਼ਾਇਰ ਨੇ ਆਪਣੇ ਸ਼ਬਦਾਂ ਦੀ ਆਹੂਤੀ ਪਾਈ ਹੈ।

ਕੁੰਵਰ ਨਾਰਾਇਣ ਦੀ ਕਵਿਤਾ ਪ੍ਰਤੀ ਪਹੁੰਚ ਅਤੇ ਰੁਖ ਐਨ ਵੱਖਰਾ ਸੀ। ਉਨ੍ਹਾਂ ਦੀ ਕਵਿਤਾ ਬਹੁਤ ਸਹਿਜ ਅਤੇ ਸਰਲ ਹੈ। ਉਨ੍ਹਾਂ ਦਾ ਕਵੀ ਮਨ ਜ਼ਿੰਦਗੀ ਤੋਂ ਭੱਜਦਾ ਨਹੀਂ, ਸਗੋਂ ਜ਼ਿੰਦਗੀ ਨਾਲ ਜੁੜਨਾ ਚਾਹੁੰਦਾ ਹੈ। ਉਹ ਆਪਣੀ ਗੱਲ ਬਹੁਤ ਠੋਕ-ਵਜਾ ਕੇ ਆਖਦੇ ਹਨ। ਉਹ ਖੁਦ ਮੋਟਰ ਪਾਰਟਸ ਦਾ ਕਾਰੋਬਾਰ ਕਰਦੇ ਸਨ। ਇਕ ਵਾਰ ਕਵਿਤਾ ਅਤੇ ਕਾਰੋਬਾਰ ਦੇ ਰਿਸ਼ਤੇ ਬਾਰੇ ਪੁੱਛਣ 'ਤੇ ਉਨ੍ਹਾਂ ਦਾ ਉਤਰ ਸੀ: "ਕਿਤੇ ਕਵਿਤਾ ਨੂੰ ਵੀ ਕਾਰੋਬਾਰ ਨਾ ਬਣਾ ਲਵਾਂ, ਇਸੇ ਲਈ ਮੋਟਰ ਪਾਰਟਸ ਦਾ ਕਾਰੋਬਾਰ ਕਰਦਾ ਹਾਂ।" ਉਨ੍ਹਾਂ ਵੱਲੋਂ ਬਾਬਰੀ ਮਸਜਿਦ ਢਾਹੁਣ ਮੌਕੇ ਲਿਖੀ ਕਵਿਤਾ 'ਅਯੁੱਧਿਆ 1992' ਦਾ ਜ਼ਰਾ ਰੰਗ ਦੇਖੋ:

ਹੇ ਰਾਮ,
ਜੀਵਨ ਕੌੜੀ ਹਕੀਕਤ ਹੈ
ਤੇ ਤੁਸੀਂ ਮਹਾਂ ਕਾਵਿ

ਇਸ ਤੋਂ ਵੱਧ
ਹੁਣ ਹੋਰ ਕੀ ਹੋ ਸਕਦਾ ਹੈ
ਸਾਡਾ ਦੁਰਭਾਗ
ਇਕ ਵਿਵਾਦ ਵਾਲੀ ਥਾਂ ਵਿਚ
ਸਿਮਟ ਕੇ ਰਹਿ ਗਿਆ ਹੈ
ਤੁਹਾਡਾ ਸਾਮਰਾਜ

ਅਯੁੱਧਿਆ ਇਸ ਵਕਤ
ਤੁਹਾਡੀ ਅਯੁੱਧਿਆ ਨਹੀਂ
ਯੋਧਿਆਂ ਦੀ ਲੰਕਾ ਹੈ
'ਮਾਨਸ' ਤੁਹਾਡਾ 'ਚਰਿਤ' ਨਹੀਂ
ਚੋਣ ਦਾ ਡੰਕਾ ਹੈ।

'ਮੁਸ਼ਕਿਲ' ਵਰਗੀ ਕਵਿਤਾ ਸ਼ਾਇਦ ਕੁੰਵਰ ਨਾਰਾਇਣ ਵਰਗਾ ਸ਼ਾਇਰ ਹੀ ਲਿਖ ਸਕਦਾ ਸੀ:

ਅਜੀਬ ਜਿਹੀ ਮੁਸ਼ਕਿਲ 'ਚ
ਫਸਿਆ ਹਾਂ ਇਨ੍ਹੀਂ ਦਿਨੀਂ
ਮੇਰੀ ਨਫ਼ਰਤ ਕਰ ਸਕਣ ਦੀ ਤਾਕਤ
ਦਿਨ-ਬ-ਦਿਨ ਖੋਖਲੀ ਹੋ ਰਹੀ ਹੈ

ਮੁਸਲਮਾਨਾਂ ਨਾਲ ਨਫ਼ਰਤ ਕਰਨ ਲੱਗਾ
ਤਾਂ ਸਾਹਮਣੇ ਗਾਲਿਬ ਆਣ ਖੜ੍ਹਦਾ ਹੈ
ਹੁਣ ਤੁਸੀਂ ਹੀ ਦੱਸੋ
ਕਿਸੇ ਦੀ ਭਲਾ ਕੀ ਚੱਲਦੀ ਹੈ ਉਸ ਅੱਗੇ

ਅੰਗਰੇਜ਼ਾਂ ਨਾਲ ਨਫ਼ਰਤ ਕਰਨਾ ਚਾਹੁੰਨਾ
ਜਿਨ੍ਹਾਂ ਦੋ ਸਦੀਆਂ ਸਾਡੇ ਉਤੇ ਰਾਜ ਕੀਤਾ
ਤਾਂ ਸ਼ੇਕਸਪੀਅਰ ਰਾਹ 'ਚ ਆਣ ਖਲੋਵੇ
ਜਿਸ ਦੇ ਮੇਰੇ 'ਤੇ
ਨਾ ਜਾਣੇ ਕਿੰਨੇ ਅਹਿਸਾਨ

ਤੇ ਉਹ ਪ੍ਰੇਮਕਾ
ਜਿਸ ਤੋਂ ਖਾਧਾ ਪਹਿਲਾ ਧੋਖਾ...
ਮਿਲ ਜਾਵੇ ਤਾਂ ਖੂਨ ਕਰ ਦਿਆਂ
ਉਹ ਮਿਲਦੀ ਵੀ ਹੈ
ਪਰ ਕਦੀ ਦੋਸਤ, ਕਦੀ ਮਾਂ
ਤੇ ਕਦੀ ਭੈਣ ਵਾਂਗ
ਮੈਂ ਫਿਰ
ਪਿਆਰ ਦਾ ਘੁੱਟ ਭਰ ਕੇ ਰਹਿ ਜਾਨਾ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਦਸੰਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-301



*ਹੱਥ ਉਠਣ ਤਾਂ ਸੋਚਾਂ ਉਠਣ, ਉਠਣ ਲੋਕ ਅਨੰਤ।*
*ਉਠਣ ਰਾਗੀ, ਉਠਣ ਢਾਡੀ, ਉਠੇ ਜੀਆ-ਜੰਤ।*
*ਉਠੇ ਕਾਂਗ ਜੋ ਕੜ ਕੜ ਕਰਦੀ ਬਿਜਲੀ ਵਾਂਗ ਲਿਸ਼ਕੇ,*
*ਦਿਲ ਦੇ ਚਾਅ ਆਉਣ ਜ਼ੁਬਾਂ 'ਤੇ, ਖੌਫ ਹੋਵੇ ਉਡਿਅੰਤ।*

## ਕੈਪਸ਼ਨ ਮੁਕਾਬਲਾ-299



ਤੀਆਂ ਵੇਖਣ ਮੈਂ ਪੇਕੇ ਆਈ
ਪੀਂਘ ਝੂਟਦੀ ਪੱਤੇ ਤੋੜ ਲਿਆਈ।
ਦਿਲ ਅਸਮਾਨੀਂ ਮੇਰਾ ਉਡਦਾ ਜਾਵੇ
ਖਿੜ ਖਿੜ ਹੱਸੇ ਨਾਲੇ ਨੱਚੇ ਗਾਵੇ।
ਕਦੇ ਕਦਾਈਂ ਇੱਦਾਂ ਮਿਲਣ ਸਖੀਆਂ
ਗੱਲਾਂ ਕੀਤੀਆਂ, ਨਾ ਦਿਲ 'ਚ ਰੱਖੀਆਂ।
ਰੱਬਾ! ਇਹ ਮੇਲੇ ਲੱਗਦੇ ਰਹਿਣ
ਧੀਆਂ-ਭੈਣਾਂ 'ਕੱਠੀਆਂ ਹੋ ਕੇ ਬਹਿਣ।
***-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ***

---

ਬਾਅਦ ਵਿਆਹ ਤੋਂ ਪਹਿਲੀਆਂ ਤੀਆਂ
ਨਾਲ ਚਾਅਵਾਂ ਦੇ ਪੇਕੇ ਆਈ।
ਸਹੇਲੀਆਂ ਰਲ ਕੇ ਝੁਰਮਟ ਪਾਇਆ
ਮਸਾਲੇ ਲਾ ਲਾ ਕਥਾ ਸੁਣਾਈ।
ਵਾਰੀ ਪੀਂਘ ਦੀ ਆ ਗਈ ਮੇਰੀ
ਹਿੱਕ ਦੇ ਜੋਰ ਮੈਂ ਪੀਂਘ ਚੜ੍ਹਾਈ।
ਪਿੱਪਲ ਸਾਰਾ ਝੂਮਣ ਲੱਗਿਆ
ਸੱਸ ਦਾ ਚੂੰਡਾ ਤੋੜ ਲਿਆਈ।
ਮਨ ਦੀਆਂ ਹੋ ਗਈਆਂ ਅੱਜ ਸੱਭੇ
ਹੁਣ ਸਾਹ ਲੈਣ ਦੀ ਵਾਰੀ ਆਈ।
***-ਜਗਮੀਤ ਸਿੰਘ ਪੰਧੇਰ***

---

ਪੇਕੀਂ ਆ ਕੇ ਮਸਤੀਆਂ ਛਾਈਆਂ,
ਸਖੀਆਂ, ਨਣਦਾਂ ਤੇ ਭਰਜਾਈਆਂ,
ਰਲ-ਮਿਲ ਪਿੱਪਲੀ ਪੀਂਘਾਂ ਪਾਈਆਂ।
ਨਾਲ ਹੁਲਾਰੇ ਰੂਹ ਨਸ਼ਿਆਵੇ,
ਉਡ ਉਡ ਮਨ ਅੰਬਰੀਂ ਜਾਵੇ,
ਯਾਦ ਮਾਹੀ ਦੀ ਲੈ ਕਲਾਵੇ।
***-ਦਵਿੰਦਰ ਕੌਰ***

---

ਪੀਲੇ ਰੰਗ ਦਾ ਸੂਟ ਮੈਂ ਪਾ ਕੇ
ਅੜੀਓ ਪੀਂਘ 'ਤੇ ਚੜ੍ਹ ਗਈ।
ਦੇ ਝੂਟਾ ਮੈਨੂੰ ਸਖੀ ਮੇਰੀਏ
ਪੀਂਘ ਹੁਲਾਰਾ ਫੜ੍ਹ ਗਈ।
ਕਦੀ ਕਦੀ ਇਹ ਦਿਨ ਨੇ ਆਉਂਦੇ
ਖੁਸ਼ੀ ਸੰਭਾਲੀ ਜਾਵੇ ਨਾ।
ਸਾਉਣ ਮਹੀਨਾ, ਦਿਨ ਤੀਆਂ ਦੇ
ਫਿਰ ਇਹ ਛੇਤੀ ਮੁੜ ਕੇ ਆਵੇ ਨਾ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਨਾ ਉਹ ਪਿੱਪਲ, ਨਾ ਬੋਹੜ ਦਿਸਦੇ,
ਜਿੱਥੇ ਸੀ ਕੁੜੀਆਂ ਪੀਂਘਾਂ ਝੂਟਦੀਆਂ।
ਜਿਦੋ ਜਿਦੀ ਉਚੀ ਪੀਂਘ ਚੜ੍ਹਾ ਕੇ,
ਸੱਸਾਂ ਦੇ ਸੀ ਝਾਟੇ ਸੂਤਦੀਆਂ।
ਤੀਆਂ ਹੁਣ ਮੇਲਿਆਂ ਦੀ ਆਈਟਮ,
ਹੁਣ ਨਹੀਂ ਕੋਈ ਕੁੜੀ ਕਹਿੰਦੀ,
'ਨੀ ਆ ਜਾ ਭਾਬੋ ਝੂਟ ਲੈ,
ਪੀਂਘ ਹੁਲਾਰੇ ਲੈਂਦੀ।'
***-ਗੁਰਦੇਵ ਸਿੰਘ ਢਿਪਾਲੀ, ਬਠਿੰਡਾ***

---

ਸਾਉਣ ਮਹੀਨਾ ਜਦ ਆਉਂਦਾ
ਨਵ-ਵਿਆਹੀਆਂ ਨੂੰ ਚਾਅ ਚੜ੍ਹ ਜਾਂਦਾ।
ਪੇਕੀਂ ਜਾਣ ਦਾ ਚਾਅ ਉਨ੍ਹਾਂ ਤੋਂ
ਫਿਰ ਨਾ ਸੰਭਾਲਿਆ ਜਾਂਦਾ।
ਗਿੱਧਾ ਪੈਂਦਾ ਫਿਰ ਰੱਜ ਕੇ
ਪੀਂਘਾਂ ਝੂਟਦੀਆਂ ਜਾ ਪਿੰਡ ਪੇਕੇ।
ਉਚੀਆਂ ਉਚੀਆਂ ਚੜ੍ਹਾਉਣ ਪੀਂਘਾਂ
ਹਰ ਕੋਈ ਖੜ੍ਹ ਖੜ੍ਹ ਕੇ ਵੇਖੇ।
***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਅੱਧੀ ਸਦੀ 'ਚ ਹੀ ਅਲੋਪ ਹੋ ਗਏ
ਸਾਵਣ ਦੀ ਤੀਜ ਲੱਗਦੇ ਮੇਲੇ ਤੀਆਂ ਦੇ।
ਘਰ ਘਰ ਹੋ ਗਏ ਮਨੋਰੰਜਨ ਦੇ ਸਾਧਨ
ਵਲਵਲੇ ਵਿਚੇ ਹੀ ਰਹਿ ਜਾਂਦੇ ਧੀਆਂ ਦੇ।
ਰਿਸ਼ਤਿਆਂ ਦੀਆਂ ਹੁਣ ਤੰਦਾਂ ਉਧੜੀਆਂ
ਅੱਕ ਚੋਇਆ ਜਾਂਦਾ ਧੀਆਂ ਜੰਮਦੀਆਂ ਜੇ।
ਧੀਆਂ ਹਰ ਥਾਂ ਰੌਣਕ ਹੁੰਦੀਆਂ
ਬਾਬਲ ਨੂੰ ਸਮਝਾਓ ਕੋਈ,
ਸਹਾਰਾ ਬਣਨਾ ਧੀਆਂ ਨੇ।
***-ਅਮਰਜੀਤ ਸਿੰਘ ਤੂਰ***

---

ਪੀਂਘ ਪੂਰਾ ਹੁਲਾਰਾ ਲੈਂਦੀ
ਚੜ੍ਹਦੀ ਜਦ ਅੰਬਰਾਂ ਨੂੰ।
ਤਹਿ ਦਿਲੋਂ ਖੁਸ਼ੀ ਦਾ ਇਜ਼ਹਾਰ ਹੁੰਦਾ
ਮਨ ਖਿੜ੍ਹ ਜਾਂਦਾ ਮਨੋਰੰਜਨ ਨਾਲ।
ਇਹ ਹੈ ਸਭਿਆਚਾਰਕ ਵਿਰਸਾ
ਜੋ ਦਿਨੋ-ਦਿਨ ਅਲੋਪ ਹੁੰਦਾ ਜਾ ਰਿਹਾ।
ਮਸਤੀ, ਚੁਸਤੀ-ਫੁਰਤੀ, ਮੁਹੱਬਤ
ਸਰੀਰ ਹੈ ਤੰਦਰੁਸਤ ਬਣਦਾ
ਜਿਵੇਂ ਖਿੜਿਆ ਫੁੱਲ ਨਜ਼ਰ ਆਉਂਦਾ।
***-ਦਰਸ਼ਨਪਾਲ ਦੋਸਾਂਝ***

# ਜਿਥੇ 800 ਡਾਲਰ ਵਿਚ ਹੁੰਦੀ ਹੈ ਜ਼ਿੰਦਗੀ ਨਿਲਾਮ...

**ਤ੍ਰਪੋਲੀ (ਲਿਬੀਆ):** ਇਕ ਆਦਮੀ ਬੋਲੀ ਦੇ ਰਿਹਾ ਹੈ, "ਹਾਂ ਜੀ, ਅੱਠ ਸੌ, 900..., 1100..., 1200...", ਲਓ ਜੀ ਸੌਦਾ ਪੂਰਾ ਹੋਇਆ, 1200 ਲੀਬੀਅਨ ਦਿਨਾਰ ਵਿਚ, ਯਾਨਿ 800 ਡਾਲਰ ਵਿਚ। ਬੋਲੀ ਰਾਹੀਂ ਜੋ ਇਹ ਸੌਦਾ ਹੋ ਰਿਹਾ ਹੈ, ਉਹ ਕੋਈ ਆਲੂ-ਗੋਭੀ ਜਾਂ ਕਿਸੇ ਕਾਰ-ਕੋਠੀ ਦਾ ਨਹੀਂ, ਬਲਕਿ ਮਨੁੱਖਾਂ ਦਾ ਹੈ। ਜੀ ਹਾਂ, ਇਥੇ ਮਨੁੱਖਾਂ ਦੀ ਮੰਡੀ ਲੱਗਦੀ ਹੈ। ਨਿਊਜ਼ ਚੈਨਲ ਸੀ.ਐਨ.ਐਨ. ਵੱਲੋਂ ਇੱਕ ਵੀਡੀਓ ਲਿਬੀਆ ਸਰਕਾਰ ਨੂੰ ਸੌਂਪੀ ਗਈ ਹੈ ਤਾਂ ਜੋ ਕਾਰਵਾਈ ਕੀਤੀ ਜਾ ਸਕੇ। ਇਹ ਨਿਲਾਮੀ ਫੜ੍ਹੇ ਹੋਏ ਅਣਪਛਾਤੇ ਲੋਕਾਂ ਜਾਂ ਰਿਫੀਊਜੀਆਂ ਦੀ ਕੀਤੀ ਜਾਂਦੀ ਹੈ। ਇਹ ਉਹ ਲੋਕ ਹਨ ਜੋ ਲੀਬੀਆ ਰਾਹੀਂ ਯੂਰਪੀ ਦੇਸ਼ਾਂ ਵਿਚ ਦਾਖਲ ਹੋਣਾ ਚਾਹੁੰਦੇ ਹਨ। ਇਨ੍ਹਾਂ ਵਿਚ ਜ਼ਿਆਦਾਤਰ ਉਹ ਲੋਕ ਹੁੰਦੇ ਹਨ ਜੋ ਆਪਣਾ ਸਭ ਕੁਝ ਵੇਚ-ਵੱਟ ਕੇ ਯੂਰਪ ਜਾ ਕੇ ਨਵੀਂ ਜ਼ਿੰਦਗੀ ਸ਼ੁਰੂ ਕਰਨਾ ਲੋਚਦੇ ਹਨ।

ਤਸਕਰ ਇਨ੍ਹਾਂ ਨੂੰ ਕਿਸ਼ਤੀਆਂ ਵਿਚ ਸਵਾਰ ਕਰ ਕੇ ਲਿਆਉਂਦੇ ਤੇ ਲਿਜਾਂਦੇ ਹਨ ਅਤੇ ਉਥੋਂ ਦੀ ਜਲ ਸੈਨਾ ਇਨ੍ਹਾਂ ਲੋਕਾਂ ਨੂੰ ਮੁਸਾਫਰ ਸਮਝਦੀ ਹੈ, ਕਿਉਂਕਿ ਉਨ੍ਹਾਂ 'ਤੇ ਗੁਲਾਮੀ ਦੀਆਂ ਭੌਤਿਕ ਨਿਸ਼ਾਨੀਆਂ, ਹਥਕੜੀਆਂ ਤੇ ਬੇੜੀਆਂ ਨਹੀਂ ਵਿਖਾਈ ਦਿੰਦੀਆਂ। ਤਸਕਰਾਂ ਦਾ ਕੰਮ ਸਿਰਫ ਆਦਮੀ ਸਪਲਾਈ ਕਰਨਾ ਤੇ ਉਸ ਦੇ ਬਦਲੇ



ਵਿਚ ਪੈਸੇ ਲੈਣਾ ਹੁੰਦਾ ਹੈ। ਇਨਸਾਨ ਨੂੰ ਉਸ ਦੀ ਸਰੀਰਕ ਕਾਬਲੀਅਤ ਦੇ ਆਧਾਰ ਉਤੇ ਵੇਚਿਆ ਜਾਂਦਾ ਹੈ। ਖੇਤਾਂ ਵਿਚ ਕੰਮ ਕਰਨ ਵਾਲੇ ਸਰੀਰਕ ਰੂਪ ਵਿਚ ਤਕੜੇ ਬੰਦੇ ਦਾ ਉਸ ਦੀ ਸਮਰੱਥਾ ਮੁਤਾਬਕ ਮੁੱਲ ਲੱਗਦਾ ਹੈ। ਇਸ ਤਰ੍ਹਾਂ ਉਥੇ ਇਕ ਵੱਖਰੀ ਪੂਰਨ ਸਲੇਵ ਮਾਰਕੀਟ ਯਾਨਿ ਗੁਲਾਮਾਂ ਦਾ ਬਾਜ਼ਾਰ ਬਣ ਗਿਆ ਹੈ। ਇਸ ਗੁਲਾਮ ਬਾਜ਼ਾਰ ਵਿਚ ਵੱਧ ਬੋਲੀ ਲਾਉਣ ਵਾਲਾ ਇਨ੍ਹਾਂ ਗੁਲਾਮਾਂ ਦਾ ਮਾਲਕ ਬਣ ਜਾਂਦਾ ਹੈ।

## ਭਾਰਤ ਵਿਚ ਇਵਾਂਕਾ ਕਰੇਗੀ ਅਮਰੀਕੀ ਟੀਮ ਦੀ ਅਗਵਾਈ



**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਧੀ ਇਵਾਂਕਾ ਟਰੰਪ ਜਿਹੜੀ ਵ੍ਹਾਈਟ ਹਾਊਸ ਦੀ ਚੋਟੀ ਦੀ ਸਲਾਹਕਾਰ ਹੈ, ਭਾਰਤ ਵਿਚ ਇਸੇ ਮਹੀਨੇ ਦੇ ਆਖਰ ਵਿਚ ਵਿਸ਼ਵ ਉਦਮਤਾ ਸੰਮੇਲਨ ਵਿਚ ਅਮਰੀਕੀ ਟੀਮ ਦੀ ਅਗਵਾਈ ਕਰੇਗੀ। ਇਹ ਐਲਾਨ ਅਮਰੀਕੀ ਵਿਦੇਸ਼ ਵਿਭਾਗ ਨੇ ਕੀਤਾ ਹੈ।

ਹੈਦਰਾਬਾਦ ਵਿਚ ਹੋ ਰਹੇ ਸੰਮੇਲਨ ਵਿਚ 170 ਦੇਸ਼ਾਂ ਤੋਂ 1500 ਉਦਮੀ ਹਿੱਸਾ ਲੈਣਗੇ ਅਤੇ ਸੰਮੇਲਨ ਦੇ ਮੇਜ਼ਬਾਨ ਭਾਰਤ ਅਤੇ ਅਮਰੀਕਾ ਹੋਣਗੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜੂਨ ਮਹੀਨੇ ਵ੍ਹਾਈਟ ਹਾਊਸ ਦੀ ਫੇਰੀ ਦੌਰਾਨ 36 ਸਾਲਾ ਇਵਾਂਕਾ ਟਰੰਪ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਸੀ।

## ਨੌਜਵਾਨ ਦੇ ਕਤਲ ਦੇ ਦੋਸ਼ ਵਿਚ ਪੰਜਾਬੀ ਗ੍ਰਿਫਤਾਰ

**ਵੈਨਕੂਵਰ:** ਫਰੈਜ਼ਨੋ ਦੇ ਕੋਲ ਮਡੇਰਾ ਸ਼ਹਿਰ ਦੇ ਬਾਹਰਵਾਰ ਪੈਟਰੋਲ ਪੰਪ ਵਾਲੇ ਸਟੋਰ ਉਤੇ ਕੰਮ ਕਰਦੇ 21 ਸਾਲਾਂ ਦੇ ਪੰਜਾਬੀ ਨੌਜਵਾਨ ਧਰਮਪ੍ਰੀਤ ਜੱਸੜ ਨੂੰ ਦੋ ਲੁਟੇਰਿਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਕਾਊਂਟੀ ਸ਼ੈਰਿਫ (ਸਥਾਨਕ ਪੁਲਿਸ) ਨੇ ਕਤਲ ਦੇ ਦੋਸ਼ ਹੇਠ 20 ਵਰ੍ਹਿਆਂ ਦੇ ਅੰਮ੍ਰਿਤਰਾਜ ਅਠਵਾਲ ਨੂੰ ਗ੍ਰਿਫਤਾਰ ਕੀਤਾ ਹੈ। ਫਰੈਜ਼ਨੋ ਕਾਊਂਟੀ ਦੇ ਡਿਪਟੀ ਸ਼ੈਰਿਫ ਬਿਲ ਵਾਰਡ ਤੇ ਬੁਲਾਰੇ ਜੇ ਵਰਨੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਪੁਲਿਸ ਨੂੰ ਅੰਮ੍ਰਿਤਰਾਜ ਅਠਵਾਲ ਉਤੇ ਸ਼ੱਕ ਸੀ ਅਤੇ ਉਸ ਨੂੰ ਗ੍ਰਿਫਤਾਰ ਕਰਕੇ ਹੋਰ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਪੁਲਿਸ ਅਨੁਸਾਰ ਉਸ ਦੀ ਕਾਰ ਕਬਜ਼ੇ ਵਿਚ ਲੈ ਲਈ ਗਈ ਹੈ ਅਤੇ ਤਲਾਸ਼ੀ ਦੌਰਾਨ ਉਸ ਵਿਚੋਂ ਕਈ ਅਹਿਮ ਸਬੂਤ ਮਿਲੇ ਹਨ। ਮੁਖੌਟੇ ਪਾ ਕੇ ਦੋ ਵਿਅਕਤੀਆਂ ਨੇ ਸਟੋਰ 'ਚ ਕਾਊਂਟਰ ਉਤੇ ਖੜ੍ਹੇ ਧਰਮਪ੍ਰੀਤ ਉਤੇ ਬੰਦੂਕ ਤਾਣ ਕੇ ਸਭ ਕੁਝ ਦੇਣ ਲਈ ਕਿਹਾ ਸੀ। ਧਰਮਪ੍ਰੀਤ ਵੱਲੋਂ ਲੁਟੇਰਿਆਂ ਦੀ ਪਛਾਣ ਕਰ ਲਏ ਜਾਣ ਕਰ ਕੇ ਅਠਵਾਲ ਨੇ ਉਸ ਉਤੇ ਚਾਰ ਗੋਲੀਆਂ ਚਲਾ ਦਿੱਤੀਆਂ ਜਿਨ੍ਹਾਂ 'ਚੋਂ ਇਕ ਜੱਸੜ ਦੇ ਮੱਥੇ 'ਚ ਲੱਗੀ ਜੋ ਜਾਨਲੇਵਾ ਬਣੀ।

# ਮਾਨੁਸ਼ੀ ਛਿੱਲਰ ਸਿਰ ਸਜਿਆ ਵਿਸ਼ਵ ਸੁੰਦਰੀ ਦਾ ਤਾਜ

**ਸਾਨਿਆ:** ਹਰਿਆਣਾ ਦੇ ਜ਼ਿਲ੍ਹਾ ਝੱਜਰ ਦੀ ਮਾਨੁਸ਼ੀ ਛਿੱਲਰ ਮਿਸ ਵਰਲਡ 2017 ਚੁਣੀ ਗਈ ਹੈ। 17 ਸਾਲ ਬਾਅਦ ਕਿਸੇ ਭਾਰਤੀ ਸੁੰਦਰੀ ਸਿਰ ਇਹ ਤਾਜ ਸਜਿਆ ਹੈ। ਚੀਨ ਦੇ ਸਾਨਿਆ ਸਿਟੀ ਐਰੀਨਾ ਵਿਚ ਹੋਏ ਇਸ ਮੁਕਾਬਲੇ ਵਿਚ ਵੱਖ-ਵੱਖ ਮੁਲਕਾਂ ਦੀਆਂ 121 ਸੁੰਦਰੀਆਂ ਨੇ ਹਿੱਸਾ ਲਿਆ ਸੀ।

ਮਿਸ ਵਰਲਡ 2016 ਮੁਕਾਬਲੇ ਦੀ ਜੇਤੂ ਪੁਏਰਟੋ ਰਿਕੋ ਦੀ ਸਟੈਫਨੀ ਡੇਲ ਵੈਲੇ ਨੇ ਮਾਨੁਸ਼ੀ ਨੂੰ ਤਾਜ ਪਹਿਨਾਇਆ। ਇਸ ਸਾਲ ਮਈ ਵਿਚ ਉਸ ਨੇ ਮਿਸ ਇੰਡੀਆ ਵਰਲਡ ਖਿਤਾਬ ਜਿੱਤਿਆ ਸੀ। ਮਿਸ ਵਰਲਡ ਮੁਕਾਬਲੇ ਦੇ ਅਧਿਕਾਰਤ ਟਵਿੱਟਰ ਹੈਂਡਲ ਤੋਂ ਮਾਨੁਸ਼ੀ ਦੇ ਜਿੱਤਣ ਦਾ ਐਲਾਨ ਕੀਤਾ ਗਿਆ। ਮਾਨੁਸ਼ੀ ਇੰਗਲੈਂਡ, ਫਰਾਂਸ, ਕੀਨੀਆ, ਮੈਕਸਿਕੋ ਦੀਆਂ ਸੁੰਦਰੀਆਂ ਨਾਲ ਆਖਰੀ ਪੰਜਾਂ ਵਿਚ ਸ਼ਾਮਲ ਹੋਈ ਸੀ। ਇਸ ਮੁਕਾਬਲੇ ਵਿਚ ਦੂਜੇ ਸਥਾਨ ਉਤੇ ਮਿਸ ਇੰਗਲੈਂਡ ਸਟੈਫਨੀ ਹਿੱਲ ਅਤੇ ਤੀਜੇ ਸਥਾਨ ਉਤੇ ਮਿਸ ਮੈਕਸਿਕੋ ਆਂਦਰੀਆ ਮੇਜਾ ਰਹੀ।



ਮੁਕਾਬਲੇ ਦੇ ਆਖਰੀ ਗੇੜ ਵਿਚ ਮਾਨੁਸ਼ੀ ਤੋਂ ਜਿਊਰੀ ਨੇ ਪੁੱਛਿਆ ਕਿ ਕਿਹੜੇ ਪੇਸ਼ੇ ਵਿਚ ਸਭ ਤੋਂ ਜ਼ਿਆਦਾ ਤਨਖਾਹ ਮਿਲਣੀ ਚਾਹੀਦੀ ਹੈ ਅਤੇ ਕਿਉਂ? ਇਸ ਦੇ ਜਵਾਬ ਵਿਚ ਮਾਨੁਸ਼ੀ ਨੇ ਕਿਹਾ, 'ਮਾਂ ਨੂੰ ਸਭ ਤੋਂ ਵੱਧ ਆਦਰ ਮਿਲਣਾ ਚਾਹੀਦਾ ਹੈ। ਇਸ ਲਈ ਉਨ੍ਹਾਂ ਨੂੰ ਤਨਖਾਹ ਨਹੀਂ ਬਲਕਿ ਸਨਮਾਨ ਅਤੇ ਪਿਆਰ ਮਿਲਣਾ ਚਾਹੀਦਾ ਹੈ।'

### ਮਾਨੁਸ਼ੀ ਦੇ ਜੀਵਨ ਉਤੇ ਝਾਤ

14 ਮਈ 1997 ਵਿਚ ਹਰਿਆਣਾ ਦੇ ਸੋਨੀਪਤ ਵਿਚ ਜੰਮੀ ਮਾਨੁਸ਼ੀ ਦੇ ਮਾਤਾ-ਪਿਤਾ ਡਾਕਟਰ ਹਨ। ਮਾਨੁਸ਼ੀ ਸੋਨੀਪਤ ਦੇ ਭਗਤ ਫੂਲ ਸਿੰਘ ਸਰਕਾਰੀ ਮੈਡੀਕਲ ਕਾਲਜ ਵਿਚ ਡਾਕਟਰੀ ਦੀ ਪੜ੍ਹਾਈ ਕਰ ਰਹੀ ਹੈ ਅਤੇ ਦਿਲ ਦੇ ਰੋਗਾਂ ਦੀ ਮਾਹਿਰ ਬਣਨਾ ਚਾਹੁੰਦੀ ਹੈ। ਉਸ ਨੂੰ ਰਵਾਇਤੀ ਕੁੱਚੀਪੁੜੀ ਨਾਚ 'ਚ ਮੁਹਾਰਤ ਹਾਸਲ ਹੈ ਅਤੇ ਉਹ ਸਮਾਜ ਸੇਵਾ ਦੇ ਕੰਮਾਂ ਨਾਲ ਵੀ ਜੁੜੀ ਹੋਈ ਹੈ। ਵਿਸ਼ਵ ਸੁੰਦਰੀ ਬਣਨਾ ਮਾਨੁਸ਼ੀ ਦੇ ਬਚਪਨ ਦਾ ਹੀ ਸੁਪਨਾ ਸੀ।

# ਮਿਆਂਮਾਰ ਫੌਜੀਆਂ ਦੀ ਹਵਸ ਦਾ ਸ਼ਿਕਾਰ ਹੋਈਆਂ ਰੋਹਿੰਗਿਆ ਕੁੜੀਆਂ

**ਸੰਯੁਕਤ ਰਾਸ਼ਟਰ:** ਮਿਆਂਮਾਰ ਦੇ ਸੁਰੱਖਿਆ ਬਲਾਂ ਨੇ ਫੌਜੀ ਮੁਹਿੰਮ ਦੌਰਾਨ ਅਣਗਿਣਤ ਰੋਹਿੰਗਿਆ ਔਰਤਾਂ ਤੇ ਕੁੜੀਆਂ ਨਾਲ ਸਮੂਹਿਕ ਬਲਾਤਕਾਰ ਕੀਤਾ। ਇਸ ਮੁਹਿੰਮ ਦੌਰਾਨ ਬਹੁਤ ਵੱਡੀ ਗਿਣਤੀ ਵਿਚ ਰੋਹਿੰਗਿਆ ਮੁਸਲਮਾਨਾਂ ਨੂੰ ਸਰਹੱਦ ਪਾਰ ਬੰਗਲਾਦੇਸ਼ ਭੱਜਣਾ ਪਿਆ।

ਮਨੁੱਖੀ ਅਧਿਕਾਰ ਸੰਗਠਨ ਹਿਊਮਨ ਰਾਈਟਸ ਵਾਚ (ਐਚ.ਆਰ.ਡਬਲਿਊ.) ਨੇ ਰਿਪੋਰਟ ਵਿਚ ਕਿਹਾ ਹੈ ਕਿ ਮਿਆਂਮਾਰ ਦੇ ਸੁਰੱਖਿਆ ਬਲਾਂ ਨੇ ਜਿਨਸੀ ਹਿੰਸਾ ਦੇ ਨਾਲ-ਨਾਲ ਬਹੁਤ ਅੱਤਿਆਚਾਰ ਕੀਤੇ ਜੋ ਮਾਨਵਤਾ ਵਿਰੋਧੀ ਹਨ। ਬਲਾਤਕਾਰ ਪੀੜਤਾਂ, ਸਹਾਇਤਾ ਸੰਗਠਨਾਂ ਤੇ ਬੰਗਲਾਦੇਸ਼ੀ ਸਿਹਤ ਅਧਿਕਾਰੀਆਂ ਦੀ ਇੰਟਰਵਿਊ ਉਤੇ ਆਧਾਰਤ ਇਸ ਰਿਪੋਰਟ ਵਿਚ ਵੱਡੀ ਗਿਣਤੀ ਰੋਹਿੰਗਿਆ ਔਰਤਾਂ ਨਾਲ ਬਲਾਤਕਾਰ ਤੇ ਫੌਜੀਆਂ ਵੱਲੋਂ ਜਿਨਸੀ ਸ਼ੋਸ਼ਣ ਸਬੰਧੀ ਜਾਣਕਾਰੀ ਹੈ।

ਇਹ ਖੋਜ ਕਰਨ ਵਾਲੇ ਲੇਖਕ ਸਕਾਈ ਵ੍ਹੀਲਰ ਨੇ ਕਿਹਾ ਕਿ ਬਰਮਾ ਦੇ ਸੁਰੱਖਿਆ ਦਸਤਿਆਂ ਵੱਲੋਂ ਰੋਹਿੰਗਿਆ ਖਿਲਾਫ਼ ਛੇੜੀ ਜਾਤੀਗਤ ਸਫਾਏ ਦੀ ਮੁਹਿੰਮ ਵਿਚ ਫੌਜ ਨੇ ਅਣਗਿਣਤੀ ਔਰਤਾਂ ਤੇ ਕੁੜੀਆਂ ਨਾਲ ਕੀਤੇ



ਜਬਰ ਜਨਾਹ ਕਾਰਨ ਉਨ੍ਹਾਂ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਹੈ।

29 ਬਲਾਤਕਾਰ ਪੀੜਤਾਂ ਦੇ ਇੰਟਰਵਿਊ ਦੇ ਆਧਾਰ 'ਤੇ ਕਿਹਾ ਗਿਆ ਹੈ ਕਿ ਸਿਰਫ ਇਕ ਨੂੰ ਛੱਡ ਕੇ ਬਾਕੀ ਸਾਰੀਆਂ ਨਾਲ ਦੋ ਜਾਂ ਇਸ ਤੋਂ ਵੀ ਵੱਧ ਲੋਕਾਂ ਨੇ ਬਲਾਤਕਾਰ ਕੀਤਾ। ਅੱਠ ਮਾਮਲਿਆਂ ਵਿਚ ਔਰਤਾਂ ਤੇ ਕੁੜੀਆਂ ਨਾਲ ਪੰਜ ਜਾਂ ਇਸ ਤੋਂ ਵੀ ਵੱਧ ਫੌਜੀਆਂ ਨੇ ਬਲਾਤਕਾਰ ਕੀਤੇ ਜਾਣ ਦਾ ਖੁਲਾਸਾ ਹੋਇਆ ਹੈ।

ਔਰਤਾਂ ਨੇ ਬਲਾਤਕਾਰ ਤੋਂ ਪਹਿਲਾਂ ਆਪਣੀਆਂ ਅੱਖਾਂ ਸਾਹਮਣੇ ਆਪਣੇ ਪਤੀ ਤੇ ਮਾਂ-ਬਾਪ ਦਾ ਕਤਲ ਹੁੰਦਾ ਵੇਖਿਆ। ਐਚ.ਆਰ.ਡਬਲਿਊ. ਨੇ ਗੈਂਗਰੇਪ ਦੇ ਛੇ ਮਾਮਲੇ ਅਜਿਹੇ ਦੱਸੇ ਹਨ ਜਿਨ੍ਹਾਂ ਵਿਚ ਫੌਜੀਆਂ ਨੇ ਔਰਤਾਂ ਨੂੰ ਸਮੂਹਾਂ ਵਿਚ ਇਕੱਤਰ ਕਰ ਲਿਆ।

ਉਨ੍ਹਾਂ ਨਾਲ ਉਥੇ ਕੁੱਟ-ਮਾਰ ਕੀਤੀ ਗਈ ਤੇ ਫਿਰ ਬਲਾਤਕਾਰ ਵੀ ਕੀਤਾ ਗਿਆ। ਰਿਪੋਰਟ ਵਿਚ 33 ਸਾਲ ਦੀ ਮੁਮਤਾਜ ਯੂਨੁਸ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਫੌਜੀਆਂ ਨੇ ਉਸ ਨੂੰ ਤੇ 20 ਹੋਰ ਔਰਤਾਂ ਨੂੰ ਇਕ ਪਹਾੜੀ ਉਤੇ ਫੜਿਆ ਸੀ ਤੇ ਉਨ੍ਹਾਂ ਨਾਲ ਬਲਾਤਕਾਰ ਕੀਤਾ। ਰਖਾਈਨ ਸੂਬੇ ਵਿਚ ਬੀਤੇ ਅਗਸਤ ਤੋਂ ਫੌਜੀ ਮੁਹਿੰਮ ਸ਼ੁਰੂ ਹੋਣ ਤੋਂ ਬਾਅਦ ਬੋਧੀ ਬਹੁਗਿਣਤੀ ਵਾਲੇ ਇਲਾਕੇ ਵਿਚੋਂ ਇਸ ਸਾਲ ਤਕਰੀਬਨ 6,00,000 ਤੋਂ ਵੀ ਜ਼ਿਆਦਾ ਰੋਹਿੰਗਿਆ ਮੁਸਲਮਾਨਾਂ ਨੇ ਭੱਜ ਕੇ ਦੂਜੇ ਦੇਸ਼ ਵਿਚ ਸ਼ਰਣ ਲਈ ਹੈ।

### ਮੂਲ ਵਾਸੀਆਂ ਦੇ ਮੰਨਣ 'ਤੇ ਹੀ ਵਾਪਸੀ: ਫੌਜ

**ਯਾਗੂਨ:** ਫੌਜ ਨੇ ਆਖਿਆ ਹੈ ਕਿ ਰੋਹਿੰਗਿਆ ਸ਼ਰਨਾਰਥੀ ਉਦੋਂ ਤੱਕ ਰਖੀਨ ਸੂਬੇ ਵਿਚ ਵਾਪਸ ਨਹੀਂ ਪਰਤ ਸਕਦੇ ਜਦੋਂ ਤੱਕ ਉਥੋਂ ਦੇ ਮੂਲ ਵਾਸੀ ਉਨ੍ਹਾਂ ਨੂੰ ਸਵੀਕਾਰ ਨਹੀਂ ਕਰਦੇ। ਅਗਸਤ ਮਹੀਨੇ ਵਿਚ ਫੌਜ ਵੱਲੋਂ ਉਨ੍ਹਾਂ ਖਿਲਾਫ਼ ਚਲਾਈ ਮੁਹਿੰਮ ਤੋਂ ਬਾਅਦ 6 ਲੱਖ ਰੋਹਿੰਗਿਆ ਮੁਸਲਮਾਨ ਬੰਗਲਾਦੇਸ਼ ਸ਼ਰਨਾਰਥੀ ਕੈਂਪਾਂ ਵਿਚ ਚਲੇ ਗਏ ਸੀ। ਸੰਯੁਕਤ ਰਾਸ਼ਟਰ ਨੇ ਦੋਸ਼ ਲਾਇਆ ਹੈ ਕਿ ਫੌਜ ਵੱਲੋਂ ਉਤਰੀ ਰਖੀਨ ਸੂਬੇ ਵਿਚ ਕੀਤੀ ਕਾਰਵਾਈ, ਘੱਟ ਗਿਣਤੀ ਦਾ ਮੂਲੋਂ ਨਾਸ਼ ਕਰਨ ਲਈ ਹੀ ਕੀਤੀ ਗਈ ਸੀ ਪਰ ਮਿਆਂਮਾਰ ਫੌਜ ਦੇ ਮੁਖੀ ਮਿਨ ਊਂਗ ਹਲਿਆਂਗ ਨੇ ਸ਼ੋਸ਼ਣ ਦੇ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਫੌਜ ਨੇ ਸਿਰਫ ਰੋਹਿੰਗਿਆ ਬਾਗੀਆਂ ਨੂੰ ਹੀ ਨਿਸ਼ਾਨਾ ਬਣਾਇਆ ਸੀ।

# ਪੰਜਾਬੀ ਕਿਸਾਨ ਗੁਜਰਾਤ ਵਿਚ ਭਾਜਪਾ ਨੂੰ ਸਿਖਾਉਣਗੇ ਸਬਕ

## ਕਿਸਾਨਾਂ ਦਾ ਉਜਾੜਾ ਬਣਿਆ ਚੋਣਾਂ ਵਿਚ ਵੱਡਾ ਮੁੱਦਾ



**ਚੰਡੀਗੜ੍ਹ:** ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਪੰਜਾਬੀ ਕਿਸਾਨਾਂ ਦਾ ਉਜਾੜਾ ਮੁੱਦਾ ਬਣ ਕੇ ਉਭਰਿਆ ਹੈ। ਪਿਛਲੇ ਸੱਤ ਵਰ੍ਹਿਆਂ ਤੋਂ ਪੰਜਾਬੀ ਕਿਸਾਨ ਗੁਜਰਾਤ ਵਿਚ ਔਖੇ ਦੌਰ ਵਿਚੋਂ ਲੰਘ ਰਹੇ ਹਨ ਤੇ ਉਨ੍ਹਾਂ ਦੇ ਚੇਤੇ ਵਿਚੋਂ ਉਜਾੜੇ ਦਾ ਦੌਰ ਨਹੀਂ ਭੁੱਲ ਰਿਹਾ। ਗੁਜਰਾਤ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਸਿੱਖ ਵੋਟਰਾਂ ਨੂੰ ਤਾਂ ਚੋਗਾ ਪਾਇਆ ਹੈ ਪਰ ਪੰਜਾਬ ਤੇ ਹਰਿਆਣਾ ਦੇ ਉਥੇ ਰਹਿ ਰਹੇ ਕਿਸਾਨਾਂ ਦੀ ਬਾਂਹ ਨਹੀਂ ਫੜੀ। ਜ਼ਿਲ੍ਹਾ ਭੁਜ ਦੇ ਵਿਧਾਨ ਸਭਾ ਹਲਕੇ ਨਲੀਆ ਵਿਚ ਵੱਡੀ ਗਿਣਤੀ ਪੰਜਾਬੀ ਕਿਸਾਨਾਂ ਦੀ ਹੈ, ਜਿਨ੍ਹਾਂ ਉਤੇ ਉਜਾੜੇ ਦੀ ਤਲਵਾਰ ਲਟਕ ਰਹੀ ਹੈ।

ਹਲਕੇ ਦੇ ਪਿੰਡ ਲੋਰੀਆ ਦੇ ਕਿਸਾਨ ਰਵਿੰਦਰ ਸਿੰਘ ਨੇ ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਭੇਜ ਕੇ ਆਪਣੀ ਦਾਸਤਾਂ ਸੁਣਾਈ ਹੈ। ਉਸ ਨੇ ਦੱਸਿਆ ਹੈ ਕਿ ਉਸ ਦੀ 20 ਏਕੜ ਜ਼ਮੀਨ ਉਤੇ ਗੁਜਰਾਤ ਦੇ ਭੂ-ਮਾਫੀਏ ਨੇ ਕਬਜ਼ਾ ਕੀਤਾ ਹੋਇਆ ਹੈ, ਇਸ ਜ਼ਮੀਨ ਦੀ ਕਾਸ਼ਤ ਲਈ ਉਸ ਨੇ ਬੈਂਕ ਤੋਂ 20 ਲੱਖ ਰੁਪਏ ਦਾ ਕਰਜ਼ਾ ਲਿਆ ਸੀ। ਉਸ ਨੂੰ ਗੁਜਰਾਤ ਛੱਡਣ ਲਈ ਮਜਬੂਰ ਕਰ ਦਿੱਤਾ ਗਿਆ ਤੇ ਹੁਣ ਬੈਂਕ ਦੀਆਂ ਕਿਸ਼ਤਾਂ ਉਹ ਪੱਲਿਓਂ ਭਰ ਰਿਹਾ ਹੈ। ਇੰਜ ਹੀ ਫਾਜ਼ਿਲਕਾ ਜ਼ਿਲ੍ਹੇ ਦੇ ਤਿੰਨ ਭਰਾ ਅਤੇ ਉਨ੍ਹਾਂ ਦਾ ਇਕ ਚਾਚਾ ਵੀ ਗੁਜਰਾਤ ਵਿਚੋਂ ਵਾਪਸ ਆ ਗਏ ਹਨ, ਜਿਨ੍ਹਾਂ ਨੂੰ ਆਪਣੀ 300 ਏਕੜ ਜ਼ਮੀਨ ਛੱਡਣੀ ਪਈ ਹੈ। ਗੁਰਚਰਨ ਸਿੰਘ ਨਾਂ ਦਾ ਕਿਸਾਨ 40 ਏਕੜ ਜ਼ਮੀਨ ਛੱਡ ਕੇ ਆਇਆ ਹੈ।

ਲੁਧਿਆਣਾ ਜ਼ਿਲ੍ਹੇ ਦਾ ਪਵਿੱਤਰ ਸਿੰਘ ਮੁੜ ਪੰਜਾਬ ਆ ਗਿਆ ਹੈ। ਪੰਜਾਬੀ ਕਿਸਾਨਾਂ ਦੀ ਅਗਵਾਈ ਕਰਨ ਵਾਲੇ ਸੁਰਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਸੱਤ ਵਰ੍ਹਿਆਂ ਤੋਂ ਪੰਜਾਬੀ ਕਿਸਾਨ ਗੁਜਰਾਤ ਵਿਚ ਦਹਿਸ਼ਤ ਵਿਚ ਦਿਨ ਕੱਟ ਰਹੇ ਹਨ। ਭਾਵੇਂ ਹਾਈ ਕੋਰਟ ਨੇ ਕਿਸਾਨਾਂ ਦੇ ਪੱਖ ਵਿਚ ਫੈਸਲਾ ਸੁਣਾਇਆ ਹੈ, ਪਰ ਗੁਜਰਾਤ ਸਰਕਾਰ ਸੁਪਰੀਮ ਕੋਰਟ ਚਲੀ ਗਈ ਹੈ। ਉਨ੍ਹਾਂ ਦੱਸਿਆ ਕਿ ਸਾਲ 2010 ਤੋਂ ਪਹਿਲਾਂ ਗੁਜਰਾਤ ਵਿਚ ਤਕਰੀਬਨ ਪੰਜ ਹਜ਼ਾਰ ਕਿਸਾਨ ਪਰਿਵਾਰ ਸਨ, ਜਿਨ੍ਹਾਂ ਵਿਚੋਂ ਹੁਣ 50 ਫਸਦੀ ਰਹਿ ਗਏ ਹਨ। ਪੰਜਾਬੀ ਕਿਸਾਨਾਂ ਵਿਚ ਰੋਹ ਹੈ ਤੇ ਉਨ੍ਹਾਂ ਨੇ ਹਾਕਮ ਧਿਰ ਨੂੰ ਸਬਕ ਸਿਖਾਉਣ ਦਾ ਮਨ ਬਣਾਇਆ ਹੈ।

ਪੰਜਾਬੀ ਕਿਸਾਨ ਹਰਵਿੰਦਰ ਸਿੰਘ ਨੇ ਕਿਹਾ ਕਿ ਗੁਜਰਾਤ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚੋਂ ਕੇਸ ਵਾਪਸ ਨਾ ਲੈਣ ਤੋਂ ਸਪੱਸ਼ਟ ਹੈ ਕਿ ਗੁਜਰਾਤ ਸਰਕਾਰ ਹੁਣ ਪੰਜਾਬੀ ਕਿਸਾਨਾਂ ਦੇ ਵਸੇਬੇ ਦੇ ਹੱਕ ਵਿਚ ਨਹੀਂ ਹੈ। ਉਨ੍ਹਾਂ ਦੱਸਿਆ ਕਿ ਕੁਠਾਰਾ ਕਸਬੇ ਵਿਚ ਤਕਰੀਬਨ ਤਿੰਨ ਹਜ਼ਾਰ ਵੋਟਾਂ ਪੰਜਾਬੀ ਕਿਸਾਨਾਂ ਦੀਆਂ ਹਨ। ਕੱਛ ਖਿੱਤੇ ਦੇ ਮਾਂਡਵੀ ਇਲਾਕੇ ਵਿਚ ਕਾਫੀ ਪੰਜਾਬੀ ਕਿਸਾਨ ਹਨ। ਇਨ੍ਹਾਂ ਕਿਸਾਨਾਂ ਨੂੰ ਮਰਹੂਮ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਸਾਲ 1964 ਵਿਚ 'ਜੈ ਜਵਾਨ ਜੈ ਕਿਸਾਨ' ਦੇ ਨਾਅਰੇ ਤਹਿਤ ਗੁਜਰਾਤ ਵਿਚ ਜ਼ਮੀਨ ਅਲਾਟ ਕੀਤੀ ਸੀ।

## ਗੁਜਰਾਤ ਸਰਕਾਰ ਦਾ ਸਿੱਖ ਭਾਈਚਾਰੇ ਨੂੰ ਚੋਗਾ

**ਚੰਡੀਗੜ੍ਹ:** ਗੁਜਰਾਤ ਸਰਕਾਰ ਨੇ ਸਿੱਖ ਭਾਈਚਾਰੇ ਨੂੰ ਚੋਗਾ ਪਾਇਆ ਹੈ। ਘੱਟ ਗਿਣਤੀ ਵਿੱਤ ਤੇ ਵਿਕਾਸ ਕਾਰਪੋਰੇਸ਼ਨ ਗੁਜਰਾਤ ਦੀ ਡਾਇਰੈਕਟਰ ਪਰਮਜੀਤ ਕੌਰ ਛਾਬੜਾ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾਂ ਸਮਾਗਮਾਂ ਉਤੇ ਗੁਜਰਾਤ ਦੇ ਮੁੱਖ ਮੰਤਰੀ ਨੇ ਸਿੱਖ ਭਾਈਚਾਰੇ ਦੀਆਂ ਮੰਗਾਂ ਮੰਨੀਆਂ ਹਨ, ਜਿਸ ਤਹਿਤ ਗੁਰੂ ਨਾਨਕ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਲੱਖਪਤ ਤੇ ਭਾਈ ਮੋਹਕਮ ਸਿੰਘ ਨਾਲ ਸਬੰਧਤ ਬੇਟ ਦਵਾਰਕਾ ਦੇ ਵਿਕਾਸ ਲਈ 10 ਕਰੋੜ ਰੁਪਏ ਦਿੱਤੇ ਗਏ ਹਨ। ਇਨ੍ਹਾਂ ਦੋਹਾਂ ਥਾਵਾਂ ਦੇ ਪ੍ਰੋਜੈਕਟ ਵੀ ਉਨ੍ਹਾਂ ਨੇ ਸਰਕਾਰ ਕੋਲ ਚੋਣਾਂ ਤੋਂ ਪਹਿਲਾਂ ਜਮ੍ਹਾਂ ਕਰਾ ਦਿੱਤੇ ਹਨ। ਸਰਕਾਰ ਪੰਜਾਬੀ ਕਿਸਾਨਾਂ ਦੇ ਮਸਲੇ ਦਾ ਵੀ ਹੱਲ ਕੱਢੇਗੀ।

## ਸਹਿਜਧਾਰੀ ਪਾਰਟੀ ਵੱਲੋਂ ਭਾਜਪਾ ਤੋਂ ਦੂਰੀ ਦੀ ਸਲਾਹ

**ਚੰਡੀਗੜ੍ਹ:** ਸਹਿਜਧਾਰੀ ਸਿੱਖ ਪਾਰਟੀ ਵੱਲੋਂ ਗੁਜਰਾਤ ਦੇ ਸਿੱਖਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਗੁਜਰਾਤ 'ਚ ਭਾਜਪਾ ਨੂੰ ਵੋਟ ਨਾ ਦੇਣ। ਸਹਿਜਧਾਰੀ ਸਿੱਖ ਪਾਰਟੀ ਦੇ ਕੌਮੀ ਪ੍ਰਧਾਨ ਡਾ. ਪਰਮਜੀਤ ਸਿੰਘ ਰਾਣੂ ਨੇ ਕਿਹਾ ਕਿ ਭਾਜਪਾ ਨੂੰ ਦੇਸ਼ 'ਚ ਵੱਸਦੇ ਲੱਖਾਂ ਸਹਿਜਧਾਰੀ ਸਿੱਖਾਂ ਦੀ ਤਾਕਤ ਦਾ ਅੰਦਾਜ਼ਾ ਹਿਮਾਚਲ ਤੇ ਗੁਜਰਾਤ ਚੋਣਾਂ ਮਗਰੋਂ ਹੋ ਜਾਵੇਗਾ। ਸਹਿਜਧਾਰੀ ਸਿੱਖ ਭਾਜਪਾ ਲਈ ਦੇਸ਼ ਭਰ ਵਿਚ ਚੁਣੌਤੀ ਬਣ ਕੇ ਸਾਹਮਣੇ ਆਉਣਗੇ ਅਤੇ ਇਹ ਪਾਰਟੀ ਹਮੇਸ਼ਾ ਕਾਂਗਰਸ ਦੀ ਹਮਾਇਤ ਕਰੇਗੀ।

# ਵਾਅਦੇ ਯਾਦ ਕਰਵਾਉਣ ਲਈ ਬੇਰੁਜ਼ਗਾਰ ਕੱਢਣਗੇ ਕੈਪਟਨ ਸਰਕਾਰ ਦਾ ਜਲੂਸ



**ਚੰਡੀਗੜ੍ਹ:** ਠੇਕਾ ਮੁਲਾਜ਼ਮਾਂ ਤੇ ਬੇਰੁਜ਼ਗਾਰਾਂ ਨੇ ਕੈਪਟਨ ਸਰਕਾਰ ਦੇ ਘਰ-ਘਰ ਨੌਕਰੀ ਦੇਣ ਦੇ ਵਾਅਦੇ ਤੋਂ ਦੁਖੀ ਹੋ ਕੇ ਹੁਣ 'ਜੇ ਨਾ ਦਿੱਤਾ ਪੂਰਾ ਰੁਜ਼ਗਾਰ, ਜਾਣਾ ਪਊ ਯੂ.ਪੀ. ਤੇ ਬਿਹਾਰ' ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਤੋਂ ਇਲਾਵਾ ਠੇਕੇ ਅਤੇ ਅੱਧੀਆਂ ਅਧੂਰੀਆਂ ਤਨਖਾਹਾਂ ਉਤੇ ਕੰਮ ਕਰਦੇ ਮੁਲਾਜ਼ਮਾਂ ਨੇ ਮੁੱਖ ਮੰਤਰੀ ਦੇ ਸ਼ਹਿਰ ਪਟਿਆਲਾ ਵਿਚ 25 ਨਵੰਬਰ ਨੂੰ ਜਲੂਸ ਕੱਢਣ ਦਾ ਫੈਸਲਾ ਵੀ ਲਿਆ ਹੈ। ਇਸ ਦੌਰਾਨ ਠੇਕਾ ਮੁਲਾਜ਼ਮ ਫਲੈਕਸ ਲੈ ਕੇ ਸ਼ਾਹੀ ਸ਼ਹਿਰ ਦੀਆਂ ਸੜਕਾਂ 'ਤੇ ਨਿਕਲ ਕੇ ਮੁੱਖ ਮੰਤਰੀ ਵੱਲੋਂ ਕੀਤੇ ਫੋਕੇ ਵਾਅਦਿਆਂ ਦੀ ਵਿਥਿਆ ਸੁਣਾਉਣਗੇ।

ਸਾਬਕਾ ਬਾਦਲ ਸਰਕਾਰ ਨੇ 27 ਹਜ਼ਾਰ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਆਪਣੀ ਸਰਕਾਰ ਦੇ ਅਖੀਰਲੇ ਦਿਨਾਂ ਦੌਰਾਨ ਵਿਧਾਨ ਸਭਾ ਵਿਚ ਬਿੱਲ ਪਾਸ ਕੀਤਾ ਸੀ ਪਰ ਅੱਜ ਤੱਕ ਇਸ ਤਹਿਤ ਠੇਕਾ ਮੁਲਾਜ਼ਮ ਰੈਗੂਲਰ ਨਹੀਂ ਕੀਤੇ ਜਾ ਸਕੇ। ਠੇਕਾ ਮੁਲਾਜ਼ਮ ਐਕਸ਼ਨ ਕਮੇਟੀ ਦੀ ਮੀਟਿੰਗ ਤੋਂ ਬਾਅਦ ਚੇਅਰਮੈਨ ਸੱਜਣ ਸਿੰਘ ਨੇ ਕਿਹਾ ਕਿ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਘਰ-ਘਰ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ ਪਰ ਮੁੱਖ ਮੰਤਰੀ ਦੀ ਗੱਦੀ ਗ੍ਰਹਿਣ ਕਰਨ ਮਗਰੋਂ ਉਨ੍ਹਾਂ ਕੋਲ ਦੁਖਿਆਰਿਆਂ ਨੂੰ ਮਿਲਣ ਦਾ ਸਮਾਂ ਵੀ ਨਹੀਂ ਹੈ।

ਆਗੂਆਂ ਨੇ ਕਿਹਾ ਕਿ ਕੋਈ ਸਮਾਂ ਸੀ ਜਦੋਂ ਯੂ.ਪੀ. ਅਤੇ ਬਿਹਾਰ ਦੇ ਬੇਰੁਜ਼ਗਾਰ, ਰੁਜ਼ਗਾਰ ਲਈ ਗੱਡੀਆਂ ਭਰ ਕੇ ਪੰਜਾਬ ਪੁੱਜਦੇ ਸਨ ਪਰ ਹੁਣ ਸਥਿਤੀ ਉਲਟ ਹੋ ਚੁੱਕੀ ਹੈ। ਪੰਜਾਬ ਦੇ ਨੌਜਵਾਨਾਂ ਨੂੰ ਹੁਣ ਰੋਟੀ ਦਾ ਜੁਗਾੜ ਕਰਨ ਲਈ ਹੋਰ ਰਾਜਾਂ ਸਮੇਤ ਵਿਦੇਸ਼ਾਂ ਵਿਚ ਜਾਣਾ ਪੈ ਰਿਹਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਕੈਪਟਨ ਸਰਕਾਰ ਦਾ ਇਹੋ ਵਤੀਰਾ ਰਿਹਾ ਤਾਂ ਕਿਸਾਨਾਂ ਵਾਂਗ ਠੇਕਾ ਮੁਲਾਜ਼ਮ ਤੇ ਬੇਰੁਜ਼ਗਾਰ ਵੀ ਪੱਕੇ ਰੁਜ਼ਗਾਰ ਦੀ ਅਣਹੋਂਦ ਕਾਰਨ ਖ਼ੁਦਕੁਸ਼ੀਆਂ ਦਾ ਰਾਹ ਚੁਣਨਗੇ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਦਫਤਰ ਵੱਲੋਂ ਪੰਜ ਵਾਰ ਮੀਟਿੰਗ ਦਾ ਸਮਾਂ ਦੇਣ ਦਾ ਵਾਅਦਾ ਕਰ ਕੇ ਵੀ ਮੁੱਖ ਮੰਤਰੀ ਨਾਲ ਮੁਲਾਕਾਤ ਨਹੀਂ ਕਰਵਾਈ ਗਈ।

## ਫਰੀਦਕੋਟ ਦੇ ਨੌਜਵਾਨ ਦੀ ਆਸਟਰੇਲੀਆ ਵਿਚ ਮੌਤ

**ਫਰੀਦਕੋਟ:** ਪਿੰਡ ਗੋਲੇਵਾਲਾ ਦੇ ਨੌਜਵਾਨ ਜਤਿੰਦਰਪਾਲ ਸਿੰਘ (24) ਪੁੱਤਰ ਚਰਨਜੀਤ ਸਿੰਘ ਦੀ ਆਸਟਰੇਲੀਆ ਦੇ ਸ਼ਹਿਰ ਇਨਸਾਫੈਲ ਵਿਚ ਕੇਲਿਆਂ ਦੇ ਫਾਰਮ ਹਾਊਸ ਵਿਚ ਕੰਮ ਦੌਰਾਨ ਹੋਏ ਹਾਦਸੇ ਵਿਚ ਮੌਤ ਹੋ ਗਈ। ਨੌਜਵਾਨ ਮਾਪਿਆਂ ਦਾ ਇਕਲੌਤਾ ਪੁੱਤ ਸੀ ਅਤੇ ਉਸ ਨੇ ਇਸੇ ਹਫਤੇ ਭੈਣ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਇਥੇ ਪੁੱਜਣਾ ਸੀ।

ਜਤਿੰਦਰਪਾਲ ਸਿੰਘ ਸਾਢੇ ਤਿੰਨ ਸਾਲ ਪਹਿਲਾਂ ਆਸਟਰੇਲੀਆ ਗਿਆ ਸੀ। ਮੱਧ ਸ਼੍ਰੇਣੀ ਨਾਲ ਸਬੰਧਤ ਚਰਨਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤ ਆਪਣੇ ਪਰਿਵਾਰ ਸਮੇਤ ਭੈਣ ਦੇ ਵਿਆਹ 'ਚ ਸ਼ਾਮਲ ਹੋਣ ਲਈ ਘਰ ਆਉਣ ਵਾਲਾ ਸੀ, ਪਰ ਉਸ ਦੀ ਮੌਤ ਦੀ ਖ਼ਬਰ ਨੇ ਉਨ੍ਹਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ।

## ਨਸ਼ਾ ਕਰਦੇ ਨੌਜਵਾਨਾਂ ਨੇ ਰੇਲ 'ਚੋਂ ਛਾਲਾਂ ਮਾਰੀਆਂ; ਦੋ ਮੌਤਾਂ

**ਬੁਢਲਾਡਾ:** ਪਿੰਡ ਦਰੀਆਪੁਰ ਲਾਗੇ ਪੁਲਿਸ ਦੇ ਡਰੋਂ ਤਿੰਨ ਨੌਜਵਾਨਾਂ ਨੇ ਚੱਲਦੀ ਰੇਲ ਗੱਡੀ ਵਿਚੋਂ ਛਾਲਾਂ ਮਾਰ ਦਿੱਤੀਆਂ, ਜਿਸ ਕਾਰਨ ਦੋ ਨੌਜਵਾਨਾਂ ਦੀ ਮੌਤ ਹੋ ਗਈ। ਉਦਿਆਨ ਆਭਾ ਐਕਸਪ੍ਰੈੱਸ ਜਦੋਂ ਜਾਖਲ ਪਾਸਿਓਂ ਬੁਢਲਾਡਾ ਵੱਲ ਆ ਰਹੀ ਸੀ ਤਾਂ ਇਸ ਵਿਚ ਸਵਾਰ ਤਿੰਨ ਦੋਸਤ-ਗੁਰਪ੍ਰੀਤ ਸਿੰਘ, ਬਾਗੀ ਸਿੰਘ ਤੇ ਦੀਪੂ ਸਿੰਘ ਨਸ਼ਾ ਕਰ ਰਹੇ ਸਨ। ਸਟੇਸ਼ਨ ਤੋਂ ਕੁਝ ਪੁਲਿਸ ਕਰਮਚਾਰੀ ਚੜ੍ਹੇ, ਜਿਸ ਤੋਂ ਡਰ ਕੇ ਤਿੰਨੇ ਨੌਜਵਾਨਾਂ ਨੇ ਚੱਲਦੀ ਗੱਡੀ ਵਿਚੋਂ ਪਿੰਡ ਦਰੀਆਪੁਰ ਲਾਗੇ ਛਾਲਾਂ ਮਾਰ ਦਿੱਤੀਆਂ।

# ਨਿਗਮ ਚੋਣਾਂ ਲਈ ਅਜੇ ਤਿਆਰ ਨਹੀਂ ਹੈ ਕੈਪਟਨ ਸਰਕਾਰ

**ਜਲੰਧਰ:** ਪੰਜਾਬ ਵਿਚ ਸਰਕਾਰ ਵੱਲੋਂ ਚਾਰ ਦੀ ਥਾਂ ਤਿੰਨ ਨਿਗਮਾਂ ਦੀਆਂ ਹੀ ਚੋਣਾਂ ਕਰਵਾਏ ਜਾਣ ਦੇ ਯਤਨਾਂ ਕਾਰਨ ਸਾਰੀਆਂ ਨਿਗਮ ਦੀਆਂ ਚੋਣਾਂ ਖਟਾਈ ਵਿਚ ਪੈਣ ਦੇ ਆਸਾਰ ਬਣਦੇ ਜਾ ਰਹੇ ਹਨ। ਪੰਜਾਬ ਸਰਕਾਰ ਨੇ ਲੁਧਿਆਣਾ ਨਿਗਮ ਦੀ ਵਾਰਡਬੰਦੀ ਮੁਕੰਮਲ ਨਾ ਹੋਣ ਦੇ ਬਹਾਨੇ ਹੇਠ ਚੋਣ ਰੋਕ ਲੈਣ ਤੇ ਬਾਕੀ ਤਿੰਨ ਨਿਗਮਾਂ ਜਲੰਧਰ, ਅੰਮ੍ਰਿਤਸਰ ਤੇ ਪਟਿਆਲਾ ਵਿਚ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਹੈ। ਤਿੰਨਾਂ ਸ਼ਹਿਰਾਂ ਵਿਚ ਵਾਰਡਬੰਦੀ ਦਾ ਨੋਟੀਫਿਕੇਸ਼ਨ ਤਾਂ ਹੋ ਚੁੱਕਾ ਹੈ ਪਰ ਚੋਣ ਪ੍ਰਕਿਰਿਆ ਬਾਰੇ ਬਕਾਇਦਾ ਐਲਾਨ ਕਰਨਾ ਬਾਕੀ ਹੈ।

ਲੁਧਿਆਣਾ ਸ਼ਹਿਰ ਨੂੰ ਵੱਖ ਕਰ ਕੇ ਬਾਕੀ ਤਿੰਨ ਸ਼ਹਿਰਾਂ ਵਿਚ ਚੋਣਾਂ ਕਰਵਾਏ ਜਾਣ ਦੇ ਸਰਕਾਰੀ ਯਤਨ ਵਿਰੁੱਧ ਲੁਧਿਆਣਾ ਦੇ ਵਿਧਾਇਕ ਬੈਂਸ ਭਰਾ ਹਾਈ ਕੋਰਟ 'ਚ ਜਾਣ ਦੀ ਤਿਆਰੀ ਖਿੱਚੀ ਬੈਠੇ ਹਨ। ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਦੱਸਿਆ ਕਿ ਸਰਕਾਰ ਜਦ ਵੀ ਤਿੰਨ ਸ਼ਹਿਰਾਂ 'ਚ ਚੋਣਾਂ ਬਾਰੇ ਐਲਾਨ ਕਰੇਗੀ, ਉਸੇ ਸਮੇਂ ਉਹ ਸਰਕਾਰ ਦੇ ਫੈਸਲੇ ਨੂੰ ਉਚ ਅਦਾਲਤ ਵਿਚ ਚੁਣੌਤੀ ਦੇਣਗੇ।

ਵਕੀਲਾਂ ਦੇ ਪੈਨਲ ਦੀ ਸਪਸ਼ਟ ਰਾਇ ਹੈ ਕਿ ਸਰਕਾਰ ਇਕ ਸ਼ਹਿਰ ਨੂੰ ਚੋਣ ਪ੍ਰਕਿਰਿਆ ਵਿਚੋਂ ਬਿਨਾਂ ਠੋਸ ਆਧਾਰ ਦੇ ਬਾਹਰ ਨਹੀਂ ਰੱਖ ਸਕਦੀ। ਉਨ੍ਹਾਂ ਦਾ ਕਹਿਣਾ ਹੈ ਕਿ ਇਕ ਪਾਸੇ ਹਿਮਾਚਲ ਚੋਣਾਂ ਦਾ ਨਤੀਜਾ ਸਵਾ ਮਹੀਨੇ ਲਈ ਇਸ ਕਰ ਕੇ ਰੋਕ ਰੱਖਿਆ ਹੈ ਕਿ ਗੁਜਰਾਤ ਵਿਚ ਚੋਣਾਂ ਹੋਣੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਾਡੇ ਸ਼ਹਿਰ ਤਾਂ ਸਾਰੇ ਹੀ 100 ਕਿਲੋਮੀਟਰ ਦੇ ਘੇਰੇ ਵਿਚ ਹਨ, ਇਥੋਂ ਫਿਰ ਵੱਖ-ਵੱਖ ਚੋਣ ਨਤੀਜੇ ਕਿਵੇਂ ਐਲਾਨੇ ਜਾ ਸਕਦੇ ਹਨ।

ਵਾਰਡਬੰਦੀ ਮੁਕੰਮਲ ਹੋਣ ਦਾ ਬਹਾਨਾ ਵੀ ਕੋਈ ਬਹੁਤਾ ਕਾਰਗਰ ਨਹੀਂ ਕਿਉਂਕਿ ਵਾਰਡਬੰਦੀ ਪੂਰੀ ਨਾ ਹੋਣ ਕਾਰਨ ਹੀ ਤਾਂ ਪਹਿਲਾਂ 3-4 ਮਹੀਨੇ ਤੋਂ ਸਾਰੇ ਸ਼ਹਿਰਾਂ 'ਚ ਨਿਗਮ ਚੋਣਾਂ ਨਹੀਂ ਕਰਵਾਈਆਂ ਗਈਆਂ। ਹੁਣ 10-20 ਦਿਨ ਹੋਰ ਅੱਗੇ ਪੈਣ ਨਾਲ ਕੀ ਫਰਕ ਪਵੇਗਾ। ਬੈਂਸ ਭਰਾਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਚੋਣ ਹਲਕਿਆਂ ਦੀ ਵਸੋਂ ਮੁਤਾਬਕ ਤਾਂ ਵਾਰਡ ਬਣਨੇ ਚਾਹੀਦੇ ਸਨ, ਪਰ ਉਨ੍ਹਾਂ ਦੇ ਹਲਕਿਆਂ ਵਿਚ ਲਗਾਤਾਰਤਾ ਦੇ ਨਿਯਮ ਦਾ ਇੰਨਾ ਉਲੰਘਣ ਕੀਤਾ ਗਿਆ ਹੈ ਕਿ ਬਹੁਤ ਸਾਰੇ ਮੁਹੱਲੇ ਨਾਲ ਲੱਗਦੇ ਵਿਧਾਨ ਸਭਾ ਹਲਕਿਆਂ ਵਿਚ ਪੈਂਦੇ ਵਾਰਡਾਂ ਨਾਲ ਜੋੜ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਉਹ ਵਸੋਂ, ਲਗਾਤਾਰਤਾ ਤੇ ਐਸ.ਸੀ. ਵਸੋਂ ਦੇ ਵਾਰਡ ਬਣਾਉਣ ਲਈ ਤੈਅ ਕੀਤੇ ਨਿਯਮਾਂ ਦੀਆਂ ਧੱਜੀਆਂ ਉਡਾਉਣ ਵਿਰੁੱਧ ਉਚ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ। ਸਰਕਾਰੀ ਹਲਕਿਆਂ ਵਿਚ ਚਰਚਾ ਹੈ ਕਿ ਸਰਕਾਰੀ ਬੇਨਿਯਮੀਆਂ ਤੇ ਇਕੱਲੇ ਸ਼ਹਿਰ ਨੂੰ ਚੋਣ ਪ੍ਰਕਿਰਿਆ 'ਚੋਂ ਵੱਖ ਕਰਨ ਦਾ ਉਚ ਅਦਾਲਤ ਨੋਟਿਸ ਲੈ ਸਕਦੀ ਹੈ ਤੇ ਖੁਦ ਚੋਣ ਕਮਿਸ਼ਨ ਵੀ ਇਸ ਬਾਰੇ ਇਤਰਾਜ਼ ਕਰ ਸਕਦਾ ਹੈ।

# ਨਵਾਂ ਪੰਥਕ ਫਰੰਟ ਲਵੇਗਾ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਬਾਦਲਾਂ ਨਾਲ ਟੱਕਰ



**ਜਲੰਧਰ:** ਅਕਾਲ ਤਖਤ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੇਅਦਬੀ ਕਾਂਡ ਦੀ ਕੋਈ ਪੜਤਾਲ ਨਾ ਕਰਵਾਏ ਜਾਣ ਅਤੇ ਹੋਰ ਪੰਥਕ ਸੰਸਥਾਵਾਂ ਦੀ ਭੂਮਿਕਾ ਤੋਂ ਨਿਰਾਸ਼ ਆਗੂਆਂ ਨੇ ਨਵਾਂ ਪੰਥਕ ਫਰੰਟ ਬਣਾ ਲਿਆ। ਫਰੰਟ ਦੀ ਸਥਾਪਨਾ ਦਾ ਮੁੱਖ ਮੰਤਵ ਪੰਥਕ ਮੁੱਦਿਆਂ ਲਈ ਲੜਾਈ ਲੜਨਾ ਹੋਵੇਗਾ। ਜਥੇਦਾਰ ਸੁਖਦੇਵ ਸਿੰਘ ਭੌਰ ਨੂੰ ਪੰਥਕ ਫਰੰਟ ਦਾ ਬਾਨੀ ਕਨਵੀਨਰ ਥਾਪਿਆ ਗਿਆ ਹੈ। ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ ਵਿਖੇ ਹੋਈ ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੌਜੂਦਾ 22 ਮੈਂਬਰਾਂ ਅਤੇ ਸਾਬਕਾ ਮੈਂਬਰਾਂ ਨੇ ਹਾਜ਼ਰੀ ਭਰੀ। ਇਨ੍ਹਾਂ ਵਿਚੋਂ ਬਹੁਤੇ ਸ਼੍ਰੋਮਣੀ ਕਮੇਟੀ ਮੈਂਬਰ ਅਕਾਲੀ ਦਲ ਬਾਦਲ ਦੀ ਟਿਕਟ 'ਤੇ ਚੋਣ ਜਿੱਤੇ ਸਨ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ 29 ਨਵੰਬਰ ਨੂੰ ਹੋਣ ਵਾਲੀ ਚੋਣ ਲੜਨ ਦਾ ਫੈਸਲਾ ਕਰਨ ਲਈ ਇਕ 7 ਮੈਂਬਰੀ ਕਮੇਟੀ ਵੀ ਬਣਾਈ ਗਈ ਹੈ ਜਿਸ ਵਿਚ ਪੰਥ ਰਤਨ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਧੀ ਕੁਲਦੀਪ ਕੌਰ ਟੌਹੜਾ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜਿਹੜੇ ਮੀਟਿੰਗ ਵਿਚ ਵੀ ਹਾਜ਼ਰ ਸਨ।

ਪ੍ਰਧਾਨਗੀ ਦੀ ਚੋਣ ਲੜਨ ਦਾ ਫੈਸਲਾ ਕਰਨ ਤੋਂ ਪਹਿਲਾਂ ਪੰਥਕ ਫਰੰਟ ਦੇ ਨਵੇਂ ਥਾਪੇ ਗਏ ਕਨਵੀਨਰ ਜਥੇਦਾਰ ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਜਥੇਬੰਦੀ ਪੰਥਕ ਮਾਣ ਮਰਿਆਦਾ ਦੀ ਕਾਇਮੀ ਲਈ ਧਾਰਮਿਕ ਸ਼ਖਸੀਅਤਾਂ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਮੈਂਬਰਾਂ ਤੱਕ ਵੀ ਪਹੁੰਚ ਕਰੇਗੀ। ਉਨ੍ਹਾਂ ਕਿਹਾ ਪੰਥਕ ਫਰੰਟ ਕਿਸੇ ਵੀ ਸਿਆਸੀ ਸਰਗਰਮੀ ਤੋਂ ਦੂਰ ਰਹਿੰਦਿਆਂ ਨਿਰੋਲ ਪੰਥਕ ਮੁੱਦਿਆਂ ਅਤੇ ਪੰਥਕ ਸੰਸਥਾਵਾਂ ਦਾ ਵਕਾਰ ਬਹਾਲ ਕਰਵਾਉਣ ਦੀ ਲੜਾਈ ਲੜੇਗਾ ਤੇ ਇਕ ਚੌਕੀਦਾਰ ਵਜੋਂ ਕੰਮ ਕਰੇਗਾ। ਇਸ ਮੌਕੇ ਫਰੰਟ ਵੱਲੋਂ ਬਾਬਾ ਗੁਰਪ੍ਰੀਤ ਸਿੰਘ ਅਤੇ ਜਸਵੰਤ ਸਿੰਘ ਪੁੜੈਣ ਨੂੰ ਮੁੱਖ ਬੁਲਾਰੇ ਨਿਯੁਕਤ ਕੀਤਾ ਗਿਆ।

## ਭੌਰ ਵੱਲੋਂ ਅਕਾਲ ਤਖਤ ਦੇ ਜਥੇਦਾਰ ਨੂੰ ਸਵਾਲ

ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਵੱਲੋਂ ਕੀਤੇ ਖੁਲਾਸਿਆਂ ਤੋਂ ਸਾਫ ਹੋ ਗਿਆ ਹੈ ਕਿ ਕਿਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਡੇਰਾ ਸੱਚਾ ਸੌਦਾ ਮੁਖੀ ਨੂੰ ਮੁਆਫੀ ਦੇਣ ਲਈ ਡਰਾਮਾ ਰਚਿਆ ਸੀ, ਪਰ ਮਗਰੋਂ ਪੰਥਕ ਦਬਾਅ ਕਰ ਕੇ ਮੁਆਫੀਨਾਮਾ ਵਾਪਸ ਲੈਣਾ ਪਿਆ। ਉਨ੍ਹਾਂ ਕਿਹਾ ਕਿ ਜੇਕਰ ਗਿਆਨੀ ਗੁਰਮੁਖ ਸਿੰਘ ਵੱਲੋਂ ਲਾਏ ਗਏ ਦੋਸ਼ ਝੂਠੇ ਸਨ ਤਾਂ ਅਕਾਲ ਤਖਤ ਦੇ ਜਥੇਦਾਰ ਨੂੰ ਉਨ੍ਹਾਂ ਖਿਲਾਫ਼ ਕਾਰਵਾਈ ਕਰਨੀ ਚਾਹੀਦੀ ਸੀ।

# ਕੇਂਦਰੀ ਸਿੱਖ ਅਜਾਇਬਘਰ ਨੂੰ ਮਿਲੇਗੀ ਨਵੀਂ ਦਿਖ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੇਂਦਰੀ ਸਿੱਖ ਅਜਾਇਬ ਘਰ ਦਾ ਵਿਸਥਾਰ ਕੀਤਾ ਜਾ ਰਿਹਾ ਹੈ। ਇਸ ਨੂੰ ਆਉਂਦੇ ਵਰ੍ਹੇ ਵਿਸਾਖੀ ਮੌਕੇ ਵੱਡੇ ਤੇ ਮੁਕੰਮਲ ਅਜਾਇਬਘਰ ਵਜੋਂ ਸੰਗਤ ਨੂੰ ਸਮਰਪਤ ਕੀਤਾ ਜਾਵੇਗਾ। ਇਸ ਵੇਲੇ ਕੇਂਦਰੀ ਸਿੱਖ ਅਜਾਇਬਘਰ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਪ੍ਰਵੇਸ਼ ਦੁਆਰ ਘੰਟਾ ਘਰ ਵਾਲੇ ਪਾਸੇ ਉਪਰਲੀ ਮੰਜ਼ਿਲ ਉਤੇ ਸਥਾਪਤ ਹੈ। ਇਥੇ ਪੁੱਜਣ ਲਈ ਤੰਗ ਪੌੜੀਆਂ ਵਿਚੋਂ ਲੰਘਣਾ ਪੈਂਦਾ ਹੈ ਅਤੇ ਆਮ ਯਾਤਰੂਆਂ ਦਾ ਇਸ ਪਾਸੇ ਧਿਆਨ ਵੀ ਘੱਟ ਜਾਂਦਾ ਹੈ।

ਹੁਣ ਇਸ ਦਾ ਵਿਸਥਾਰ ਕੀਤਾ ਜਾ ਰਿਹਾ ਹੈ। ਇਹ ਉਪਰਲੀ ਮੰਜ਼ਿਲ ਤੋਂ ਇਲਾਵਾ ਹੁਣ ਧਰਾਤਲੀ ਮੰਜ਼ਿਲ ਉਤੇ ਵੀ ਹੋਵੇਗਾ। ਇਸ ਤੱਕ ਪੁੱਜਣ ਲਈ ਤਿੰਨ ਲਿਫਟਾਂ ਅਤੇ ਵੱਖ-ਵੱਖ ਥਾਵਾਂ ਤੋਂ ਖੁੱਲ੍ਹੀਆਂ ਪੌੜੀਆਂ ਦਾ ਵੀ ਪ੍ਰਬੰਧ ਹੋਵੇਗਾ। ਨਵੇਂ ਅਤੇ ਆਧੁਨਿਕ ਢੰਗ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਵੱਖ-ਵੱਖ ਭਾਗ ਹੋਣਗੇ ਅਤੇ ਇਨ੍ਹਾਂ ਭਾਗਾਂ ਦਾ ਵੀ ਅੱਗੇ ਵਰਗੀਕਰਨ ਹੋਵੇਗਾ। ਇਥੇ ਆਉਣ ਵਾਲੇ ਸਮੇਂ ਵਿਚ ਟੱਚ ਸਕਰੀਨ ਅਤੇ ਹੋਰ ਅਤਿ-ਆਧੁਨਿਕ ਸਾਜ਼ੋ-ਸਾਮਾਨ ਵੀ ਸਥਾਪਤ ਹੋਵੇਗਾ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਮਾਹਿਰਾਂ ਦੀ ਮਦਦ ਲਈ ਜਾ ਰਹੀ ਹੈ।

ਅਜਾਇਬਘਰ ਦੇ ਵਿਸਥਾਰ ਬਾਰੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਅਤਿ-ਆਧੁਨਿਕ ਅਜਾਇਬਘਰ ਆਉਂਦੇ ਵਰ੍ਹੇ ਵਿਸਾਖੀ ਮੌਕੇ ਸੰਗਤ ਨੂੰ ਸਮਰਪਤ ਕਰਨ ਦੀ ਯੋਜਨਾ ਬਣਾਈ ਗਈ ਹੈ। ਉਪਰਲੀ ਮੰਜ਼ਿਲ ਉਤੇ ਚੱਲ ਰਿਹਾ ਕੰਮ ਲਗਭਗ ਮੁਕੰਮਲ ਹੋ ਚੁੱਕਾ ਹੈ ਜਦੋਂਕਿ ਧਰਾਤਲੀ ਮੰਜ਼ਿਲ ਉਤੇ ਕੰਮ ਜਾਰੀ ਹੈ। ਉਨ੍ਹਾਂ ਦੱਸਿਆ ਕਿ ਨਵੇਂ ਅਜਾਇਬਘਰ ਨੂੰ ਵੱਖ-ਵੱਖ ਭਾਗਾਂ ਵਿਚ ਵੰਡ ਕੇ ਦਰਸਾਇਆ ਜਾਵੇਗਾ, ਜਿਸ ਵਿਚ ਇਕ ਭਾਗ ਗੁਰੂ ਕਾਲ ਨਾਲ ਸਬੰਧਤ, ਦੂਜਾ ਭਾਗ ਗੁਰੂ ਕਾਲ ਤੋਂ ਬਾਅਦ ਸਿੱਖ ਰਾਜ ਤੱਕ ਅਤੇ ਤੀਜਾ ਭਾਗ ਦੇਸ਼ ਦੀ ਆਜ਼ਾਦੀ ਤੱਕ ਦੇ ਕਾਲ ਨਾਲ ਸਬੰਧਤ ਹੋਵੇਗਾ। ਚੌਥਾ ਭਾਗ ਆਜ਼ਾਦੀ ਤੋਂ ਬਾਅਦ ਹੁਣ ਤੱਕ ਦੀਆਂ ਘਟਨਾਵਾਂ ਅਤੇ ਇਤਿਹਾਸ ਨੂੰ ਦਰਸਾਏਗਾ। ਇਨ੍ਹਾਂ ਭਾਗਾਂ ਵਿਚ ਅਗਾਂਹ ਹੋਰ ਵਰਗੀਕਰਨ ਹੋਵੇਗਾ, ਜਿਸ ਵਿਚ ਸਿੱਖ ਜਰਨੈਲ, ਸਿੱਖ ਸੰਤ ਤੇ ਮਹਾਂਪੁਰਸ਼, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਮੈਂਬਰ, ਸਿੱਖ ਸੰਘਰਸ਼ ਦੇ




ਯੋਧੇ ਤੇ ਹੋਰਨਾਂ ਦੇ ਇਤਿਹਾਸ ਨੂੰ ਦਰਸਾਇਆ ਜਾਵੇਗਾ। ਇਸੇ ਤਰ੍ਹਾਂ ਇਕ ਭਾਗ ਵਿਚ ਗੁਰੂ ਕਾਲ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਅਹਿਮ ਵਸਤਾਂ, ਹੱਥ ਲਿਖਤ ਖਰੜੇ ਤੇ ਹੋਰ ਅਹਿਮ ਦਸਤਾਵੇਜ਼ ਰੱਖੇ ਜਾਣਗੇ।

ਇਨ੍ਹਾਂ ਦੀ ਸਾਂਭ-ਸੰਭਾਲ ਅਤੇ ਪ੍ਰਦਰਸ਼ਨ ਵਾਸਤੇ ਮਾਹਿਰਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। 1958 ਵਿਚ ਸਥਾਪਤ ਕੀਤਾ ਗਿਆ ਕੇਂਦਰੀ ਸਿੱਖ ਅਜਾਇਬਘਰ ਲਗਭਗ 6 ਹਜ਼ਾਰ ਵਰਗ ਫੁੱਟ ਥਾਂ ਵਿਚ ਹੈ ਜਦੋਂਕਿ ਵਿਸਥਾਰ ਹੋਣ ਮਗਰੋਂ ਇਹ ਦੋ ਗੁਣਾ ਰਕਬੇ ਵਿਚ ਹੋ ਜਾਵੇਗਾ। ਧਰਾਤਲੀ ਮੰਜ਼ਿਲ ਦਾ ਵੱਡਾ ਹਿੱਸਾ ਇਸ ਵਿਚ ਸ਼ਾਮਲ ਕੀਤਾ ਗਿਆ ਹੈ, ਜਿਥੇ ਨਵ ਉਸਾਰੀ ਦਾ ਕੰਮ ਤੇਜ਼ੀ ਨਾਲ ਜਾਰੀ ਹੈ। ਬਜ਼ੁਰਗਾਂ ਤੇ ਹੋਰਨਾਂ ਵਾਸਤੇ ਦੋ ਲਿਫਟਾਂ ਵੀ ਲਾਉਣ ਦਾ ਪ੍ਰਬੰਧ ਕੀਤਾ ਗਿਆ ਹੈ ਜਦੋਂਕਿ ਤੀਜੀ ਲਿਫਟ ਲਈ ਥਾਂ ਰਾਖਵੀਂ ਰੱਖੀ ਗਈ ਹੈ। ਮੌਜੂਦਾ ਪੌੜੀਆਂ ਦਾ ਵੀ ਵਿਸਥਾਰ ਹੋਵੇਗਾ। ਇਸ ਤੋਂ ਇਲਾਵਾ ਪਰਿਕਰਮਾ ਵਿਚ ਵੀ ਪੌੜੀਆਂ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਸ਼ਰਧਾਲੂ ਪਰਿਕਰਮਾ ਵਿਚੋਂ ਵੀ ਅਜਾਇਬਘਰ ਵਿਚ ਜਾ ਸਕਣ।

## ਸੂਚਨਾ ਕੇਂਦਰ ਦਾ ਵਿਆਪਕ ਵਿਸਥਾਰ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਪ੍ਰਵੇਸ਼ ਦੁਆਰ ਦੇ ਸਾਹਮਣੇ ਬਣੇ ਪਲਾਜ਼ਾ ਤੋਂ ਬਾਅਦ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਯਾਤਰੂਆਂ ਲਈ ਬਣਾਏ ਗਏ ਸੂਚਨਾ ਕੇਂਦਰ ਦਾ ਵਿਸਥਾਰ ਕੀਤਾ ਗਿਆ ਹੈ। ਇਸ ਵਿਚ ਹੁਣ ਯਾਤਰੂਆਂ ਨੂੰ ਜਾਣਕਾਰੀ ਦੇਣ ਲਈ ਵਧੇਰੇ ਕਮਰੇ ਅਤੇ ਬਹੁ-ਭਾਸ਼ਾਈ ਅਮਲਾ ਸ਼ਾਮਲ ਹੈ। ਮੁੱਖ ਪ੍ਰਵੇਸ਼ ਦੁਆਰ ਨੇੜੇ ਬਣੇ ਨਵੇਂ ਸੂਚਨਾ ਕੇਂਦਰ ਵਿਚ ਜ਼ਮੀਨਦੋਜ਼ ਅਤੇ ਧਰਾਤਲੀ ਹਿੱਸੇ ਉਤੇ ਕੁੱਲ ਪੰਜ ਲਾਊਂਜ ਤਿਆਰ ਕੀਤੇ ਗਏ ਹਨ। ਇਨ੍ਹਾਂ ਵਿਚੋਂ ਦੋ ਜ਼ਮੀਨਦੋਜ਼ ਹਨ। ਹਰੇਕ ਕਮਰੇ ਵਿਚ 30 ਤੋਂ ਵੱਧ ਯਾਤਰੂਆਂ ਨੂੰ ਬਿਠਾ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਦੀ ਸਮਰੱਥਾ ਹੈ।

## ਰੁਮਾਲਿਆਂ ਦੀ ਬੇਅਦਬੀ ਉਤੇ ਦੁਖ ਦਾ ਪ੍ਰਗਟਾਵਾ

**ਅੰਮ੍ਰਿਤਸਰ:** ਅਮਰੀਕਾ ਦੇ ਗੁਰਦੁਆਰਿਆਂ ਵਿਚ ਸੰਗਤ ਵੱਲੋਂ ਭੇਟ ਕੀਤੇ ਰੁਮਾਲਿਆਂ ਨੂੰ ਕੂੜੇ ਦੇ ਡੱਬੇ ਵਿਚ ਸੁੱਟੇ ਜਾਣ ਦੀ ਵਾਇਰਲ ਹੋਈ ਇਕ ਵੀਡੀਓ ਉਤੇ ਸ਼੍ਰੋਮਣੀ ਕਮੇਟੀ ਨੇ ਡੂੰਘਾ ਦੁੱਖ ਪ੍ਰਗਟਾਇਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅਜਿਹੀ ਕਾਰਵਾਈ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ ਹੈ। ਰੁਮਾਲੇ ਗੁਰੂ ਗ੍ਰੰਥ ਸਾਹਿਬ ਲਈ ਵਰਤੇ ਜਾਂਦੇ ਹਨ, ਜਿਨ੍ਹਾਂ ਨੂੰ ਇਸ ਤਰ੍ਹਾਂ ਕੂੜੇ ਵਿਚ ਸੁੱਟਣਾ ਉਚਿਤ ਨਹੀਂ।

# ਕੇਂਦਰੀ ਸਿੱਖ ਅਜਾਇਬਘਰ 'ਚ ਲੱਗੀ ਸਤਵੰਤ ਸਿੰਘ ਕਾਲੇਕਾ ਦੀ ਤਸਵੀਰ



**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਾਰ ਪ੍ਰਮੁੱਖ ਸ਼ਖਸੀਅਤਾਂ ਦੀਆਂ ਤਸਵੀਰਾਂ ਸਥਾਪਤ ਕੀਤੀਆਂ ਗਈਆਂ। ਇਨ੍ਹਾਂ ਵਿਚ ਅਕਾਲੀ ਲਹਿਰ ਦੇ ਆਗੂ ਅਤੇ ਮਾਲਵਾ ਦਾ ਇਤਿਹਾਸ ਲਿਖਣ ਵਾਲੇ ਬਾਬਾ ਵਿਸਾਖਾ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਬਖਸ਼ੀਸ਼ ਸਿੰਘ, ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਬੀਬੀ ਜਸਬੀਰ ਕੌਰ ਖਾਲਸਾ ਤੇ ਗੁਰਦੁਆਰਾ ਸਿੱਖ ਟੈਂਪਲ ਮਿਲਵਾਕੀ ਵਿਖੇ ਹੋਏ ਹਮਲੇ ਦੌਰਾਨ ਸੰਗਤਾਂ ਨੂੰ ਬਚਾਉਣ ਲਈ ਸ਼ਹੀਦ ਹੋਏ ਭਾਈ ਸਤਵੰਤ ਸਿੰਘ ਕਾਲੇਕਾ ਦੀਆਂ ਤਸਵੀਰਾਂ ਸ਼ਾਮਲ ਹਨ।

ਇਨ੍ਹਾਂ ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਨਿਭਾਈ। ਚਾਰੇ ਸ਼ਖਸੀਅਤਾਂ ਦੇ ਪਰਿਵਾਰਕ ਮੈਂਬਰਾਂ ਨੂੰ ਗਿਆਨੀ ਗੁਰਬਚਨ ਸਿੰਘ, ਪ੍ਰੋ. ਬਡੂੰਗਰ ਅਤੇ ਗਿਆਨੀ ਜਗਤਾਰ ਸਿੰਘ ਵੱਲੋਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

## ਹਜ਼ੂਰ ਸਾਹਿਬ ਲਈ ਹਵਾਈ ਸੇਵਾ ਬਾਰੇ ਦਾਅਵੇ ਹਵਾ

**ਚੰਡੀਗੜ੍ਹ:** ਕੌਮਾਂਤਰੀ ਹਵਾਈ ਅੱਡਾ ਚੰਡੀਗੜ੍ਹ ਤੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ ਵਾਇਆ ਮੁੰਬਈ ਕੁਨੈਕਟਿੰਗ ਹਵਾਈ ਸੇਵਾ ਜੋ 15 ਨਵੰਬਰ 2017 ਤੋਂ ਸ਼ੁਰੂ ਹੋਣ ਦਾ ਵਾਅਦਾ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਕੀਤਾ ਗਿਆ ਸੀ, ਉਸ ਨੂੰ ਅਮਲੀਜਾਮਾ ਨਹੀਂ ਪਹਿਨਾਇਆ ਜਾ ਸਕਿਆ।

ਜ਼ਿਕਰਯੋਗ ਹੈ ਕਿ ਪ੍ਰੋ. ਚੰਦੂਮਾਜਰਾ ਨੇ ਕੁਝ ਦਿਨ ਪਹਿਲਾਂ ਐਲਾਨ ਕੀਤਾ ਸੀ ਕਿ 15 ਨਵੰਬਰ ਤੋਂ ਹਵਾਈ ਸੇਵਾ ਦੇ ਸ਼ੁਰੂ ਹੋਣ ਨਾਲ ਖਾਲਸਾ ਪੰਥ ਦੀ ਲੰਮੇ ਸਮੇਂ ਦੀ ਇੱਛਾ ਪੂਰੀ ਹੋਵੇਗੀ। ਉਨ੍ਹਾਂ ਦਾਅਵਾ ਕੀਤਾ ਸੀ ਕਿ ਲੋਕ ਸਭਾ ਅੰਦਰ ਉਨ੍ਹਾਂ ਵੱਲੋਂ ਵਾਰ-ਵਾਰ ਇਹ ਮਸਲਾ ਉਠਾਉਣ ਅਤੇ ਵਾਰ-ਵਾਰ ਸਬੰਧਤ ਮੰਤਰੀਆਂ ਨੂੰ ਮਿਲਣ ਨਾਲ ਲਗਾਤਾਰ ਕੋਸ਼ਿਸ਼ਾਂ ਨੂੰ ਬੂਰ ਪਿਆ ਹੈ।

## ਸ਼੍ਰੋਮਣੀ ਕਮੇਟੀ ਨੇ ਮਨਾਇਆ 97ਵਾਂ ਸਥਾਪਨਾ ਦਿਵਸ

**ਅੰਮ੍ਰਿਤਸਰ:** 1920 ਵਿਚ ਸਥਾਪਤ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 97ਵਾਂ ਸਥਾਪਨਾ ਦਿਵਸ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਮਨਾਇਆ ਗਿਆ। ਇਸ ਮੌਕੇ ਕਮੇਟੀ ਦੀ ਸੇਵਾ ਕਰਨ ਵਾਲੇ ਤਿੰਨ ਸਾਬਕਾ ਕਰਮਚਾਰੀਆਂ ਦਾ ਸਨਮਾਨ ਵੀ ਕੀਤਾ ਗਿਆ।

ਸਥਾਪਨਾ ਦਿਵਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ, ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਪੁੱਜੇ ਹੋਏ ਸਨ। ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਸਥਾਪਨਾ ਦਿਵਸ ਦੀ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ।

ਉਨ੍ਹਾਂ ਆਖਿਆ ਕਿ ਗੁਰੂ ਸਾਹਿਬਾਨ ਦੇ ਸਿਧਾਂਤਾਂ ਦੀ ਰੌਸ਼ਨੀ ਹੇਠ ਕੌਮ ਵਿਚ ਇਕਜੁੱਟਤਾ ਜ਼ਰੂਰੀ ਹੈ। ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਡੀ ਭੂਮਿਕਾ ਨਿਭਾ ਰਹੀ ਹੈ।

ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਸਿੱਖ ਸੰਸਥਾ ਦੀ ਸਥਾਪਨਾ ਗੁਰੂ ਘਰਾਂ ਦਾ ਪ੍ਰਬੰਧ ਸੰਗਤੀ ਹੱਥਾਂ ਵਿਚ ਲੈਣ ਦਾ ਸਫਰ ਹੈ, ਜਿਸ ਤਹਿਤ ਸਿੱਖ ਕੌਮ ਨੂੰ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ ਹਨ।

# ਅੱਲਾ ਮੀਆਂ ਤੋਂ ਦਾਨੇ ਵੀ ਮੰਗੀਏ ਤੇ ਸਾਹ ਵੀ

## ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com


ਇਸ ਹਫਤੇ ਮੈਂ ਦਿੱਲੀ ਗਿਆ ਤਾਂ ਦੋਪਹੀਆ ਵਾਹਨਾਂ ਦੇ ਚਾਲਕ, ਸਕੂਲਾਂ-ਕਾਲਜਾਂ ਦੇ ਵਿਦਿਆਰਥੀ ਅਤੇ ਸੈਰ ਕਰਨ ਵਾਲੇ ਬਜ਼ੁਰਗਾਂ ਨੇ ਮਾਸਕ ਪਹਿਨੇ ਹੋਏ ਸਨ। ਕਾਰ ਦੇ ਸ਼ੀਸ਼ੇ ਖੋਲ੍ਹਿਆਂ ਅਜੀਬ ਤਰ੍ਹਾਂ ਦੀ ਦੁਰਗੰਧ ਆ ਰਹੀ ਸੀ। ਪ੍ਰਦੂਸ਼ਣ ਨੇ ਸਾਰੀ ਵਸੋਂ ਨੂੰ ਲਪੇਟ ਵਿਚ ਲੈ ਰੱਖਿਆ ਸੀ। ਮਾਹਿਰਾਂ ਦਾ ਕਹਿਣਾ ਹੈ ਕਿ ਮੀਂਹ ਨਾ ਪੈਣ ਕਾਰਨ ਜ਼ਹਿਰੀਲੀ ਧੁੰਦ ਸਤਾਹ ਤੋਂ ਉਤੇ ਨਹੀਂ ਉਠ ਰਹੀ। ਇਸ ਵਿਚ ਅੱਠ ਤਰ੍ਹਾਂ ਦੇ ਜ਼ਹਿਰੀਲੇ ਕਣ ਹਾਜ਼ਰ ਹਨ। ਅਮੋਨੀਆ ਗੈਸ ਅੱਖਾਂ ਵਿਚ ਜਲਣ ਪੈਦਾ ਕਰਕੇ ਅੱਥਰੂ ਵੀ ਕੱਢਦੀ ਹੈ। ਛੂਤ ਰੋਗ ਵਧ ਰਹੇ ਹਨ। ਫੇਫੜਿਆਂ 'ਤੇ ਮਾੜਾ ਅਸਰ ਲਾਜ਼ਮੀ ਹੈ।

ਖੇਤਾਂ ਵਿਚ ਲਾਈ ਜਾ ਰਹੀ ਅੱਗ, ਕਾਰਖਾਨਿਆਂ ਦਾ ਧੂੰਆਂ, ਵਾਹਨਾਂ ਦੇ ਧੂੰਏ ਵਿਚਲੀ ਨਾਈਟ੍ਰੋਜਨ ਆਕਸਾਈਡ ਦਮੇ ਤੇ ਟੀ.ਬੀ. ਦੇ ਰੋਗੀਆਂ ਲਈ ਬੇਹੱਦ ਹਾਨੀਕਾਰਕ ਹਨ। ਵੱਧ ਤੋਂ ਵੱਧ ਪਾਣੀ ਪੀਣ ਅਤੇ ਧੁੱਪ ਨਿਕਲਿਆਂ ਸੈਰ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਲੰਮੇ ਸਮੇਂ ਦੇ ਰੋਗੀਆਂ ਨੂੰ ਹਦਾਇਤ ਹੈ ਕਿ ਦਵਾਈ ਖਾਣੀ ਨਾ ਭੁੱਲਣ। ਪੰਜਾਬ ਵਿਚ ਬਾਰਿਸ਼ ਦੇ ਬਾਵਜੂਦ ਹਵਾ ਵਿਚ ਧੂੰਆਂਖੀ ਧੁੰਦ (ਸਮੋਗ) ਕਾਇਮ ਹੈ। ਤਿਉਹਾਰਾਂ ਦੇ ਪਟਾਕੇ ਤੇ ਪਰਾਲੀ ਸਾੜਨ ਦਾ ਧੂੰਆਂ ਇਸ ਵਿਚ ਵਾਧਾ ਕਰਦਾ ਹੈ। ਮੇਰੇ ਬਚਪਨ ਵਿਚ ਅਸੀਂ 'ਰੱਬਾ ਰੱਬਾ ਮੀਂਹ ਵਸਾ, ਸਾਡੀ ਕੋਠੀ ਦਾਣੇ ਪਾ' ਗਾਉਂਦੇ ਹੁੰਦੇ ਸਾਂ। ਮਾਪਿਆਂ ਦਾ ਫਰਜ਼ ਬਣਦਾ ਹੈ 'ਸਾਡੀ ਕੋਠੀ ਦਾਣੇ ਪਾ' ਦੀ ਥਾਂ 'ਸਾਡੇ ਸਾਹਾਂ ਨੂੰ ਚੋਗਾ ਪਾ' ਜੋੜ ਦੇਣ। ਕੋਠੀ ਦੇ ਦਾਣਿਆਂ ਨਾਲੋਂ ਸਾਹਾਂ ਦੀ ਲੋੜ ਅਹਿਮ ਹੈ।

**ਨਿਵੇਕਲੀ ਲਿਖਣ ਸ਼ੈਲੀ ਦਾ ਬਾਦਸ਼ਾਹ ਗੁਰਬਚਨ:** ਇਨ੍ਹੀਂ ਦਿਨੀਂ ਚੰਡੀਗੜ੍ਹ ਸਾਹਿਤ ਅਕਾਡਮੀ ਨੇ 'ਸਾਹਿਤ ਦੇ ਸਿਕੰਦਰ' (1995) ਤੇ 'ਮਹਾਂਯਾਤਰਾ' (2015) ਵਰਗੀਆਂ ਅੱਧੀ ਦਰਜਨ ਹੋਰ ਪੁਸਤਕਾਂ ਦੇ ਲੇਖਕ ਗੁਰਬਚਨ ਨਾਲ ਰੂ-ਬ-ਰੂ ਪ੍ਰੋਗਰਾਮ ਰਚਾਇਆ ਜਿਸ ਵਿਚ ਉਸ ਨੇ ਆਪਣੇ ਜੀਵਨ ਦੇ ਅਨੇਕ ਭੇਤਾਂ ਤੋਂ ਬਿਨਾ ਆਪਣੀਆਂ ਰਚਨਾਵਾਂ ਦੇ ਕੁਝ ਅੰਸ਼ ਵੀ ਸੁਣਾਏ।



ਸ਼ਿਵ ਕੁਮਾਰ ਬਟਾਲਵੀ

ਪੇਸ਼ ਹਨ ਦੋ-ਤਿੰਨ ਪੈਰੇ ਜੋ ਪਿਛਲੀ ਸਦੀ ਦੇ ਮਹਾਂਰਥੀਆਂ-ਗੁਰਬਖਸ਼ ਸਿੰਘ ਪ੍ਰੀਤਲੜੀ, ਭਾਈ ਜੋਧ ਸਿੰਘ, ਗੁਰਮੁਖ ਸਿੰਘ ਮੁਸਾਫਰ, ਸੰਤ ਸਿੰਘ ਸੇਖੋਂ, ਬਰਕਤ ਰਾਮ ਯੁਮਨ, ਬਲਵੰਤ ਗਾਰਗੀ, ਸ਼ਿਵ ਕੁਮਾਰ ਤੇ ਤਾਰਾ ਸਿੰਘ ਦੇ ਚਿਹਨ ਚਕਰ ਹੀ ਨਹੀਂ ਉਭਾਰਦੇ, ਲੇਖਕ ਦੀ ਸ਼ਬਦ ਚੋਣ, ਵਾਕ ਬਣਤਰ ਤੇ ਸ਼ੈਲੀ ਤੋਂ ਵੀ ਜਾਣੂੰ ਕਰਵਾਉਂਦੇ ਹਨ:

"ਸਾਲ 1960 ਤੇ ਅੰਬਾਲਾ ਸ਼ਹਿਰ ਵਿਚ ਹੋ ਰਹੀ ਪੰਜਾਬੀ ਕਾਨਫਰੰਸ ਦਾ ਆਖਰੀ ਦਿਨ। ਕਵੀ ਦਰਬਾਰਾਂ ਦੇ ਪਹਿਲਵਾਨ ਮੰਚ 'ਤੇ ਸਜੇ ਹਨ। ਸਰੋਤਿਆਂ ਦੀ ਸਲਤਨਤ ਵਿਚ ਪੰਜਾਬੀ ਦੇ ਨਿੱਕੇ ਵੱਡੇ ਸਾਰੇ ਲੇਖਕ ਮੌਜੂਦ ਹਨ-ਭਾਈ ਜੋਧ ਸਿੰਘ, ਗੁਰਬਖਸ਼ ਸਿੰਘ 'ਪ੍ਰੀਤ ਲੜੀ' ਤੇ ਸੰਤ ਸਿੰਘ ਸੇਖੋਂ ਸਮੇਤ। ਮਈ ਦੇ ਦਿਨਾਂ ਦੀ ਗੱਲ ਹੈ ਇਹ। ਪੰਡਿਤ ਨਹਿਰੂ ਇਕ ਦਿਨ ਪਹਿਲਾਂ ਕਿਸੇ ਉਦਘਾਟਨ ਲਈ ਪੰਜਾਬ ਆਏ ਤਾਂ ਗੁਰਮੁਖ ਸਿੰਘ ਮੁਸਾਫਰ ਉਨ੍ਹਾਂ ਨਾਲ ਜਹਾਜ਼ ਵਿਚ ਬੈਠ ਗਏ। ਪੰਡਿਤ ਜੀ ਦਾ ਦੌਰਾ ਭੁਗਤਾ ਕੇ ਮੁਸਾਫਰ ਸਾਹਿਬ ਕਵੀ ਦਰਬਾਰ ਦੀ ਪ੍ਰਧਾਨਗੀ ਕਰਨ ਅੰਬਾਲੇ ਪੁਜ ਗਏ।

ਡਾ. ਪਿਆਰ ਸਿੰਘ ਨੇ ਮੈਨੂੰ ਹੌਲੀ ਜਿਹੀ ਕਿਹਾ ਕਿ ਮੈਂ ਮੰਚ ਸਕੱਤਰ ਨੂੰ ਦੱਸਾਂ ਕਿ ਸ਼ਿਵ ਬਟਾਲਵੀ ਇਕ ਕੋਨੇ 'ਚ ਬੈਠਾ ਹੈ, ਉਹ ਉਸ ਨੂੰ ਪਹਿਲਾਂ ਬੁਲਾ ਲਵੇ, ਕਿਉਂਕਿ ਕਵੀ ਦਰਬਾਰ ਦਾ ਮਾਹੌਲ ਬੱਝ ਨਹੀਂ ਰਿਹਾ। ਇਸ ਨਾਂ ਵਾਲੇ ਕਵੀ ਨੂੰ ਮੈਂ ਪਿਛਲੇ ਸਾਲ (1959 ਵਿਚ) ਅੰਮ੍ਰਿਤਸਰ ਦੇ ਕੰਪਨੀ ਬਾਗ ਵਿਚ ਹੋਏ ਕਵੀ ਦਰਬਾਰ ਵਿਚ ਸੁਣ ਚੁਕਾ ਸਾਂ। ਉਹ ਸ਼ਿਵ ਦਾ ਪਹਿਲਾ ਕਵੀ ਦਰਬਾਰ ਸੀ। ਉਦੋਂ ਇੰਜ ਜ਼ਾਹਰ ਹੁੰਦਾ ਸੀ ਜਿਵੇਂ ਉਹ ਬਰਕਤ ਰਾਮ 'ਯੁਮਨ' ਦਾ ਸ਼ਾਗਿਰਦ ਹੋਵੇ। ਮੈਂ ਜਦੋਂ ਮੰਚ ਸਕੱਤਰ ਨੂੰ ਸ਼ਿਵ ਬਾਰੇ ਹੌਲੀ ਜਿਹੀ ਕਿਹਾ ਤਾਂ ਉਸ ਨੇ ਮੰਚ ਉਤੇ ਸਾਰੇ ਪਾਸੇ ਨਜ਼ਰ ਦੁੜਾਈ ਤੇ ਕਿਹਾ, 'ਕਿਹੜਾ ਸ਼ਿਵ?'

'ਸ਼ਿਵ ਬਟਾਲਵੀ।' ਮੈਂ ਦਸਿਆ।

ਉਸ ਕਿਹਾ, 'ਕਿਹੜਾ ਬਟਾਲਵੀ?'

ਜਦੋਂ ਸ਼ਿਵ ਬਟਾਲਵੀ ਦਾ ਨਾਂ ਬੋਲਿਆ ਗਿਆ ਤਾਂ ਸਰੋਤਿਆਂ ਵਿਚ ਹਲਕੀ ਜਿਹੀ ਕਾਨਾਫੂਸੀ ਸਫਰ ਕਰ ਗਈ। ਕਈ ਸਾਲਾਂ ਤੋਂ ਕਵੀ ਦਰਬਾਰਾਂ ਵਿਚ ਉਹੀ ਨਾਂ, ਉਹੀ ਕਵਿਤਾ, ਉਹੀ ਅਦਾ ਚਲਦੀ ਆ ਰਹੀ ਸੀ। ਮੰਚ ਉਤੇ ਬੈਠਾ ਕੋਈ ਕਵੀ ਦੂਜੇ ਕਵੀ ਦੇ ਕੰਨ ਵਿਚ ਹੌਲੇ ਜਿਹੇ ਨਜ਼ਮ ਸੁਣਾਉਣ ਵਾਲੇ ਨੂੰ ਠਿੱਠ ਕਰ ਦਿੰਦਾ ਅਤੇ ਨਾਲੇ ਅਚਾਨਕ ਹੱਥ ਉਤੇ ਕਰਕੇ ਦਾਦ ਵੀ ਉਸ ਵੱਲ ਵਗਾਹ ਮਾਰਦਾ। ਜਿਸ ਕਵਿਤਾ ਵਿਚ ਲਤੀਫੇ ਵੱਧ ਹੁੰਦੇ, ਉਹ ਹਿੱਟ ਜਾਂਦੀ। ਕੋਈ ਪੰਜਵੇਂ ਸ਼ੇਅਰ 'ਤੇ ਹਿੱਕ ਹਿਲਾ ਕੇ ਕਹਿੰਦਾ, 'ਮੁਸਾਫਰ ਸਾਹਿਬ, ਜ਼ਰਾ ਧਿਆਨ ਦੇਣਾ।' ਮੁਸਾਫਰ ਸਾਹਿਬ ਦੀ ਚਿੱਟੀ ਨਾਈਲੋਨ ਵਰਗੀ ਦਾਹੜੀ ਇਕ ਦਮ ਉਤਾਂਹ ਉਠ ਕੇ ਕਵੀ ਵਲ ਪਾਸਾ ਪਰਤਦੀ। ਅਜਿਹੇ ਮਾਹੌਲ ਵਿਚ ਇਕ ਬਾਈ ਸਾਲਾਂ ਦਾ ਲੰਮਾ ਸੁਨੱਖਾ ਯੁਵਕ ਬਤਖ ਰੰਗੇ ਕੁੜਤੇ-ਪਜਾਮੇ ਵਿਚ ਚਿਹਰੇ 'ਤੇ ਚੁਪ ਪਸਾਰੀ ਮਾਈਕ ਅੱਗੇ ਜਾ ਖੜ੍ਹਾ ਹੋਇਆ ਤਾਂ ਕਵੀਆਂ ਨੇ ਮਾਸਟਰਾਂ ਵਾਲੇ ਅੰਦਾਜ਼ ਵਿਚ ਨਜ਼ਰ ਉਸ ਵਲ ਵੱਟ, ਜਾਇਜ਼ਾ ਲਿਆ।

ਸ਼ਿਵ ਕੁਮਾਰ ਨੇ ਅੱਖਾਂ ਮੁੰਦ ਲਈਆਂ। ਜ਼ੁਲਫ ਦਾ ਕੁੰਡਲ ਡਿਉੜਾ ਹੋ ਗਿਆ। ਚਿਹਰਾ ਹਲਕਾ ਜਿਹਾ ਹਰਕਤ 'ਚ ਆਇਆ। ਰੱਤ 'ਚੋਂ ਹੂਕ ਨਿਕਲੀ, 'ਮਾ...ਏ...ਏ...ਨੀ...ਮਾਏ।' ਕੁੜੀਆਂ ਦੇ ਦਿਲਾਂ ਦੀ ਟਿਕਟਕੀ ਰੁਕ ਗਈ। ਚਿਹਰੇ ਸੁੰਨ ਹੋ ਗਏ। 'ਬਿਰਹੋਂ ਦੀ...ਰੜ...ਕ ਪ...ਵੇ' ਤਕ ਮੁਦਰਾ ਵਿਚ ਆਇਆ ਸੱਜਾ ਹੱਥ ਸੱਪ ਦੇ ਫੰਨ ਵਾਂਗ ਘੁੰਮ ਗਿਆ। ਹੂਕ ਸ਼ਾਮਿਆਨਿਆਂ ਨੂੰ ਚੀਰ ਕੇ ਹਵਾ ਨੂੰ ਵਿੰਨ੍ਹ ਗਈ। ਚਿੜੀਆਂ ਦੇ ਦਿਲ ਹਿਲ ਗਏ। ਕਬਰਾਂ ਦੇ ਸੀਨੇ ਕੰਬ ਉਠੇ।

ਸ਼ਿਵ ਕੁਮਾਰ ਕਾਵਿ ਮੰਚਾਂ ਦਾ ਰਾਜਕੁਮਾਰ ਬਣ ਗਿਆ।"

ਹੁਣ ਇੱਕ ਪੈਰਾ ਬਲਵੰਤ ਗਾਰਗੀ ਬਾਰੇ। ਉਸ ਦੀ ਪੈਂਠ, ਪੇਸ਼ਕਾਰੀ ਤੇ ਖੁਲ੍ਹਦਿਲੀ ਬਾਰੇ, ਜਿਸ ਨੂੰ ਗੁਰਬਚਨ ਪਾਰਦਰਸ਼ੀ, ਫਿਲਮੀ, ਕਮਰਸ਼ਲ, ਰੰਗ-ਬਰੰਗੀ ਤੇ ਸਫਲ ਕਹਿੰਦਾ ਹੈ। ਗਾਰਗੀ ਦਾ ਕਥਨ ਦਿੰਦਾ ਹੈ, "ਇਹ ਜੋ ਕਹਿੰਦੇ ਫਿਰਦੇ ਨੇ ਸਮਾਜ...ਮਨੁੱਖ...ਸਥਿਤੀ। ਕੀ ਹੈ ਮਨੁੱਖੀ ਸਥਿਤੀ? ਜੋ ਮੈਂ ਜਿਉਂਦਾ ਹਾਂ, ਜਿੰਦਾਂ ਜਿਉਂਦਾ ਹਾਂ, ਕੀ ਇਹ ਮਨੁੱਖੀ ਸਥਿਤੀ ਨਹੀਂ? ਜੇ ਮੇਰੇ ਘਰ ਕੋਈ ਕੰਜਰੀ ਆਉਂਦੀ ਹੈ, ਮੇਰੇ 'ਚ ਕਾਮ ਦੀ ਭੁੱਖ ਹੈ, ਇਹ ਹੈ ਮਨੁੱਖੀ ਸਥਿਤੀ। ਮੇਰੇ ਘਰ 'ਚ ਇਕ ਦਿਨ ਤਾਰਾ ਸਿੰਘ ਤੇ ਗੁਲਜ਼ਾਰ ਆ ਗਏ। ਜੇਬ 'ਚ ਸ਼ਰਾਬ ਦਾ ਅਧੀਆ, ਹੱਥਾਂ 'ਚ ਤਲੀ ਮੱਛੀ ਦਾ ਪੁੜਾ, 1964 ਦੀ ਗੱਲ ਹੈ। ਬੈਠੇ ਖਾ ਪੀ ਰਹੇ ਸਨ ਕਿ ਕੋਨੇ 'ਚ ਚੋਰ ਦਿਖਾਈ ਦਿੱਤਾ, ਹਨੇਰੇ 'ਚ ਲੁਕਿਆ ਹੋਇਆ। ਫੜ ਕੇ ਬਿਠਾ ਲਿਆ। ਪਤਾ ਲੱਗਾ, ਉਹ ਮੁਸਲਮਾਨ ਸੀ। ਉਹਨੂੰ ਸੁਆਲ ਪੁੱਛਦੇ ਤਾਰਾ ਸਿੰਘ ਤੇ ਗੁਲਜ਼ਾਰ ਖਿੜਖਿੜਾ ਕੇ ਹੱਸਦੇ। ਕਹਿੰਦੇ, 'ਓਏ, ਮੁਸਲਮਾਨ ਹੋ ਕੇ ਚੋਰੀ ਕਰਦੈਂ, ਦੁਰਫਿੱਟੇ ਮੂੰਹ ਤੇਰੇ।'

ਤਾਰਾ ਸਿੰਘ ਨੇ ਗਲਾਸ 'ਚ ਵਿਸਕੀ ਪਾ ਕੇ ਚੋਰ ਨੂੰ ਫੜਾਈ ਤੇ ਕਹਿਣ ਲੱਗਾ, 'ਅਸੀਂ ਚੋਰ ਫੜਨ ਵਾਲੇ ਜ਼ਰੂਰ ਆਂ, ਪਰ ਕਮੀਨੇ ਨਹੀਂ। ਲੈ ਇਕ ਛਿੱਟ ਤੂੰ ਵੀ ਛੱਕ, ਫਿਰ ਪੁਲਿਸ ਦੇ ਹਵਾਲੇ ਕਰਦੇ ਆਂ। ਘੜੀ ਅਨੰਦ ਲੈ, ਫਿਰ ਤਾਂ ਤੈਨੂੰ ਪੁਲਿਸ ਨੇ ਛਿੱਤਰ ਹੀ ਮਾਰਨੇ ਆਂ।' ਚੋਰ ਹੱਸ ਪਿਆ। ਇਹ ਹੈ ਮਨੁੱਖੀ ਸਥਿਤੀ।" ਏਨਾ ਕਹਿ ਕੇ ਗਾਰਗੀ ਚੁਪ ਹੋ ਜਾਂਦਾ ਹੈ। ਬਿਲਕੁਲ ਚੁੱਪ।

**ਅੰਤਿਕਾ: ਸੁਖਵਿੰਦਰ ਅੰਮ੍ਰਿਤ**

ਮੈਂ ਇਓਂ ਤੜਪਾਂ, ਮੈਂ ਇਓਂ ਸਿਸਕਾਂ,
ਇਓਂ ਦੇਵਾਂ ਸਦਾ ਉਸ ਨੂੰ,
ਮੇਰਾ ਦਰਿਆ, ਮੇਰੀ ਖਾਤਰ,
ਸਮੁੰਦਰ 'ਚੋਂ ਵੀ ਮੁੜ ਆਵੇ।

# ਮਨੁੱਖੀ ਹੱਕ ਨਿਰੇ ਸਿੱਖ ਹੱਕ ਨਹੀਂ

***ਆਰ.ਐਸ.ਐਸ. ਆਗੂਆਂ ਦੇ ਕਤਲਾਂ ਦੇ ਇਲਜ਼ਾਮ ਵਿਚ ਕੁਝ ਕਥਿਤ ਸਾਜ਼ਿਸ਼ਕਾਰਾਂ ਸਮੇਤ ਇਕ ਬਰਤਾਨਵੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਕੈਨੇਡੀਅਨ ਸੰਸਦ ਮੈਂਬਰਾਂ ਨੇ ਸਖ਼ਤ ਨਿਖੇਧੀ ਕਰਦਿਆਂ ਉਸ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਹੈ। ਉਹ 1984 ਦੇ ਕਤਲੇਆਮ ਅਤੇ ਸਿੱਖ ਕੈਦੀਆਂ ਦੇ ਮੁੱਦੇ ਵੀ ਉਠਾਉਂਦੇ ਰਹੇ ਹਨ। ਹਾਲਤ ਦਾ ਵਿਅੰਗ ਇਹ ਹੈ ਕਿ ਇਹ ਸਿਆਸਤਦਾਨ ਪ੍ਰੋਫੈਸਰ ਸਾਈਬਾਬਾ ਦੇ ਮਾਮਲੇ ਵਿਚ ਜਾਂ ਤਾਂ ਖ਼ਾਮੋਸ਼ ਹਨ, ਜਾਂ ਫਿਰ ਨਿਰਪੱਖ ਰਹਿਣ ਦੀ ਦਲੀਲ ਦਿੰਦੇ ਹਨ। ਇਸ ਆਪਾ-ਵਿਰੋਧੀ ਰਵੱਈਏ ਅਤੇ ਚੋਣਵੇਂ ਵਿਰੋਧ ਬਾਰੇ ਕੈਨੇਡਾ ਸਥਿਤ ਸੀਨੀਅਰ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਟਿੱਪਣੀ ਕੀਤੀ ਹੈ। ਇਸ ਤੋਂ ਬਾਅਦ ਐਨ.ਡੀ.ਪੀ. ਦੇ ਨਵੇਂ ਚੁਣੇ ਗਏ ਆਗੂ ਜਗਮੀਤ ਸਿੰਘ ਨੇ ਭਾਵੇਂ ਪ੍ਰੋ. ਸਾਈਬਾਬਾ ਪ੍ਰਤੀ ਭਾਰਤ ਸਰਕਾਰ ਦੇ ਵਤੀਰੇ ਨੂੰ ਸ਼ਰਮਨਾਕ ਕਰਾਰ ਦਿੰਦਿਆਂ ਉਸ ਲਈ ਹਾਅ ਦਾ ਨਾਅਰਾ ਮਾਰਿਆ ਹੈ, ਪਰ ਬਾਕੀ ਸਿਆਸਤਦਾਨਾਂ ਦੀ ਖ਼ਾਮੋਸ਼ੀ ਬਰਕਰਾਰ ਹੈ। ਮਾਮਲੇ ਦੀ ਅਹਿਮੀਅਤ ਦੇ ਮੱਦੇਨਜ਼ਰ ਗੁਰਪ੍ਰੀਤ ਸਿੰਘ ਦੀ ਟਿੱਪਣੀ ਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।***

ਇਕ ਵਾਰ ਫਿਰ ਕੈਨੇਡੀਅਨ ਸਿਆਸਤਦਾਨਾਂ ਨੇ ਆਪਣੇ ਅਸਲ ਰੰਗ ਦਿਖਾ ਦਿੱਤੇ ਹਨ। ਜਦੋਂ ਮਨੁੱਖੀ ਹੱਕਾਂ ਦੀ ਗੱਲ ਆਉਂਦੀ ਹੈ, ਜਾਂ ਤਾਂ ਉਨ੍ਹਾਂ ਦੀ ਸੋਚ ਚੋਣਵੀਂ ਹੁੰਦੀ ਹੈ ਜਾਂ ਨੁਕਸਦਾਰ। ਪੰਜਾਬ ਵਿਚ ਇਕ ਸਿੱਖ ਕਾਰਕੁਨ ਦੀ ਗ੍ਰਿਫ਼ਤਾਰੀ ਅਤੇ ਉਸ ਨੂੰ ਤਸੀਹੇ ਦਿੱਤੇ ਜਾਣ ਦੇ ਪ੍ਰਤੀਕਰਮ ਵਿਚ ਉਨ੍ਹਾਂ ਵਲੋਂ ਦਿਖਾਈ ਫ਼ੁਰਤੀ ਮਗਰਲੀ ਸ਼੍ਰੇਣੀ ਵਿਚ ਆਉਂਦੀ ਹੈ।

ਥੋੜ੍ਹੇ ਦਿਨ ਪਹਿਲਾਂ ਬਰਤਾਨਵੀ ਸਿੱਖ ਕਾਰਕੁਨ ਜਗਤਾਰ ਸਿੰਘ ਜੌਹਲ ਦੀ ਗ੍ਰਿਫ਼ਤਾਰੀ ਅਤੇ ਉਸ ਨਾਲ ਅਣਮਨੁੱਖੀ ਸਲੂਕ ਕੀਤੇ ਜਾਣ ਦੀਆਂ ਰਿਪੋਰਟਾਂ ਆਉਣ 'ਤੇ ਕੈਨੇਡੀਅਨ ਸਿਆਸਤਦਾਨਾਂ ਨੇ ਫ਼ਿਕਰਮੰਦੀ ਜ਼ਾਹਿਰ ਕੀਤੀ ਹੈ। ਇਨ੍ਹਾਂ ਵਿਚ ਐਨ.ਡੀ.ਪੀ. ਦੇ ਨਵੇਂ ਚੁਣੇ ਆਗੂ ਜਗਮੀਤ ਸਿੰਘ ਤੋਂ ਇਲਾਵਾ ਹਰਜੀਤ ਸਿੰਘ ਸੱਜਣ ਅਤੇ ਅਮਰਜੀਤ ਸਿੰਘ ਸੋਹੀ ਵਰਗੇ ਕੇਂਦਰੀ ਮੰਤਰੀ ਸ਼ਾਮਲ ਹਨ। ਇਨ੍ਹਾਂ ਨੇ ਸੋਸ਼ਲ ਮੀਡੀਆ ਵਿਚ ਮਾਮਲਾ ਉਠਾ ਕੇ ਜੌਹਲ ਦੀ ਗ੍ਰਿਫ਼ਤਾਰੀ ਦੀ ਨਿਖੇਧੀ ਕੀਤੀ ਹੈ।

**ਗੁਰਪ੍ਰੀਤ ਸਿੰਘ, ਕੈਨੇਡਾ**
**ਅਨੁਵਾਦ: ਬੂਟਾ ਸਿੰਘ**

ਜੌਹਲ ਨੂੰ ਪੰਜਾਬ ਵਿਚ ਸੱਜੇਪੱਖੀ ਹਿੰਦੂ ਸਿਆਸੀ ਕਾਰਕੁਨਾਂ ਦੇ ਕਤਲਾਂ ਦੇ ਸਿਲਸਿਲੇ ਵਿਚ ਸ਼ਾਮਲ ਹੋਣ ਦੇ ਸ਼ੱਕ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਦੇ ਹਮਾਇਤੀ ਸਮਝਦੇ ਹਨ ਕਿ ਉਸ ਨੂੰ 1984 ਵਿਚ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਮੁਹਿੰਮ ਚਲਾਉਣ ਕਰ ਕੇ ਫਸਾਇਆ ਗਿਆ ਹੈ। ਉਸ ਸਾਲ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਉਸ ਦੇ ਆਪਣੇ ਹੀ ਸਿੱਖ ਅੰਗ ਰੱਖਿਅਕਾਂ ਵਲੋਂ ਕਤਲ ਕੀਤੇ ਜਾਣ ਤੋਂ ਪਿੱਛੋਂ ਭਾਰਤ ਵਿਚ ਹਜ਼ਾਰਾਂ ਸਿੱਖਾਂ ਨੂੰ ਕੋਹ ਕੋਹ ਕੇ ਕਤਲ ਕਰ ਦਿੱਤਾ ਗਿਆ ਸੀ। ਪੀੜਤ ਪਰਿਵਾਰਾਂ ਨੂੰ ਨਿਆਂ ਨਹੀਂ ਮਿਲਿਆ, ਕਿਉਂਕਿ ਕਤਲੇਆਮ ਵਿਚ ਸ਼ਾਮਲ ਸਿਆਸੀ ਆਗੂਆਂ ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ। ਵਿਦੇਸ਼ ਵਿਚ ਜੌਹਲ ਅਤੇ ਉਸ ਵਰਗੇ ਬਹੁਤ ਸਾਰੇ ਹੋਰ ਲੋਕ ਨਿਆਂ ਲਈ ਮੁਹਿੰਮ ਚਲਾ ਰਹੇ ਹਨ। ਜਗਮੀਤ ਸਿੰਘ ਸਮੇਤ ਕੈਨੇਡੀਅਨ ਸਿਆਸਤਦਾਨ ਵੀ ਕੈਨੇਡਾ ਵਿਚ ਇਹ ਮੁੱਦਾ ਉਠਾਉਣ ਵਿਚ ਸ਼ਾਮਲ ਰਹੇ ਹਨ।

ਕੈਨੇਡੀਅਨ ਸਿਆਸਤਦਾਨਾਂ ਨੇ ਜੋ ਕੀਤਾ ਹੈ, ਉਸ ਵਿਚ ਕੁਝ ਵੀ ਗ਼ਲਤ ਨਹੀਂ, ਕਿਉਂਕਿ ਦੁਨੀਆਂ ਭਰ ਵਿਚ ਜਿਥੇ ਵੀ ਕਿਤੇ ਮਨੁੱਖੀ ਹੱਕਾਂ ਦਾ ਮਾਮਲਾ ਉਠਦਾ ਹੈ, ਉਸ ਦੇ ਹੱਕ ਵਿਚ ਡਟਣਾ ਸਾਡੇ ਸਾਰਿਆਂ ਲਈ ਜ਼ਰੂਰੀ ਹੈ, ਫਿਰ ਵੀ ਉਹ ਪਿਛਲੇ ਕਈ ਮਹੀਨਿਆਂ ਤੋਂ ਇਕ ਹੋਰ ਅਹਿਮ ਮਾਮਲੇ ਨੂੰ ਨਜ਼ਰਅੰਦਾਜ਼ ਕਰਦੇ ਆ ਰਹੇ ਹਨ।

ਪ੍ਰੋਫੈਸਰ ਜੀ.ਐਨ. ਸਾਈਬਾਬਾ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਹਨ ਜੋ ਲੱਕ ਤੋਂ ਹੇਠਾਂ 90 ਫ਼ੀਸਦੀ ਅਪਾਹਜ ਹਨ। ਵੀਲ੍ਹ ਚੇਅਰ ਉਪਰ ਨਿਰਭਰ ਅਤੇ ਬਹੁਤ ਸਾਰੀਆਂ ਬਿਮਾਰੀਆਂ ਤੋਂ ਪੀੜਤ ਸਾਈਬਾਬਾ ਇਸ ਵਕਤ ਜੇਲ੍ਹ ਵਿਚ ਉਮਰ ਕੈਦ ਕੱਟ ਰਹੇ ਹਨ ਜਿਥੇ ਉਨ੍ਹਾਂ ਨੂੰ ਭਾਰਤ ਵਿਚ ਕਬਾਇਲੀ ਇਲਾਕਿਆਂ ਵਿਚ ਮਾਓਵਾਦੀ ਬਾਗ਼ੀਆਂ ਦੀ ਮਦਦ ਕਰਨ ਬਦਲੇ ਡੱਕਿਆ ਗਿਆ ਹੈ।

ਹਾਲ ਹੀ ਵਿਚ ਉਨ੍ਹਾਂ ਜੇਲ੍ਹ ਅੰਦਰੋਂ ਆਪਣੀ ਪਤਨੀ ਵਸੰਤਾ ਨੂੰ ਚਿੱਠੀ ਲਿਖ ਕੇ ਦੱਸਿਆ ਹੈ ਕਿ ਸਿਆਲ ਦੀ ਠੰਢ ਸ਼ੁਰੂ ਹੋ ਗਈ ਹੈ, ਇਸ ਲਈ ਜੇਲ੍ਹ ਕੋਠੜੀ ਦੇ ਅਣਮਨੁੱਖੀ ਹਾਲਾਤ ਹੋਣ ਕਰ ਕੇ ਸ਼ਾਇਦ ਉਹ ਜਿਊਂਦਾ ਨਾ ਰਹਿ ਸਕੇ। ਉਸ ਕੋਲ ਕੋਈ ਕੰਬਲ ਜਾਂ ਸਵੈਟਰ ਨਹੀਂ ਹੈ ਅਤੇ ਉਸ ਦੇ ਪੱਠੇ ਲਗਾਤਾਰ ਦਰਦ ਕਰ ਰਹੇ ਹਨ। 'ਰੈਡੀਕਲ ਦੇਸੀ' ਨੇ ਸਾਈਬਾਬਾ ਦੀ ਰਿਹਾਈ ਦੀ ਮੰਗ ਕਰਦਿਆਂ ਪਟੀਸ਼ਨ ਸ਼ੁਰੂ ਕੀਤੀ ਸੀ। ਪਟੀਸ਼ਨ ਉਪਰ ਇਕ ਹਜ਼ਾਰ ਦੇ ਕਰੀਬ ਲੋਕਾਂ ਵਲੋਂ ਦਸਤਖ਼ਤ ਕੀਤੇ ਗਏ ਅਤੇ ਪਤਝੜ ਸੈਸ਼ਨ ਵਿਚ ਪੇਸ਼ ਕਰਨ ਲਈ ਇਹ ਪਟੀਸ਼ਨ ਘੱਟੋ-ਘੱਟ ਦੋ ਐਮ.ਪੀਜ਼- ਸੁਖ ਧਾਲੀਵਾਲ (ਲਿਬਰਲ ਪਾਰਟੀ) ਅਤੇ ਪੀਟਰ ਜੂਲੀਅਨ (ਐਨ.ਡੀ.ਪੀ.) ਨੂੰ ਸੌਂਪੀ ਗਈ। ਅਜੇ ਤਕ ਇਹ ਪਟੀਸ਼ਨਾਂ ਹਾਊਸ ਵਿਚ ਪੇਸ਼ ਨਹੀਂ ਕੀਤੀਆਂ ਗਈਆਂ, ਹਾਲਾਂਕਿ ਧਾਲੀਵਾਲ ਅਤੇ ਜੂਲੀਅਨ, ਦੋਨਾਂ ਅਨੁਸਾਰ ਇਹ ਤਸਦੀਕ ਲਈ ਹਾਊਸ ਕਲਰਕ ਨੂੰ ਸੌਂਪ ਦਿੱਤੀਆਂ ਗਈਆਂ ਸਨ। ਬਾਅਦ ਵਿਚ ਧਾਲੀਵਾਲ ਨੇ ਸੰਕੇਤ ਦਿੱਤਾ ਕਿ ਕੈਨੇਡਾ ਸਰਕਾਰ ਇਸ ਮਾਮਲੇ ਵਿਚ ਨਿਰਪੱਖ ਰਹਿਣਾ ਚਾਹੁੰਦੀ ਹੈ। ਵੱਖਰੇ ਤੌਰ 'ਤੇ ਇਕ ਹੋਰ ਚਿੱਠੀ, ਜਿਸ ਉਪਰ ਡੈਲਟਾ ਦੇ 100 ਵਸਨੀਕਾਂ ਵਲੋਂ ਦਸਤਖ਼ਤ ਕੀਤੇ ਗਏ ਸਨ, ਤੁਰੰਤ ਕਾਰਵਾਈ ਕਰਨ ਦੀ ਮੰਗ ਕਰਦੇ ਹੋਏ ਕਾਰਲਾ ਕੋਲਟਰਫ ਨੂੰ ਸੌਂਪੀ ਗਈ ਸੀ ਜੋ ਅਪਾਹਜ ਲੋਕਾਂ ਦੇ ਮਾਮਲਿਆਂ ਦੀ ਤਤਕਾਲੀ ਮੰਤਰੀ ਸੀ। ਉਸ ਦੇ ਅਮਲੇ ਨੇ ਵੀ ਇਹੀ ਕਿਹਾ ਸੀ ਕਿ ਕੈਨੇਡੀਅਨ ਸਰਕਾਰ ਨਿਰਪੱਖ ਰਹਿਣਾ ਚਾਹੇਗੀ ਅਤੇ ਇਸ ਮਾਮਲੇ ਵਿਚ ਦਖ਼ਲ ਨਹੀਂ ਦੇ ਸਕਦੀ। ਜਗਮੀਤ ਸਿੰਘ ਨੂੰ ਵੀ ਮੇਰੇ ਵਲੋਂ ਨਿੱਜੀ ਸੁਨੇਹਿਆਂ ਰਾਹੀਂ ਵਾਰ-ਵਾਰ ਹਾਲਾਤ ਤੋਂ ਜਾਣੂ ਕਰਾਇਆ ਜਾਂਦਾ ਰਿਹਾ। ਇਕ ਵਾਰ ਤਾਂ ਉਸ ਨੇ ਖ਼ੁਦ ਮੰਨਿਆ ਕਿ ਉਸ ਨੂੰ ਸਾਈਬਾਬਾ ਬਾਰੇ ਮੇਰੀ ਇਕ ਲਿਖਤ ਮਿਲ ਗਈ ਹੈ, ਪਰ ਉਸ ਨੇ ਕੋਈ ਬਿਆਨ ਦੇਣ ਦੀ ਵਚਨਬੱਧਤਾ ਨਹੀਂ ਦਿਖਾਈ।

ਸਾਈਬਾਬਾ ਨੂੰ ਪਹਿਲਾਂ 2014 ਵਿਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਮਹਾਰਾਸ਼ਟਰ ਜੇਲ੍ਹ ਵਿਚ ਸਾੜਿਆ ਗਿਆ। ਵਿਰੋਧ ਪ੍ਰਦਰਸ਼ਨਾਂ ਦਾ ਤਾਂਤਾ



***ਸਿੱਖਾਂ ਨੂੰ ਸਾਈਬਾਬਾ ਦਾ ਮੁੱਦਾ ਉਠਾਉਣ ਵਿਚ ਕੋਈ ਸਮੱਸਿਆ ਨਹੀਂ, ਫਿਰ ਵੀ ਕੈਨੇਡੀਅਨ ਸਿਆਸਤਦਾਨ ਇਸ ਕਾਜ ਨੂੰ ਮੌਜ ਨਾਲ ਹੀ ਨਜ਼ਰਅੰਦਾਜ਼ ਕਰ ਰਹੇ ਹਨ। ਜਾਪਦਾ ਹੈ ਸਿੱਖ ਮੁੱਦਿਆਂ ਲਈ ਉਹਨਾਂ ਦੇ ਜਨੂੰਨ ਪਿੱਛੇ ਸਮਾਜੀ ਨਿਆਂ ਲਈ ਇਮਾਨਦਾਰੀ ਨਾਲ ਡਟਣ ਦੀ ਬਜਾਏ ਨਸਲੀ ਭਾਈਚਾਰਕ ਵੋਟਾਂ ਹਥਿਆਉਣ ਦੀ ਤਾਂਘ ਜ਼ਿਆਦਾ ਕੰਮ ਕਰ ਰਹੀ ਹੈ।... ਘੱਟੋ-ਘੱਟ ਜਗਮੀਤ ਸਿੰਘ ਤਾਂ ਕੁਝ ਹੌਸਲਾ ਦਿਖਾ ਹੀ ਸਕਦਾ ਹੈ।***

ਲੱਗਣ ਤੋਂ ਬਾਅਦ, ਜਿਨ੍ਹਾਂ ਵਿਚੋਂ ਕੁਝ ਕੈਨੇਡਾ ਵਿਚ ਵੀ ਹੋਏ, ਉਸ ਨੂੰ ਜ਼ਮਾਨਤ ਉਪਰ ਰਿਹਾਅ ਤਾਂ ਕਰ ਦਿੱਤਾ ਗਿਆ, ਪਰ ਸੱਜੇਪੱਖੀ ਤਾਕਤਾਂ ਨੇ ਉਸ ਨੂੰ ਮੁੜ ਕਦੇ ਵੀ ਡਿਊਟੀ ਨਹੀਂ ਕਰਨ ਦਿੱਤੀ।

ਸਾਈਬਾਬਾ ਘੱਟ-ਗਿਣਤੀਆਂ, ਖ਼ਾਸ ਕਰ ਕੇ ਕਬਾਇਲੀਆਂ ਅਤੇ ਦਲਿਤਾਂ ਜਾਂ ਅਖੌਤੀ ਅਛੂਤਾਂ ਉਪਰ ਜਬਰ ਖਿਲਾਫ ਲਗਾਤਾਰ ਆਵਾਜ਼ ਉਠਾ ਰਹੇ ਹਨ। ਭਾਰਤ ਦੀ ਕਬਾਇਲੀ ਪੱਟੀ ਦੇ ਮੂਲਵਾਸੀ ਲੋਕਾਂ ਨੂੰ ਖਣਨ ਸਨਅਤ ਦੇ ਜ਼ੁਲਮਾਂ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਮਾਓਵਾਦੀ ਬਾਗ਼ੀਆਂ ਖਿਲਾਫ ਵਿੱਢੀ ਦਹਿਸ਼ਤ ਵਿਰੋਧੀ ਮੁਹਿੰਮ ਤਹਿਤ ਇਸ ਖੇਤਰ ਵਿਚ ਸੁਰੱਖਿਆ ਬਲਾਂ ਲਗਾਤਾਰ ਦਨਦਨਾ ਰਹੇ ਹਨ। ਸਟੇਟ ਦੀ ਵਹਿਸ਼ਤ ਕਾਰਨ ਬਹੁਤ ਸਾਰੇ ਮੂਲਵਾਸੀ, ਮਾਓਵਾਦੀਆਂ ਦੇ ਹਮਾਇਤੀ ਬਣ ਗਏ ਜੋ ਖਣਨ ਲਈ ਉਨ੍ਹਾਂ ਦੀਆਂ ਰਵਾਇਤੀ ਜ਼ਮੀਨਾਂ ਹਥਿਆਉਣ ਵਾਸਤੇ ਉਨ੍ਹਾਂ ਨੂੰ ਉਜਾੜਨ 'ਤੇ ਤੁਲਿਆ ਹੋਇਆ ਹੈ। ਸਾਈਬਾਬਾ ਇਹਨਾਂ ਜ਼ੁਲਮਾਂ ਵਿਰੁਧ ਸ਼ਹਿਰਾਂ ਵਿਚ ਸਰਗਰਮੀਆਂ ਜਥੇਬੰਦ ਕਰਨ ਵਿਚ ਭੂਮਿਕਾ ਨਿਭਾਉਂਦੇ ਰਹੇ ਹਨ। ਉਸ ਦੇ ਹਮਾਇਤੀ ਮਹਿਸੂਸ ਕਰਦੇ ਹਨ ਕਿ ਸਾਈਬਾਬਾ ਨੂੰ ਦੱਬੇ-ਕੁਚਲਿਆਂ ਦੇ ਹੱਕ ਵਿਚ ਡੱਟਣ ਕਾਰਨ ਸਜ਼ਾ ਦਿੱਤੀ ਜਾ ਰਹੀ ਹੈ। ਇਸ ਸਾਲ ਮਾਰਚ ਮਹੀਨੇ ਉਸ ਦੀ ਸਿਹਤ ਦੀ ਹਾਲਤ ਚਿੰਤਾਜਨਕ ਹੋਣ ਦੇ ਬਾਵਜੂਦ ਉਸ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਮੁੜ ਜੇਲ੍ਹ ਵਿਚ ਡੱਕ ਦਿੱਤਾ ਗਿਆ।

ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਇਕ ਵਾਰ ਜਗਮੀਤ ਸਿੰਘ ਨੇ ਪੰਜਾਬ ਵਿਚ ਸਿਆਸੀ ਕੈਦੀਆਂ ਦਾ ਮੁੱਦਾ ਉਠਾਇਆ ਸੀ। ਇਹਨਾਂ ਵਿਚ ਇਕ ਸਿੱਖ ਖਾੜਕੂ ਬਲਵੰਤ ਸਿੰਘ ਰਾਜੋਆਣਾ ਵੀ ਸ਼ਾਮਲ ਸੀ ਜਿਸ ਨੂੰ 1995 ਵਿਚ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਤਰ੍ਹਾਂ ਧਾਲੀਵਾਲ ਅਤੇ ਇਕ ਹੋਰ ਲਿਬਰਲ ਐਮ.ਪੀ. ਰਣਦੀਪ ਸਿੰਘ ਸਰਾਏ 1984 ਦਾ ਮੁੱਦਾ ਲਗਾਤਾਰ ਉਠਾ ਰਹੇ ਹਨ। ਇਮਾਨਦਾਰੀ ਨਾਲ ਦੱਸ ਦਿਆਂ ਮੈਨੂੰ ਜਗਮੀਤ ਸਿੰਘ ਅਤੇ ਬਾਕੀਆਂ ਖ਼ਿਲਾਫ਼ ਕੋਈ ਸ਼ਿਕਾਇਤ ਨਹੀਂ। ਮੈਂ ਰਾਜੋਆਣਾ ਅਤੇ ਜੌਹਲ ਵਰਗੇ ਲੋਕਾਂ ਦੇ ਮੁੱਦੇ ਉਠਾਉਣ ਲਈ ਉਹਨਾਂ ਦਾ ਸਤਿਕਾਰ ਕਰਦਾ ਹਾਂ; ਸਗੋਂ ਮੈਂ ਤਾਂ ਲੀਡਰਸ਼ਿਪ ਦੀ ਦੌੜ ਦੌਰਾਨ ਜਗਮੀਤ ਸਿੰਘ ਦੀ ਮਨੁੱਖੀ ਹੱਕਾਂ ਬਾਰੇ ਉਸ ਦੇ ਸਟੈਂਡ ਨੂੰ ਮੁੱਖ ਰੱਖਦੇ ਹੋਏ ਸ਼ਰੇਆਮ ਹਮਾਇਤ ਕੀਤੀ ਸੀ ਅਤੇ ਮੈਂ ਕੈਨੇਡਾ ਤੇ ਭਾਰਤ, ਦੋਨੋਂ ਥਾਵਾਂ ਉਪਰ ਸੱਜੇਪੱਖੀ ਤਾਕਤਾਂ ਦਾ ਤਿੱਖਾ ਆਲੋਚਕ ਰਿਹਾ ਹਾਂ ਜੋ ਉਸ ਨੂੰ ਬਦਨਾਮ ਕਰ ਰਹੀਆਂ ਹਨ; ਪਰ ਸਾਈਬਾਬਾ ਦੇ ਮਾਮਲੇ ਵਿਚ ਉਹਨਾਂ ਦੀ ਖ਼ਾਮੋਸ਼ੀ ਨੇ ਮੈਨੂੰ ਮਾਯੂਸ ਕੀਤਾ ਹੈ। ਇਹ ਸਿਰਫ਼ ਇਹੀ ਦਿਖਾਉਂਦੀ ਹੈ ਕਿ ਇਹਨਾਂ ਤਮਾਮ ਸਿਆਸਤਦਾਨਾਂ ਨੂੰ ਸਿਰਫ਼ ਵੋਟਾਂ ਦੀ ਗਿਣਤੀ ਨਾਲ ਮਤਲਬ ਹੈ, ਹੋਰ ਕਾਸੇ ਨਾਲ ਇਹਨਾਂ ਨੂੰ ਕੋਈ ਮਤਲਬ ਨਹੀਂ। ਇਹਨਾਂ ਦੇ ਚੋਣਵੇਂ ਵਤੀਰੇ ਪਿੱਛੇ ਕੰਮ ਕਰਦੀ ਦਲੀਲ ਸਮਝਣ ਲਈ ਸਾਨੂੰ ਕਿਸੇ ਰਾਕਟ ਵਿਗਿਆਨ ਦੀ ਜ਼ਰੂਰਤ ਨਹੀਂ। ਆਖ਼ਿਰਕਾਰ, ਸਿੱਖ ਕੈਨੇਡਾ ਵਿਚ ਬਾਰਸੂਖ਼ ਭਾਈਚਾਰਾ ਹਨ। ਕੋਈ ਵੀ ਸਿੱਖਾਂ ਦੇ ਹਿਤਾਂ, ਖ਼ਾਸ ਕਰ ਕੇ ਭਾਰਤੀ ਸਟੇਟ ਵਿਰੁਧ ਉਹਨਾਂ ਦੀਆਂ ਜਾਇਜ਼ ਸ਼ਿਕਾਇਤਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ ਅਤੇ ਕਿਸੇ ਨੂੰ ਇਉਂ ਕਰਨਾ ਵੀ ਨਹੀਂ ਚਾਹੀਦਾ, ਪਰ ਸਾਡੇ ਸਿਆਸਤਦਾਨਾਂ ਨੂੰ ਹਰ ਕਿਸੇ ਦੇ ਹੱਕਾਂ ਲਈ ਡਟਣਾ ਚਾਹੀਦਾ ਹੈ, ਨਾ ਕਿ ਵੋਟ ਸਿਆਸਤ ਖ਼ਾਤਰ ਸਿਰਫ਼ ਇਕ ਭਾਈਚਾਰੇ ਦੇ ਹੱਕਾਂ ਲਈ। ਇਹ ਗੱਲ ਕਿ ਜ਼ਿਆਦਾਤਰ ਕੈਨੇਡੀਅਨ ਸਿਆਸਤਦਾਨ ਫ਼ਲਸਤੀਨ ਤੇ ਮੂਲਵਾਸੀ ਭਾਈਚਾਰਿਆਂ ਦੇ ਹੱਕਾਂ ਲਈ ਡਟਣ ਤੋਂ ਬਰਾਬਰ ਕੰਨੀ ਕਤਰਾਉਂਦੇ ਹਨ, ਇਕ ਵੱਖਰੀ ਕਹਾਣੀ ਹੈ। ਇਥੇ ਇਹ ਚੇਤੇ ਕਰਾਉਣਾ ਜ਼ਰੂਰੀ ਹੈ ਕਿ ਸਿੱਖੀ ਵੀ ਸਾਨੂੰ ਦੂਜਿਆਂ ਦੇ ਹੱਕਾਂ ਲਈ ਡਟਣ ਦੀ ਸਿੱਖਿਆ ਦਿੰਦੀ ਹੈ। ਖ਼ਾਸ ਕਰ ਕੇ ਜਗਮੀਤ ਸਿੰਘ ਲਈ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਸਿੱਖ ਗੁਰਦੁਆਰਿਆਂ ਦੀਆਂ ਜਿਹਨਾਂ ਸੰਗਤਾਂ ਨੇ ਉਸ ਦੀ ਜੋਸ਼-ਖਰੋਸ਼ ਨਾਲ ਹਮਾਇਤ ਕੀਤੀ, ਉਹਨਾਂ ਵਲੋਂ ਸਾਈਬਾਬਾ ਦੀ ਰਿਹਾਈ ਲਈ ਪਟੀਸ਼ਨ ਉਪਰ ਦਸਤਖ਼ਤ ਕੀਤੇ ਗਏ। ਸਿੱਖਾਂ ਨੂੰ ਸਾਈਬਾਬਾ ਦਾ ਮੁੱਦਾ ਉਠਾਉਣ ਵਿਚ ਕੋਈ ਸਮੱਸਿਆ ਨਹੀਂ, ਫਿਰ ਵੀ ਕੈਨੇਡੀਅਨ ਸਿਆਸਤਦਾਨ ਇਸ ਕਾਜ ਨੂੰ ਮੌਜ ਨਾਲ ਹੀ ਨਜ਼ਰਅੰਦਾਜ਼ ਕਰ ਰਹੇ ਹਨ। ਜਾਪਦਾ ਹੈ ਸਿੱਖ ਮੁੱਦਿਆਂ ਲਈ ਉਹਨਾਂ ਦੇ ਜਨੂੰਨ ਪਿੱਛੇ ਸਮਾਜੀ ਨਿਆਂ ਲਈ ਇਮਾਨਦਾਰੀ ਨਾਲ ਡਟਣ ਦੀ ਬਜਾਏ ਨਸਲੀ ਭਾਈਚਾਰਕ ਵੋਟਾਂ ਹਥਿਆਉਣ ਦੀ ਤਾਂਘ ਜ਼ਿਆਦਾ ਕੰਮ ਕਰ ਰਹੀ ਹੈ। ਜਗਮੀਤ ਸਿੰਘ ਨੂੰ ਖ਼ਾਸ ਕਰ ਕੇ, ਤੇ ਹੋਰ ਸਿਆਸਤਦਾਨਾਂ ਨੂੰ ਆਮ ਕਰ ਕੇ ਜਾਗਣਾ ਚਾਹੀਦਾ ਹੈ ਅਤੇ ਜਿਸਮਾਨੀ ਤੌਰ 'ਤੇ ਅਪਾਹਜ ਵਿਦਵਾਨ ਦੇ ਹੱਕ ਵਿਚ ਆਵਾਜ਼ ਉਠਾਉਣੀ ਚਾਹੀਦੀ ਹੈ। ਜੇ ਸੱਤਾਧਾਰੀ ਪਾਰਟੀ ਦੇ ਹੱਥ ਭੂਗੋਲਿਕ-ਸਿਆਸਤ ਦੀਆਂ ਮਜਬੂਰੀਆਂ ਨੇ ਬੰਨ੍ਹੇ ਹੋਏ ਹਨ, ਤਾਂ ਘੱਟੋ-ਘੱਟ ਜਗਮੀਤ ਸਿੰਘ ਤਾਂ ਕੁਝ ਹੌਸਲਾ ਦਿਖਾ ਹੀ ਸਕਦਾ ਹੈ। ਨਹੀਂ ਤਾਂ ਉਸ ਦਾ ਨਾਂ ਵੀ ਇਤਿਹਾਸ ਵਿਚ ਹੋਰ ਸਿਆਸਤਦਾਨਾਂ ਦੀ ਤਰ੍ਹਾਂ ਯਾਦ ਕੀਤਾ ਜਾਵੇਗਾ ਜਿਹਨਾਂ ਨੇ ਮਹਿਜ਼ ਇਸ ਕਾਰਨ ਕਿਸੇ ਦੇ ਹੱਕ ਵਿਚ ਡਟਣ ਦਾ ਹੌਸਲਾ ਨਹੀਂ ਕੀਤਾ, ਕਿਉਂਕਿ ਕੈਨੇਡਾ ਵਿਚ ਉਸ ਦੇ ਮਗਰ ਵੋਟ ਪਾਉਣ ਵਾਲਿਆਂ ਦੀ ਖ਼ਾਸੀ ਗਿਣਤੀ ਨਹੀਂ ਸੀ।

# ਪਦਮਾਵਤੀ ਬਨਾਮ ਜਾਇਸੀ ਦਾ ਜਹਾਨ


ਮਲਿਕ ਮੁਹੰਮਦ ਜਾਇਸੀ ਨੇ ਇਹ ਕਦੇ ਕਿਆਸਿਆ ਤਕ ਨਹੀਂ ਹੋਣਾ ਕਿ ਉਸ ਵੱਲੋਂ ਅਵਧੀ ਭਾਸ਼ਾ ਵਿਚ ਰਚਿਆ ਮਹਾਂਕਾਵਿ 'ਪਦਮਾਵਤ' ਤਕਰੀਬਨ ਪੰਜ ਸਦੀਆਂ ਬਾਅਦ ਭਾਰਤੀ ਸਮਾਜ ਵਿਚ ਦਵੇਸ਼, ਦੁਫੇੜ ਤੇ ਹਿੰਸਾ ਦੀ ਵਜ੍ਹਾ ਬਣ ਜਾਵੇਗਾ। 'ਪਦਮਾਵਤ', ਪਦਮਾਵਤੀ ਜਾਂ ਪਦਮਿਨੀ ਨਾਮੀ ਨਾਇਕਾ ਨਾਲ ਜੁੜੀ ਪ੍ਰੇਮ ਗਾਥਾ ਹੈ। ਉਹ ਸਿੰਹਲ ਦੀਪ (ਸ੍ਰੀਲੰਕਾ) ਦੀ ਰਾਜਕੁਮਾਰੀ ਸੀ ਜਿਸ ਦਾ ਵਿਆਹ ਚਿਤੌੜ ਦੇ ਰਾਣਾ ਰਤਨ ਸਿੰਘ ਨਾਲ ਹੋਇਆ। ਰਾਣਾ ਰਤਨ ਸਿੰਘ ਨੂੰ ਉਸ ਨਾਲ ਵਿਆਹ ਰਚਾਉਣ ਹਿਤ ਬਹੁਤ ਮੁਸ਼ਕਲਾਂ ਨਾਲ ਜੂਝਣਾ ਪਿਆ। ਸੂਫ਼ੀ ਬਿੰਬਾਵਲੀ ਮੁਤਾਬਿਕ ਪਦਮਾਵਤੀ ਜਾਂ



**ਸੁਰਿੰਦਰ ਸਿੰਘ ਤੇਜ**

ਪਦਮਿਨੀ ਰੂਹਾਨੀ ਜਲੌਅ ਦਾ ਪ੍ਰਤੀਕ ਹੈ ਜਿਸ ਨਾਲ ਇੱਕ-ਮਿੱਕ ਹੋਣ ਲਈ ਇਨਸਾਨੀ ਰੂਹ ਨੂੰ ਬਹੁਤ ਤਰੱਦਦ ਕਰਨਾ ਪੈਂਦਾ ਹੈ। ਇਸ ਪ੍ਰੇਮ ਗਾਥਾ ਦਾ ਖ਼ਲਨਾਇਕ 13ਵੀਂ/14ਵੀਂ ਸਦੀ ਦਾ ਦਿੱਲੀ ਦਾ ਸੁਲਤਾਨ ਅਲਾਊਦੀਨ ਖਿਲਜੀ ਹੈ ਜੋ ਪਦਮਾਵਤੀ ਨੂੰ ਹਾਸਲ ਕਰਨ ਲਈ ਚਿਤੌੜ ਉਤੇ ਧਾਵਾ ਬੋਲ ਦਿੰਦਾ ਹੈ। ਉਸ ਦੀਆਂ ਫ਼ੌਜਾਂ ਨਾਲ ਲੜਾਈ ਵਿਚ ਰਾਣਾ ਰਤਨ ਸਿੰਘ ਦੀ ਹਾਰ ਹੁੰਦੀ ਹੈ। ਖਿਲਜੀ ਦੇ ਹੱਥ ਪੈਣ ਨਾਲੋਂ ਪਦਮਾਵਤੀ ਰਾਜਪੂਤੀ ਆਨ-ਸ਼ਾਨ ਦੀ ਸਲਾਮਤੀ ਖ਼ਾਤਿਰ ਜੌਹਰ ਦੀ ਰਸਮ ਰਾਹੀਂ ਆਤਮਦਾਹ ਦਾ ਰਾਹ ਚੁਣਦੀ ਹੈ।

ਜਾਇਸੀ ਅਰਬੀ ਮੂਲ ਦੇ ਮਾਪਿਆਂ ਦੀ ਸੰਤਾਨ ਸੀ। ਉਸ ਦਾ ਜਨਮ 1477 (ਕਿਤੇ 1466 ਵੀ ਦਰਜ ਹੈ) ਵਿਚ ਮੌਜੂਦਾ ਰਾਏ ਬਰੇਲੀ (ਉਤਰ ਪ੍ਰਦੇਸ਼) ਜ਼ਿਲ੍ਹੇ ਦੇ ਕਸਬਾ ਜਾਇਸ ਵਿਚ ਹੋਇਆ ਜੋ ਉਦੋਂ ਸੂਫ਼ੀਆਂ ਦਾ ਕੇਂਦਰ ਸੀ। ਬਚਪਨ ਵਿਚ ਹੀ ਸੂਫ਼ੀਆਂ ਦੀ ਚਿਸ਼ਤੀ ਧਾਰਾ ਦੀ ਸੰਗਤ ਅਤੇ ਫਿਰ ਹਿੰਦੂਆਂ ਦੀ ਰਾਸਲੀਲ੍ਹਾ ਤੋਂ ਪ੍ਰਭਾਵਿਤ ਹੋ ਕੇ ਉਸ ਦਾ ਮੋਹ ਹਿੰਦੂ ਲੋਕਯਾਨ ਨਾਲ ਪੈ ਗਿਆ। ਇਸ ਨੇ ਉਸ ਨੂੰ ਨਿਰਗੁਣ ਪ੍ਰੇਮਾਸ਼ਰੀ ਕਾਵਿ ਧਾਰਾ ਨਾਲ ਜੋੜ ਦਿੱਤਾ। ਉਸ ਨੇ 'ਪਦਮਾਵਤ' ਦੀ ਰਚਨਾ 1539 ਈਸਵੀ ਵਿਚ ਆਰੰਭੀ। ਇਹ ਮਹਾਂਕਾਵਿ 1540 ਵਿਚ ਮੁਕੰਮਲ ਹੋਇਆ। ਫਾਰਸੀ ਲਿੱਪੀ ਦੇ ਬਾਵਜੂਦ ਪੂਰਾ ਮਹਾਂਕਾਵਿ ਅਵਧੀ ਬੋਲੀ ਵਿਚ ਹੈ। ਇਸ ਲਈ ਵਰਤੀ ਦੋਹਾ-ਚੌਪਈ ਸ਼ੈਲੀ ਨੂੰ ਬਾਅਦ ਵਿਚ ਗੋਸਵਾਮੀ ਤੁਲਸੀ ਦਾਸ ਨੇ 'ਰਾਮਚਰਿਤ ਮਾਨਸ' ਰਚਣ ਲਈ ਅਪਣਾਇਆ। ਹਿੰਦੂ ਲੋਕ ਗਾਥਾਵਾਂ, ਖ਼ਾਸ ਕਰ ਕੇ ਪ੍ਰੇਮ ਗਾਥਾਵਾਂ ਤੋਂ ਸੰਮੋਹਿਤ ਜਾਇਸੀ ਦੀਆਂ ਹੋਰ ਰਚਨਾਵਾਂ ਜਿਵੇਂ ਕਿ 'ਅਖਰਾਵਟ', 'ਸਖਰਾਵਤ', 'ਚੰਪਾਵਤ', 'ਇਤਰਾਵਤ', 'ਜਪਜੀ', 'ਸੋਰਠ' ਆਦਿ ਵੀ ਨਿਰੋਲ ਹਿੰਦੂ ਬਿੰਬਾਵਲੀ ਨਾਲ ਲੈਸ ਹਨ। ਇਹ ਉਹ ਸਮਾਂ ਸੀ, ਜਦੋਂ ਬਾਬਰ ਨੇ ਪਾਣੀਪਤ ਦੀ (ਪਹਿਲੀ) ਲੜਾਈ ਜਿੱਤ ਕੇ ਦਿੱਲੀ ਉਤੇ ਕਬਜ਼ਾ ਕਰ ਲਿਆ ਸੀ ਅਤੇ ਇਸ ਨੂੰ ਲੁੱਟ ਕੇ ਕਾਬੁਲ




ਪਰਤਣ ਦੀ ਥਾਂ ਹਿੰਦੋਸਤਾਨ ਦਾ ਪਹਿਲਾ ਮੁਗ਼ਲ ਬਾਦਸ਼ਾਹ ਬਣਨ ਨੂੰ ਤਰਜੀਹ ਦਿੱਤੀ ਸੀ। ਇਹ ਵੱਖਰੀ ਗੱਲ ਹੈ ਜਦੋਂ ਜਾਇਸੀ ਦਾ ਮਹਾਂਕਾਵਿ ਮੁਕੰਮਲ ਹੋਇਆ, ਉਦੋਂ ਹਮਾਯੂੰ ਦਿੱਲੀ ਦਾ ਬਾਦਸ਼ਾਹ ਸੀ ਅਤੇ ਜਾਇਸੀ ਵਾਂਗ ਉਹ ਵੀ ਹਿੰਦੂ ਮੱਤ ਦੇ ਕਈ ਸਦਗੁਣਾਂ ਤੋਂ ਪ੍ਰਭਾਵਿਤ ਸੀ।

ਇਤਿਹਾਸ ਵਿਚ ਸੁਲਤਾਨ ਅਲਾਊਦੀਨ ਖਿਲਜੀ ਦੇ ਚਿਤੌੜ ਉਤੇ ਹਮਲੇ ਦੇ ਹਵਾਲੇ ਦਰਜ ਹਨ। ਇਹ ਤੱਥ ਵੀ ਪ੍ਰਵਾਨਿਤ ਹੈ ਕਿ ਬੱਪਾ ਰਾਵਲ ਦੇ ਵੰਸ਼ਜ ਦੇ ਰਤਨ ਰਾਵਲ ਨੂੰ ਸੁਲਤਾਨ ਖਿਲਜੀ ਪਾਸੋਂ ਹਾਰ ਹੋਈ, ਪਰ ਪਦਮਾਵਤੀ ਨਾਮ ਦਾ ਕੋਈ ਕਿਰਦਾਰ ਸੱਚਮੁੱਚ ਹੋਇਆ, ਇਸ ਦੀ ਪ੍ਰਾਚੀਨ ਰੋਜ਼ਨਾਮਿਆਂ ਤੋਂ ਪੁਸ਼ਟੀ ਨਹੀਂ ਹੁੰਦੀ। ਦਰਅਸਲ, ਪਦਮਾਵਤੀ ਜਾਂ ਰਾਣੀ ਪਦਮਿਨੀ ਦੀ ਗਾਥਾ ਜਾਇਸੀ ਦੇ ਮਹਾਂਕਾਵਿ ਦੀ ਕੀਰਤੀ ਫੈਲਣ ਮਗਰੋਂ ਲੋਕ ਚਰਚਾ ਦਾ ਹਿੱਸਾ ਬਣੀ। ਇਤਿਹਾਸ ਦੀਆਂ ਕਿਤਾਬਾਂ ਵਿਚ ਇਸ ਦੀ ਘੁਸਪੈਠ 20ਵੀਂ ਸਦੀ ਵਿਚ ਹੋਈ। 'ਪਦਮਾਵਤ' ਦੀ ਮਕਬੂਲੀਅਤ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਦੀਆਂ ਪ੍ਰਾਚੀਨ ਜਿਲਦਾਂ ਅਰਬੀ, ਦੇਵਨਾਗਰੀ ਤੇ ਸੱਤ ਹੋਰ ਭਾਰਤੀ ਲਿੱਪੀਆਂ ਵਿਚ ਵੀ ਮਿਲਦੀਆਂ ਹਨ। ਸੁਲਤਾਨ ਕਾਲ ਦੌਰਾਨ ਰਾਜਪੂਤ ਸੂਰਬੀਰਾਂ ਦੀਆਂ ਪਤਨੀਆਂ ਵੱਲੋਂ ਗ਼ੈਰ-ਹਿੰਦੂ ਧਾੜਵੀਆਂ ਜਾਂ ਹਮਲਾਵਰਾਂ ਦੇ ਹੱਥ ਪੈਣ ਨਾਲੋਂ ਜੌਹਰ ਦੀ ਰਸਮ ਰਾਹੀਂ ਆਪਣੀ ਆਹੂਤੀ ਦੇਣ ਦੀਆਂ ਦਰਜਨਾਂ ਮਿਸਾਲਾਂ ਮੌਜੂਦ ਹਨ। ਇਹ ਮਿਸਾਲਾਂ ਪਿਛਲੀਆਂ ਪੰਜ ਸਦੀਆਂ ਤੋਂ ਬੀਰ-ਗਾਥਾਵਾਂ ਦਾ ਹਿੱਸਾ ਬਣੀਆਂ ਹੋਈਆਂ ਹਨ, ਪਰ ਬਹੁਤ ਕੁਝ ਉਹ ਵੀ ਇਨ੍ਹਾਂ ਗਾਥਾਵਾਂ ਦਾ ਹਿੱਸਾ ਹੈ ਜੋ ਨਿਰੋਲ ਕਲਪਿਤ ਹੈ, ਜੋ ਕਦੇ ਨਹੀਂ ਵਾਪਰਿਆ। ਬਹੁਤ ਸਾਰੇ ਅਜਿਹੇ ਕਿਰਦਾਰ ਇਨ੍ਹਾਂ ਗਾਥਾਵਾਂ ਦਾ ਹਿੱਸਾ ਹਨ ਜਿਨ੍ਹਾਂ ਦਾ ਇਤਿਹਾਸ ਵਿਚ ਜ਼ਿਕਰ ਤਕ ਨਹੀਂ। ਜੇ ਕੋਈ ਜ਼ਿਕਰ ਹੈ ਵੀ ਤਾਂ ਉਹ ਸਾਡੇ ਨਵੇਂ ਯੁੱਗ ਦੀ ਦੇਣ ਹੈ, ਪ੍ਰਾਚੀਨ ਇਤਿਹਾਸ ਦਾ ਹਿੱਸਾ ਨਹੀਂ।

ਅਜਿਹੇ ਆਲਮ ਵਿਚ ਫਿਲਮ 'ਪਦਮਾਵਤੀ', ਜਿਸ ਨੇ ਅਜੇ ਰਿਲੀਜ਼ ਹੋਣਾ ਹੈ, ਨੂੰ ਲੈ ਕੇ ਜੋ ਖਿਚਾਅ, ਜੋ ਹੁੱਲੜਬਾਜ਼ੀ ਅਤੇ ਜੋ ਹਿੰਸਾ ਚੱਲ ਰਹੀ ਹੈ, ਜਾਂ ਕੇਂਦਰੀ ਮੰਤਰੀਆਂ, ਭਾਜਪਾਈ ਮੁੱਖ ਮੰਤਰੀਆਂ ਤੇ ਕਾਂਗਰਸੀ ਮਹਾਰਥੀਆਂ ਵੱਲੋਂ ਰਾਜਪੂਤੀ ਸ਼ਾਨ ਦੇ ਨਾਂ 'ਤੇ ਜਿਸ ਕਿਸਮ ਦੀ ਉਕਸਾਊ ਬਿਆਨਬਾਜ਼ੀ ਕੀਤੀ ਜਾ ਰਹੀ ਹੈ, ਉਸ ਨੂੰ ਦੇਖ ਕੇ ਇਹੀ ਲੱਗਦਾ ਹੈ ਕਿ ਅੱਜ ਦੇ ਯੁੱਗ ਨਾਲੋਂ ਮੱਧ-ਯੁੱਗ ਹੀ ਚੰਗਾ ਸੀ ਜਦੋਂ ਮੁਸਲਿਮ ਹੁਕਮਰਾਨਾਂ ਦੀ ਹਕੂਮਤ ਵਿਚ ਮੁਸਲਮਾਨ ਸ਼ਾਇਰ, ਹਿੰਦੂ ਕਿਰਦਾਰਾਂ ਨੂੰ ਨਾਇਕਾਂ ਵਾਂਗ ਚਿਤਰ ਰਹੇ ਸਨ, ਆਪਣੇ ਹੀ ਮਜ਼ਹਬ ਦੇ ਸੁਲਤਾਨਾਂ ਨੂੰ ਖ਼ਲਨਾਇਕਾਂ ਵਾਂਗ ਪੇਸ਼ ਕਰ ਰਹੇ ਸਨ ਅਤੇ ਦੂਜੇ ਧਰਮਾਂ ਦੀਆਂ ਖ਼ੂਬੀਆਂ ਬੇਝਿਜਕ ਹੋ ਕੇ ਬਿਆਨ ਕਰ ਰਹੇ ਸਨ। ਹੁਣ ਜਾਇਸੀ ਦੇ ਹੀ ਮੁਲਕ ਵਿਚ ਇਕ ਮਜ਼ਹਬ ਦੇ ਨਾਂ 'ਤੇ ਜਿਸ ਕਿਸਮ ਦੀ ਹਿੰਸਕ ਖੇਡ ਖੇਡੀ ਜਾ ਰਹੀ ਹੈ, ਉਸ ਨੂੰ ਦੇਖ ਕੇ ਪਵਨ ਹਰਚੰਦਪੁਰੀ ਦਾ ਇਹ ਸ਼ਿਅਰ ਸੱਚ ਦਾ ਤਸੱਵਰ ਜਾਪਦਾ ਹੈ:

ਮਜ਼੍ਹਬਾਂ ਦੀ ਮੋਹਰ ਵੇਖ ਕੇ,
ਬੰਦੇ ਨੂੰ ਕਿਥੇ ਅੰਗਦੇ,
'ਪਵਨ' ਉਸ ਥਾਂ ਸੋਚ ਦੇ,
ਦਰਬਾਰ ਨੀਵੇਂ ਹੋ ਗਏ।

# ਵਕਤ ਦੇ ਬਦਲਣ ਨਾਲ ਸਭ ਕੁਝ ਬਦਲ ਜਾਣਾ ਹੁੰਦੈ




**ਐਸ. ਅਸ਼ੋਕ ਭੌਰਾ**
**ਫੋਨ: 510-415-3315**

ਐਵੇਂ ਵਹਿਮ ਹੀ ਹੈ, ਸਦੀਵੀ ਕੁਝ ਵੀ ਨਹੀਂ ਰਹਿਣਾ ਹੁੰਦਾ। ਬੰਦਾ ਉਹੀ ਹੁੰਦਾ ਹੈ, ਪਰ ਸਰੀਰ ਬਚਪਨ 'ਚ ਹੋਰ, ਜਵਾਨੀ 'ਚ ਹੋਰ ਤੇ ਬੁਢਾਪੇ 'ਚ ਆਪਣੇ ਆਪ ਹੀ ਹੋਰ ਹੋ ਜਾਂਦਾ ਹੈ। ਗਾਇਕੀ ਨਾਲ ਜੁੜ ਕੇ ਮੈਨੂੰ ਰੱਜ ਕੇ ਮੋਹ ਤੇ ਸਤਿਕਾਰ ਮਿਲਿਆ। ਇਸੇ ਕਰਕੇ ਪੰਜਾਬੀ ਗਾਇਕੀ ਦੀ ਗੱਲ ਮੁਕਦੀ ਕਰਨ ਨੂੰ ਜੀਅ ਨਹੀਂ ਕਰਦਾ। ਇਹ ਚੱਲਦੀ ਰਹੇਗੀ। ਪਹਿਲਾਂ ਸੁਰਾਂ ਆਉਂਦੀਆਂ ਸਨ, ਹੁਣ ਗਾਇਕ ਆ ਰਹੇ ਹਨ, ਤੇ ਗਾਇਕਾਂ ਦੇ ਵੀ ਕਾਫਲੇ ਆ ਰਹੇ ਹਨ। ਇਸ ਲਈ ਕਿਸੇ ਇੱਕ ਬੰਦੇ ਤੋਂ ਇੱਕ ਗੱਠ 'ਚ ਬੰਨ੍ਹ ਕੇ ਪੇਸ਼ ਕਰਨਾ ਔਖਾ ਬਹੁਤ ਹੋ ਜਾਵੇਗਾ। ਵਕਤ ਦੀ ਗੱਲ ਹੈ, ਕਦੇ ਗਾਇਕ ਮੈਨੂੰ ਘੁੰਮ ਕੇ ਵੀ ਮਿਲਣ ਆਉਂਦੇ ਸਨ। ਜੋ ਮੇਰੇ ਪਿੰਡ ਕੋਲ ਦੀ ਗੁਜਰਦੇ ਸਨ, ਉਹ ਘਰ ਫੇਰਾ ਪਾ ਕੇ ਜਰੂਰ ਜਾਂਦੇ, ਕਈ ਵਲ-ਵਿੰਗ ਪਾ ਕੇ ਵੀ। ਪਿਛਲੇ ਸਾਲ ਜਦੋਂ ਲੁਧਿਆਣੇ ਜ਼ਿਲੇ ਦੇ ਪਿੰਡ ਚੀਮਨਾ 'ਚ ਮੇਰਾ ਸਨਮਾਨ ਹੋਇਆ, ਉਦੋਂ ਮੈਨੂੰ ਅਹਿਸਾਸ ਹੋਇਆ ਕਿ ਦਿਨ ਉਹ ਹੁਣ ਗੁਜ਼ਰ ਗਿਆ। ਉਦਾਹਰਣਾਂ ਪੇਸ਼ ਕਰ ਦਿਆਂ:



ਅਮਰ ਨੂਰੀ ਤੇ ਕਮਲਜੀਤ ਨੀਰੂ




ਪੰਜਾਬੀ ਗਾਇਕੀ ਦੀ ਨਵੀਂ ਸੰਭਾਵਨਾ ਲੋਪੋਕੇ ਭਰਾ ਲਖਵੀਰ ਤੇ ਰਜਿੰਦਰ

ਪੰਮੀ ਬਾਈ ਨੂੰ ਮੈਂ ਸਭ ਤੋਂ ਪਹਿਲਾਂ ਫੋਨ ਕੀਤਾ, ਉਹਦਾ ਜਵਾਬ ਸੀ, "ਅਸ਼ੋਕ ਵੀਰ ਆ ਨਹੀਂ ਸਕਾਂਗਾ, ਕਿਉਂਕਿ ਮੇਰੇ ਪਿੰਡ ਵਿਚ ਹੀ ਬਹੁਤ ਵੱਡਾ ਫੰਕਸ਼ਨ ਹੈ, ਗੁਸਤਾਖੀ ਮਾਫ ਕਰੀਂ।"

ਸਤਵਿੰਦਰ ਬੁੱਗੇ ਨੂੰ ਕਿਹਾ ਤਾਂ ਆਖਣ ਲੱਗਾ, "ਕੋਸ਼ਿਸ਼ ਕਰਾਂਗਾ।" ਦੀਪਕ ਬਾਲੀ ਨੂੰ ਕਿਹਾ, ਉਹ ਕਹਿੰਦਾ, "ਮਨਮੋਹਨ ਵਾਰਿਸ ਹੁਰਾਂ ਦੀ ਸ਼ੂਟਿੰਗ ਚੱਲ ਰਹੀ ਹੈ।" ਜਿਸ ਮਮਤਾ ਜੋਸ਼ੀ ਦਾ ਮਾਹਲਪੁਰ 'ਚ ਪੱਲਿਓਂ ਪੈਸੇ ਖਰਚ ਕੇ ਸ਼ੁਰੂਆਤੀ ਦਿਨਾਂ 'ਚ ਵੱਡਾ ਪ੍ਰੋਗਰਾਮ ਕਰਵਾਇਆ, ਉਹ ਵੀ ਨਾ ਪਹੁੰਚੀ। ਨਛੱਤਰ ਗਿੱਲ ਦੀ ਮਾਤਾ ਦੇ ਭੋਗ 'ਤੇ ਲਹਿੰਬਰ ਹੁਸੈਨਪੁਰੀ ਨੂੰ ਕਿਹਾ, ਮੰਗੀ ਮਾਹਲ ਨੂੰ ਕਿਹਾ, ਦੇਬੀ ਮਕਸੂਸਪੁਰੀ ਨੂੰ ਕਿਹਾ-ਸਭ ਨੇ ਲਾਰਿਆਂ ਦੇ ਲੱਡੂ ਮੇਰੇ ਹੱਥੀਂ ਫੜ੍ਹਾ ਦਿੱਤੇ ਸਨ। ਖੈਰ! ਮੈਨੂੰ ਅਹਿਸਾਸ ਹੋ ਗਿਆ ਸੀ ਕਿ ਗਾਇਕਾਂ ਨੂੰ ਹੁਣ ਮੇਰੇ ਤੋਂ ਨਾ ਤਾਂ ਵੱਡੇ ਲੇਖ ਲਿਖਵਾਉਣ ਦੀ ਆਸ ਰਹੀ ਹੈ, ਨਾ ਹੁਣ ਟੀ. ਵੀ. ਤੇ ਮੇਲਿਆਂ ਨਾਲ ਮੇਰਾ ਸਬੰਧ ਰਿਹਾ ਹੈ। ਇਹ ਗੱਲ ਤਸਦੀਕ ਹੋ ਗਈ ਸੀ ਕਿ ਮਿੱਤਰਚਾਰਾ ਇਕੱਲਾ ਸਬੰਧਾਂ ਦਾ ਨਹੀਂ, ਕਿਤੇ ਨਾ ਕਿਤੇ ਮਤਲਬ ਤੇ ਸੁਆਰਥ ਨਾਲ ਵੀ ਜੁੜਿਆ ਹੁੰਦਾ ਹੈ।

ਖੈਰ! ਸਰਦੂਲ ਨੇ ਆ ਜਾਣਾ ਸੀ, ਉਹ ਬਿਮਾਰ ਸੀ। ਕਮਲਜੀਤ ਨੀਲੋਂ ਨੂੰ ਗੱਡੀ ਨਹੀਂ ਭੇਜ ਸਕਿਆ, ਪਰ ਇਸ ਗੱਲ ਦਾ ਮਾਣ ਹੈ ਕਿ ਯੁੱਗ ਗਾਇਕ ਮੁਹੰਮਦ ਸਦੀਕ, ਸੁਰਿੰਦਰ ਛਿੰਦਾ, ਰਣਜੀਤ ਕੌਰ ਤੇ ਪਾਲੀ ਦੇਤਵਾਲੀਆ ਉਚੇਚੇ ਤੌਰ 'ਤੇ ਪਹੁੰਚੇ। ਹਾਣ ਮੰਗਲਾਂ 'ਚੋਂ ਬੂਟਾ ਮੁਹੰਮਦ ਪਹੁੰਚਿਆ, ਲੋਪੋਕੇ ਭਰਾ ਵੀ। ਜੋ ਵੱਡਾ ਦੁੱਖ ਰਿਹਾ, ਜਿਸ ਦਾ ਗਿਲਾ ਸਮਾਗਮ ਦੇ ਪ੍ਰਬੰਧਕ ਜੁਗਰਾਜ ਧਾਲੀਵਾਲ ਨੂੰ ਵੀ ਰਿਹਾ ਕਿ ਮੇਰਾ ਚਮਕੀਲੇ ਦੇ ਵੇਲਿਆਂ ਦਾ ਮਿੱਤਰ ਆਤਮਾ ਬੁੱਢੇਵਾਲ ਸਹਿ-ਗਾਇਕਾ ਅਮਨ ਰੋਜ਼ੀ ਨਾਲ ਪਹੁੰਚਿਆ ਹੀ ਨਹੀਂ।



ਡਾ. ਸਤਿੰਦਰ ਸਰਤਾਜ

ਖੈਰ! ਗਿਲੇ-ਸ਼ਿਕਵਿਆਂ 'ਚੋਂ ਨਿਕਲ ਕੇ ਮੈਂ ਆਪਣੇ ਨਾਲ ਗਾਇਕੀ ਨਾਲ ਜੁੜੇ ਤੀਹ ਵਰ੍ਹਿਆਂ ਦੀ ਗੱਲ ਮੁਕਾਉਣ ਲੱਗਾ ਹਾਂ, ਕਈਆਂ ਦੀ ਗੱਲ ਕਰਨੋਂ ਰਹਿ ਗਈ ਹੋਵੇਗੀ, ਉਨ੍ਹਾਂ ਨੂੰ ਗਿਲਾ-ਸ਼ਿਕਵਾ ਵੀ ਰਹੇਗਾ, ਜਿਨ੍ਹਾਂ ਦੀ ਕੀਤੀ ਹੈ, ਉਨ੍ਹਾਂ ਨੂੰ ਵੀ ਸ਼ਾਇਦ ਕਿਤੇ ਕਿਤੇ ਚੰਗੀ ਨਾ ਲੱਗੇ, ਪਰ ਮੈਂ ਦਿਲ ਦੀਆਂ ਗੱਲਾਂ ਕਰਨ ਦੀ ਫਿਲਾਸਫੀ ਨੂੰ ਹੀ ਮੁੱਖ ਰੱਖਿਆ ਹੈ ਤੇ ਅਸਲ 'ਚ ਇਹ ਗਾਇਕੀ ਖੇਤਰ ਦੀ ਮੇਰੀ ਸਵੈ-ਜੀਵਨੀ ਜਿਹੀ ਕਹਾਣੀ ਹੈ।

ਗਾਇਕੀ 'ਚ ਗੁਜ਼ਰਦਿਆਂ ਜਿਨ੍ਹਾਂ ਨਾਲ ਗੂੜ੍ਹਾ ਸਬੰਧ ਰਿਹਾ ਹੈ, ਉਨ੍ਹਾਂ 'ਚੋਂ ਪਾਲੀ ਦੇਤਵਾਲੀਆ ਵੀ ਇੱਕ ਹੈ। ਪਹਿਲਾਂ-ਪਹਿਲਾਂ ਉਹਨੇ ਤੱਤੇ ਗੀਤ ਵੀ ਲਿਖੇ ਪਰ ਲੋਕਾਂ ਨੂੰ ਭੁੱਲ ਗਏ, ਕਿਉਂਕਿ 'ਖੁਰਾਂ ਨਾਲ ਬੱਕੀ ਮਿਰਜ਼ਾ ਜਗਾਉਂਦੀ, ਧੀਆਂ ਪਰਦੇਸਣਾਂ ਦੀ ਆ ਕੇ ਸੁਣੇਂਗਾ ਕਦੋਂ ਅਰਜੋਈ, ਇੱਕ ਵੀਰ ਦੇਈਂ ਵੇ ਰੱਬਾ' ਕੁਲਦੀਪ ਮਾਣਕ ਦੇ ਗਾਏ ਤੇ ਪਾਲੀ ਦੇਤਵਾਲੀਏ ਦੇ ਲਿਖੇ ਅਮਰ ਗੀਤ ਹਨ। ਪਾਲੀ ਨਿੱਘਾ ਬੰਦਾ ਹੈ, ਮੇਰੀ ਉਸ ਨਾਲ ਤੀਹ ਸਾਲ ਨਿਭੀ ਹੈ। ਮੈਂ ਬੁੱਢਾ ਹੋ ਰਿਹਾ ਹਾਂ, ਪਰ ਪਾਲੀ ਨੇ ਆਪਣੀ ਉਮਰ ਗੋਡਿਆਂ ਥੱਲੇ ਦੇ ਕੇ ਰੱਖੀ ਹੈ। ਚਾਹੇ ਸ਼ੌਂਕੀ ਮੇਲਾ ਹੋਵੇ ਜਾਂ ਕੋਈ ਮੇਰੇ ਘਰ ਸਮਾਗਮ-ਪਾਲੀ ਹਰ ਥਾਂ ਹਾਜ਼ਰ ਹੋਇਆ।

ਗਾਇਕੀ 'ਚ ਜਸਵੰਤ ਸੰਦੀਲੇ ਤੇ ਪਾਲੀ ਦੇਤਵਾਲੀਏ ਦੀ ਗੱਲ ਸਰਪੰਚ ਜਾਂ ਪੰਚਾਇਤ ਮੈਂਬਰਾਂ ਵਾਂਗ ਵੀ ਹੁੰਦੀ ਰਹੇਗੀ, ਕਿਉਂਕਿ ਕਈ ਗਾਇਕਾਂ ਦੇ ਮਸਲੇ ਬਾਖੂਬੀ ਸੁਲਝਾਏ ਵੀ ਹਨ। ਇਹ ਗੱਲ ਇਨ੍ਹਾਂ ਦੀ ਪੰਚਾਇਤ 'ਚ ਮੰਨੀ ਜਾਂਦੀ ਰਹੀ ਹੈ ਕਿ ਅਸ਼ੋਕ ਭੌਰੇ ਨੇ ਪੰਜਾਬੀ ਗਾਇਕੀ ਲਈ ਬਹੁਤ ਕੰਮ ਕੀਤਾ ਹੈ। ਜਗਮੋਹਨ ਕੌਰ ਮੇਰੇ ਨਾਲ ਅਕਸਰ ਸੰਦੀਲੇ ਦਾ ਜ਼ਿਕਰ ਕਰਦੀ ਸੀ, 'ਸ਼ਾਹਾਂ ਦਾ ਕਰਜ ਬੁਰਾ' ਜਗਮੋਹਨ ਦਾ ਗਾਇਆ ਸੰਦੀਲੇ ਦਾ ਹੀ ਗੀਤ ਹੈ। ਫਿਰ ਉਹ ਪਰਮਿੰਦਰ ਸੰਧੂ ਨਾਲ ਗਾਉਣ ਲੱਗ ਪਿਆ। ਉਹ ਜੋੜੀ ਦੇ ਰੂਪ 'ਚ ਮੇਰੇ ਘਰ ਆਉਂਦੇ ਜਾਂਦੇ ਰਹੇ, ਪਰ ਜਦੋਂ ਪਰਮਿੰਦਰ ਇਕੱਲੀ ਗਾਉਣ ਲੱਗੀ ਤੇ ਮੇਰੀ ਨੇੜਤਾ ਉਸ ਨਾਲ ਵੱਧ ਰਹੀ, ਇਹ ਗੱਲ ਸੰਦੀਲੇ ਨੂੰ ਸ਼ਾਇਦ ਚੁਭਦੀ ਵੀ ਰਹੀ। ਪੁਲਿਸ ਅਫਸਰ ਗੁੱਡੂ ਜਿਹੇ ਕਈ ਸਾਡੇ ਦੋਵਾਂ ਦੇ ਸਾਂਝੇ ਮਿੱਤਰ ਵੀ ਰਹੇ।



ਡਾ. ਮਮਤਾ ਜੋਸ਼ੀ

ਪੰਮੀ ਬਾਈ ਮੇਰੇ ਬੜਾ ਨੇੜੇ ਰਿਹਾ। ਉਹਦੇ ਗੀਤ 'ਰੰਗਲੀ ਦੁਨੀਆਂ ਤੋਂ ਜੀਅ ਨੀਂ ਜਾਣ ਨੂੰ ਕਰਦਾ' ਮੈਂ ਆਪਣੇ ਪ੍ਰੋਗਰਾਮ 'ਚ ਦੂਰਦਰਸ਼ਨ ਜਲੰਧਰ ਤੋਂ ਬੜੀ ਵਾਰ ਪੇਸ਼ ਕੀਤਾ। ਹਾਲਾਂਕਿ ਜਦੋਂ ਸੈਂਸਰ ਬੋਰਡ ਦਾ ਗਾਇਕਾਂ ਨੇ ਵਿਰੋਧ ਕੀਤਾ ਤਾਂ ਉਹ ਜੱਸੀ ਗੁਰਦਾਸਪੁਰੀਏ ਤੇ ਗੁਰਦਾਸ ਮਾਨ ਨਾਲ ਮਟਕਾ ਚੌਂਕ 'ਚ ਗਾਇਕਾਂ ਨੂੰ ਲੈ ਕੇ ਧਰਨੇ 'ਚ ਵੀ ਸ਼ਾਮਲ ਹੋਇਆ ਤਾਂ ਉਦੋਂ, ਜਦੋਂ ਸ਼ਾਇਦ ਸਦੀਕ ਸਮਝਦਾ ਸੀ, ਮੈਂ ਤਤਕਾਲੀ ਸਭਿਆਚਾਰ ਮੰਤਰੀ ਸਵਰਨਾ ਰਾਮ ਨਾਲ ਰਲ ਕੇ ਸੈਂਸਰ ਬੋਰਡ ਬਣਾ ਰਿਹਾ ਹਾਂ। ਜੋ ਮੈਨੂੰ ਘੁੱਟ ਕੇ ਮਿਲਦੇ ਨੇ, ਉਨ੍ਹਾਂ 'ਚ ਪੰਮੀ ਬਾਈ ਵੀ ਇੱਕ ਹੈ।

ਕੰਵਲਜੀਤ ਨੀਰੂ ਦੀ ਚੜ੍ਹਾਈ ਦੇ ਦਿਨ ਮੈਂ ਅੱਖੀਂ ਵੇਖੇ ਨੇ। 'ਰੂਠਾ ਮੰਡੀ ਜਾਵੇ' ਤੇ ਜਾਂ 'ਜਦੋਂ ਮੇਰਾ ਲੱਕ ਹਿੱਲਦਾ ਸਾਰਾ ਹਿੱਲਦਾ ਸ਼ਹਿਰ ਲੁਧਿਆਣਾ' ਨਾਲ ਕਦੇ ਨੀਰੂ-ਨੀਰੂ ਹੋਈ ਪਈ ਸੀ। ਉਦੋਂ ਸੱਥਾਂ 'ਚ ਗੱਲ ਚੱਲਦੀ ਕਿ ਹੁਣ ਨੂਰੀ ਗਾਉਂਦੀ ਹੈ ਜਾਂ ਨੀਰੂ।

ਨਵੇਂ ਸ਼ਹਿਰ ਦੀ ਪੂਨਮ ਬਾਲਾ ਨੂੰ ਮੈਂ ਸਭ ਤੋਂ ਪਹਿਲਾਂ ਚਰਨਜੀਤ ਆਹੂਜਾ ਦੇ ਮਿਊਜ਼ਿਕ 'ਚ ਗਵਾਇਆ ਸੀ। ਆਪਣੇ ਨਾਲ ਦੇ ਪਿੰਡ ਮੱਲਪੁਰ ਦੇ ਮੱਖਣ ਮੱਲਪੁਰੀ ਨੂੰ ਵੀ, ਪਰ ਪੂਨਮ ਬਾਲਾ ਰੰਗ ਪੱਖੋਂ ਮਾਰ ਖਾ ਗਈ, ਉਹਦੇ ਵਰਗੀ ਸੁਰੀਲੀ ਗਾਇਕਾ ਹਾਲੇ ਵੀ ਪੰਜਾਬੀ ਗਾਇਕੀ 'ਚ ਸ਼ਾਇਦ ਹੀ ਕੋਈ ਹੋਵੇਗੀ। ਖਾਸ ਗੱਲ ਇਹ ਹੈ ਕਿ ਮੇਰੇ ਗੀਤਾਂ ਨੂੰ ਪਹਿਲੀ ਵਾਰ ਪੂਨਮ ਤੇ ਮੱਲਪੁਰੀ ਨੇ ਹੀ ਗਾਇਆ ਸੀ ਤੇ ਇਨ੍ਹਾਂ 'ਚੋਂ ਇੱਕ ਦੋ ਗੀਤ ਮੇਰੇ ਸਿਰ 'ਚ ਸੁਆਹ ਪਾਉਣ ਵਾਲੇ ਵੀ ਸਨ।

ਅਮਰੀਕਾ ਵਸਦਾ ਸੁਖਦੇਵ ਸਾਹਿਲ ਫਗਵਾੜੇ ਹਰਮਨਪ੍ਰੀਤ ਦੀ ਮਿਊਜ਼ਿਕ ਮੈਮਰੀਜ਼ ਕੰਪਨੀ ਦੇ ਦਫਤਰ ਮਿਲਦਾ ਰਿਹਾ। 'ਨਾਲ ਸਿੰਘਾਂ ਦੇ ਕਾਫਰੋ ਤੁਸੀਂ ਮੱਥਾ ਲਾਇਆ' ਸਮੇਤ ਉਹਨੇ ਇੱਕ ਦੋ ਗੀਤ ਵੀ ਮੇਰੇ ਗਾਏ।

ਕੁਲਦੀਪ ਮਾਣਕ ਦੇ ਦਫਤਰ ਕੰਮ ਕਰਨ ਵਾਲੇ ਸੇਵਾ ਸਿੰਘ ਨੌਰਥ ਤੇ ਮੇਵਾ ਸਿੰਘ ਨੌਰਥ ਤਾਂ ਮੈਨੂੰ ਰੱਜ ਕੇ ਜਾਣਦੇ ਸਨ, ਪਰ ਚਮਕੀਲੇ ਦਾ ਬੁਕਿੰਗ ਕਲਰਕ ਕੁੱਕੀ ਵੀ, ਛਿੰਦੇ ਦਾ ਪਿਰਥੀ ਵੀ ਤੇ ਦੀਦਾਰ ਸੰਧੂ ਦੀ ਬੁਕਿੰਗ ਕਰਨ ਵਾਲਾ ਬਿੱਲਾ ਵੀ। ਮੈਨੂੰ ਤਾਂ ਗਾਇਕ ਹੀ ਨਹੀਂ, ਸਗੋਂ ਉਨ੍ਹਾਂ ਦੇ ਭੈਣ-ਭਰਾ, ਮਾਂ-ਬਾਪ, ਚਾਚੇ-ਤਾਏ ਤੇ ਸਾਕ ਸਬੰਧੀ ਵੀ ਜਾਣਦੇ ਸਨ। ਮੈਨੂੰ ਪੋਟਿਆਂ 'ਤੇ ਯਾਦ ਹੈ ਕਿ ਕਿਹੜਾ ਕਦੋਂ, ਕਿੱਥੇ, ਕੀਹਦੇ ਘਰ ਤੇ ਕਿਹੜੇ ਪਿੰਡ ਜੰਮਿਆ ਅਤੇ ਕਿੰਨੇ ਭੈਣ ਭਰਾ ਸਨ। ਇਤਫਾਕ ਹੀ ਸੀ ਕਿ ਸਟੇਜ ਸਕੱਤਰ ਵੀ ਸਾਰੇ ਜਾਣਦੇ ਸਨ, ਢੋਲਕੀਆਂ ਵਾਜੇ ਵਾਲੇ ਵੀ। ਜਿਹਦਾ ਗੀਤਾਂ 'ਚ ਵਾਰ-ਵਾਰ ਜ਼ਿਕਰ ਆਉਂਦਾ ਜੈਤੋਂ ਵਾਲਾ ਤਾਰੀ ਵੀ, ਖੰਨੇ ਵਾਲਾ ਬਿੱਟੂ ਵੀ, ਧੂਰੀ ਵਾਲਾ ਕਮਲ ਵੀ, ਬੰਗਿਆਂ ਦਾ ਦਾਰਾ ਵੀ, ਮਾਹਲ ਗਹਿਲਾਂ ਦਾ ਜਾਨੀ ਵੀ, ਤੇ ਇਹ ਸਾਰੇ ਸਾਊਂਡ ਮਾਸਟਰ ਸਨ। ਸਭ ਰਿਕਾਰਡਿੰਗ ਕੰਪਨੀਆਂ ਦੇ ਮਾਲਕਾਂ ਨਾਲ ਮੇਰੀ ਨੇੜਤਾ ਰਹੀ। ਐਚ. ਐਮ. ਵੀ. ਦੇ ਰਿਕਾਰਡਿੰਗ ਇੰਜੀਨੀਅਰ ਦਾਦਾ ਸਮੇਤ ਸਭ ਕੰਪਨੀਆਂ ਦੇ ਇੰਜੀਨੀਅਰ ਵੀ ਮੈਨੂੰ ਜਾਣਦੇ ਸਨ। ਪੈਰੀਟਨ ਕੰਪਨੀ ਵਾਲੇ ਟੌਹੜੇ ਹੁਰੀਂ ਵੀ ਮੇਰੇ ਨੇੜੇ ਰਹੇ। ਫਾਈਨਟੋਨ ਕੰਪਨੀ ਖੋਲ੍ਹਣੀ ਸੀ ਤਾਂ ਇਸ ਦਾ ਮਾਲਕ ਰਜਿੰਦਰ ਸਿੰਘ ਪਰਮਿੰਦਰ ਸੰਧੂ ਨੂੰ ਨਾਲ ਲੈ ਕੇ ਸਲਾਹ-ਮਸ਼ਵਰਾ ਕਰਨ ਆਇਆ ਸੀ। ਜਿਨ੍ਹਾਂ ਗਾਇਕਾਂ ਨੂੰ ਮੈਂ ਜਹਾਜ਼ ਚੜ੍ਹਾਇਆ, ਉਨ੍ਹਾਂ ਵਿਚ ਅਮਰ ਅਰਸ਼ੀ ਵੀ ਹੈ, ਪਾਲੀ ਦੇਤਵਾਲੀਆ ਵੀ ਹੈ, ਰਣਜੀਤ ਮਣੀ ਵੀ, ਯੁੱਧਵੀਰ ਮਾਣਕ, ਹੰਸ ਰਾਜ ਹੰਸ, ਗਮਦੂਰ ਅਮਨ, ਸਰਦੂਲ ਸਿਕੰਦਰ ਤੇ ਅਮਰ ਨੂਰੀ ਵੀ।



ਅਸ਼ੋਕ ਭੌਰਾ ਤੇ ਪਾਲੀ ਦੇਤਵਾਲੀਆ ਇੱਕ ਨਿੱਘੀ ਗਲਵਕੜੀ 'ਚ।

ਗਾਇਕਾ ਭੁਪਿੰਦਰ ਕੌਰ ਮੁਹਾਲੀ ਦੀ ਬੜੀ ਚੜ੍ਹਾਈ ਰਹੀ, 'ਕਹਿ ਕੇ ਬੇਵਫਾ ਸਹਿਬਾਂ ਨੂੰ ਬੁਲਾਉਣ ਵਾਲਿਓ' ਵੇਲੇ ਭੁਪਿੰਦਰ-ਭੁਪਿੰਦਰ ਹੋਈ ਪਈ ਸੀ। ਉਹਦਾ ਪੇਡ ਪ੍ਰੋਗਰਾਮ ਜਲੰਧਰ ਦੂਰਦਰਸ਼ਨ ਲਈ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਨੰਗਲ ਖਿਡਾਰੀਆਂ 'ਚ ਰਿਕਾਰਡ ਕੀਤਾ ਗਿਆ ਤੇ ਜਿਹੜੇ ਇਹ ਸੋਚਦੇ ਰਹੇ ਹੋਣਗੇ ਕਿ ਸ਼ਾਇਦ ਅਸ਼ੋਕ ਭੌਰੇ ਨੇ ਗਾਇਕਾਂ 'ਚ ਰਹਿ ਕੇ ਕਮਾਈ ਬੜੀ ਕੀਤੀ ਹੈ, ਉਨ੍ਹਾਂ ਨੂੰ ਇਹ ਦੱਸ ਦਿਆਂ ਕਿ ਭੁਪਿੰਦਰ ਕੌਰ ਦੇ ਇਸ ਪ੍ਰੋਗਰਾਮ ਲਈ ਮੈਂ ਪੱਲਿਓਂ ਵੀਹ ਹਜ਼ਾਰ ਰੁਪਇਆ ਦਿੱਤਾ ਸੀ ਤੇ ਹਾਲੇ ਤੱਕ ਦਿੱਤਾ ਹੀ ਹੋਇਆ ਹੈ।

ਇੱਕ ਹੋਰ ਅਨੋਖੀ ਗੱਲ ਇਹ ਵੀ ਰਹੀ ਹੈ, ਜਿਸ ਦਾ ਸ਼ਾਇਦ ਮੈਨੂੰ ਸਾਰੀ ਜ਼ਿੰਦਗੀ ਝੋਰਾ ਵੀ ਰਹੇਗਾ ਕਿ ਲੁਧਿਆਣੇ ਦੇ ਦਫਤਰਾਂ 'ਚ ਜਦੋਂ ਗਾਇਕਾਂ ਦੀ ਰੌਣਕ ਹੁੰਦੀ ਸੀ ਤਾਂ ਕਈ ਮੈਨੂੰ ਮੂਹਰੇ ਹੋ ਹੋ ਕੇ ਚਾਹ ਪਿਲਾਉਂਦੇ ਰਹੇ, ਪਰ ਉਨ੍ਹਾਂ ਦੀ ਗੱਲ ਕਰ ਹੀ ਨਾ ਸਕਿਆ। ਇਨ੍ਹਾਂ 'ਚ 'ਭੰਨ ਕੇ ਟਰੱਕ ਬਹਿ ਗਿਆ' ਗਾਉਣ ਵਾਲਾ ਧੰਨਾ ਰੰਗੀਲਾ ਵੀ ਸੀ, ਜਸਵੰਤ ਬਿੱਲਾ ਵੀ, ਚੰਨ ਸ਼ਾਹਕੋਟੀ ਵੀ, ਤੇ ਹੋਰ ਕਈਆਂ ਦੇ ਨਾਂ ਮੈਨੂੰ ਯਾਦ ਹੀ ਨਹੀਂ ਰਹੇ।

ਬਲਕਾਰ ਸਿੱਧੂ ਨਾਲ ਮੇਰੀ ਕੁਝ ਸਮਾਂ ਹੀ ਨੇੜਤਾ ਰਹੀ, ਜਦੋਂ ਉਹਦਾ ਗੀਤ ਆਇਆ ਸੀ, 'ਭਿੱਜ ਗਈਆਂ ਨਣਾਨੇ ਪੂਣੀਆਂ।' ਸਤਵਿੰਦਰ ਬਿੱਟੀ ਨੇ 1994 ਵਿਚ ਸ਼ੌਂਕੀ ਮੇਲੇ 'ਤੇ ਆਉਣਾ ਸੀ ਪਰ ਉਸ ਨੇ ਸਾਫ ਜ਼ਾਹਰ ਕਰ ਦਿੱਤਾ ਸੀ ਕਿ ਤੁਸੀਂ ਮੇਰੀ ਪੋਸਟਰ 'ਤੇ ਫੋਟੋ ਨਹੀਂ ਲਾਈ। ਪਰ ਉਸ ਨੂੰ ਉਂਜ ਮੈਂ ਅਮਰੀਕਾ 'ਚ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਕਰਨ ਲਈ ਜਰੂਰ ਬੁਲਾਇਆ। ਮੇਰੇ ਪਿੰਡਾਂ ਦਾ ਗਵੱਈਆ ਗੁਰਕ੍ਰਿਪਾਲ ਸੂਰਾਪੁਰੀ ਮੇਰੇ ਚੇਤਿਆਂ 'ਚ ਵਸਦਾ ਹੈ, ਜਿਸ ਸਾਲ ਮੈਂ ਸ਼ੌਂਕੀ ਮੇਲਾ ਛੱਡਿਆ, ਉਹ ਗਾਉਣ ਵੀ ਆਇਆ ਤੇ 5100 ਦੇ ਕੇ ਵੀ ਗਿਆ।



ਪਿੰਡ ਚੀਮਨਾ (ਲੁਧਿਆਣਾ) ਵਿਖੇ ਅਮਰ ਗਾਇਕ ਜੋੜੀ ਮੁਹੰਮਦ ਸਦੀਕ ਰਣਜੀਤ ਕੌਰ ਤੇ ਐਸ. ਅਸ਼ੋਕ ਭੌਰਾ

ਇਹ ਵੀ ਇੱਕ ਰਿਕਾਰਡ ਰਹੇਗਾ ਕਿ ਯੁੱਧਵੀਰ ਮਾਣਕ ਦਾ ਪਹਿਲਾ ਪ੍ਰੋਫੈਸ਼ਨਲ ਪ੍ਰੋਗਰਾਮ ਮੈਂ ਬਲਾਚੌਰ 'ਚ ਕਰਵਾਇਆ ਸੀ ਤੇ ਹੰਸ ਰਾਜ ਨਾਲ ਸਾਜੀ ਤੋਂ ਗਾਇਕ ਬਣੇ ਸਾਬਰ ਕੋਟੀ ਦਾ ਵੀ ਹੁਸ਼ਿਆਰਪੁਰ 'ਚ। ਮੇਰੇ ਪਿਆਰੇ ਮਿੱਤਰਾਂ 'ਚੋਂ ਬੂਟਾ ਮੁਹੰਮਦ ਮੇਰੇ ਹਾਲੇ ਵੀ ਬਹੁਤ ਨੇੜੇ ਹੈ। ਕਮਲ ਹੀਰ ਦੀ ਗੱਲ ਕਰਨੋਂ ਰਹਿ ਗਈ ਹੈ, ਕੰਠ ਕਲੇਰ ਦੀ ਵੀ, ਜੈਜ਼ੀ ਬੀ. ਸ਼ੌਂਕੀ ਮੇਲੇ 'ਚ ਬਰੇਕ ਲੈਣ ਤੋਂ ਬਾਅਦ ਮੇਰੇ ਸੰਪਰਕ 'ਚ ਹੀ ਨਹੀਂ ਰਿਹਾ। ਦੁਰਗਾ ਰੰਗੀਲਾ, ਨਛੱਤਰ ਗਿੱਲ, ਕੁਲਵਿੰਦਰ ਢਿੱਲੋਂ, ਭੁਪਿੰਦਰ ਗਿੱਲ-ਮਿਸ ਨੀਲਮ, ਮਨਜੀਤ ਰਾਹੀ, ਹਾਕਮ ਬਖਤੜੀਵਾਲਾ-ਦਲਜੀਤ ਕੌਰ, ਦਲਵਿੰਦਰ ਦਿਆਲਪੁਰੀ ਤੇ ਸੁਨੀਤਾ ਭੱਟੀ ਦੀ ਗੱਲ ਮੈਂ ਗਾਹੇ ਬਗਾਹੇ ਕਰਦਾ ਰਿਹਾ ਹਾਂ। ਨਛੱਤਰ ਗਿੱਲ ਨੂੰ ਪਿਆਰ ਇਸ ਕਰਕੇ ਕਰਦਾ ਹਾਂ ਕਿ ਉਹ ਸ਼ੌਂਕੀ ਨਾਲ ਰਹਿਣ ਵਾਲੇ ਢਾਡੀ ਦਾ ਪੁੱਤਰ ਵੀ ਹੈ।

ਕੋਕੇ ਵਾਲੀ ਸਰਬਜੀਤ ਨਾਲ ਮੇਰੀ ਨੇੜਤਾ ਰਹੀ, ਉਹਨੂੰ ਮੈਂ ਬਾਹਰ ਬੈਲਜ਼ੀਅਮ ਲਿਜਾਣਾ ਸੀ, ਪਰ ਹਾਲਾਤ ਬਾਹਰ ਜਾਣ ਵਾਲੇ ਨਾ ਬਣੇ। ਇਤਫਾਕ ਇਹ ਸੀ ਕਿ ਇਸ ਗਰੁਪ 'ਚ 'ਕੁੜੀ ਗੁਜਰਾਤ ਦੀ' ਵਾਲੇ ਜੱਸੀ ਗੁਰਦਾਸਪੁਰੀਏ ਨੇ ਵੀ ਜਾਣਾ ਸੀ।

ਸਤਿੰਦਰ ਸਰਤਾਜ ਨੇ ਫਿਲਮ 'ਬਲੈਕ ਪ੍ਰਿੰਸ' ਨਾਲ ਗਾਇਕੀ ਦੇ ਮੌਜ ਮੇਲੇ ਵਾਂਗ ਫਿਲਮਾਂ ਦਾ ਸਫਰ ਵੀ ਤੈਅ ਕਰ ਲਿਆ ਹੈ। ਪਰ ਜਦੋਂ ਇਕਬਾਲ ਮਾਹਲ ਨੇ ਪਹਿਲੀ ਵਾਰ ਉਹਦੇ ਅਮਰੀਕਾ ਤੇ ਕੈਨੇਡਾ 'ਚ ਸ਼ੋਅ ਕਰਵਾਏ ਤਾਂ ਉਹਦੇ ਕੁਝ ਗੀਤਾਂ ਦੀ ਦਾਅਵੇਦਾਰੀ ਨੂੰ ਲੈ ਕੇ ਆਲੋਚਨਾ ਉਠੀ, ਪੱਗ ਤੇ ਸਰਪੇਚ ਲਗਾਉਣ ਤੇ ਪੱਗ ਦੇ ਹੇਠੋਂ ਵਾਲ ਕੱਢਣ ਨੂੰ ਲੈ ਕੇ ਅਮਰੀਕੀ ਅਖ਼ਬਾਰਾਂ 'ਚ ਬੜੀ ਤਿੱਖੀ ਚੁੰਝ ਚਰਚਾ ਚੱਲੀ ਤੇ ਇਹ ਆਲੋਚਨਾ ਜਦੋਂ ਰੁਕਣ ਦਾ ਨਾਂ ਨਾ ਲਵੇ ਤਾਂ ਸਰਤਾਜ ਤੇ ਇਕਬਾਲ ਦਾ ਮੈਨੂੰ ਇੱਕੋ ਹੀ ਸਵਾਲ ਸੀ ਕਿ ਅਸ਼ੋਕ ਤੂੰ ਸਰਤਾਜ ਬਾਰੇ ਲਿਖ, ਫਿਰ ਸ਼ਾਇਦ ਵਿਰੋਧਤਾ ਦੀ ਚਲਦੀ ਨੇਰ੍ਹੀ ਤੇਜ ਰੁਕ ਜਾਵੇਗੀ ਤੇ 'ਲੰਬੀ ਔੜ ਪਿੱਛੋਂ ਪਿਆ ਭਰਵਾਂ ਮੀਂਹ' ਜਦੋਂ ਮੈਂ ਲਿਖਿਆ ਤਾਂ ਸੱਚੀ ਮੁੱਚੀ ਹੀ ਮੇਰੇ ਮਾਣ ਸਤਿਕਾਰ 'ਚ ਕਹਿ ਲਓ ਜਾਂ ਮੇਰੇ ਸ਼ਬਦਾਂ ਦੀ ਉਸਤਤ 'ਚ, ਵਿਰੋਧ ਮੱਠਾ ਪੈ ਗਿਆ ਸੀ।

ਸੋ, ਮੁੱਕਦੀ ਗੱਲ ਕਰਨ ਲੱਗਾ ਹਾਂ ਕਿ ਜਦੋਂ ਡਾ. ਮਮਤਾ ਜੋਸ਼ੀ ਦਾ ਮੈਂ ਗੀਤ ਸੁਣਿਆ 'ਦਿੱਲੀ ਵਿਲਕਦੀ ਤੇ ਤੜਫਦਾ ਲਾਹੌਰ ਵੇਖਿਆ' ਤਾਂ ਮੈਂ ਉਹਦੇ ਘਰਵਾਲੇ ਚੇਤਨ ਨਾਲ ਸੰਪਰਕ ਕੀਤਾ, ਫਿਰ ਮੈਂ ਚੰਡੀਗੜ੍ਹ ਸਰਕਾਰੀ ਕਾਲਜ ਮਮਤਾ ਜੋਸ਼ੀ ਨੂੰ ਮਿਲਣ ਵੀ ਗਿਆ। ਉਹਨੇ ਮੇਰਾ ਇੱਕ ਗੀਤ ਵੀ ਗਾਇਆ 'ਦੁਨੀਆਂ ਤੋਂ ਬੰਦੇ ਬਲਵਾਨ ਤੁਰ ਜਾਂਦੇ ਨੇ' ਤੇ ਫਿਰ ਮਾਹਲਪੁਰ 'ਚ ਉਹਦੀ ਇੱਕ ਵੱਡੀ ਸੰਗੀਤਕ ਮਹਿਫਿਲ ਵੀ। ਪਰ ਮਮਤਾ ਜੋਸ਼ੀ ਇਸ ਵੇਲੇ ਬਹੁਤ ਵੱਡੀ ਗਾਇਕਾ ਹੈ ਤੇ ਪੀੜ੍ਹੀ ਪਾੜਾ ਕਰਕੇ ਸਾਡੀ ਜਨ-ਸੰਪਰਕ ਮੁਹਿੰਮ ਬਹੁਤੀ ਅੱਗੇ ਨਾ ਵਧ ਸਕੀ।

ਅੰਮ੍ਰਿਤਸਰ ਦੇ ਲੋਪੋਕੇ ਭਰਾ ਲਖਵੀਰ ਤੇ ਰਜਿੰਦਰ ਇਨ੍ਹਾਂ ਦਿਨਾਂ 'ਚ ਉਹ ਸੰਭਾਵਨਾ ਬਣੇ ਹਨ ਜੋ ਪੈਤ ਵਡਾਲੀ ਭਰਾਵਾਂ ਵਾਲੀ ਬਣਾ ਸਕਣ, ਪਰ ਕਿਉਂਕਿ ਯੁੱਗ ਵਪਾਰਕ ਹੈ, ਝਿਜਕ ਕੋਈ ਵੀ ਸਕਦਾ ਹੈ ਤੇ ਨਵੀਂ ਪੀੜ੍ਹੀ ਦੇ ਇਨ੍ਹਾਂ ਗਾਇਕਾਂ ਨੂੰ ਮੈਂ ਬਰੇਕ ਦਿਵਾਉਣ 'ਚ ਨਿੱਕਾ ਮੋਟਾ ਯੋਗਦਾਨ ਜਰੂਰ ਪਾਇਆ ਹੈ। ਇਹ ਵੀ ਪਹਿਲੀ ਵਾਰ ਹੈ ਕਿ ਜੇ ਕੋਈ ਗਾਇਕ ਬਹੁਤੀਆਂ ਮੇਰੀਆਂ ਰਚਨਾਵਾਂ ਨੂੰ ਗਾ ਰਿਹੈ।

ਇਹੀ ਗੱਲ ਕਹਿ ਕੇ ਗੱਲ ਮੁਕਾ ਦੇਵਾਂਗਾ ਕਿ ਮੈਂ ਲਿਖਣ ਦਾ ਸਫਰ ਦਾ ਲਗਾਤਾਰ ਤੈਅ ਕਰ ਰਿਹਾ ਹਾਂ, ਪਰ ਮੈਂ ਆਪਣੇ ਸਟੇਸ਼ਨ ਬਦਲ ਲਏ ਹਨ। ਹਾਲੇ ਗਾਇਕੀ 'ਚ ਕਾਫਲਾ ਭੱਜਿਆ ਆ ਰਿਹਾ ਹੈ, ਸਫਲਤਾ ਦਾ ਬੂਹਾ ਲੰਘਣ ਲਈ ਧੱਕਮ ਧੱਕਾ ਹੋ ਰਹੇ ਨੇ, ਇੱਕ ਦੂਜੇ ਨੂੰ ਠਿੱਬੀ ਮਾਰ ਕੇ ਅੱਗੇ ਨਿਕਲਣ ਦੀ ਤਾਕ ਹੈ, ਸੋਸ਼ਲ ਮੀਡੀਏ ਨੇ ਮਾਣ-ਮਰਿਆਦਾਵਾਂ ਬੌਣੀਆਂ ਕਰ ਦਿੱਤੀਆਂ ਹਨ, ਇਸ ਲਈ ਅਗਲੀਆਂ ਨਸਲਾਂ ਲਈ ਸ਼ਾਇਦ ਇਹ ਕਹਿਣਾ ਔਖਾ ਹੋ ਜਾਵੇਗਾ ਕਿ ਹੁਣ ਗੱਲ ਕਿਸ ਦੀ ਤੇ ਕਿੱਥੋਂ ਕੀਤੀ ਜਾਵੇ। ਹੁਣ ਸ਼ਾਇਦ ਸੁਰਿੰਦਰ ਕੌਰ ਹੋਰ ਨਹੀਂ ਆਏਗੀ, ਨਰਿੰਦਰ ਬੀਬਾ ਵੀ ਨਹੀਂ, ਕੁਲਦੀਪ ਮਾਣਕ ਵੀ ਨਹੀਂ ਤੇ ਯਮਲਾ ਜੱਟ ਵੀ ਨਹੀਂ। ਗੁਰਦਾਸ ਮਾਨ ਜਿੰਨਾ ਲੰਮਾ ਪੈਂਡਾ ਕਿਸੇ ਤੋਂ ਤੈਅ ਹੀ ਨਹੀਂ ਹੋਣਾ ਤੇ ਚਮਕੀਲੇ ਵਰਗੀਆਂ ਜੋੜੀਆਂ ਸ਼ਾਇਦ ਹੁਣ ਉਠ ਹੀ ਨਾ ਸਕਣ। ਤੇ ਇੱਥੇ ਹੀ ਭੁੱਲ ਚੁੱਕ ਮਾਫ।

**ਗੁਰਮਤਿ ਵਿਚਾਰ**

# ਜਾਤਿ ਕਾ ਗਰਬੁ ਨਾ ਕਰੀਅਹੁ ਕੋਈ

**ਗੁਰਬਾਜ ਸਿੰਘ ਤਰਨ ਤਾਰਨ**
**ਫੋਨ: 91-98723-34944**

ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਰਾਗ ਭੈਰਵ ਵਿਚ ਫੁਰਮਾਉਂਦੇ ਹਨ:

ਜਾਤਿ ਕਾ ਗਰਬੁ ਨਾ ਕਰੀਅਹੁ ਕੋਈ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥
ਰਹਾਉ॥
ਚਾਰੇ ਵਰਨ ਆਖੈ ਸਭੁ ਕੋਈ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥
ਮਾਟੀ ਏਕ ਸਗਲ ਸੰਸਾਰਾ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ।॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥
ਘਟਿ ਵਧਿ ਕੋ ਕਰੈ ਬੀਚਾਰਾ॥
ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ।॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥
(ਗੁਰੂ ਗ੍ਰੰਥ ਸਾਹਿਬ, ਪੰਨਾ 1127)

ਅਰਥਾਤ, ਹੇ ਮਨੁੱਖ! ਤੈਨੂੰ ਆਪਣੀ ਜਾਤ ਦਾ, ਸਮਾਜੀ ਰੁਤਬੇ ਦਾ ਹੰਕਾਰ ਜਾਂ ਘੁਮੰਡ ਨਹੀਂ ਕਰਨਾ ਚਾਹੀਦਾ। ਉਸ ਮਾਲਕ ਪਰਮਾਤਮਾ ਦੀ ਨਜ਼ਰ ਵਿਚ ਸਭ ਇੱਕ ਸਮਾਨ ਹਨ। ਜੋ ਇਨਸਾਨ ਉਸ ਨਿਰੰਕਾਰ ਪਰਮਾਤਮਾ ਦੀ ਸੋਝੀ ਤੇ ਭਾਣੇ ਵਿਚ ਜੀਵਨ ਬਤੀਤ ਕਰਦਾ ਹੈ, ਨਿਰਮਾਣਤਾ ਦਾ ਪੱਲਾ ਫੜ੍ਹ ਕੇ ਜੀਵਨ ਬਤੀਤ ਕਰਦਾ ਹੈ, ਪਰਮਾਤਮਾ ਦੇ ਸ਼ਬਦ ਸੋਝ ਮੁਤਾਬਕ ਚੱਲ ਕੇ ਉਸ ਨੂੰ ਜਾਣ ਲੈਂਦਾ ਹੈ, ਉਹੀ ਪਰਮਾਤਮਾ ਦੀ ਮਿਹਰ ਦੀ ਨਦਰਿ ਪ੍ਰਾਪਤ ਕਰਦਾ ਹੈ।

ਗੁਰੂ ਜੀ ਸਿੱਖਿਆ ਦਿੰਦੇ ਹਨ, ਹੇ ਮੂਰਖ ਇਨਸਾਨ ਤੂੰ ਆਪਣੀ ਉਚ ਜਾਤੀ, ਪੈਸੇ, ਰੁਤਬੇ ਜਾਂ ਸਮਾਜੀ ਉਚ ਆਚਾਰ ਵਿਹਾਰ ਦਾ ਘੁਮੰਡ, ਮਾਣ ਹੰਕਾਰ ਵਿਅਰਥ ਹੀ ਕਰਦਾ ਹੈਂ। ਪਰਮਾਤਮਾ ਦੇ ਘਰ ਤੇਰੇ ਵਰਗੇ ਘੁਮੰਡੀ ਤੇ ਜਾਤ-ਪਾਤ ਵਿਚ ਵਿਸ਼ਵਾਸ਼ ਰੱਖਣ ਵਾਲੇ ਲਈ ਕੋਈ ਥਾਂ ਨਹੀਂ ਹੈ। ਇਸ ਮਾਣ ਹੰਕਾਰ ਤੇ ਜਾਤ-ਪਾਤ ਦੀ ਊਚ-ਨੀਚ ਮੰਨਣ ਵਾਲੇ ਦੀ ਜ਼ਿੰਦਗੀ ਤੇ ਰਾਹਾਂ ਵਿਚ ਅਨੇਕ ਪ੍ਰਕਾਰ ਦੇ ਵਿਕਾਰ, ਪਾਪ, ਦੁੱਖ ਤੇ ਮੁਸ਼ਕਿਲਾਂ ਪੈਦਾ ਹੁੰਦੀਆਂ ਹਨ, ਉਹ ਅਨੇਕ ਪ੍ਰਕਾਰ ਦੇ ਭੈੜੇ ਕਰਮਾਂ ਵਾਲੀ ਸ਼ਖਸੀਅਤ ਦਾ ਮਾਲਕ ਬਣ ਜਾਂਦਾ ਹੈ। ਸਮਾਜ ਵਿਚ ਵਿਚਰਦੇ ਚਾਰ ਵਰਣਾਂ ਦੇ ਲੋਕ ਪਰਮਾਤਮਾ ਦੀ ਮਿਹਰ ਤੇ ਨਦਰਿ ਨਾਲ ਇੱਕ ਹੀ ਜੋਤਿ ਤੋਂ ਉਤਪਤ ਹੋਏ ਹਨ, ਪਰ ਆਪਣੀ ਮੂਰਖਤਾ ਨਾਲ ਹੀ ਮਨਮੁੱਖ ਮਨੁੱਖਾਂ ਨੇ ਜਾਤ-ਪਾਤ ਦਾ ਪਸਾਰਾ ਪੈਦਾ ਕੀਤਾ ਹੈ।

ਗੁਰੂ ਸਾਹਿਬ ਮਿਸਾਲ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਠਠਿਆਰ ਭਾਂਡੇ ਬਣਾਉਣ ਸਮੇਂ ਅਨੇਕ ਪ੍ਰਕਾਰ ਦੇ ਰੰਗਾਂ ਤੇ ਅਕਾਰਾਂ ਦੇ ਭਾਂਡੇ ਬਣਾਉਂਦਾ ਹੈ, ਜਿਨ੍ਹਾਂ ਵਿਚ ਕੋਈ ਵੱਡ ਅਕਾਰੀ ਹੈ, ਕੋਈ ਛੋਟਾ ਹੈ। ਇਵੇਂ ਹੀ ਸਰਬ ਸਮਰਥ ਪਰਮਾਤਮਾ ਨੇ ਸਭ ਨੂੰ ਪੈਦਾ ਕੀਤਾ ਹੈ, ਆਪੋ-ਆਪਣੇ ਕਰਮਾਂ ਅਨੁਸਾਰ ਹਰ ਕੋਈ ਵੱਖੋ-ਵੱਖਰੇ ਰੰਗਾਂ, ਰੂਪਾਂ ਤੇ ਸੋਝੀ ਦਾ ਮਾਲਕ ਹੈ। ਇਸ ਵਿਚ ਕੋਈ ਸਵਾਲ ਨਹੀਂ ਕਿ ਕੌਣ ਵੱਡਾ ਹੈ ਤੇ ਕੌਣ ਛੋਟਾ। ਇਹ ਸਰੀਰ ਪੰਜ ਤੱਤਾਂ ਦਾ ਬਣਿਆ ਹੈ ਤੇ ਸਭ ਇੱਕ ਹੀ ਪਰਮਾਤਮਾ ਦੀ ਬਖਸ਼ਿਸ਼ ਨਦਰਿ ਜੋਤ ਦਾ ਛੋਟਾ ਰੂਪ ਹਨ। ਨਾਮ ਸਿਮਰਨ ਤੇ ਸ਼ਬਦ ਗੁਰੂ ਦੀ ਮਿਹਰ ਨਾਲ ਹੀ ਕੋਈ ਪਰਮਾਤਮਾ ਦੇ ਕਰੀਬ ਹੋ ਜਾਂਦਾ ਹੈ ਤੇ ਕੋਈ ਭੁੱਲਿਆ ਦੂਰ ਭਟਕਦਾ ਹੈ।

ਗੁਰੂ ਜੀ ਫੁਰਮਾਉਂਦੇ ਹਨ, ਹੇ ਨਾਨਕ ਮਨੁੱਖੀ ਆਤਮਾ ਤਾਂ ਕਰਮਾਂ ਦੀ ਬੱਧੀ ਹੋਈ ਹੈ ਤੇ ਸੱਚੇ ਸਤਿਗੁਰੂ ਦੀ ਮਿਹਰ ਤੇ ਕਿਰਪਾ ਦ੍ਰਿਸ਼ਟੀ ਨਾਲ ਹੀ ਇਨ੍ਹਾਂ ਬੰਧਨਾਂ ਤੋਂ ਮੁਕਤ ਹੋ ਸਕਦੀ ਹੈ।

ਇਸ ਸ਼ਬਦ ਰਾਹੀਂ ਗੁਰੂ ਸਾਹਿਬ ਨੇ ਇਹੀ ਸੰਦੇਸ਼ ਦਿੱਤਾ ਹੈ ਕਿ ਮਨੁੱਖ ਨੂੰ ਕਦੇ ਵੀ ਆਪਣੀ ਜਾਤ, ਸਮਾਜੀ ਰੁਤਬੇ ਤੇ ਪੈਸੇ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਇਹ ਜੀਵਨ ਤਾਂ ਪਾਣੀ ਦਾ ਬੁਲਬੁਲਾ ਹੈ ਜੋ ਪਤਾ ਨਹੀਂ ਕਦੋਂ ਪੈਦਾ ਹੋਣਾ ਹੈ ਤੇ ਕਦੋਂ ਬਿਨਸਣਾ ਹੈ। ਮਨੁੱਖ ਧੀਆਂ-ਪੁੱਤਰਾਂ ਲਈ ਮਹਿਲ-ਮਾੜੀਆਂ ਤੇ ਧੰਨ ਦੌਲਤਾਂ ਇੱਕਠੀਆਂ ਕਰਦਾ ਫਿਰਦਾ ਹੈ, ਉਸ ਮੂਰਖ ਨੂੰ ਸਮਝ ਨਹੀਂ ਪੈਂਦੀ ਕਿ ਇਨ੍ਹਾਂ ਚੀਜ਼ਾਂ ਨਾਲ ਜੀਵਨ ਤਾਂ ਜੀਵਿਆ ਜਾ ਸਕਦਾ ਹੈ ਪਰ ਪਰਮਾਤਮਾ ਦੀ ਕਿਰਪਾ ਦੀ ਨਦਰਿ ਨਹੀਂ ਪੈਂਦੀ ਤੇ ਅੱਗਾ ਨਹੀਂ ਸੰਵਾਰਿਆ ਜਾ ਸਕਦਾ। ਨਿਮਰਤਾ ਨਾਲ ਬਤੀਤ ਕੀਤਾ ਜੀਵਨ ਤੇ ਸ਼ੁਭ ਕਰਮ ਹੀ ਪ੍ਰਭੂ ਦੇ ਘਰ ਢੋਈ ਦੁਆਉਂਦੇ ਹਨ, ਨਾ ਕਿ ਜਾਤ ਜਾਂ ਪੈਸੇ ਦਾ ਹੰਕਾਰ। ਆਦਮੀ ਤਾਂ ਜਾਤ ਨੂੰ ਬਹੁਤ ਵਡਿਆਉਂਦਾ ਹੈ ਪਰ ਇਹ ਕਦੇ ਨਹੀਂ ਸੋਚਦਾ ਕਿ ਉਸ ਨੇ ਅੱਜ ਦੇ ਦਿਨ ਕਿਸ ਨੂੰ ਖੁਸ਼ ਕੀਤਾ ਹੈ, ਕਿਸ ਦੀ ਮਦਦ ਕੀਤੀ ਹੈ? ਆਪਣੇ ਧੀਆਂ-ਪੁੱਤਰਾਂ ਜਾਂ ਪਤਨੀ ਦੀ ਅਸਲੀ ਖੁਸ਼ੀ ਜਾਣਨ ਦੀ ਕੋਸ਼ਿਸ਼ ਕੀਤੀ ਹੈ? ਅਜਿਹੀ ਦੋਹਰੀ ਜ਼ਿੰਦਗੀ ਜਾਂ ਸ਼ਖਸੀਅਤ ਵਾਲੇ ਬਾਹਰੋਂ ਤਾਂ ਧਾਰਮਿਕ ਬਣਦੇ ਨੇ, ਨਾਮ ਸਿਮਰਦੇ ਨੇ ਪਰ ਅੰਦਰੋਂ ਕੋਝੇ ਹਨ ਤੇ ਉਚੀ ਜਾਤ-ਪਾਤ ਤੇ ਪੈਸੇ ਦਾ ਹੰਕਾਰ ਨਹੀਂ ਛੱਡਦੇ।

ਬੰਦਾ ਸ਼ਰਾਬ ਪੀਂਦਾ ਹੈ, ਧੋਖਾ ਕਰਦਾ ਹੈ, ਘਰਦਿਆਂ ਨਾਲ ਲੜਦਾ ਹੈ ਪਰ ਸਵੇਰੇ ਫੇਰ ਗੁਰਦੁਆਰੇ ਜਾਂਦਾ ਹੈ ਤੇ ਸੋਚਦਾ ਹੈ ਕਿ ਉਸ ਨੂੰ ਕੋਈ ਨਹੀਂ ਦੇਖਦਾ ਪਰ ਧੋਖਾ ਤਾਂ ਉਹ ਆਪਣੇ ਆਪ ਨਾਲ ਕਰਦਾ ਹੈ। ਪਰਮਾਤਮਾ ਤਾਂ ਸਭ ਦੇਖਦਾ ਹੈ। ਪਰਮਾਤਮਾ ਨੇ ਆਪਣੇ ਕਈ ਰੂਪਾਂ, ਉਦਾਹਰਣਾਂ ਤੇ ਅਵਤਾਰਾਂ ਰਾਹੀਂ ਸਾਨੂੰ ਅਨੇਕ ਸੰਦੇਸ਼ ਤੇ ਸਿੱਖਿਆਵਾਂ ਦਿੱਤੀਆਂ ਹਨ ਤਾਂ ਜੋ ਜੀਵਨ ਨੂੰ ਸੰਵਾਰਿਆ ਜਾ ਸਕੇ। ਦੁਨੀਆਂ ਦਾ ਹਰ ਗ੍ਰੰਥ, ਹਰ ਧਰਮ ਬੰਦਿਸ਼ਾਂ ਜਾਂ ਜਾਤ-ਪਾਤ ਦੇ ਘੁਮੰਡ ਤੋਂ ਦੂਰ ਰਹਿਣ ਦੀ ਸਿੱਖਿਆ ਦਿੰਦਾ ਹੈ।

ਬਾਈਬਲ ਦੀ ਕਥਾ ਮੁਤਾਬਕ ਇੱਕ ਅਮੀਰ ਬਾਦਸ਼ਾਹ ਆਪਣੇ ਮਹਿਲ ਵਿਚ ਅਨੇਕ ਰਾਣੀਆਂ ਨਾਲ ਰਹਿੰਦਾ ਸੀ ਤੇ ਅਨੇਕ ਪ੍ਰਕਾਰ ਦੇ ਖਾਣਿਆਂ ਦਾ ਸੇਵਨ ਕਰਦਾ ਸੀ, ਪਰ ਰੱਬ ਨੂੰ ਭੁੱਲੀ ਬੈਠਾ ਸੀ। ਉਸ ਦੇ ਮਹਿਲ ਸਾਹਮਣੇ ਇਕ ਗਰੀਬ ਤੇ ਛੋਟੀ ਜਾਤ ਦਾ ਲਾਜਰ ਨਾਂ ਦਾ ਪਿੰਗਲਾ ਰਹਿੰਦਾ ਸੀ ਜਿਸ ਦੀ ਕਦੇ ਉਸ ਬਾਦਸ਼ਾਹ ਨੇ ਮਦਦ ਨਹੀਂ ਸੀ ਕੀਤੀ। ਜਦੋਂ ਉਸ ਦੇ ਨੌਕਰ ਬਚਿਆ-ਖੁਚਿਆ ਖਾਣਾ ਕੂੜੇ ਦੇ ਢੇਰ 'ਤੇ ਸੁੱਟਦੇ ਤਾਂ ਲਾਜਰ ਕੂੜੇ ਤੋਂ ਚੁੱਕ ਕੇ ਖਾਣਾ ਖਾ ਕੇ ਵੀ ਰੱਬ ਦਾ ਲੱਖ ਸ਼ੁਕਰ ਮਨਾਉਂਦਾ। ਇੱਕ ਦਿਨ ਲਾਜਰ ਮਰ ਗਿਆ ਤੇ ਬਾਦਸਾਹ ਵੀ ਮਰ ਗਿਆ, ਪਰ ਪਰਮਾਤਮਾ ਦੇ ਘਰ ਬਾਦਸ਼ਾਹ ਨੂੰ ਨਰਕ ਦੀ ਅੱਗ ਵਿਚ ਸੁੱਟਿਆ ਗਿਆ ਤੇ ਲਾਜਰ ਨੂੰ ਪਰਮਾਤਮਾ ਨੇ ਆਪਣੇ ਨਾਲ ਤਖਤ 'ਤੇ ਬਿਠਾ ਲਿਆ। ਸੋ ਜਾਤ ਜਾਂ ਵਰਗ ਨੂੰ ਨਹੀਂ, ਪਰਮਾਤਮਾ ਨੂੰ ਯਾਦ ਕਰਨਾ ਚਾਹੀਦਾ ਹੈ।

ਇਕ ਹੋਰ ਮਿਸਾਲ ਲੈ ਲਵੋ। ਕ੍ਰਿਸ਼ਨ-ਸੁਦਾਮੇ ਦੀ ਦੋਸਤੀ ਨੂੰ ਕੌਣ ਨਹੀਂ ਜਾਣਦਾ। ਕ੍ਰਿਸ਼ਨ ਭਗਵਾਨ ਰੂਪ ਸੀ ਤੇ ਸੁਦਾਮਾ ਛੋਟੀ ਜਾਤ ਦਾ ਬਹੁਤ ਗਰੀਬ ਸੀ ਪਰ ਕ੍ਰਿਸ਼ਨ ਜੀ ਆਪਣੇ ਬਚਪਨ ਦੀ ਦੋਸਤੀ ਨੂੰ ਮਾਨਤਾ ਦਿੰਦਿਆਂ ਉਸ ਨੂੰ ਬਰਾਬਰ ਆਪਣੇ ਤਖਤ 'ਤੇ ਬਿਠਾਉਂਦੇ। ਉਸ ਦੇ ਆਪਣੇ ਮਹਿਲ ਵਿਚ ਆਉਣ 'ਤੇ ਨੰਗੇ ਪੈਰੀਂ ਹੀ ਦੌੜ ਪਏ ਸਨ, ਉਸ ਨੂੰ ਮਿਲਣ ਲਈ।

ਗੁਰੂ ਨਾਨਕ ਸਾਹਿਬ ਜੀ ਨੇ ਵੀ ਭਾਈ ਮਰਦਾਨੇ ਤੇ ਭਾਈ ਬਾਲੇ ਨੂੰ ਜੀਵਨ ਦਾ, ਆਪਣੇ ਸਫਰ ਦਾ ਸਾਥੀ ਚੁਣਿਆ ਸੀ ਜੋ ਅਖੌਤੀ ਨੀਵੀਂ ਜਾਤ ਦੇ ਸਨ, ਪਰ ਗੁਰੂ ਜੀ ਨੇ ਸ਼ੁਭ ਸ਼ਖਸੀਅਤ ਤੇ ਕਰਮਾਂ ਨੂੰ ਪਹਿਲ ਦਿੱਤੀ। ਕਹਿੰਦੇ ਨੇ, ਇੱਕ ਵਾਰ ਮਰਦਾਨਾ ਉਦਾਸ ਹੋਇਆ ਤੇ ਗੁਰੂ ਨਾਨਕ ਦੇਵ ਜੀ ਨੂੰ ਕਹਿਣ ਲੱਗਾ, ਗੁਰੂ ਜੀ ਲੋਕ ਤੁਹਾਨੂੰ ਕੁਰਾਹੀਆ ਤੇ ਮੈਨੂੰ ਕੁਰਾਹੀਏ ਦਾ ਡੂਮ ਕਹਿੰਦੇ ਨੇ। ਗੁਰੂ ਜੀ ਨੇ ਉਤਰ ਦਿੱਤਾ, ਤੂੰ ਉਦਾਸ ਕਿਉਂ ਹੁੰਨਾਂ ਏਂ, ਅਸੀਂ ਤਾਂ ਦੋਵੇਂ ਡੂਮ ਹਾਂ, ਤੂੰ ਸਾਡਾ ਡੂਮ ਹੈ ਤੇ ਅਸੀਂ ਉਸ ਪਰਮਾਤਮਾ ਦੇ ਡੂਮ ਹਾਂ। ਤੈਨੂੰ ਉਦਾਸ ਹੋਣ ਦੀ ਕੋਈ ਲੋੜ ਨਹੀਂ ਹੈ। ਗੁਰੂ ਜੀ ਨੇ ਅਮੀਰ ਮਲਿਕ ਭਾਗੋ ਦਾ ਸ਼ਾਹੀ ਭੋਜ ਠੁਕਰਾ ਕੇ ਕਿਰਤੀ ਭਾਈ ਲਾਲੋ ਦੀ ਕਿਰਤ ਕਮਾਈ ਵਿਚੋਂ ਪ੍ਰਸ਼ਾਦਾ ਛਕਿਆ। ਅਜਿਹੀਆਂ ਅਣਗਿਣਤ ਮਿਸਾਲਾਂ ਮਿਲ ਜਾਣਗੀਆਂ ਜਿਨ੍ਹਾਂ ਰਾਹੀਂ ਪਵਿੱਤਰ ਗੁਰਬਾਣੀ ਤੇ ਗੁਰੂ ਸਾਹਿਬਾਨਾਂ ਨੇ ਜਾਤ-ਪਾਤ ਨੂੰ ਵਿਸਾਰ ਕੇ ਸਭ ਨੂੰ ਇੱਕ ਸਮਾਨ ਦਰਜਾ ਦਿੱਤਾ।

ਅਜੋਕਾ ਮਨੁੱਖ ਬਹੁਤ ਮੂਰਖ ਦੰਭੀ ਹੈ, ਇਹ ਦੋਗਲੀ ਸ਼ਖਸੀਅਤ ਦਾ ਮਾਲਕ ਬਣ ਚੁਕਾ ਹੈ। ਇੱਕ ਹੀ ਵੇਲੇ ਇਹ ਕਈ ਪ੍ਰਕਾਰ ਦੇ ਰੋਲ ਨਿਭਾਉਂਦਾ ਹੈ-ਚੰਗੇ ਵੀ, ਮਾੜੇ ਵੀ। ਪਰਮਾਤਮਾ ਦੀ ਨਜ਼ਰ ਤੋਂ ਇਹ ਨਾ ਤਾਂ ਬਚ ਸਕਿਆ ਹੈ ਤੇ ਨਾ ਹੀ ਬਚ ਸਕੇਗਾ। ਗੁਰਬਾਣੀ ਵਿਚ ਥਾਂ ਥਾਂ ਹਵਾਲਾ ਆਇਆ ਹੈ ਪਰ ਇਹ ਕਦੇ ਨਹੀਂ ਸਮਝਦਾ। ਨੀਵੀਂ ਜਾਤ ਜਾਂ ਉਚੀ ਜਾਤ ਦਾ ਹੰਕਾਰ ਕਰਨਾ ਵਿਅਰਥ ਹੈ ਕਿਉਂਕਿ ਹਰ ਇੱਕ ਛੋਟੇ ਜਾਂ ਵੱਡੇ ਇਨਸਾਨ ਦੇ ਅੰਦਰ ਇੱਕ ਹੀ ਪਰਮਾਤਮਾ ਦਾ ਬਸੇਰਾ ਹੈ। ਜੋਤ ਦਾ ਅੰਸ਼ ਤੇ ਖੂਨ ਦਾ ਰੰਗ ਵੀ ਇੱਕ ਹੈ। ਇਹ ਸਭ ਸਾਡੀ ਘਟੀਆ ਸੋਚ ਹੈ ਜਿਸ ਨੇ ਦੂਜ ਪੈਦਾ ਕੀਤੀ ਹੈ। ਬਹੁਤ ਹੀ ਸ਼ਰਮਨਾਕ ਗੱਲ ਹੈ ਕਿ ਸਾਡਾ ਸਮਾਜ ਅਜੇ ਵੀ ਰੰਗ-ਰੂਪ ਤੇ ਜਾਤ-ਪਾਤ ਵਿਚ ਫਸਿਆ ਹੋਇਆ ਹੈ ਤੇ ਪੱਛਮੀ ਸਭਿਅਤਾ ਜਿਥੇ ਅਜਿਹੀ ਵਰਤਾਰੇ ਨਹੀਂ ਹਨ, ਉਹ ਕਾਮਯਾਬੀਆਂ ਤੇ ਤਰੱਕੀਆਂ ਨੂੰ ਛੋਹ ਰਿਹਾ ਹੈ। ਸਾਡੇ ਰਿਸ਼ਤੇ-ਨਾਤਿਆਂ ਜਾਂ ਵਿਆਹਾਂ ਵਿਚ ਵੀ ਸਮਾਜੀ ਰੁਤਬੇ ਜਾਂ ਜਾਤ-ਪਾਤ ਦੀ ਊਚ-ਨੀਚ ਨਾਲ ਕਈ ਲੜਕੇ-ਲੜਕੀਆਂ ਦੇ ਜੀਵਨ ਤਬਾਹ ਹੋ ਜਾਂਦੇ ਹਨ। ਪਰ ਜਾਤ-ਪਾਤ ਦਾ ਜ਼ਹਿਰ ਫੇਰ ਵੀ ਨਹੀਂ ਠੱਲਦਾ। ਸਾਡੇ ਸਮਾਜ ਦੀ ਤ੍ਰਾਸਦੀ ਹੈ ਕਿ ਅਸੀਂ ਕਿਸੇ ਵੀ ਖੇਤਰ ਵਿਚ ਮਹਾਨਤਾ ਖੱਟਣ ਵਾਲੇ ਇਨਸਾਨ ਨੂੰ ਪਛਾਣਨ ਤੇ ਜਾਣਨ ਤੋਂ ਪਹਿਲਾਂ ਜਾਤ ਦਾ ਪੈਮਾਨਾ ਅੱਗੇ ਰੱਖਦੇ ਹਾਂ ਕਿ ਫਲਾਣਾ ਬੰਦਾ ਹੈ ਕਿਸ ਜਾਤ ਦਾ? ਕਿੰਨੀ ਮੂਰਖਤਾ ਹੈ ਉਸ ਨੂੰ ਪਰਮਾਤਮਾ ਦਾ ਜੀਵ ਮੰਨਣ ਦੀ ਥਾਂ, ਜਾਤ ਦੀ ਪੈਦਾਇਸ਼ ਮੰਨਦੇ ਹਾਂ, ਅਸੀਂ। ਜਾਤ-ਪਾਤ ਦੇ ਨਾਗ ਦਾ ਜ਼ਹਿਰ ਸਾਡੇ ਪਿਆਰਾਂ, ਵਿਆਹਾਂ, ਰਿਸ਼ਤੇਦਾਰੀਆਂ, ਪਰਿਵਾਰਾਂ, ਸਮਾਜ ਤੇ ਦੇਸ਼ ਨੂੰ ਖਤਮ ਕਰ ਰਿਹਾ ਹੈ, ਅਸਹਿਣਸ਼ੀਲਤਾ ਵਧ ਰਹੀ ਹੈ ਤੇ ਅਸੀਂ ਹੈਵਾਨ ਬਣਦੇ ਜਾ ਰਹੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਸਿੱਖ ਪੰਥ ਨੂੰ ਨਵਾਂ ਰੂਪ ਬਖਸ਼ਿਆ। ਗੁਰੂ ਜੀ ਨੇ ਸਿੰਘ ਤੇ ਕੌਰ ਦੇ ਸਤਿਕਾਰਤ ਰੁਤਬੇ ਦੇ ਸ਼ਬਦ ਦਿੱਤੇ, ਜਾਤ-ਪਾਤ ਦੇ ਭੇਦ ਭਾਵ ਨੂੰ ਖਤਮ ਕਰਨ ਲਈ ਬਾਬਾ ਜੀਵਨ ਸਿੰਘ ਨੂੰ 'ਰੰਗਰੇਟਾ ਗੁਰੂ ਕਾ ਬੇਟਾ' ਕਿਹਾ। ਪਰ ਅਜੇ ਵੀ ਅਸੀਂ ਗੁਰੂ ਸਾਹਿਬਾਨ ਦੀ ਦਿੱਤੀ ਸਿੱਖਿਆ ਤੋਂ ਦੂਰ ਹਾਂ, ਗੋਤਾਂ-ਜਾਤਾਂ ਦੇ ਸਿਰਲੇਖਾਂ ਨੂੰ ਆਪਣੇ ਨਾਂਵਾਂ ਸੰਗ ਜੋੜ ਕੇ ਵਡਿਆਉਂਦੇ ਹਾਂ। ਕਿਵੇਂ ਸਮਝਿਆ ਜਾਵੇ ਕਿ ਅਸੀਂ ਸਭ ਇਨਸਾਨ ਪਹਿਲਾਂ ਹਾਂ ਤੇ ਬਾਕੀ ਸਭ ਕੁਝ ਬਾਅਦ ਵਿਚ। ਅਸੀਂ ਧਰਮ ਦੀ ਪਾਲਣਾ ਵਿਚ ਸਭ ਤੋਂ ਮੂਰਖ ਇਨਸਾਨ ਹਾਂ ਕਿਉਂਕਿ ਅਕਸਰ ਪਿੰਡਾਂ ਵਿਚ ਦੇਖਿਆ ਜਾ ਸਕਦਾ ਹੈ ਕਿ ਜਾਤਾਂ ਦੇ ਆਧਾਰ 'ਤੇ ਵੱਖੋ ਵੱਖਰੇ ਗੁਰਦੁਆਰੇ ਸਥਾਪਿਤ ਹਨ, ਉਚੀਆਂ ਜਾਤਾਂ ਦੇ ਵਖਰੇ ਤੇ ਨੀਵੀਆਂ ਜਾਤਾਂ ਦੇ ਵੱਖਰੇ, ਇੱਥੋਂ ਤੱਕ ਕਿ ਸਿਵੇ ਵੀ ਜਾਤਾਂ ਦੇ ਆਧਾਰ 'ਤੇ ਵੰਡ ਰੱਖੇ ਹਨ, ਕੌਣ ਸਮਝਾਵੇ ਕਿ ਜਿਉਂਦੇ ਜੀ ਜਾਤ-ਪਾਤ ਦੇ ਜ਼ਹਿਰ ਨਾਲ ਭਰੇ ਵੰਡੇ ਰਹਿੰਦੇ ਹਾਂ, ਮਰਨ ਤੋਂ ਬਾਅਦ ਤਾਂ ਇੱਕ ਹੀ ਮਿੱਟੀ ਨਾਲ ਮਿੱਟੀ ਹੋ ਜਾਈਏ। ਸਾਨੂੰ ਕਦੋਂ ਸਮਝ ਆਏਗੀ ਕਿ ਗੁਰਬਾਣੀ ਇੱਕ ਈਸ਼ਵਰ ਤੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ। ਗੁਰੂ ਨਾਨਕ ਸਾਹਿਬ ਨੇ ਸੰਦੇਸ਼ ਦਿੱਤਾ ਸੀ ਕਿ ਨਾ ਕੋਈ ਹਿੰਦੂ, ਨਾ ਮੁਸਲਮਾਨ, ਅਥਵਾ ਸਭ ਭਾਈ ਭਾਈ ਤੇ ਇੱਕ ਬਰਾਬਰ ਹਨ।

ਅੱਜ ਸਾਡੇ ਦੇਸ਼ ਨੂੰ, ਸਮਾਜ ਨੂੰ ਸਭ ਤੋ ਵੱਧ ਖਤਰਾ ਜਾਤ-ਪਾਤ, ਊਚ-ਨੀਚ ਤੇ ਅਸਹਿਣਸ਼ੀਲਤਾ ਤੋਂ ਹੈ। ਲੋੜ ਹੈ, ਜਾਤ-ਪਾਤ ਤੋਂ ਰਹਿਤ ਤੇ ਸਹਿਣਸ਼ੀਲਤਾ ਦਾ ਜੀਵਨ ਗੁਜ਼ਾਰੀਏ ਤੇ ਹਰ ਇੱਕ ਵਿਚ ਰੱਬੀ ਜੋਤ ਤੇ ਨਦਰਿ ਨੂੰ ਤੱਕੀਏ। ਜੇ ਤੁਹਾਡਾ ਅੰਦਰ ਸ਼ੁਧ ਤੇ ਸਾਫ ਸੁਥਰਾ ਹੈ ਅਥਵਾ ਜਾਤ-ਪਾਤ ਦੀ ਊਚ-ਨੀਚ ਤੋਂ ਦੂਰ ਹੈ ਤਾਂ ਸਮਝੋ ਤੁਸੀਂ ਪ੍ਰਭੂ ਦੀ ਨਦਰਿ ਦੇ ਬਿਲਕੁਲ ਕਰੀਬ ਹੋ। ਰੱਬ ਸਭ 'ਤੇ ਨਦਰਿ ਮਿਹਰ ਰੱਖੇ।

## ਆਰਤੀ

ਆਰਤੀ ਕਰਾਂ ਮੈਂ ਤੇਰੀ ਆਰਤੀ,
ਕਰਤਾ ਪੁਰਖ ਤੇਰੀ ਆਰਤੀ।
ਨੀਲ ਗਗਨ ਦਾ ਥਾਲ ਸਜਾ ਕੇ
ਤਾਰਿਆਂ ਦੇ ਵਿਚ ਮੋਤੀ ਪਾ ਕੇ
ਚੰਨ ਸੂਰਜ ਦੋ ਦੀਪ ਜਗਾ ਕੇ,
ਆਰਤੀ ਕਰਾਂ ਮੈਂ ਤੇਰੀ ਆਰਤੀ।

ਚੰਦਨ ਰੁਖ ਦੀ ਧੂਪ ਧੁਖਾਵਾਂ
ਚਵਰ ਕਰੇਂਦੀਆਂ ਆਉਣ ਹਵਾਵਾਂ
ਹੱਥ ਜੋੜਾਂ ਤੇ ਸੀਸ ਝੁਕਾਵਾਂ,
ਆਰਤੀ ਕਰਾਂ ਮੈਂ ਤੇਰੀ ਆਰਤੀ।

ਫੁਲ ਵਨਸਪਤੀ ਤੈਥੋਂ ਵਾਰੇ
ਅਨਹਦ ਨਾਦ ਵਜੇਂਦੇ ਸਾਰੇ
ਇਕ ਰਸ ਵੱਜਦੇ ਰਹਿਣ ਨਗਾਰੇ,
ਆਰਤੀ ਕਰਾਂ ਮੈਂ ਤੇਰੀ ਆਰਤੀ।

ਤੀਨ ਲੋਕ ਪਰਿਕਰਮਾ ਕਰਦੇ
ਬ੍ਰਹਮਾ, ਵਿਸ਼ਨੂੰ, ਮਹੇਸ਼ ਵੀ ਡਰਦੇ
ਸੱਤ ਸਾਗਰ ਤੇਰਾ ਪਾਣੀ ਭਰਦੇ,
ਆਰਤੀ ਕਰਾਂ ਮੈਂ ਤੇਰੀ ਆਰਤੀ।

ਪਲ ਪਲ ਸਭ ਦੀ ਸਾਰ ਕਰੇਂਦਾ
ਹਰ ਜ਼ੱਰੇ ਵਿਚ ਆਪ ਵਸੇਂਦਾ
ਹਰ ਘਟ ਆਪਣੀ ਜੋਤ ਧਰੇਂਦਾ,
ਆਰਤੀ ਕਰਾਂ ਮੈਂ ਤੇਰੀ ਆਰਤੀ।

ਚਰਣ ਕਮਲ 'ਤੇ ਹੋ ਜਾਂ ਢੇਰੀ
ਦਰਸ਼ਨ ਦੀ ਮੈਨੂੰ ਪਿਆਸ ਘਨੇਰੀ
ਜਿਉਂ ਜਾਨਹੁ ਤਿਉਂ ਕਰ ਗਤਿ ਮੇਰੀ,
ਆਰਤੀ ਕਰਾਂ ਮੈਂ ਤੇਰੀ ਆਰਤੀ।

ਸ਼ਬਦਾਂ ਦਾ ਇਕ ਗੀਤ ਬਣਾ ਲੈ
ਅੰਮ੍ਰਿਤ ਰਸ ਸੰਗੀਤ ਬਣਾ ਲੈ
ਆ ਮੈਨੂੰ 'ਸੁਰਜੀਤ' ਬਣਾ ਲੈ,
ਆਰਤੀ ਕਰਾਂ ਮੈਂ ਤੇਰੀ ਆਰਤੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

## ਸਮਝਾਵੇ ਕਿਹੜਾ?

ਪ੍ਰਚਾਰਕਾਂ ਪਾ ਲਈਆਂ ਆਪੋ ਵਿਚ ਲੜਾਈਆਂ
ਸਭ ਦੇ ਸਾਂਝੇ ਦਰ 'ਤੇ, ਇਨ੍ਹਾਂ ਫੁੱਟਾਂ ਪਾਈਆਂ।

ਦਿਨੋ-ਦਿਨ ਜਾਵੇ ਵੰਡਿਆ, ਸਿੱਖੀ ਦਾ ਵੇਹੜਾ
ਪਰ ਇਹ ਸਾਡਾ ਰਾਹ ਨਹੀਂ, ਸਮਝਾਵੇ ਕਿਹੜਾ।

ਮੂੰਹੋਂ ਅੱਗਾਂ ਕੱਢਦੇ, ਉਚੇ ਸੰਗਤੋਂ ਬਹਿ ਕੇ
ਹੋਰਾਂ ਨੂੰ ਨੇ ਨਿੰਦਦੇ, ਸੱਚੇ ਖੁਦ ਨੂੰ ਕਹਿ ਕੇ।

ਸਲੀਕੇ, ਸ਼ਰਮ, ਹਯਾ ਦੀਆਂ ਸਭ ਹੱਦਾਂ ਢਾਹੀਆਂ
ਜਿਨ੍ਹਾਂ ਜਗਾਉਣੇ ਦੀਪ ਸੀ, ਉਨ੍ਹਾਂ ਅੱਗਾਂ ਲਾਈਆਂ।

ਬੁੱਧੂ ਬਣਾਉਂਦੇ ਦੁਨੀਆਂ ਨੂੰ, ਇਹ ਮਖੌਟੇ ਪਾ ਕੇ
ਵਿਹਲੜ ਮੌਜਾਂ ਲੁੱਟਦੇ ਸੰਤ, ਭਾਈ ਕਹਾ ਕੇ।

ਕੌਣ ਸੁਣਾਵੇ ਗੁਰੂ ਦੀ, ਹਰ ਮਨ ਦੀਆਂ ਕਰਦਾ
ਗੁਰੂ ਨਾਲੋਂ ਵੱਧ ਡੇਰਾ, ਬਾਬਿਆਂ ਦਾ ਭਰਦਾ।

ਅਹਿਮ ਮੁੱਦੇ ਸਭ ਰੱਖ'ਤੇ, ਠੰਡੇ ਬਸਤੇ ਪਾ ਕੇ
ਨੁਕਤਾਚੀਨੀਆਂ ਹੀ ਕਰਦੇ, ਮਸਾਲੇ ਲਾ ਕੇ।

ਸ਼ਹੀਦਾਂ ਦੀਆਂ ਕੁਰਬਾਨੀਆਂ, ਨਾ ਇੰਜ ਭੁਲਾਵੋ
ਅਨੰਦਪੁਰ ਦੇ ਮਤੇ ਦੀ ਵੀ, ਕਦੇ ਬਾਤ ਤਾਂ ਪਾਵੋ।

ਨਕਲੀਆਂ ਨੂੰ ਵੇਖ ਕੇ ਨਾ ਅਸਲ ਗਵਾਈਏ
ਗੁਰਬਾਣੀ ਤੋਂ ਲੈ ਰੋਸ਼ਨੀ, ਸੱਚ ਪੱਲੇ ਪਾਈਏ।

'ਦਵਿੰਦਰਾ' ਹੰਸ ਨਹੀਂ ਬਣਦੇ, ਕਦੇ ਡੱਡਾਂ ਖਾਣੇ
ਮਿਹਰ ਕਰੀਂ ਮੇਰੇ ਦਾਤਿਆ, ਕੌਮ ਸੱਚ ਪਹਿਚਾਣੇ।

*-ਦਵਿੰਦਰ ਸਿੰਘ ਸੇਖੋਂ,*
*ਫੀਨਿਕਸ, ਐਰੀਜ਼ੋਨਾ*
*ਫੋਨ: 913-735-4661*

**ਗੁਰਬਾਣੀ ਗਿਆਨ**

# ਕਹੁ ਨਾਨਕ ਮੇਰੀ ਪਰਮ ਗਤਿ ਹੋਈ

**ਰਾਗੁ ਸੂਹੀ ਮਹਲਾ ੫ ਘਰੁ ੧**
ੴ ਸਤਿਗੁਰ ਪ੍ਰਸਾਦਿ॥
ਬਾਜੀਗਰਿ ਜੈਸੇ ਬਾਜੀ ਪਾਈ॥
ਨਾਨਾ ਰੂਪ ਭੇਖ ਦਿਖਲਾਈ॥
ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥
ਤਬ ਏਕੋ ਏਕੰਕਾਰਾ॥
ਕਵਨ ਰੂਪ ਦ੍ਰਿਸਟਿਓ ਬਿਨਸਾਇਓ॥
ਕਤਹਿ ਗਇਓ ਉਹੁ ਕਤ ਤੇ ਆਇਓ॥ ਰਹਾਉ॥
ਜਲ ਤੇ ਊਠਹਿ ਅਨਿਕ ਤਰੰਗਾ॥
ਕਨਿਕ ਭੂਖਨ ਕੀਨੇ ਬਹੁ ਰੰਗਾ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥
ਫਲ ਪਾਕੇ ਤੇ ਏਕੰਕਾਰਾ॥
ਸਹਸ ਘਟਾ ਮਹਿ ਏਕੁ ਆਕਾਸੁ॥
ਘਟ ਫੂਟੇ ਤੇ ਓਹੀ ਪ੍ਰਗਾਸੁ॥
ਭਰਮ ਲੋਭ ਮੋਹ ਮਾਇਆ ਵਿਕਾਰ॥
ਭ੍ਰਮ ਛੂਟੇ ਤੇ ਏਕੰਕਾਰ॥
ਓਹ ਅਬਿਨਾਸੀ ਬਿਨਸਤ ਨਾਹੀ॥
ਨਾ ਕੋ ਆਵੈ ਨਾ ਕੋ ਜਾਹੀ॥
ਗੁਰਿ ਪੂਰੈ ਹਉਮੈ ਮਲੁ ਧੋਈ॥
ਕਹੁ ਨਾਨਕ ਮੇਰੀ ਪਰਮ ਗਤਿ ਹੋਈ॥

ਸ੍ਰੀ ਗੁਰੂ ਅਰਜਨ ਦੇਵ ਜੀ ਉਪਦੇਸ਼ ਕਰਦੇ ਹਨ, ਹੇ ਭਾਈ ਜਿਵੇਂ ਬਾਜੀਗਰ ਜਦੋਂ ਬਾਜੀ ਪਾਉਂਦਾ ਹੈ ਤਾਂ ਉਹ ਤਰ੍ਹਾਂ ਤਰ੍ਹਾਂ ਦੇ ਰੂਪ ਅਤੇ ਭੇਖ ਵਿਖਾਉਂਦਾ ਹੈ, ਇਸੇ ਤਰ੍ਹਾਂ ਉਸ ਮਾਲਕ ਪ੍ਰਭੂ ਪਰਮਾਤਮਾ ਨੇ ਵੀ ਇਹ ਜਗਤ ਤਮਾਸ਼ਾ ਰਚਿਆ ਹੋਇਆ ਹੈ; ਉਹ ਇਸ ਵਿਚ ਅਨੇਕਾਂ ਹੀ ਰੂਪ ਅਤੇ ਭੇਖ ਦਿਖਾ ਰਿਹਾ ਹੈ, ਪਰ ਜਦੋਂ ਪ੍ਰਭੂ ਆਪਣਾ ਇਹ ਜਗਤ ਰੂਪ ਸ੍ਵਾਂਗ ਉਤਾਰ ਕੇ ਇਸ ਖੇਡ ਦਾ ਪਸਾਰਾ ਰੋਕ ਦਿੰਦਾ ਹੈ ਤਾਂ ਉਦੋਂ ਉਹ ਮਾਲਕ ਪ੍ਰਭ ਇਕੱਲਾ ਆਪ ਹੀ ਆਪ ਰਹਿ ਜਾਂਦਾ ਹੈ।

ਕਵਨ ਰੂਪ ਦ੍ਰਿਸਟਿਓ ਬਿਨਸਾਇਓ॥
ਕਤਹਿ ਗਇਓ ਉਹੁ
ਕਤ ਤੇ ਆਇਓ॥ ਰਹਾਉ॥

ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਗੁਰਦੇਵ ਆਖਦੇ ਹਨ, ਹੇ ਭਾਈ ਉਸ ਜਗਤ ਦੇ ਮਾਲਕ ਪਰਮਾਤਮਾ ਪ੍ਰਭੂ ਦੇ ਤਾਂ ਅਨੇਕਾਂ ਹੀ ਰੂਪ ਦਿਸਦੇ ਰਹਿੰਦੇ ਹਨ ਅਤੇ ਅਨੇਕਾਂ ਹੀ ਰੂਪ ਨਾਸ ਹੁੰਦੇ ਰਹਿੰਦੇ ਹਨ; ਭਾਈ ਇਹ ਗੱਲ ਤਾਂ ਕੋਈ ਵੀ ਨਹੀਂ ਦੱਸ ਸਕਦਾ ਕਿ ਇਹ ਜੀਵ ਕਿਥੋਂ ਆਇਆ ਸੀ ਅਤੇ ਫਿਰ ਕਿਥੇ ਚਲਾ ਜਾਂਦਾ ਹੈ, ਇਹ ਤਾਂ ਉਹ ਸੰਸਾਰ ਦਾ ਮਾਲਕ ਪਰਮਾਤਮਾ ਪਿਤਾ ਆਪ ਹੀ ਜਾਣਦਾ ਹੈ।

ਜਲ ਤੇ ਊਠਹਿ ਅਨਿਕ ਤਰੰਗਾ॥
ਕਨਿਕ ਭੂਖਨ ਕੀਨੇ ਬਹੁ ਰੰਗਾ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥
ਫਲ ਪਾਕੇ ਤੇ ਏਕੰਕਾਰਾ॥

ਹੇ ਭਾਈ! ਜਿਵੇਂ ਪਾਣੀ ਵਿਚੋਂ ਅਨੇਕਾਂ ਹੀ ਲਹਿਰਾਂ ਉਠਦੀਆਂ ਹਨ ਅਤੇ ਮੁੜ ਕੇ ਫਿਰ ਪਾਣੀ ਵਿਚ ਹੀ ਸਮਾ ਜਾਂਦੀਆਂ ਹਨ; ਜਿਵੇਂ ਸੋਨੇ ਤੋਂ ਕਈ ਕਿਸਮਾਂ ਦੇ ਗਹਿਣੇ ਘੜੇ ਜਾਂ ਬਣਾਏ ਜਾਂਦੇ ਹਨ ਅਤੇ ਉਹ ਫਿਰ ਸੋਨਾ ਹੀ ਬਣ ਜਾਂਦਾ ਹੈ; ਜਿਵੇਂ ਕਿਸੇ ਰੁੱਖ ਦਾ ਬੀ ਬੀਜ ਕੇ ਸ਼ਾਖਾਂ, ਪੱਤੇ, ਫੁਲ, ਫਲ ਆਦਿ ਉਸ ਦਾ ਕਈ ਕਿਸਮਾਂ ਦਾ ਸਰੂਪ ਵੇਖਣ ਵਿਚ ਆ ਜਾਂਦਾ ਹੈ ਪਰ ਰੁੱਖ ਦੇ ਫਲ ਪੱਕਣ 'ਤੇ ਉਹੀ ਪਹਿਲੀ ਕਿਸਮ ਦੇ ਬੀਜ ਬਣ ਜਾਂਦੇ ਹਨ, ਇਵੇਂ ਇਸ ਬਹੁ ਰੰਗੀ ਸੰਸਾਰ ਦਾ ਅਸਲਾ ਇਕ ਪਰਮਾਤਮਾ ਹੀ ਹੈ।

ਸਹਸ ਘਟਾ ਮਹਿ ਏਕੁ ਆਕਾਸੁ॥
ਘਟ ਫੂਟੇ ਤੇ ਓਹੀ ਪ੍ਰਗਾਸੁ॥
ਭਰਮ ਲੋਭ ਮੋਹ ਮਾਇਆ ਵਿਕਾਰ॥
ਭ੍ਰਮ ਛੂਟੇ ਤੇ ਏਕੰਕਾਰ॥

ਗੁਰੂ ਜੀ ਫਰਮਾਉਂਦੇ ਹਨ, ਹੇ ਭਾਈ! ਜਿਵੇਂ ਇਕੋ ਆਕਾਸ਼ ਪਾਣੀ ਨਾਲ ਭਰੇ ਹੋਏ ਹਜ਼ਾਰਾਂ ਘੜਿਆਂ ਵਿਚ ਵਖ ਵਖ ਦਿਖਾਈ ਦਿੰਦਾ ਹੈ ਪਰ ਜਦੋਂ ਘੜੇ ਟੁਟ ਜਾਂਦੇ ਹਨ ਤਾਂ ਉਹ ਇਕ ਆਕਾਸ਼ ਹੀ ਦਿਸਦਾ ਰਹਿ ਜਾਂਦਾ ਹੈ; ਮਾਇਆ ਦੇ ਭਰਮ ਕਾਰਨ ਹੀ ਉਸ ਪਰਮਾਤਮਾ ਦੀ ਅੰਸ਼ ਇਸ ਜੀਵ ਆਤਮਾ ਵਿਚ ਭਟਕਣਾ, ਲੋਭ, ਮੋਹ ਆਦਿਕ ਸਾਰੇ ਵਿਕਾਰ ਉਠਦੇ ਹਨ, ਪਰ ਜਦੋਂ ਭਰਮ ਮਿਟ ਜਾਂਦਾ ਹੈ ਤਾਂ ਉਹ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ।

ਓਹ ਅਬਿਨਾਸੀ ਬਿਨਸਤ ਨਾਹੀ॥
ਨਾ ਕੋ ਆਵੈ ਨਾ ਕੋ ਜਾਹੀ॥
ਗੁਰਿ ਪੂਰੈ ਹਉਮੈ ਮਲੁ ਧੋਈ॥
ਕਹੁ ਨਾਨਕ ਮੇਰੀ ਪਰਮ ਗਤਿ ਹੋਈ॥

ਹੇ ਭਾਈ! ਸੁਣੋ, ਉਹ ਮਿਹਰਬਾਨ ਪ੍ਰਭ ਤਾਂ ਨਾਸ ਰਹਿਤ ਹੈ, ਕਦੇ ਵੀ ਨਾਸ ਨਹੀਂ ਹੁੰਦਾ; ਉਹ ਤਾਂ ਜੀਵਾਤਮਾ ਰੂਪ ਹੋ ਕੇ ਭੀ ਨਾ ਕੋਈ ਆਤਮਾ ਬਣ ਕੇ ਜਨਮਦਾ ਹੈ ਅਤੇ ਨਾ ਹੀ ਜਾਂਦਾ ਭਾਵ ਮਰਦਾ ਹੈ। ਭਾਈ, ਇਹ ਨਾਨਕ ਆਖਦਾ ਹੈ ਕਿ ਪੂਰੇ ਗੁਰੂ ਨੇ ਮੇਰੇ ਅੰਦਰੋਂ ਹਉਮੈ ਦੀ ਸਾਰੀ ਮੈਲ ਧੋ ਦਿੱਤੀ ਹੈ, ਹੁਣ ਮੇਰੀ ਆਤਮਕ ਅਵਸਥਾ ਉਚੀ ਬਣ ਗਈ ਹੈ ਤੇ ਮੈਨੂੰ ਇਹ ਜਗਤ ਉਸ ਪਰਮਾਤਮਾ ਦਾ ਰੂਪ ਹੀ ਦਿਸ ਰਿਹਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਆਤਮਿਕ ਵਿਕਾਸ ਤੇ ਸਮਾਜਿਕ ਸੁਰੱਖਿਆ ਦੇ ਸ੍ਰੋਤ ਹੋਣ ਗੁਰਪੁਰਬ

***ਗੁਰੂ ਸਾਹਿਬਾਨ ਵਲੋਂ ਸਥਾਪਤ ਕੀਤੇ ਗਏ ਸਿੱਖ ਧਰਮ ਦਾ ਮਾਨਵੀ ਹਿਤਾਂ ਨਾਲ ਡੂੰਘਾ ਸਰੋਕਾਰ ਹੈ। ਅੱਜ ਭਾਰਤ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਸਿਰ ਚੁੱਕ ਰਹੀਆਂ ਹਨ। ਇਨ੍ਹਾਂ ਵਿਚ ਵਾਤਾਵਰਣ ਦਾ ਪ੍ਰਦੂਸ਼ਣ, ਗਰੀਬਾਂ ਦਾ ਗਰੀਬੀ ਹੱਥੋਂ ਤਬਾਹ ਹੋਣਾ ਅਤੇ ਮਾਨਵੀ ਕਦਰਾਂ-ਕੀਮਤਾਂ ਦਾ ਘਾਣ ਸ਼ਾਮਲ ਹਨ। ਇਸ ਲੇਖ ਵਿਚ ਲੇਖਕ ਰਸ਼ਪਾਲ ਸਿੰਘ ਨੇ ਸੁਨੇਹਾ ਦਿੱਤਾ ਹੈ ਕਿ ਦਿਖਾਵੇ ਦੇ ਕਾਰਜਾਂ ਉਤੇ ਬੇਵਜ੍ਹਾ ਖਰਚੇ ਕਰਨ ਦੀ ਥਾਂ ਉਪਰੋਕਤ ਮਸਲਿਆਂ ਦੇ ਹੱਲ ਉਪਰ ਖਰਚ ਕਰ ਕੇ ਗੁਰੂ ਸਾਹਿਬਾਨ ਵਲੋਂ ਲੋਕ ਸਰੋਕਾਰਾਂ ਵੱਲ ਧਿਆਨ ਦੇਣ ਦੇ ਪਾਏ ਪੂਰਨਿਆਂ ਉਤੇ ਚੱਲਿਆ ਜਾਵੇ। ਬਾਬੇ ਨਾਨਕ ਦੇ ਉਚੇ-ਦਰ ਦੇ ਨਵੇਂ-ਨਰੋਏ ਸੰਕਲਪਾਂ ਨਾਲ ਸਿਹਤਮੰਦ ਸੰਸਾਰ ਦੀ ਸਿਰਜਣਾ ਹਿਤ ਲਾਮਬੰਦ ਹੋਈਏ ਤੇ ਤੁਰੀਏ। -ਸੰਪਾਦਕ***

ਕਿਸੇ ਵੀ ਕੌਮ ਦੇ ਉਜਲੇ ਭਵਿੱਖ ਲਈ ਉਸ ਦੇ ਅਰਥਚਾਰੇ ਦੀ ਵੱਡੀ ਅਹਿਮੀਅਤ ਹੈ। ਗੁਰਬਾਣੀ ਅਤੇ ਸਾਹਿਤ ਵਿਚੋਂ ਸੰਕੇਤ ਮਿਲਦੇ ਹਨ ਕਿ ਸਮਾਜਿਕ-ਧਾਰਮਿਕ ਰੂਹਾਂ ਨੇ ਇਕ ਕਲਿਆਣਕਾਰੀ ਸਮਾਜਿਕ-ਆਰਥਿਕ ਵਿਵਸਥਾ ਦਾ ਸੰਕਲਪ ਪੇਸ਼ ਕੀਤਾ ਹੈ। ਧਰਮ ਮਨੁੱਖ ਦੀ ਅੰਤਰੀਵ ਸ਼ਕਤੀ ਨੂੰ ਸੇਧ ਦਿੰਦਾ ਹੈ। ਧਰਮ ਦੀ ਸ਼ਕਤੀ ਨਵੀਆਂ ਸੰਸਥਾਵਾਂ ਤੇ ਨਵੀਆਂ ਸਮਾਜਿਕ, ਆਰਥਿਕ ਤੇ ਸਭਿਆਚਾਰਕ ਗਤੀਵਿਧੀਆਂ ਲਈ ਸਾਨੂੰ ਕ੍ਰਿਆਸ਼ੀਲ ਕਰਦੀ ਹੈ, ਬਸ਼ਰਤੇ ਧਰਮ ਕਰਮ-ਕਾਂਡ ਤੱਕ ਸੀਮਤ ਨਾ ਹੋਵੇ। ਜੇ ਕਰਤਾਰੀ ਸ਼ਕਤੀਆਂ ਕਰਮ-ਕਾਂਡ 'ਤੇ ਹੀ ਖਰਚ ਹੋ ਰਹੀਆਂ ਹੋਣ ਤਾਂ ਆਰਥਿਕ ਤਬਦੀਲੀ ਲਈ ਨਾ ਤਾਂ ਸੋਚ ਉਭਰੇਗੀ ਤੇ ਨਾ ਹੀ ਇਨਕਲਾਬੀ ਸਮੂਹ ਪੈਦਾ ਹੋਵੇਗਾ।

ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਨਾਮ ਜਪਣ ਦੇ ਨਾਲ ਨਾਲ ਕਿਰਤ ਕਰਨ ਤੇ ਵੰਡ ਛਕਣ ਦਾ ਸਿਧਾਂਤ ਸਿਰਜਿਆ। ਧਾਰਮਿਕ ਮੰਡਲ ਤੇ ਸੰਸਾਰਕ ਮੰਡਲ ਦਾ ਸੰਤੁਲਿਤ ਸਰੂਪ ਪੇਸ਼ ਕੀਤਾ।



**ਰਸ਼ਪਾਲ ਸਿੰਘ**
ਫੋਨ: 91-98554-40151

ਸਿੱਖ ਨੈਤਿਕਤਾ ਇਸ ਗੱਲ ਦੀ ਹਾਮੀ ਹੈ ਕਿ ਵਿਸ਼ਵ ਪੱਧਰ 'ਤੇ ਪਰਸਪਰ ਹਮਦਰਦੀ ਹੀ ਸਹੀ ਪ੍ਰਣਾਲੀ ਹੈ। ਗੁਰੂ ਸਾਹਿਬਾਨ ਨੇ ਪੇਂਡੂ ਜੀਵਨ ਉਤੇ ਭਾਰੂ ਆਰੀਆ ਸਭਿਅਤਾ ਦੀ ਖਤੋਤ ਪ੍ਰਵਿਰਤੀ ਨੂੰ ਤੋੜਿਆ। ਪਿੰਡਾਂ ਦੇ ਵਿਕਾਸ ਲਈ ਸ਼ਹਿਰੀਕਰਣ ਦੀ ਵਿਵਸਥਾ ਕਾਇਮ ਕੀਤੀ ਅਤੇ ਸ਼ਹਿਰ ਵੀ ਵਸਾਏ। ਸ਼ਹਿਰਾਂ ਨੂੰ ਆਰਥਿਕ ਆਧਾਰ ਦਿੱਤਾ। ਜੋ ਵਪਾਰੀਆਂ ਅਤੇ ਕਾਰੀਗਰਾਂ ਨੂੰ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਤਾਂ ਗੁਰੂ ਸਾਹਿਬ ਆਪ ਜਾਂ ਸਿੱਖਾਂ ਦੀ ਸਹਾਇਤਾ ਨਾਲ ਰਾਸ ਪੂੰਜੀ ਦਾ ਪ੍ਰਬੰਧ ਕਰ ਕੇ ਦਿੰਦੇ।

ਗੁਰੂ ਰਾਮਦਾਸ ਜੀ ਨੇ 52 ਵੱਖ-ਵੱਖ ਕਿੱਤਿਆਂ ਦੇ ਲੋਕਾਂ ਨੂੰ ਅੰਮ੍ਰਿਤਸਰ ਦੀ ਧਰਤੀ 'ਤੇ ਵਸਾਇਆ। ਅੰਮ੍ਰਿਤਸਰ ਦਸਤਕਾਰੀ ਅਤੇ ਵਪਾਰ ਦਾ ਵੱਡਾ ਕੇਂਦਰ ਬਣਿਆ। ਨਵੇਂ ਨਗਰਾਂ ਦੀ ਉਸਾਰੀ ਅਤੇ ਲੋਕ ਭਲਾਈ ਦੇ ਕੰਮਾਂ ਲਈ ਅਥਾਹ ਪੈਸੇ ਦੀ ਲੋੜ ਸੀ। ਇਸ ਲਈ ਦਸਵੰਧ ਦੀ ਪ੍ਰਥਾ ਜਾਰੀ ਕੀਤੀ ਗਈ। ਉਚੇ-ਸੁੱਚੇ ਗੁਰਸਿੱਖੀ ਜੀਵਨ ਦੇ ਧਾਰਨੀ ਪ੍ਰਚਾਰਕ ਨਿਯੁਕਤ ਕੀਤੇ ਗਏ। ਇਨ੍ਹਾਂ ਨੂੰ ਮਸੰਦ ਕਿਹਾ ਗਿਆ ਹੈ। ਮਸੰਦ, ਅਰਬੀ ਸ਼ਬਦ 'ਮਸਨਦ' ਤੋਂ ਬਣਿਆ ਹੈ, ਜਿਸ ਦਾ ਅਰਥ ਹੈ-ਸਿਰਹਾਣਾ, ਤਕੀਆ ਜਾਂ ਗੱਦੀ। ਸਮੇਂ ਦੇ ਹਾਕਮ ਤਖਤ ਉਤੇ ਸਿਰਹਾਣੇ ਲਾ ਕੇ ਬੈਠਿਆ ਕਰਦੇ ਸਨ ਤੇ ਉਨ੍ਹਾਂ ਨੂੰ 'ਮਸਨਦ ਨਸ਼ੀਨ' ਕਿਹਾ ਜਾਂਦਾ ਸੀ। ਮਸੰਦਾਂ ਨੂੰ 'ਰਾਮਦਾਸੀਏ' ਵੀ ਕਿਹਾ ਜਾਂਦਾ ਸੀ। ਪਿਛੋਂ 'ਗੁਰੂ ਕੇ' ਵੀ ਵਰਤਿਆ ਜਾਂਦਾ ਰਿਹਾ।

ਮਿਆਰੀ ਪ੍ਰਚਾਰ ਦੀ ਬਦੌਲਤ ਭਾਰੀ ਗਿਣਤੀ ਵਿਚ ਲੋਕ ਸਿੱਖੀ ਦੇ ਦਾਇਰੇ ਵਿਚ ਆਏ। ਮਹਾਨ ਵਿਆਖਿਆਕਾਰ ਤੇ ਕਈ ਭਾਸ਼ਾਵਾਂ ਦੇ ਜਾਣਕਾਰ ਭਾਈ ਗੁਰਦਾਸ ਨੇ ਆਗਰੇ ਤੇ ਕਾਂਸ਼ੀ ਵਿਖੇ ਰਹਿ ਕੇ ਦੂਰ ਦੂਰ ਤੱਕ ਸਿੱਖੀ ਦੀ ਖੁਸ਼ਬੋ ਫੈਲਾਈ। ਲੋਕਾਂ ਦੀ ਬੋਲੀ ਵਿਚ ਪ੍ਰਚਾਰ ਕੀਤਾ। ਮਸੰਦ ਹਰ ਸਾਲ ਵਿਸਾਖੀ ਤੇ ਦੀਵਾਲੀ ਮੌਕੇ ਦੋ ਵਾਰ ਗੁਰੂ-ਦਰਬਾਰ ਵਿਚ ਹਾਜ਼ਰ ਹੋ ਕੇ ਗੁਰੂ ਸਾਹਿਬ ਨੂੰ ਸਾਰਾ ਹਿਸਾਬ ਦਿੰਦੇ। ਗੁਰੂ ਅਮਰਦਾਸ ਜੀ ਵਲੋਂ ਧਰਮ ਪ੍ਰਚਾਰ ਲਈ ਨਿਯੁਕਤ 22 ਮੰਜੀਦਾਰਾਂ ਤੇ 52 ਪੀਹੜੇਦਾਰਾਂ ਨਾਲ ਸੰਪਰਕ ਰੱਖਦੇ। ਗੁਰੂ ਸਾਹਿਬਾਨ ਵਲੋਂ ਚੱਲ ਰਹੇ ਕਾਰਜਾਂ ਅਤੇ ਸੰਗਤਾਂ ਦੇ ਹਰ ਦੁੱਖ-ਸੁੱਖ ਦੀ ਖਬਰ ਦਿੰਦੇ-ਲੈਂਦੇ।

ਕੀ ਅੱਜ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ, ਮੁਲਾਜ਼ਮਾਂ, ਕਿਰਤੀਆਂ ਅਤੇ ਵਿਦਿਆਰਥੀਆਂ ਦਾ ਉਜਾੜਾ ਰੋਕਣਾ ਸਮੇਂ ਦੀ ਮੰਗ ਨਹੀਂ? ਗਰੀਬਾਂ ਦੇ ਦੁੱਖਾਂ-ਸੁੱਖਾਂ ਵਿਚ ਭਾਈਵਾਲ ਬਣਨ ਦੀ ਲੋੜ ਨਹੀਂ ਹੈ? ਪਿਆਰ ਤੇ ਮਿਆਰ ਭਰਪੂਰ ਪ੍ਰਚਾਰ ਦੀ ਲੋੜ ਨਹੀਂ ਹੈ? ਉਤਰ ਆਵੇਗਾ, ਜੀ ਹਾਂ ਲੋੜ ਹੈ, ਕਿਉਂਕਿ ਭੁੱਖੇ ਪਿਆਸੇ ਦੀ ਸਹਾਇਤਾ ਕਰਨਾ ਅਤੇ ਨਿਆਂ ਦੇਣਾ ਸਾਡੇ ਸੰਸਕਾਰਾਂ ਦਾ ਹਿੱਸਾ ਹੈ।

'ਸਦਕਾ-ਏ-ਫਿਤਰ' ਈਦ ਮੌਕੇ ਦਿੱਤੇ ਜਾਣ ਵਾਲਾ ਮਹਾਨ ਦਾਨ ਹੈ, ਜੋ ਹਰ ਮੁਸਲਮਾਨ ਲਈ ਈਦ ਦੀ ਨਮਾਜ਼ ਖਾਤਿਰ ਘਰੋਂ ਚੱਲਣ ਤੋਂ ਪਹਿਲਾਂ ਅਦਾ ਕਰਨਾ ਜ਼ਰੂਰੀ ਹੈ। ਐਸਾ ਨਾ ਹੋਵੇ ਕਿ ਆਮ ਲੋਕ ਈਦ ਦੀਆਂ ਖੁਸ਼ੀਆਂ ਵਿਚ ਮਗਨ ਹੋਣ ਤੇ ਦੂਜੇ ਪਾਸੇ ਗਰੀਬ, ਯਤੀਮ, ਮੁਥਾਜ ਕਿਸਮ ਦੇ ਲੋਕ ਮਾਲੀ ਤੰਗੀ ਕਾਰਨ ਇਨ੍ਹਾਂ ਖੁਸ਼ੀਆਂ ਵਿਚ ਸ਼ਾਮਲ ਹੀ ਨਾ ਹੋ ਸਕਣ। 'ਸਦਕਾ-ਏ-ਫਿਤਰ' ਦੀ ਦਰ ਮੁਸਲਿਮ ਵਿਦਵਾਨਾਂ ਅਨੁਸਾਰ ਇਕ ਕਿਲੋ 666 ਗ੍ਰਾਮ ਤੋਂ ਲੈ ਕੇ ਢਾਈ ਕਿਲੋ ਕਣਕ ਪ੍ਰਤੀ ਜੀਅ ਜਾਂ ਉਸ ਦੇ ਬਰਾਬਰ ਬਣਦੀ ਰਾਸ਼ੀ ਹੋਣੀ ਚਾਹੀਦੀ ਹੈ। ਰਮਜ਼ਾਨ ਮਹੀਨਾ ਅਤੇ ਉਸ ਨਾਲ ਜੁੜਿਆ ਈਦ ਦਾ ਦਿਹਾੜਾ ਅਸਲ ਵਿਚ ਮੁਸਲਿਮ ਧਾਰਮਿਕ ਜੀਵਨ ਸ਼ੈਲੀ ਨੂੰ ਮੁੜ ਉਸ ਲੀਹ 'ਤੇ ਪਾਉਣ ਦੀ ਕੋਸ਼ਿਸ਼ ਹੈ, ਜਿਸ ਨਾਲ ਸਾਲ ਦੇ ਬਾਕੀ ਮਹੀਨਿਆਂ ਵਿਚ ਆਏ ਵਿਗਾੜ ਅਤੇ ਸੁਸਤੀ ਨੂੰ ਦੂਰ ਕਰਨ ਵਿਚ ਮਦਦ ਜ਼ਰੂਰ ਮਿਲਦੀ ਹੈ।

ਵਿਚਾਰੀਏ ਤਾਂ ਸਹੀ ਕਿ ਗੁਰੂ ਸਾਹਿਬਾਨ ਦੇ ਪਾਏ ਪੂਰਨਿਆਂ ਤੋਂ ਅਸੀਂ ਕਿੰਨਾ ਦੁਰੇਡੇ ਜਾ ਖੜ੍ਹੇ ਹਾਂ। ਭਰਮ ਨੂੰ ਹੀ ਧਰਮ ਕਹੀ ਜਾ ਰਹੇ ਹਾਂ। "ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਮੀ ਦਿਸਿ ਆਈ। ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।" ਬਾਬੇ ਵਾਲਾ ਧਿਆਨ, ਬਾਬੇ ਵਾਲਾ ਦਿਖਣਾ ਤੇ ਸੁਣਨਾ ਧਰਮ ਦੇ ਬਣੇ ਚਾਲਕਾਂ-ਸੰਚਾਲਕਾਂ ਵਿਚੋਂ ਅਲੋਪ ਕਿਉਂ ਹੈ? 'ਬਾਬੇ ਕੇ' ਕਹਾਉਣ ਵਾਲਿਆਂ ਵਲੋਂ ਗੁਰਪੁਰਬਾਂ ਸਬੰਧੀ ਅਪਨਾਏ ਜਾਂਦੇ ਕਾਰਜ-ਢੰਗ ਕੇਵਲ ਰਸਮਮੁਖੀ ਹੀ ਹਨ। ਸਿੱਖ ਕੌਮ ਦੇ ਕੌਮਾਂਤਰੀ ਪਸਾਰੇ ਅਤੇ ਧਰਮ ਦੀ ਆੜ ਵਿਚ ਬੜੇ ਵੱਡੇ ਪਏ ਖਲਾਰੇ ਨੂੰ ਇਕ ਪਾਸੇ ਰੱਖਦਿਆਂ ਇਕ ਛੋਟੇ ਜਿਹੇ ਸ਼ਹਿਰ ਦਾ ਛੋਟਾ ਜਿਹਾ ਨਮੂਨਾ ਹੀ ਸਥਿਤੀ ਸਪੱਸ਼ਟ ਕਰ ਸਕਦਾ ਹੈ। ਮਈ-ਜੂਨ ਮਹੀਨੇ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਅਤੇ ਅਕਤੂਬਰ-ਨਵੰਬਰ ਮਹੀਨੇ ਗੁਰੂ ਰਾਮਦਾਸ ਤੇ ਗੁਰੂ ਨਾਨਕ ਦੇਵ ਦੇ ਗੁਰਪੁਰਬਾਂ ਸਬੰਧੀ ਬੜੀ ਸ਼ਰਧਾ ਨਾਲ ਸਮਾਂ ਤੇ ਸਰਮਾਇਆ ਖਰਚ ਕੀਤਾ ਜਾਂਦਾ ਹੈ। ਗੁਰਪੁਰਬਾਂ ਪ੍ਰਤੀ ਸਵਾ ਸਵਾ ਮਹੀਨਾ ਪਹਿਲਾਂ ਦੋ ਸੰਸਥਾਵਾਂ ਵਲੋਂ ਸਵੇਰ ਸ਼ਾਮ ਦੀਆਂ ਕੀਰਤਨ ਲੜੀਆਂ ਸ਼ੁਰੂ ਹੋ ਜਾਂਦੀਆਂ ਹਨ। ਜਿਨ੍ਹਾਂ ਵਿਚ ਵਧੇਰੇ ਅੱਧਖੜ੍ਹ ਉਮਰ ਦੀਆਂ ਸੰਗਤਾਂ ਹੀ ਹੁੰਦੀਆਂ ਹਨ ਅਤੇ ਔਸਤਨ ਦੋ ਸੌ ਤੋਂ ਵੱਧ ਗਿਣਤੀ ਨਹੀਂ ਹੁੰਦੀ। ਗੁਰਪੁਰਬ ਨਾਲ ਸਬੰਧਤ ਇਤਿਹਾਸ ਜਾਂ ਗੁਰਮਤਿ ਵਿਚਾਰ ਤੇ ਲਿਟਰੇਚਰ ਤੋਂ ਪਰਹੇਜ਼ ਹੀ ਰੱਖਿਆ ਹੁੰਦਾ ਹੈ। ਸੰਗਤਾਂ ਦੇ ਆਉਣ-ਜਾਣ ਦੇ ਪੈਟਰੋਲ ਡੀਜ਼ਲ ਖਰਚੇ ਪਾਸੇ ਰੱਖ ਦੇਈਏ ਤਾਂ ਕੇਵਲ ਲੰਗਰ 'ਤੇ ਹੀ ਘਰਾਂ ਵਾਲਿਆਂ ਦਾ ਖਰਚ ਅੰਦਾਜ਼ਨ 50 ਹਜ਼ਾਰ ਰੁਪਏ ਰੋਜ਼ਾਨਾ ਆਉਂਦਾ ਹੈ। ਸਵਾ ਮਹੀਨੇ ਵਿਚ ਇਕ ਗੁਰਪੁਰਬ 'ਤੇ ਕਰੀਬ 20 ਲੱਖ ਰੁਪਿਆ ਖਰਚ ਹੋ ਜਾਂਦਾ ਹੈ। ਗੁਰਪੁਰਬ ਵਾਲੇ ਦਿਨ ਦਾ ਖਰਚ ਵੱਖਰਾ। ਸਭਾ-ਸੁਸਾਇਟੀਆਂ ਦੇ ਇਨ੍ਹਾਂ ਪ੍ਰੋਗਰਾਮਾਂ ਤੋਂ ਵੱਖਰਿਆਂ ਗੁਰਦੁਆਰਿਆਂ ਵਲੋਂ ਮਨਾਏ ਜਾਂਦੇ ਗੁਰਪੁਰਬ, ਸਜਾਏ ਜਾਂਦੇ ਨਗਰ ਕੀਰਤਨ ਤੇ ਬਜ਼ਾਰਾਂ ਵਿਚ ਲੱਗੇ ਲੰਗਰਾਂ ਦਾ ਤੇ ਪ੍ਰਬੰਧਾਂ ਦਾ ਖਰਚ ਵੱਖਰਾ। ਗੁਰਪੁਰਬ ਮਨਾਉਣ ਦੀ ਬਹੁਤ ਅਹਿਮੀਅਤ ਹੈ ਪਰ ਗੁਰੂ ਸਾਹਿਬਾਨ ਦੀ ਨਸੀਹਤ ਹੇਠ ਮਨਾਏ ਜਾਣ।

ਇਕ ਛੋਟਾ ਜਿਹਾ ਸ਼ਹਿਰ ਇਕ ਪਿੰਡ ਦੀ ਉਸ ਸਮੱਸਿਆ ਦਾ ਹੱਲ ਸਹਿਜੇ ਹੀ ਕਰ ਸਕਦਾ ਹੈ ਜੋ ਅੱਜ ਭਾਰਤ ਦੇ ਕਈ ਰਾਜਾਂ, ਖਾਸ ਕਰ ਪੰਜਾਬ ਦਾ, ਇਕ ਭਖਦਾ ਮਸਲਾ ਹੈ। ਉਹ ਹੈ, ਪਰਾਲੀ ਜਾਂ ਨਾੜ ਨੂੰ ਅੱਗ ਲਾਉਣ 'ਤੇ ਪੈਦਾ ਹੁੰਦਾ ਪ੍ਰਦੂਸ਼ਣ ਅਤੇ ਕਰਜ਼ੇ ਕਾਰਨ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹੁੰਦੀਆਂ ਖੁਦਕੁਸ਼ੀਆਂ।

ਪੰਜਾਬ ਸਰਕਾਰ ਅਨੁਸਾਰ ਹੁਣ ਤੱਕ ਦੀ ਸਾਰੀ ਮਸ਼ੀਨਰੀ ਮਿਲਾ ਕੇ ਇਸ ਨਾਲ 61 ਹਜ਼ਾਰ ਹੈਕਟੇਅਰ ਝੋਨੇ ਦੀ ਪਰਾਲੀ ਦਾ ਪ੍ਰਬੰਧ ਅੱਗ ਲਗਾਏ ਬਿਨਾ ਕੀਤਾ ਜਾ ਸਕਦਾ ਹੈ। ਜੇ 2 ਏਕੜ ਤੱਕ ਵਾਲੇ ਨੂੰ ਮੁਫਤ, 5 ਏਕੜ ਵਾਲਿਆਂ ਨੂੰ 5 ਹਜ਼ਾਰ ਰੁਪਏ ਅਤੇ ਇਸ ਤੋਂ ਵੱਧ ਵਾਲਿਆਂ ਨੂੰ 15 ਹਜ਼ਾਰ ਰੁਪਏ ਵਿਚ ਤਕਨੀਕ ਤੇ ਮਸ਼ੀਨਰੀ ਉਪਲਬਧ ਕਰਾ ਕੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਹੁਕਮ ਨੂੰ ਲਾਗੂ ਕਰਨਾ ਹੋਵੇ ਤਾਂ 9392 ਕਰੋੜ ਰੁਪਏ ਚਾਹੀਦੇ ਹਨ। ਇਥੇ ਧਰਮ ਦੀ ਪਰਉਪਕਾਰੀ ਜੁਗਤੀ ਹੀ ਜੀਵਨ ਪ੍ਰਦਾਨ ਕਰ ਸਕਦੀ ਹੈ। ਸਰਕਾਰੀ ਵਿੱਤੀ ਅੰਕੜਾ ਆਧਾਰ ਬਣਾਈਏ ਤਾਂ ਪੰਜਾਬ ਦੇ ਹਰ ਪਿੰਡ ਨੂੰ ਲਗਭਗ 80 ਲੱਖ ਰੁਪਏ ਦੀ ਤਕਨੀਕ ਤੇ ਮਸ਼ੀਨਰੀ ਦੇ ਕੇ ਪਰਾਲੀ ਨੂੰ ਫੂਕਣ ਤੋਂ ਰੋਕਿਆ ਜਾ ਸਕਦਾ ਹੈ। ਇਕ ਛੋਟੇ ਜਿਹੇ ਸ਼ਹਿਰ ਦਾ ਛੋਟਾ ਜਿਹਾ ਇਕ ਧਾਰਮਿਕ ਵਰਗ ਤੇ ਪਿੰਡ ਵਾਲੇ ਰਲ ਕੇ ਇਕ ਪਿੰਡ 'ਚ ਪਰਾਲੀ ਦੀ ਅੱਗ ਨੂੰ ਰੋਕ ਸਕਦੇ ਹਨ। ਪਰ ਲੋੜ ਹੈ ਗੁਰੂਆਂ ਵਾਲੀ ਸੂਝ ਦੀ।

20 ਅਕਤੂਬਰ 2017 ਦੀ ਖਬਰ ਹੈ ਕਿ ਤਲਵੰਡੀ ਮਾਧੋ ਦੇ ਨੌਜਵਾਨ ਕਿਸਾਨ ਗੁਰਵਿੰਦਰ ਸਿੰਘ ਬੋਪਾਰਾਏ ਨੇ ਪਰਾਲੀ ਸੰਭਾਲ ਮਲਚਰ ਅਤੇ ਪਲਟਾਵੇਂ ਹਲਾਂ ਸਮੇਤ ਹੋਰ ਸੰਦ ਛੋਟੇ ਕਿਸਾਨਾਂ ਨੂੰ ਵਰਤ ਲੈਣ ਲਈ ਜਨਤਕ ਪੇਸ਼ਕਸ਼ ਕੀਤੀ ਹੈ, ਜੋ 10-12 ਲੱਖ ਰੁਪਏ ਦੇ ਹਨ। ਕੈਨੇਡਾ ਵਿਚ ਰਹਿੰਦੇ ਸ਼ੇਰਪੁਰ ਦੋਨਾ ਦੇ ਸਤਨਾਮ ਸਿੰਘ ਹੁੰਦਲ ਨੇ ਪੇਸ਼ਕਸ਼ ਕੀਤੀ ਹੈ ਕਿ ਉਹ ਪਰਾਲੀ ਨੂੰ ਖੇਤਾਂ ਵਿਚ ਵਾਹੁਣ 'ਤੇ ਹੋਣ ਵਾਲੇ ਤੇਲ ਦੇ ਖਰਚੇ ਦਾ ਭਾਰ ਚੁੱਕਣਗੇ। ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਰਕਾਰ 'ਤੇ ਟੇਕ ਨਾ ਰੱਖਣ ਸਗੋਂ ਇਕ ਦੂਜੇ ਦਾ ਸਾਥ ਦੇ ਕੇ ਇਸ ਸੰਕਟ ਵਿਚੋਂ ਨਿਕਲਣ।

> **ਗੁਰੂ ਨਾਨਕ ਸਾਹਿਬ ਦਾ ਵੱਖ-ਵੱਖ ਦੇਸ਼ਾਂ ਦਾ ਰਟਨ ਸਿੱਧ ਕਰਦਾ ਹੈ ਕਿ ਗੁਰੂ ਸਾਹਿਬ ਦਾ ਵਿਸ਼ਵ ਪੱਧਰ ਦੀਆਂ ਸਮੱਸਿਆਵਾਂ ਨਾਲ ਸਰੋਕਾਰ ਸੀ। ਕੀ ਅੱਜ ਸਿੱਖ ਧਰਮ ਦੇ ਪ੍ਰਬੰਧਕਾਂ ਤੇ ਪ੍ਰਚਾਰਕਾਂ ਦਾ ਲੋਕਲ ਤੇ ਗਲੋਬਲ ਮਸਲਿਆਂ ਨਾਲ ਸਰੋਕਾਰ ਹੈ? ਆਤਮਿਕ ਮੰਡਲਾਂ ਦੇ ਰਾਹੀਆਂ ਨੂੰ ਵਿਸ਼ਵ ਦੀ ਖੁਸ਼ਹਾਲੀ ਲਈ ਆਤਮਿਕ ਵਿਕਾਸ ਅਤੇ ਆਰਥਿਕ ਸੁਰੱਖਿਆ ਨਾਲ ਸਰੋਕਾਰ ਰੱਖਦਾ ਮਾਡਲ ਸਿਰਜਣਾ ਹੋਵੇਗਾ। ਆਤਮਿਕ ਤੇ ਆਰਥਿਕ ਫੋਰਮ ਦਾ ਗਠਨ ਕਰਨਾ ਸਮੇਂ ਦੀ ਮੰਗ ਹੈ। ਜੋ ਸਰਬੱਤ ਦੇ ਅਮਲੀ ਭਲੇ ਲਈ ਇਕ ਇਕ ਦਰਵਾਜੇ ਨਾਲ ਜੁੜੀ ਹੋਵੇ ਤੇ ਲੋਕਾਂ ਦੇ ਵਿਕਾਸ ਦੀਆਂ ਸੰਭਾਵਨਾਵਾਂ ਤੇ ਹੱਦਾਂ ਪ੍ਰਤੀ ਸਲਾਹਕਾਰ ਹੋਵੇ।**

ਦੁਰਦਸ਼ਾ ਨੂੰ ਗੰਭੀਰਤਾ ਨਾਲ ਲੈ ਕੇ ਸਿਹਤਮੰਦ ਦਿਸ਼ਾ ਅਖਤਿਆਰ ਕਰਨੀ ਹੋਵੇਗੀ। ਪਹਿਲਾ ਸਵਾਲ ਹੈ ਕਿ ਐਸੀਆਂ ਫਸਲਾਂ ਬੀਜੀਆਂ ਹੀ ਕਿਉਂ ਜਾਣ ਜੋ ਧਰਤੀ ਹੇਠਲੇ ਪਾਣੀ ਦਾ ਹੀ ਖਾਤਮਾ ਕਰ ਦੇਣ ਤੇ ਫਿਰ ਸਮੇਟਣ ਲਈ ਪੌਣ-ਪਾਣੀ ਨੂੰ ਪ੍ਰਦੂਸ਼ਿਤ ਕਰ ਦੇਣ। ਆਉਣ ਵਾਲੀ ਪੀੜ੍ਹੀ ਆਕਸੀਜਨ ਤੇ ਪਾਣੀ ਨੂੰ ਤਰਸਦੀ ਮਰੇਗੀ। ਇਹ ਕੈਸੀ ਕਮਾਈ ਹੈ ਜੋ ਹਸਪਤਾਲਾਂ ਰਾਹੀਂ ਫਿਰ ਕਾਰਪੋਰੇਟ ਘਰਾਣਿਆਂ ਦੇ ਹੀ ਘਰ ਪੁੱਜੇਗੀ।

ਭਾਰਤ ਵਿਚ ਲੋੜਾਂ ਪੂਰੀਆਂ ਕਰਨ ਉਪਰੰਤ ਹਰ ਵਰ੍ਹੇ 30-35 ਮਿਲੀਅਨ ਟਨ ਅਨਾਜ ਬਚਾ ਕੇ ਰੱਖਣ ਦੀ ਗੁੰਜਾਇਸ਼ ਹੁੰਦੀ ਹੈ। ਇਸ ਦੇ ਬਾਵਜੂਦ ਦੇਸ਼ ਵਿਚ ਹਰ ਸਾਲ ਸਾਢੇ ਛੇ ਕਰੋੜ ਲੋਕ ਭੁੱਖਮਰੀ ਜਾਂ ਨੀਮ ਭੁੱਖਮਰੀ ਕਾਰਨ ਰੋਗਾਂ ਦਾ ਸ਼ਿਕਾਰ ਹੋ ਕੇ ਮਰ ਜਾਂਦੇ ਹਨ। ਯੂਨੀਸੈਫ ਦੀ ਰਿਪੋਰਟ ਅਨੁਸਾਰ ਭਾਰਤ ਵਿਚ ਹਰ ਸਾਲ 3 ਲੱਖ ਬੱਚੇ ਇਕ ਦਿਨ ਦੀ ਜ਼ਿੰਦਗੀ ਵੀ ਪੂਰੀ ਨਹੀਂ ਕਰਦੇ। ਕੁਪੋਸ਼ਣ ਅਤੇ ਇਲਾਜ ਦੀ ਘਾਟ ਕਰਕੇ ਪੰਜ ਸਾਲ ਤੋਂ ਘੱਟ ਉਮਰ ਦੇ ਲਗਭਗ 10 ਲੱਖ ਬੱਚੇ ਹਰ ਸਾਲ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ। ਇਕ ਲੱਖ ਮਾਂਵਾਂ ਪਿੱਛੇ ਪੰਜੀ ਹਜ਼ਾਰ ਜਣੇਪੇ ਸਮੇਂ ਹੀ ਸਫਰ ਮੁਕਾ ਬਹਿੰਦੀਆਂ ਹਨ। ਇਹ ਮੌਤਾਂ ਕੁਦਰਤੀ ਨਹੀਂ, ਖੁਰਾਕ ਸੁਰੱਖਿਆ ਅਤੇ ਸਿਹਤ ਸਹੂਲਤਾਂ ਦਾ ਵਿਗੜਿਆ ਢਾਂਚਾ ਹੀ ਇਨ੍ਹਾਂ ਮੌਤਾਂ ਦਾ ਜ਼ਿੰਮੇਵਾਰ ਹੈ।

9392 ਕਰੋੜ ਰੁਪਏ ਦੀ ਲੋੜ ਹੈ, ਪੰਜਾਬ ਸਰਕਾਰ ਨੂੰ ਪਰਾਲੀ ਦੀ ਸੰਭਾਲ ਲਈ। ਕੀ ਹੁਣ ਵਾਤਾਵਰਣ ਦੀ ਅਤੇ ਲੋਕਾਈ ਦੀ ਹੱਤਿਆ ਕਰਕੇ ਉਸੇ ਵਿਚ ਆਤਮ-ਹੱਤਿਆ ਕਰ ਲੈਣੀ ਹੈ? ਗੁਰੂ ਦਾ ਗਿਆਨ ਫੁਰਮਾਨ ਵਰਤੀਏ। ਇਹ ਵੀ ਭੁਚਾਲ, ਤੂਫਾਨ ਤੇ ਸੁਨਾਮੀ ਜੈਸੀ ਆਫਤ ਹੈ। ਤਬਾਹੀ ਰੋਕੀ ਜਾ ਸਕਦੀ ਹੈ। "ਚੜ੍ਹਿਆ ਸੋਧਣ ਧਰਤਿ ਲੋਕਾਈ" ਉਚੇ-ਦਰ ਦੀ ਵਾਰਸ ਸਿੱਖ ਕੌਮ ਦੀ ਗਿਣਤੀ 2 ਕਰੋੜ ਦੇ ਕਰੀਬ ਹੈ। ਇਸ 'ਚੋਂ ਇਕ ਕਰੋੜ ਸਿੱਖਾਂ ਨੂੰ ਯੋਗ ਮੰਨ ਲਿਆ ਜਾਵੇ ਕਿ ਉਹ ਹਰ ਰੋਜ਼ 10 ਰੁਪਏ ਸਾਂਝੇ ਖਜ਼ਾਨੇ ਵਿਚ ਜਮ੍ਹਾਂ ਕਰਵਾ ਸਕਦੇ ਹਨ ਤਾਂ ਰੋਜ਼ਾਨਾ 10 ਕਰੋੜ ਇਕੱਠਾ ਹੁੰਦਾ ਹੈ। ਮਹੀਨੇ ਦਾ 300 ਕਰੋੜ ਤੇ ਸਾਲ ਦਾ 3600 ਕਰੋੜ। ਐਨੇ ਵੱਡੇ ਮਸਲੇ ਨੂੰ ਨਜਿੱਠਣ ਦਾ 3 ਸਾਲ ਦਾ ਟੀਚਾ ਰੱਖ ਲਿਆ ਜਾਵੇ ਤਾਂ 9300 ਕਰੋੜ ਤੋਂ ਵੱਧ ਇਕੱਠਾ ਹੋ ਜਾਣਾ ਹੈ।

ਜਿਵੇਂ ਗੁਰੂ ਕਾ ਲੰਗਰ ਚਲਾਉਣ ਵਿਚ ਸ਼ਰਧਾ ਰੱਖੀ ਜਾਂਦੀ ਹੈ, ਇਵੇਂ ਹੀ ਕੌਮਾਂਤਰੀ ਪੱਧਰ 'ਤੇ ਤਾਲਮੇਲ ਰੱਖ ਕੇ ਖੇਤੀਬਾੜੀ ਨੂੰ 'ਗੁਰੂ ਕੀ ਖੇਤੀ' ਦੀ ਸ਼ਰਧਾ ਨਾਲ ਤੇ ਕੁਦਰਤ ਦੀ ਕਦਰ ਕਰਦਿਆਂ ਨਿਭਾਉਣ ਲੱਗ ਜਾਈਏ ਤਾਂ ਸਮੱਸਿਆਵਾਂ ਸਿਮਟ ਕੇ ਰਹਿ ਜਾਣਗੀਆਂ। ਭਾਈ ਭਾਈ ਬਣ ਤੁਰਨਾ ਪੈਣਾ ਹੈ। 'ਮੰਗਿਆਂ ਨਹੀਂ ਮਿਲਣੀ ਤੇ ਆਪਣੀ ਬਣਾ ਲੈ ਮਿੱਤਰਾ' ਲਿਖਿਆ ਤਾਅਨਾ ਟਰਾਲੀਆਂ ਤੋਂ ਮਿਟਾਉਣਾ ਹੋਵੇਗਾ। ਹੁਣ 9300 ਕਰੋੜ ਦਾ ਖਰਚ ਨਹੀਂ ਹੋਵੇਗਾ। 3600 ਕਰੋੜ ਵਿਚ ਵੀ ਸੁਚੱਜੇ ਢੰਗ ਨਾਲ ਮਸਲਾ ਹੱਲ ਹੋ ਜਾਣਾ ਹੈ।

ਖੜ੍ਹੇ ਕਿੱਥੇ ਹਾਂ, ਇਕ ਝਾਤ ਮਾਰੀਏ। ਪੰਜਾਬ ਵਿਚ ਹਰ ਸਾਲ 90-105 ਹਾਰਸ ਪਾਵਰ ਦੇ 20,000 ਟ੍ਰੈਕਟਰ ਵਿਕਦੇ ਹਨ। 4.30 ਲੱਖ ਟ੍ਰੈਕਟਰ ਹਨ। 1000 ਹੈਕਟੇਅਰ ਲਈ 95 ਟ੍ਰੈਕਟਰ ਹਨ। ਜਦੋਂ ਕਿ ਭਾਰਤ ਵਿਚ 15 ਅਤੇ ਚੀਨ ਵਿਚ ਕੇਵਲ 7 ਹਨ। ਪੰਜਾਬ ਵਿਚ 62% ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ। ਔਸਤਨ ਜ਼ਮੀਨ 2 ਹੈਕਟੇਅਰ ਤੋਂ ਵੀ ਘੱਟ ਹੈ। ਹਰ ਦੂਸਰੇ ਪਰਿਵਾਰ ਕੋਲ ਆਪਣਾ ਟ੍ਰੈਕਟਰ ਹੈ। ਇਹ ਸਥਿਤੀ ਆਰਥਿਕ ਤੌਰ 'ਤੇ ਤਰਕਪੂਰਨ ਨਹੀਂ ਹੈ। ਸਰਕਾਰ ਨੂੰ ਮਜ਼ਬੂਰ ਕੀਤਾ ਜਾਵੇ ਕਿ ਉਹ ਕਿਸਾਨ ਆਮਦਨ ਕਮਿਸ਼ਨ ਬਣਾਵੇ। ਕਿਸਾਨ ਤੇ ਧਾਰਮਿਕ ਜਗਤ ਅਮੂਲ ਡੇਅਰੀ ਪ੍ਰੋਗਰਾਮ ਦੀ ਤਰਜ਼ 'ਤੇ ਸਹਿਕਾਰੀ ਢਾਂਚਾ ਸਥਾਪਤ ਕਰੇ।

ਕਿਸਾਨ ਤੇ ਸਰਕਾਰਾਂ ਆਹਮੋ ਸਾਹਮਣੇ ਖੜ੍ਹ ਰਹੇ ਹਨ ਜੋ ਅਰਥਹੀਣ ਵੀ ਹੈ ਤੇ ਮੰਦਭਾਗਾ ਵੀ। ਮਸਲਾ ਅਰਥ-ਵਿਵਸਥਾ ਕਰਕੇ ਉਲਝਿਆ ਹੋਇਆ ਹੈ। ਅਰਥਸ਼ਾਸਤਰੀਆਂ ਤੇ ਵਿਗਿਆਨੀਆਂ ਵਲੋਂ ਸੁਧਰੀਆਂ ਤੇ ਮਹਿੰਗੀਆਂ ਤਕਨੀਕਾਂ ਦੀਆਂ ਤਜਵੀਜ਼ਾਂ ਖੇਤੀ ਅੰਦਰ ਭਾਰੀ ਉਲਝਣਾਂ ਹਨ। ਸੰਨ 1995 ਵਿਚ ਵਿਸ਼ਵ ਬੈਂਕ ਦੇ ਇਕ ਸਾਬਕਾ ਉਚ ਅਧਿਕਾਰੀ ਵਲੋਂ ਚੇਨਈ ਵਿਚ ਸਮਾਜਿਕ ਕਾਰਕੁੰਨਾਂ ਨਾਲ ਬੈਠਿਆਂ ਕੀਤੀਆਂ ਗੱਲਾਂਬਾਤਾਂ 'ਚੋਂ ਹੋਇਆ ਖੁਲਾਸਾ ਲੂੰ ਕੰਡੇ ਖੜ੍ਹੇ ਕਰਨ ਵਾਲਾ ਹੈ। ਉਹ ਸੀ, ਵਿਸ਼ਵ ਬੈਂਕ ਵਲੋਂ ਭਾਰਤ ਨੂੰ ਹਦਾਇਤ ਕਿ ਵੱਧ ਤੋਂ ਵੱਧ ਲੋਕਾਂ ਨੂੰ ਖੇਤੀ 'ਚੋਂ ਬਾਹਰ ਕੱਢ ਦਿੱਤਾ ਜਾਵੇ ਤਾਂ ਜੋ ਉਦਯੋਗ ਸਥਾਪਤ ਕੀਤੇ ਜਾ ਸਕਣ। ਕੇਂਦਰ ਵਲੋਂ ਸਵਾਮੀਨਾਥਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਨਾ ਕਰਨਾ ਐਸੀਆਂ ਹਦਾਇਤਾਂ ਦਾ ਸਬੂਤ ਹੀ ਹੈ। ਦੂਜੇ ਪਾਸੇ ਅਮਰੀਕਾ ਨੇ ਯਕੀਨੀ ਬਣਾਇਆ ਹੋਇਆ ਹੈ ਕਿ ਕਿਸਾਨ ਨਿਜੀ ਵਰਤੋਂ ਲਈ ਜ਼ਮੀਨਾਂ ਨਾ ਵੇਚਣ।

ਗੁਰੂ ਸਾਹਿਬਾਨ ਵਲੋਂ ਅੰਨ-ਜਲ ਸੰਕਟ ਸਮੇਂ ਪਾਏ ਯੋਗਦਾਨ ਦਾ ਧਿਆਨ ਧਰਿਆਂ ਸੰਕਟ ਟਲ ਸਕਦਾ ਹੈ। ਧਾਰਮਿਕ ਵਰਗ ਵਿਉਂਤਬੰਦੀ ਨਾਲ ਖਰਚ ਕਰਨ ਲੱਗ ਜਾਵੇ ਤਾਂ ਜਨ-ਸਧਾਰਨ ਨੂੰ ਆਤਮਿਕ ਲਾਭ ਵੀ ਮਿਲੇਗਾ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ ਤੇ ਰੋਗੀਆਂ ਨੂੰ ਸਹਾਰਾ ਵੀ।

ਦੁਨੀਆਂ ਭਰ ਦੇ ਪੈਦਾਵਾਰੀ ਸ੍ਰੋਤਾਂ ਉਤੇ ਸਾਮਰਾਜੀ ਕਾਰਪੋਰੇਟੀ ਪੂੰਜੀ ਕਬਜ਼ਿਆਂ ਦੀ ਹੋੜ ਲੱਗੀ ਹੋਈ ਹੈ। ਸਰਕਾਰਾਂ ਕਾਰਪੋਰੇਟ ਘਰਾਣਿਆਂ ਦੇ ਇਸ਼ਾਰੇ 'ਤੇ ਚੱਲ ਰਹੀਆਂ ਹਨ। ਗੁਰੂ ਨਾਨਕ ਸਾਹਿਬ ਨੇ ਐਸੇ ਹਾਲਾਤ ਨੂੰ ਤੁਰੰਤ ਗੰਭੀਰਤਾ ਨਾਲ ਲਿਆ ਸੀ। ਬਾਬਰ ਨੂੰ ਜਾਬਰ ਕਹਿਣ ਦੀ ਜੁਰਅਤ ਕੀਤੀ ਸੀ। ਵਿਕਾਊ ਵਿਗਿਆਨ ਨੇ ਵੰਸ਼-ਰਹਿਤ ਬੀਜ ਤਿਆਰ ਕਰਕੇ ਪਰੋਸ ਦਿੱਤਾ ਹੈ।

ਵਾਤਾਵਰਨ ਤੇਜ਼ੀ ਨਾਲ ਵਿਗੜ ਰਿਹਾ ਹੈ। ਨਾਸਾ ਦੇ ਉਪਗ੍ਰਹਿ ਸਰਵੇਖਣ ਅਨੁਸਾਰ ਧਰਤੀ ਹੇਠਲੇ ਪਾਣੀ ਭੰਡਾਰ 2020 ਤੱਕ ਸੁੱਕ ਜਾਣਗੇ। ਜ਼ਹਿਰੀਲੀ ਭੋਜਨ ਪ੍ਰਣਾਲੀ, ਪ੍ਰਦੂਸ਼ਿਤ ਹਵਾ-ਪਾਣੀ ਅਤੇ ਤਣਾਅ ਕਾਰਨ ਵੱਡੀ ਪੱਧਰ 'ਤੇ ਲੋਕ ਮਾਨਸਿਕ ਰੋਗਾਂ ਦਾ ਸ਼ਿਕਾਰ ਹਨ। ਮਨੁੱਖ ਤੇ ਪਸ਼ੂ-ਪੰਛੀ ਬੱਚੇ ਪੈਦਾ ਕਰਨ ਤੋਂ ਅਸਮਰੱਥ ਹੋ ਰਹੇ ਹਨ। 99 ਫੀਸਦੀ ਆਬਾਦੀ ਵੱਖ ਵੱਖ ਤਰ੍ਹਾਂ ਦੀ ਮੰਦਹਾਲੀ ਤੇ ਬਦਹਾਲੀ ਝੱਲ ਰਹੀ ਹੈ।

ਇਨ੍ਹਾਂ ਹਾਲਾਤ ਨੂੰ ਪਲਟ ਕੇ ਸਰਬੱਤ ਦੇ ਭਲੇ ਵਾਲੀ ਵਿਵਸਥਾ ਸਥਾਪਤ ਕਰਨ ਲਈ ਲੋਕਾਂ ਨੂੰ ਚੌਕਸ ਕਰਨਾ ਜ਼ਰੂਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖਤ ਸਾਹਿਬਾਨ ਦੇ ਪ੍ਰਬੰਧਕੀ ਬੋਰਡ, ਡੇਰੇ, ਮਹਾਂਨਗਰਾਂ ਤੇ ਵਿਦੇਸ਼ਾਂ ਦੇ ਵੱਡੇ ਵੱਡੇ ਗੁਰਦੁਆਰੇ ਸਾਰੀ ਕਾਇਨਾਤ ਦੀ ਕਾਇਆ ਕਲਪ ਕਰਨ ਦੇ ਸਮਰੱਥ ਹਨ। ਇਨ੍ਹਾਂ ਵਲੋਂ ਵਿੱਦਿਆ, ਡਾਕਟਰੀ ਇਲਾਜ, ਲੰਗਰ ਤੇ ਪ੍ਰਚਾਰ-ਪ੍ਰਸਾਰ ਦੇ ਸੇਵਾ-ਕਾਰਜ ਯੋਜਨਾਬੱਧ ਢੰਗ ਨਾਲ ਨਿਭਾਏ ਵੀ ਜਾਂਦੇ ਹਨ, ਜੋ ਨਾ-ਕਾਫੀ ਹਨ।

ਸਿੱਖ ਕੌਮ ਦੇ ਕੁਝ ਉਨ੍ਹਾਂ ਅੰਗਾਂ ਦੀ ਕਾਰਗੁਜ਼ਾਰੀ ਨੂੰ ਵੀ ਵਿਚਾਰਿਆ ਜਾਣਾ ਚਾਹੀਦਾ ਹੈ ਜੋ ਕੌਮ ਦੇ ਅਰਥਚਾਰੇ ਨੂੰ ਪ੍ਰਭਾਵਿਤ ਤਾਂ ਕਰਦੇ ਹਨ ਪਰ ਆਤਮਿਕ ਤੇ ਆਰਥਿਕ ਪੱਖੋਂ ਕੌਮ ਨੂੰ ਸਵਾਰਨ ਤੋਂ ਅਵੇਸਲੇ ਹਨ। ਗੁਰਦੁਆਰਿਆਂ ਕੋਲ ਲੱਖਾਂ ਰੁਪਏ ਪਏ ਹਨ ਪਰ ਇਨ੍ਹਾਂ ਰਾਹੀਂ ਮਸਲੇ ਦੇ ਹੱਲ ਲਈ ਪ੍ਰਾਜੈਕਟ ਯੋਜਨਾ ਕੋਈ ਨਹੀਂ ਹੈ। ਇਕ ਇਕ ਪੈਸੇ ਦਾ ਹਿਸਾਬ ਰੱਖਣਾ ਹੀ ਸੇਵਾ ਤੇ ਧਰਮ ਨਿਸ਼ਚਤ ਕੀਤਾ ਹੋਇਆ ਹੈ। ਕਿਸਾਨਾਂ, ਮਜ਼ਦੂਰਾਂ ਤੇ ਵਪਾਰੀਆਂ ਦੀ ਮੰਦਹਾਲੀ ਦੇ ਮਾਹੌਲ ਨਾਲ ਮਖੌਲ ਕਰਕੇ ਡੰਗ ਟਪਾ ਲਿਆ ਜਾਂਦਾ ਹੈ। ਖੁਦਕੁਸ਼ੀਆਂ ਹੋਣ 'ਤੇ ਦਰੀਆਂ ਉਪਰ ਬੈਠ ਅਫਸੋਸ ਕਰ ਲਿਆ ਜਾਂਦਾ ਹੈ। ਫੰਡ ਕੇਵਲ ਤੇ ਕੇਵਲ ਇਮਾਰਤਾਂ ਦੀ ਉਸਾਰੀ ਜਾਂ ਫਿਰ ਕੁਝ ਸਮਾਗਮਾਂ 'ਤੇ ਖਰਚ ਹੁੰਦੇ ਹਨ। 'ਗਰੀਬ ਦਾ ਮੂੰਹ ਗੁਰੂ ਕੀ ਗੋਲਕ' ਵਾਲਾ ਸੰਕਲਪ ਸੁਣਨ-ਮੰਨਣ ਦਾ ਹਿੱਸਾ ਹੀ ਨਹੀਂ ਹੈ।

ਭਾਰਤੀ ਕੁਲ ਰਾਸ਼ਟਰੀ ਆਮਦਨ ਦਾ 3 ਫੀਸਦੀ ਹਿੱਸਾ ਤਿਉਹਾਰਾਂ ਦੀ ਭੇਟ ਚੜ੍ਹਦਾ ਹੈ। ਨਤੀਜਾ, ਨਾ ਕੋਈ ਉਤਪਾਦ ਅਤੇ ਨਾ ਹੀ ਕੋਈ ਆਰਥਿਕ ਤੇ ਆਤਮਿਕ ਵਿਕਾਸ। ਤਿਉਹਾਰ ਪਰਉਪਕਾਰ ਤੋਂ ਹਟ ਕੇ ਸਮੁੱਚਾ ਵਾਤਾਵਰਣ ਪਲੀਤ ਕਰ ਰਹੇ ਹਨ। ਗੁਰੂ ਨਾਨਕ ਸਾਹਿਬ ਦਾ ਵੱਖ-ਵੱਖ ਦੇਸ਼ਾਂ ਦਾ ਰਟਨ ਸਿੱਧ ਕਰਦਾ ਹੈ ਕਿ ਗੁਰੂ ਸਾਹਿਬ ਦਾ ਵਿਸ਼ਵ ਪੱਧਰ ਦੀਆਂ ਸਮੱਸਿਆਵਾਂ ਨਾਲ ਸਰੋਕਾਰ ਸੀ। ਕੀ ਅੱਜ ਸਿੱਖ ਧਰਮ ਦੇ ਪ੍ਰਬੰਧਕਾਂ ਤੇ ਪ੍ਰਚਾਰਕਾਂ ਦਾ ਲੋਕਲ ਤੇ ਗਲੋਬਲ ਮਸਲਿਆਂ ਨਾਲ ਸਰੋਕਾਰ ਹੈ? ਆਤਮਿਕ ਮੰਡਲਾਂ ਦੇ ਰਾਹੀਆਂ ਨੂੰ ਵਿਸ਼ਵ ਦੀ ਖੁਸ਼ਹਾਲੀ ਲਈ ਆਤਮਿਕ ਵਿਕਾਸ ਅਤੇ ਆਰਥਿਕ ਸੁਰੱਖਿਆ ਨਾਲ ਸਰੋਕਾਰ ਰੱਖਦਾ ਮਾਡਲ ਸਿਰਜਣਾ ਹੋਵੇਗਾ। ਆਤਮਿਕ ਤੇ ਆਰਥਿਕ ਫੋਰਮ ਦਾ ਗਠਨ ਕਰਨਾ ਸਮੇਂ ਦੀ ਮੰਗ ਹੈ। ਜੋ ਸਰਬੱਤ ਦੇ ਅਮਲੀ ਭਲੇ ਲਈ ਇਕ ਇਕ ਦਰਵਾਜੇ ਨਾਲ ਜੁੜੀ ਹੋਵੇ ਤੇ ਲੋਕਾਂ ਦੇ ਵਿਕਾਸ ਦੀਆਂ ਸੰਭਾਵਨਾਵਾਂ ਤੇ ਹੱਦਾਂ ਪ੍ਰਤੀ ਸਲਾਹਕਾਰ ਹੋਵੇ।

ਜੇ ਅੱਜ ਅੰਦਾਜ਼ਨ ਸਵਾ ਲੱਖ ਵਿਦਿਆਰਥੀ 20-20 ਲੱਖ ਰੁਪਏ ਦਾ ਪ੍ਰਬੰਧ ਕਰ ਕੇ ਵਿਦੇਸ਼ ਦੀ ਉਡਾਰੀ ਮਾਰ ਗਿਆ ਹੈ ਤਾਂ ਇਸ ਦੇ ਦੂਰ-ਰਸ ਨਤੀਜੇ ਕੀ ਹੋਣੇ ਹਨ, ਸੋਚਣਾ ਹੋਵੇਗਾ। ਵਾਤਾਵਰਣ ਤੇ ਊਰਜਾ ਦੇ ਖੇਤਰ ਵਿਚ ਵੀ ਤੁਰੰਤ ਕਦਮ ਉਠਾਉਣੇ ਹੋਣਗੇ। ਉਦਾਹਰਣ ਲਈ ਜਿਵੇਂ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਢਾਈ ਕਰੋੜ ਦੀ ਲਾਗਤ ਨਾਲ 504 ਮੈਗਾਵਾਟ ਸਮਰੱਥਾ ਵਾਲਾ ਸੂਰਜੀ ਊਰਜਾ ਵਾਲਾ ਪਲਾਂਟ ਲਾਇਆ ਗਿਆ ਹੈ, ਜੋ ਇਕ ਘੰਟੇ ਵਿਚ 25 ਯੂਨਿਟ ਬਿਜਲੀ ਤਿਆਰ ਕਰਕੇ ਇਕ ਲੱਖ ਤੋਂ ਵੱਧ ਸ਼ਰਧਾਲੂਆਂ ਲਈ ਪੌਸ਼ਟਿਕ ਲੰਗਰ ਤਿਆਰ ਕਰਦਾ ਹੈ। ਪ੍ਰਤੀ ਦਿਨ 200 ਗੈਸ ਸਿਲੰਡਰ ਅਤੇ ਬਾਲਣ ਬਚਾਉਣ ਵਾਲੀ ਅਪਨਾਈ ਤਕਨੀਕ ਰਾਹ-ਦਸੇਰਾ ਹੈ। ਮਾਚਿਸ ਤੀਲੀ ਨਾਲ ਅਸਿੱਧੇ ਰੂਪ ਵਿਚ ਨੋਟ ਤੇ ਵਾਤਾਵਰਣ ਨੂੰ ਸਾੜਨ ਦੇ ਰੁਝਾਨਾਂ ਵਿਰੁਧ ਚੇਤਨਾ ਮੁਹਿੰਮਾਂ ਤੋਰੀਏ। ਬਾਬੇ ਨਾਨਕ ਦੇ ਉਚੇ-ਦਰ ਦੇ ਨਵੇਂ-ਨਰੋਏ ਸੰਕਲਪਾਂ ਨਾਲ ਸਿਹਤਮੰਦ ਸੰਸਾਰ ਦੀ ਸਿਰਜਣਾ ਹਿਤ ਲਾਮਬੰਦ ਹੋਈਏ ਤੇ ਤੁਰੀਏ।

# ਕੇਹਾ ਕੇਸਰੀ ਰੰਗ!

***ਵਰਿਆਮ ਸਿੰਘ ਸੰਧੂ ਪੰਜਾਬੀ ਦਾ ਜ਼ਹੀਨ ਕਹਾਣੀਕਾਰ ਹੈ। ਪੇਂਡੂ ਪਿੱਠਭੂਮੀ 'ਤੇ ਲਿਖੀਆਂ ਉਸ ਦੀਆਂ ਕਹਾਣੀਆਂ ਵਿਚ ਲੋਕ ਦਰਦ ਡੁਲ੍ਹ ਡੁਲ੍ਹ ਪੈਂਦਾ ਹੈ। ਪਹਿਲਾਂ ਉਸ ਨੇ ਨਕਸਲੀ ਲਹਿਰ ਅਤੇ ਫਿਰ ਖਾੜਕੂ ਲਹਿਰ ਦਾ ਸੇਕ ਆਪਣੇ ਪਿੰਡੇ 'ਤੇ ਹੰਢਾਇਆ। ਪਾਠਕ ਜਿਉਂ ਕਹਾਣੀ ਪੜ੍ਹਨੀ ਸ਼ੁਰੂ ਕਰਦਾ ਹੈ ਤਾਂ ਬਸ ਇਸ ਵਹਿਣ ਵਿਚ ਹੀ ਵਹਿ ਜਾਂਦਾ ਹੈ। ਇਸ ਲੇਖ ਲੜੀ ਵਿਚ ਉਸ ਨੇ ਆਪਣੀ ਜ਼ਿੰਦਗੀ ਦੇ ਕੁਝ ਪੱਤਰੇ ਫੋਲੇ ਹਨ, ਜੋ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। ਪੇਸ਼ ਹੈ ਇਸ ਲੇਖ ਲੜੀ ਦੀ ਦੂਜੀ ਕਿਸ਼ਤ। -ਸੰਪਾਦਕ***



**ਵਰਿਆਮ ਸੰਧੂ**
e-mail: waryamsandhu@gmail.com

***ਇਸ ਸਮੇਂ ਪੰਜਾਬ ਦੇ ਸਿੱਖਾਂ ਦੀ ਬਹੁ-ਗਿਣਤੀ ਡੂੰਘੇ ਮਾਨਸਿਕ ਸੰਤਾਪ ਵਿਚੋਂ ਲੰਘ ਰਹੀ ਸੀ। ਲੋਕ ਦਰਬਾਰ ਸਾਹਿਬ 'ਤੇ ਹੋਏ ਹਮਲੇ, ਕਤਲੋ-ਗਾਰਤ, ਫੌਜ ਦੀਆਂ ਵਧੀਕੀਆਂ ਅਤੇ ਅਕਾਲ ਤਖਤ ਦੇ ਢਹਿ ਜਾਣ ਦੇ ਸਦਮੇ ਨਾਲ ਵੈਰਾਗੇ ਤੇ ਨਮੋਸ਼ੀ ਵਿਚ ਢੱਠੇ ਮਹਿਸੂਸ ਕਰ ਰਹੇ ਸਨ। ਉਹ ਡਾਢੇ ਮਾਯੂਸ ਤੇ ਬੇਬੱਸ ਸਨ। ਆਪਣੇ ਰੋਹ ਅਤੇ ਗੁੱਸੇ ਦਾ ਖਾਮੋਸ਼ ਪ੍ਰਗਟਾਵਾ ਕਰਨ ਲਈ ਕੇਸਰੀ ਰੰਗ ਉਨ੍ਹਾਂ ਦਾ ਆਸਰਾ ਬਣਿਆ ਸੀ। ਨੌਜਵਾਨਾਂ ਦੀ ਵੱਡੀ ਗਿਣਤੀ ਕੇਸਰੀ ਪਟਕੇ ਤੇ ਪੱਗਾਂ ਬੰਨ੍ਹਣ ਲੱਗੀ ਸੀ।...ਅਗਲੇ ਦਿਨਾਂ ਵਿਚ ਮੈਨੂੰ ਪਤਾ ਲੱਗਾ ਕਿ ਮਾਮੇ ਦੇ ਕੇਸਰੀ ਪਟਕੇ ਦਾ ਰੰਗ ਉਸ ਦੇ ਦਿਲ ਅੰਦਰ ਵੀ ਘੁਲਣਾ ਸ਼ੁਰੂ ਹੋ ਗਿਆ ਸੀ। ਉਸ ਨੇ ਤੇ ਉਸ ਦੀ ਸਿੰਘਣੀ ਨੇ ਅੰਮ੍ਰਿਤ ਛਕ ਲਿਆ ਸੀ। ਉਸ ਦੇ ਪ੍ਰਭਾਵ ਅਧੀਨ ਹੀ ਕੋਹਾਲੀ ਤੇ ਚੈਨਪੁਰ ਵਾਲੀਆਂ ਮੇਰੀਆਂ ਮਾਸੀਆਂ ਦੇ ਮੁੰਡਿਆਂ ਨੇ ਵੀ ਅੰਮ੍ਰਿਤ ਛਕ ਲਿਆ ਸੀ।***

ਪੰਜਾਬ 'ਤੇ ਵੀ ਉਦੋਂ ਬੜੇ ਮਾੜੇ ਦਿਨ ਚੱਲ ਰਹੇ ਸਨ। ਜਮੀਨ 'ਤੇ ਕਾਬਜ਼ ਧਿਰ ਮੈਨੂੰ 'ਪਾਸੇ' ਕਰਨ ਲਈ ਕਿਸੇ ਵੀ ਤਥਾ-ਕਥਿਤ ਖਾੜਕੂ ਧਿਰ ਦੀ ਮਦਦ ਲੈ ਸਕਦੀ ਸੀ। ਮੈਨੂੰ ਧੁਰ ਅੰਦਰੋਂ ਇਸ ਖਤਰੇ ਦਾ ਅਹਿਸਾਸ ਵੀ ਸੀ। ਉਹ ਜ਼ਾਹਰਾ ਤੌਰ 'ਤੇ ਮੈਨੂੰ ਮਾਰਨ ਦੀਆਂ ਧਮਕੀਆਂ ਤੇ ਡਰਾਵੇ ਦਿੰਦੇ ਵੀ ਰਹੇ। ਪਰ ਮੈਂ ਅਡੋਲ ਰਿਹਾ। ਇਸੇ ਖਤਰੇ ਨੂੰ ਮੁਖ ਰੱਖ ਕੇ ਹੀ ਮੇਰਾ ਸਾਹਿਤਕਾਰ ਮਿੱਤਰ ਅੱਧ-ਵਿਚਾਲਿਓਂ ਜੇ ਮੇਰਾ ਸਾਥ ਛੱਡ ਗਿਆ ਸੀ ਤਾਂ ਉਹ ਅਤੇ ਉਸ ਦੇ ਮਾਪੇ ਆਪਣੀ ਥਾਂ ਬਿਲਕੁਲ ਹੱਕ-ਬ-ਜਾਨਬ ਸਨ ਕਿਉਂਕਿ ਮੇਰਾ ਆਪਣਾ ਭਰਾ ਵੀ, ਜਿਸ ਨੇ ਜਮੀਨ ਵਿਚੋਂ ਅੱਧ ਲੈਣਾ ਸੀ, ਮੇਰੇ ਨਾਲ ਇਸ ਮਸਲੇ ਵਿਚ ਸਰਗਰਮ ਸਹਿਯੋਗ ਤੋਂ ਇਨਕਾਰੀ ਸੀ। ਨਾ ਹੀ ਉਹ ਸਮਾਂ ਅਤੇ ਸਾਥ ਤੇ ਨਾ ਹੀ ਹੋ ਰਹੇ ਖਰਚੇ ਦਾ ਹਿੱਸਾ ਦੇ ਰਿਹਾ ਸੀ। ਕਹਿੰਦਾ ਸੀ, ਜਦੋਂ ਜਮੀਨ ਵਿਕ ਗਈ, ਮੈਂ ਉਸ ਦਾ ਖਰਚੇ ਦਾ ਬਣਦਾ ਹਿੱਸਾ ਕੱਟ ਲਵਾਂ! ਘਰ ਦੇ ਕਾਰੋਬਾਰ ਨੂੰ ਛੱਡ ਕੇ ਮੇਰੇ ਨਾਲ ਖੱਜਲ ਹੋਣਾ ਉਸ ਨੂੰ ਗਵਾਰਾ ਨਹੀਂ ਸੀ। ਉਸ ਨੂੰ ਤੇ ਉਸ ਦੇ ਨਜਦੀਕੀ ਸਲਾਹਕਾਰਾਂ ਨੂੰ ਇਹ ਆਸ ਵੀ ਨਹੀਂ ਸੀ ਕਿ ਏਨੇ ਸਾਲਾਂ ਦੇ ਪਰਾਏ ਕਬਜ਼ੇ ਤੋਂ ਬਾਅਦ ਮੈਂ ਜਮੀਨ ਦਾ ਕੁੱਝ ਕਰ ਕਰਾ ਵੀ ਸਕਾਂਗਾ! ਜਮੀਨ ਦੀ ਨਿਸ਼ਾਨਦੇਹੀ ਲਈ ਜੇ ਉਸ ਨੂੰ ਇੱਕ ਦਿਨ ਲਈ ਮਲੋਟ ਬੁਲਾਇਆ ਵੀ ਤਾਂ ਉਹ, ਇਹ ਜਾਣੇ ਬਿਨਾ ਕਿ ਮੈਂ ਕਿਸ ਹਾਲ ਵਿਚ ਹਾਂ, ਮੈਨੂੰ ਮਿਲੇ ਬਿਨਾ ਹੀ ਪਿੰਡ ਪਰਤ ਗਿਆ ਸੀ। ਮੈਨੂੰ ਤਾਂ ਇਹ ਵੀ ਸ਼ੱਕ ਹੈ ਕਿ ਉਹ ਗਿਆ ਵੀ ਸੀ ਜਾਂ ਨਹੀਂ!

ਇਸ ਜਮੀਨ ਦੇ ਸਿਲਸਿਲੇ ਵਿਚ ਜਿਵੇਂ ਪਹਿਲਿਆਂ ਵੇਲੇ ਮਾਮਾ ਹਰਦੀਪ ਬੇਗਰਜ਼ ਹੋ ਕੇ ਮੇਰੇ ਕੰਮ ਆਇਆ ਸੀ ਅਤੇ ਕਈ ਕਈ ਦਿਨ ਮੇਰੇ ਨਾਲ ਖੱਜਲ-ਖਰਾਬ ਹੁੰਦਾ ਰਿਹਾ ਸੀ, ਉਸ ਨੇ ਮੇਰੇ ਮਨ ਵਿਚ ਉਸ ਦੀ ਬੜੀ ਡੂੰਘੀ ਕਦਰ ਬਣਾ ਦਿੱਤੀ ਸੀ। ਪਰ ਅਚਨਚੇਤ ਕੁਝ ਅਜਿਹਾ ਵਾਪਰ ਗਿਆ ਕਿ ਸਾਡੇ ਦੋਵਾਂ ਦੇ ਰਿਸ਼ਤਿਆਂ ਵਿਚ ਡੂੰਘੀ ਦਰਾੜ ਪੈ ਗਈ। ਜਮੀਨ ਦਾ ਸੌਦਾ ਹੋਣ ਵੇਲੇ ਉਸ ਦਾ ਮੇਰੇ ਨਾਲ ਬੋਲਚਾਲ ਉਕਾ ਹੀ ਬੰਦ ਸੀ। ਇਹੋ ਕਾਰਨ ਸੀ ਕਿ ਮੈਂ ਉਨ੍ਹਾਂ ਦਿਨਾਂ ਦਾ ਤਣਾਓ ਇਕੱਲੇ ਨੇ ਹੀ ਆਪਣੇ ਤਨ-ਮਨ 'ਤੇ ਭੋਗਿਆ।

ਸਾਡੇ ਆਪਸੀ ਮੋਹ-ਭਿੱਜੇ ਰਿਸ਼ਤੇ ਨੂੰ ਪੰਜਾਬ ਦੇ ਉਨ੍ਹਾਂ ਵੇਲਿਆਂ ਦੇ ਮਾਹੌਲ ਵਿਚਲੇ ਪ੍ਰਦੂਸ਼ਣ ਨੇ ਆਪਣੀ ਲਪੇਟ ਵਿਚ ਲੈ ਲਿਆ ਸੀ। ਬਲੂ-ਸਟਾਰ ਆਪ੍ਰੇਸ਼ਨ ਤੋਂ ਲਗਭਗ ਮਹੀਨਾ ਕੁ ਬਾਅਦ ਕੁਝ ਨੌਜਵਾਨਾਂ ਨੇ ਰੰਜ ਅਤੇ ਗੁੱਸੇ ਦਾ ਪ੍ਰਗਟਾਵਾ ਕਰਨ ਲਈ ਹਵਾਈ ਜਹਾਜ਼ ਅਗਵਾ ਕਰ ਲਿਆ ਸੀ। ਹਰਦੀਪ ਉਸ ਦਿਨ ਪਿੰਡੋਂ ਅੰਮ੍ਰਿਤਸਰ ਕਿਸੇ ਕੰਮ ਆਇਆ ਹੋਇਆ ਸੀ। ਉਸ ਨੇ ਉਥੇ ਇਹ ਖਬਰ ਸੁਣੀ ਤੇ ਸ਼ਾਮ ਨੂੰ 'ਇਸ ਖਬਰ ਵਿਚਲੀ ਖੁਸ਼ੀ' ਮੇਰੇ ਨਾਲ ਸਾਂਝੀ ਕਰਨ ਲਈ ਆਪਣੇ ਪਿੰਡ ਜਾਣ ਦੀ ਥਾਂ ਮੇਰੇ ਕੋਲ ਆ ਗਿਆ। ਜਦੋਂ ਉਹ ਮੇਰੇ ਘਰ ਦੇ ਗਾਡੀ ਦਰਵਾਜ਼ੇ ਦੀ ਵੱਡੀ ਬਾਰੀ ਵਿਚੋਂ ਸਿਰ ਝੁਕਾ ਕੇ ਅੰਦਰ ਲੰਘਿਆ ਤਾਂ ਸਭ ਤੋਂ ਪਹਿਲਾਂ ਮੈਨੂੰ ਉਸ ਦੇ ਸਿਰ 'ਤੇ ਪੱਗ ਦੀ ਥਾਂ ਕੇਸਰੀ ਪਟਕਾ ਬੱਝਾ ਦਿਖਾਈ ਦਿੱਤਾ। ਉਸ ਦੇ ਹੱਥਾਂ ਵਿਚ ਰਸੇ ਹੋਏ ਦੁਸਹਿਰੀ ਅੰਬਾਂ ਵਾਲਾ ਲਿਫਾਫਾ ਸੀ। ਇਸ ਸਮੇਂ ਪੰਜਾਬ ਦੇ ਸਿੱਖਾਂ ਦੀ ਬਹੁਗਿਣਤੀ ਡੂੰਘੇ ਮਾਨਸਿਕ ਸੰਤਾਪ ਵਿਚੋਂ ਲੰਘ ਰਹੀ ਸੀ। ਲੋਕ ਦਰਬਾਰ ਸਾਹਿਬ 'ਤੇ ਹੋਏ ਹਮਲੇ, ਕਤਲੋ-ਗਾਰਤ, ਫੌਜ ਦੀਆਂ ਵਧੀਕੀਆਂ ਅਤੇ ਅਕਾਲ ਤਖਤ ਦੇ ਢਹਿ ਜਾਣ ਦੇ ਸਦਮੇ ਨਾਲ ਵੈਰਾਗੇ ਤੇ ਨਮੋਸ਼ੀ ਵਿਚ ਢੱਠੇ ਮਹਿਸੂਸ ਕਰ ਰਹੇ ਸਨ। ਉਹ ਡਾਢੇ ਮਾਯੂਸ ਤੇ ਬੇਬੱਸ ਸਨ। ਆਪਣੇ ਰੋਹ ਅਤੇ ਗੁੱਸੇ ਦਾ ਖਾਮੋਸ਼ ਪ੍ਰਗਟਾਵਾ ਕਰਨ ਲਈ ਕੇਸਰੀ ਰੰਗ ਉਨ੍ਹਾਂ ਦਾ ਆਸਰਾ ਬਣਿਆ ਸੀ। ਨੌਜਵਾਨਾਂ ਦੀ ਵੱਡੀ ਗਿਣਤੀ ਕੇਸਰੀ ਪਟਕੇ ਤੇ ਪੱਗਾਂ ਬੰਨ੍ਹਣ ਲੱਗੀ ਸੀ। ਜਹਾਜ਼ ਅਗਵਾ ਦੀ ਘਟਨਾ ਨਾਲ ਉਨ੍ਹਾਂ ਨੇ ਆਪਣੀਆਂ ਸ਼ਰਮਸਾਰ ਅੱਖਾਂ ਉਚੀਆਂ ਕਰ ਕੇ ਉਤਾਂਹ ਨੂੰ ਵੇਖਿਆ। ਮਾਮਾ ਹਰਦੀਪ ਅੱਜ ਇਨ੍ਹਾਂ ਉਚੀਆਂ ਉਠੀਆਂ ਅੱਖਾਂ ਦੇ ਹਵਾਲੇ ਨਾਲ ਪੰਜਾਬ ਦਾ ਭਵਿੱਖ ਵੇਖ ਰਿਹਾ ਸੀ। ਬਲੂ-ਸਟਾਰ ਅਪ੍ਰੇਸ਼ਨ ਤੋਂ ਪਿੱਛੋਂ ਉਹ ਮੈਨੂੰ ਪਹਿਲੀ ਵਾਰ ਮਿਲ ਰਿਹਾ ਸੀ ਅਤੇ ਮੈਂ ਉਸ ਅੰਦਰ ਆਈ ਤਬਦੀਲੀ ਨੂੰ ਭਲੀ-ਭਾਂਤ ਵੇਖ ਤੇ ਸਮਝ ਰਿਹਾ ਸਾਂ। ਮੈਨੂੰ ਉਸ ਦਾ ਗੁੱਸਾ, ਨਮੋਸ਼ੀ ਅਤੇ ਅੱਜ ਦੀ ਘਟਨਾ ਨਾਲ ਪ੍ਰਾਪਤ ਤਸੱਲੀ ਦੇ ਅਰਥ ਸਮਝ ਆਉਂਦੇ ਸਨ।

ਅਗਲੇ ਦਿਨਾਂ ਵਿਚ ਮੈਨੂੰ ਪਤਾ ਲੱਗਾ ਕਿ ਮਾਮੇ ਦੇ ਕੇਸਰੀ ਪਟਕੇ ਦਾ ਰੰਗ ਉਸ ਦੇ ਦਿਲ ਅੰਦਰ ਵੀ ਘੁਲਣਾ ਸ਼ੁਰੂ ਹੋ ਗਿਆ ਸੀ। ਉਸ ਨੇ ਤੇ ਉਸ ਦੀ ਸਿੰਘਣੀ ਨੇ ਅੰਮ੍ਰਿਤ ਛਕ ਲਿਆ ਸੀ। ਉਸ ਦੇ ਪ੍ਰਭਾਵ ਅਧੀਨ ਹੀ ਕੋਹਾਲੀ ਤੇ ਚੈਨਪੁਰ ਵਾਲੀਆਂ ਮੇਰੀਆਂ ਮਾਸੀਆਂ ਦੇ ਮੁੰਡਿਆਂ ਨੇ ਵੀ ਅੰਮ੍ਰਿਤ ਛਕ ਲਿਆ ਸੀ। ਮਾਮਾ ਸਟੇਨਗੰਨਾਂ ਲੈ ਕੇ ਸਰਕਾਰ ਵਿਰੁੱਧ ਲੜਨ ਵਾਲੇ ਨੌਜਵਾਨਾਂ ਦਾ ਸਹਾਇਕ ਤੇ ਸਲਾਹਕਾਰ ਬਣ ਗਿਆ ਸੀ। ਉਹ ਉਸ ਕੋਲ ਰਾਤ-ਬਰਾਤੇ ਆਉਂਦੇ, ਆਪਣਾ ਘਰ ਸਮਝ ਕੇ ਲੰਗਰ-ਪਾਣੀ ਛਕਦੇ। ਉਹ ਉਨ੍ਹਾਂ ਦਾ 'ਬਾਪੂ' ਬਣ ਗਿਆ ਸੀ ਤੇ ਇਲਾਕੇ ਵਿਚ ਹਰਦੀਪ ਸਿੰਘ 'ਖਾਲਸਾ' ਵਜੋਂ ਪ੍ਰਸਿੱਧ ਹੋ ਗਿਆ ਸੀ।

ਮੈਂ ਉਨ੍ਹੀਂ ਦਿਨੀਂ ਕਦੀ ਉਸ ਕੋਲ ਗਿਆ ਨਹੀਂ ਸਾਂ। ਉਸ ਦੀ ਬਹਿਕ 'ਤੇ ਜਾਣਾ ਮੈਨੂੰ ਖਤਰੇ ਵਾਲੀ ਗੱਲ ਲੱਗਦੀ। ਉਸ ਬਾਰੇ ਇਹ ਸਾਰੀ ਸੂਚਨਾ ਮੈਨੂੰ ਬੀਬੀ ਅਤੇ ਛੋਟੇ ਭਰਾ ਸੁਰਿੰਦਰ ਕੋਲੋਂ ਮਿਲਦੀ ਰਹਿੰਦੀ। ਉਹ ਆਪ ਵੀ ਦੋ ਕੁ ਵਾਰ ਮੇਰੇ ਕੋਲ ਉਨ੍ਹੀਂ ਦਿਨੀਂ ਪਿੰਡ ਆਇਆ ਜਦੋਂ ਸਾਡੇ ਸਨੇਹੀ ਰਿਸ਼ਤੇਦਾਰ ਅਜਾਇਬ ਸਿੰਘ ਪੱਟੀ ਵਾਲੇ ਕੋਲੋਂ ਖਾੜਕੂਆਂ ਨੇ ਵੱਡੀ ਰਕਮ ਮੰਗ ਲਈ ਸੀ ਤੇ ਮੰਗ ਪੂਰੀ ਨਾ ਕਰ ਸਕਣ 'ਤੇ ਉਨ੍ਹਾਂ ਨੇ ਉਸ ਦੇ ਘਰ 'ਤੇ ਦੋ ਵਾਰ ਬੜੀ ਮਾਰੂ ਫਾਇਰਿੰਗ ਕੀਤੀ ਸੀ। ਅਜਾਇਬ ਸਿੰਘ ਨੂੰ ਮੁਸ਼ਕਿਲ ਵਿਚ ਜਾਣ ਕੇ ਬੀਬੀ ਨੇ ਹੀ ਹਰਦੀਪ ਸਿੰਘ 'ਖਾਲਸਾ' ਨੂੰ ਕਿਹਾ ਸੀ ਕਿ ਉਹ ਆਪਣੇ ਜਾਣਕਾਰ ਗੁਰਬਚਨ ਸਿੰਘ ਮਾਨੋਚਾਹਲ ਨੂੰ ਮਿਲ ਕੇ ਅਜਾਇਬ ਸਿੰਘ ਦਾ 'ਛੁਟਕਾਰਾ' ਕਰਾਵੇ, ਕਿਉਂਕਿ ਮਾਨੋਚਾਹਲ ਦੀ 'ਫੋਰਸ' ਦੇ ਮੁੰਡੇ ਹੀ ਉਸ ਦੇ ਪਰਿਵਾਰ ਦੀ ਜਾਨ ਦੇ ਦੁਸ਼ਮਣ ਬਣੇ ਬੈਠੇ ਸਨ। 'ਖਾਲਸਾ' ਅਜਾਇਬ ਸਿੰਘ ਦੇ ਪਰਿਵਾਰ ਦੀ 'ਬੰਦ-ਖਲਾਸੀ' ਵਿਚ ਸਹਾਇਕ ਬਣਿਆ ਸੀ।

ਉਹ ਆਪਣੇ ਰਾਹ 'ਤੇ ਏਨਾ ਅੱਗੇ ਜਾ ਚੁੱਕਾ ਸੀ ਕਿ ਮੈਂ ਪੁਰਾਣੇ ਮੋਹ ਅਤੇ ਮਾਣ ਦਾ ਵਾਸਤਾ ਦੇ ਕੇ ਉਸ ਨੂੰ ਪਿੱਛੇ ਮੁੜਨ ਲਈ ਨਹੀਂ ਸਾਂ ਆਖ ਸਕਦਾ। ਪਰ ਫਿਰ ਵੀ ਉਹ ਜਦੋਂ ਮੇਰੇ ਕੋਲ ਆਉਂਦਾ ਤਾਂ ਮੈਂ ਖਾੜਕੂਆਂ ਦੇ ਸਿੱਖੀ-ਸੋਚ ਦੇ ਵਿਪਰੀਤ ਭੈੜੇ ਕਿਰਦਾਰ ਬਾਰੇ ਉਸ ਨੂੰ ਪ੍ਰਸ਼ਨ ਜ਼ਰੂਰ ਕਰਦਾ। ਉਸ ਅਨੁਸਾਰ ਉਹ ਆਪ ਉਨ੍ਹਾਂ ਦੇ ਅਜਿਹੇ ਵਿਹਾਰ ਦਾ ਨਿੰਦਕ ਸੀ; ਉਹ ਖਾੜਕੂਆਂ ਦੀਆਂ ਨਜਾਇਜ਼ ਲੁੱਟਾਂ-ਖੋਹਾਂ ਅਤੇ ਬੇਗੁਨਾਹਾਂ ਦੀ ਕਤਲੋ-ਗਾਰਤ ਦਾ ਵਿਰੋਧੀ ਸੀ; ਖਾੜਕੂਆਂ ਦੇ ਧੱਕੇ, ਨਜਾਇਜ਼ ਮੰਗਾਂ ਅਤੇ ਪਾਈਆਂ ਮੁਸ਼ਕਿਲਾਂ ਦੇ ਸਤਾਏ ਲੋਕ ਉਸ ਕੋਲ ਆਪਣੇ ਫੈਸਲੇ ਕਰਵਾਉਣ ਲਈ ਆਉਂਦੇ ਰਹਿੰਦੇ ਸਨ ਤੇ ਉਹ ਜਿੱਥੋਂ ਤੱਕ ਸੰਭਵ ਹੁੰਦਾ ਉਨ੍ਹਾਂ ਦੇ ਕੰਮ ਆਉਂਦਾ; ਖਾੜਕੂਆਂ ਦੇ ਗਲਤ ਵਿਹਾਰ ਪ੍ਰਤੀ ਆਪਣੇ ਗਿਲੇ ਸ਼ਿਕਵੇ ਉਨ੍ਹਾਂ ਦੇ ਵੱਡੇ ਆਗੂਆਂ ਤੱਕ ਪਹੁੰਚਾਉਂਦਾ ਰਹਿੰਦਾ ਅਤੇ ਅਕਸਰ ਆਪਣੇ ਕੋਲ ਆਉਂਦੇ ਰਹਿਣ ਵਾਲਿਆਂ ਨੂੰ ਸਮਝਾਉਂਦਾ ਵੀ ਰਹਿੰਦਾ। ਪਰ, ਉਹ ਆਖਦਾ, ਉਹ ਉਨ੍ਹਾਂ ਦੀ 'ਕੌਮ ਲਈ ਕਸ਼ਟ ਸਹਿੰਦਿਆਂ ਕੁਰਬਾਨ ਹੋ ਜਾਣ ਦੀ ਭਾਵਨਾ' ਦਾ ਮੁਦਈ ਸੀ ਅਤੇ ਮਦਦਗਾਰ ਵੀ। ਉਹ 'ਸਿੱਖ-ਪੰਥ 'ਤੇ ਬਣੀ ਭੀੜ' ਸਮੇਂ ਉਨ੍ਹਾਂ ਦੇ ਹਰ ਤਰ੍ਹਾਂ ਅੰਗ-ਸੰਗ ਸੀ; ਪਿੱਛੇ ਮੁੜਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਇਲਾਕੇ ਦੇ ਲੋਕ ਉਸ ਤੋਂ ਭੈਅ ਵੀ ਮੰਨਦੇ ਸਨ ਪਰ ਉਸ ਦੇ ਬਜ਼ੁਰਗੀ ਵਾਲੇ ਲੋਕ-ਹਿਤੈਸ਼ੀ ਅਕਸ ਦਾ ਆਦਰ ਵੀ ਕਰਦੇ ਸਨ। ਉਹ ਉਨ੍ਹਾਂ ਦੇ ਕੰਮਾਂ ਲਈ ਠਾਣੇ ਠਪਾਣੇ ਵੀ ਜਾਂਦਾ ਰਹਿੰਦਾ ਸੀ। ਪੁਲਿਸ ਵਾਲੇ ਲੁਕਵੇਂ ਭੈਅ ਕਾਰਨ ਉਸ ਦੀ ਸੁਣਦੇ ਵੀ ਸਨ।

ਬੱਸ ਇਨ੍ਹਾਂ ਹੀ ਦਿਨਾਂ ਵਿਚ ਕੁਝ ਅਜਿਹਾ ਵਾਪਰਿਆ ਕਿ ਸਾਡਾ ਬਹੁਤ ਹੀ ਮਧੁਰ ਤੇ ਸੁਖਾਵਾਂ ਰਿਸ਼ਤਾ ਅਸਹਿਜ ਹੋ ਗਿਆ ਤੇ ਅਸੀਂ ਇੱਕ ਦੂਜੇ ਤੋਂ ਦੂਰ ਹੋ ਗਏ।

ਵੱਡੇ ਮਾਮੇ ਗੁਰਦੀਪ ਦੀ ਧੀ ਦਾ ਵਿਆਹ ਸੀ। ਵਿਆਹ ਤੋਂ ਪਹਿਲੀ ਰਾਤ ਮੈਂ ਦੇਰ ਰਾਤ ਗਏ ਆਪਣੀ ਪਤਨੀ ਤੇ ਬੱਚਿਆਂ ਸਮੇਤ ਉਨ੍ਹਾਂ ਦੀ ਬਹਿਕ 'ਤੇ ਪੁੱਜਾ। ਦੋਵਾਂ ਭਰਾਵਾਂ ਦੇ ਘਰ ਨਾਲ ਨਾਲ ਸਨ; ਕੇਵਲ ਵਿਚਕਾਰਲੇ ਵਿਹੜੇ ਵਿਚ ਦੋ ਕੁ ਫੁੱਟ ਉਚੀ ਬੰਨੀ ਦੇ ਨਾਲ ਦੋਵੀਂ ਪਾਸੀਂ ਡੰਗਰਾਂ ਦੇ ਬੰਨ੍ਹਣ ਲਈ ਲੰਮੀਆਂ ਖੁਰਲੀਆਂ ਬਣੀਆਂ ਹੋਈਆਂ ਸਨ। ਇਨ੍ਹਾਂ ਖੁਰਲੀਆਂ ਉਤੋਂ ਟੱਪ ਕੇ ਅਸਾਨੀ ਨਾਲ ਇੱਕ-ਦੂਜੇ ਦੇ ਘਰ ਆ-ਜਾ ਸਕੀਦਾ ਸੀ। ਰਾਤ ਨੂੰ ਰੋਟੀ-ਪਾਣੀ ਤੋਂ ਵਿਹਲੇ ਹੋਣ ਪਿੱਛੋਂ ਜਨਾਨੀਆਂ ਨੂੰ ਮਾਮੇ ਗੁਰਦੀਪ ਸਿੰਘ ਦੇ ਘਰ ਠਹਿਰਾਇਆ ਗਿਆ ਅਤੇ ਮਰਦਾਂ ਨੂੰ ਹਰਦੀਪ ਸਿੰਘ ਖਾਲਸਾ ਦੇ ਘਰ। ਉਸ ਨੇ ਅਜੇ ਨਵਾਂ ਨਵਾਂ ਕੋਠੀ-ਨੁਮਾ ਘਰ ਪਾਇਆ ਸੀ ਅਤੇ ਸਾਰੇ ਮਰਦ ਪ੍ਰਾਹੁਣੇ ਵੱਖ ਵੱਖ ਖੁੱਲ੍ਹੇ ਕਮਰਿਆਂ ਵਿਚ ਆਪਣੇ ਬਿਸਤਰੇ ਮੱਲ ਕੇ ਬੈਠ ਗਏ। ਅਜਿਹੇ ਮੌਕੇ, ਜਦੋਂ ਸਾਰੇ ਰਿਸ਼ਤੇਦਾਰ ਦੇਰ ਬਾਅਦ ਇਕੱਠੇ ਹੋਏ ਹੁੰਦੇ ਹਨ ਤਾਂ ਸੁੱਖ-ਸਾਂਦ ਪੁੱਛਣ ਤੋਂ ਇਲਾਵਾ ਏਧਰ-ਓਧਰ ਦੇ ਟੋਟਕਿਆਂ ਦੇ ਨਾਲ ਜ਼ਮਾਨੇ ਭਰ ਦੀਆਂ ਗੱਲਾਂ ਵੀ ਹੋਣੀਆਂ ਹੁੰਦੀਆਂ ਹਨ। ਗੱਲਾਂ ਕਰਦਿਆਂ ਅਤੇ ਹਾਸਾ-ਠੱਠਾ ਕਰਦਿਆਂ ਰਾਤ ਦਾ ਇੱਕ-ਡੇਢ ਵੱਜ ਗਿਆ ਜਦੋਂ 'ਖਾਲਸਾ' ਨੇ ਐਲਾਨ ਕੀਤਾ ਕਿ ਸਾਰੇ ਸੌਂ ਜਾਣ ਕਿਉਂਕਿ ਵੇਲੇ ਸਿਰ ਉਠ ਕੇ ਤੇ ਨਹਾ ਧੋ ਕੇ ਸਵੇਰੇ ਜੰਞ ਦੇ ਸਵਾਗਤ ਲਈ ਤਿਆਰ ਵੀ ਹੋਣਾ ਹੈ। ਮੇਰੇ ਨੇੜਲੇ ਮੰਜੇ ਵਾਲੇ ਰਿਸ਼ਤੇਦਾਰ ਨੇ ਹੌਲੀ ਜਿਹੀ ਹੱਸਦਿਆਂ ਕਿਹਾ, "ਭਾਈਆ ਸੌਂ ਹੀ ਜਾਈਏ, ਜਥੇਦਾਰ ਦਾ ਕੀ ਪਤਾ, ਜੇ ਹੁਕਮ ਨਾ ਮੰਨਿਆਂ ਤਾਂ ਸਦਾ ਲਈ ਸੁਆ ਦੇਣ ਦਾ ਹੁਕਮ ਹੀ ਨਾ ਸੁਣਾ ਦੇਵੇ!"

ਇੱਕ ਤਾਂ ਥਾਂ ਓਪਰਾ ਸੀ ਤੇ ਦੂਜਾ ਅਜਿਹੇ ਇਕੱਠ ਵਿਚ ਮੈਨੂੰ ਨੀਂਦ ਵੀ ਛੇਤੀ ਨਹੀਂ ਆਉਂਦੀ। ਮਸਾਂ ਅੱਖ ਲੱਗੀ। ਅਜੇ ਸੁੱਤਿਆਂ ਦੋ-ਢਾਈ ਘੰਟੇ ਹੀ ਹੋਏ ਹੋਣਗੇ ਕਿ ਕਿਸੇ ਨੇ ਉਚੀ ਆਵਾਜ਼ ਵਿਚ ਪਾਠ ਕਰਨਾ ਸ਼ੁਰੂ ਕਰ ਦਿੱਤਾ। ਮੇਰੀ ਅੱਖ ਖੁੱਲ੍ਹ ਗਈ। ਪਾਠ ਕਰਨ ਵਾਲਾ ਹਰਦੀਪ ਸਿੰਘ 'ਖਾਲਸਾ' ਸੀ। ਸਾਰੇ ਕਮਰਿਆਂ ਦੇ ਦਰਵਾਜ਼ੇ ਇੱਕ ਦੂਜੇ ਵਿਚ ਖੁੱਲ੍ਹਦੇ ਸਨ। ਉਸ ਦੀ ਬੁਲੰਦ ਆਵਾਜ਼ ਸਾਰੇ ਕਮਰਿਆਂ ਵਿਚ ਗੂੰਜ ਰਹੀ ਸੀ। ਸੁੱਤੇ ਹੋਏ ਸਾਰੇ ਪ੍ਰਾਹੁਣੇ ਜਾਗ ਪਏ ਤੇ ਉਸਲਵੱਟੇ ਲੈਣ ਲੱਗੇ।



ਗੁਰਬਚਨ ਸਿੰਘ ਮਾਨੋਚਾਹਲ

ਦਿਨ-ਚੜ੍ਹੇ ਬਾਹਰ ਧੁੱਪ ਵਿਚ ਬੈਠ ਕੇ ਸਾਰੇ ਸਵੇਰ ਦਾ ਚਾਹ-ਪਾਣੀ ਛਕ ਰਹੇ ਸਨ। ਗੱਲਾਂ ਬਾਤਾਂ ਚੱਲ ਰਹੀਆਂ ਸਨ। ਕਿਸੇ ਨੇ ਕਿਹਾ ਕਿ ਉਸ ਨੂੰ ਤਾਂ ਖਾਲਸਾ ਜੀ ਦੇ ਪਾਠ ਕਰਨ ਤੋਂ ਪਿੱਛੋਂ ਮੁੜ ਕੇ ਨੀਂਦ ਹੀ ਨਹੀਂ ਆਈ। ਖਾਲਸਾ ਕੋਲ ਹੀ ਬੈਠਾ ਸੀ। ਮੈਂ ਆਖਿਆ, "ਮਾਮਾ! ਨੀਂਦ ਤਾਂ ਮੇਰੀ ਵੀ ਖਰਾਬ ਹੋ ਗਈ। ਤੂੰ ਪਾਠ ਮੂੰਹ ਵਿਚ ਕਰਨਾ ਸੀ, ਚੁੱਪ-ਚੁਪੀਤੇ। ਹੋਰਨਾਂ ਨੂੰ ਕਿਉਂ ਜਗਾਇਆ?"

"ਅੰਮ੍ਰਿਤ ਵੇਲੇ ਰੱਬ ਦਾ ਨਾਂ ਲੈਣਾ ਤੇ ਸੁਣਨਾ ਪੁੰਨ ਦਾ ਕੰਮ ਹੁੰਦਾ ਹੈ। ਤੇਰੇ ਵਰਗਿਆਂ ਨੂੰ ਕੀ ਪਤਾ! ਤੂੰ ਤਾਂ ਨਾਸਤਿਕ ਬੰਦਾ ਏਂ। ਤੇਰਾ ਹੱਕ ਹੀ ਨਹੀਂ ਬਣਦਾ ਕਿ ਉਚੀ ਪਾਠ ਕਰਨ ਜਾਂ ਨਾ ਕਰਨ ਬਾਰੇ ਕੁਝ ਬੋਲੇਂ।"

ਉਸ ਦੇ ਬੋਲਾਂ ਵਿਚਲਾ ਰੁੱਖਾਪਨ ਅਤੇ ਲੁਕਵੀਂ ਜਿਹੀ ਧਮਕੀ ਦਾ ਅਨੁਮਾਨ ਲਾ ਕੇ ਮੈਂ ਤਾਂ ਬੌਂਦਲ ਹੀ ਗਿਆ। ਉਹ ਤਾਂ ਮੇਰਾ ਯਾਰ ਮਾਮਾ ਸੀ। ਮੇਰੇ ਦੁਖ-ਸੁਖ ਦਾ ਨੇੜਲਾ ਭਿਆਲ। ਹਰ ਮੁਸ਼ਕਿਲ ਵੇਲੇ ਮੇਰੀ ਬਾਂਹ ਬਣ ਕੇ ਖਲੋਣ ਵਾਲਾ। ਅਸੀਂ ਇੱਕ ਦੂਜੇ ਨੂੰ ਵੱਡੇ ਤੋਂ ਵੱਡਾ ਮਖੌਲ ਕਰਦੇ ਤੇ ਸਹਿੰਦੇ ਰਹੇ ਸਾਂ। ਮੇਰੇ ਤਾਂ ਚਿੱਤ-ਖਿਆਲ ਵੀ ਨਹੀਂ ਸੀ ਕਿ ਮਾਮਾ ਮੇਰੇ ਪ੍ਰਤੀ ਅਜਿਹਾ ਹਮਲਾਵਰ ਰੁਖ ਅਖਤਿਆਰ ਕਰੇਗਾ।

"ਚਲੋ ਮੈਨੂੰ ਬਹੁਤਾ ਪਤਾ ਨਾ ਵੀ ਹੋਵੇ ਪਰ ਹਜ਼ਾਰਾਂ-ਲੱਖਾਂ ਲੋਕ ਤਾਂ ਰੋਜ਼ ਹੀ ਮੇਰੇ ਵਾਂਗ ਹੀ ਬੋਲਦੇ ਤੇ ਮੰਦਰਾਂ-ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਤਰਲੇ ਮਾਰਦੇ ਰਹਿੰਦੇ ਨੇ ਕਿ ਘੱਟੋ ਘੱਟ ਇਮਤਿਹਾਨਾਂ ਦੇ ਦਿਨਾਂ ਵਿਚ ਤਾਂ ਉਹ ਆਪਣੇ ਲਾਊਡ-ਸਪੀਕਰ ਬੰਦ ਜਾਂ ਧੀਮੇ ਰੱਖਣ ਕਿਉਂਕਿ ਉਨ੍ਹਾਂ ਦੇ ਬੱਚਿਆਂ ਦੀ ਜ਼ਿੰਦਗੀ ਤੇ ਭਵਿੱਖ ਦਾ ਸਵਾਲ ਹੈ; ਇਸ ਸ਼ੋਰ ਵਿਚ ਉਨ੍ਹਾਂ ਲਈ ਪੜ੍ਹਨਾ ਤੇ ਇਮਤਿਹਾਨ ਦੀ ਤਿਆਰੀ ਕਰਨੀ ਬਹੁਤ ਔਖੀ ਹੁੰਦੀ ਹੈ। ਸਾਰੀ ਦਿਹਾੜੀ ਕੰਮ ਕਰ ਕੇ ਥੱਕੇ ਲੋਕਾਂ ਨੂੰ ਆਈ ਡੂੰਘੀ ਨੀਂਦ 'ਚ ਜਿਵੇਂ ਇਹ ਸ਼ੋਰ ਖਲਲ ਪਾਉਂਦਾ ਹੈ ਅਤੇ ਇਸ ਨਾਲ ਬਜ਼ੁਰਗਾਂ ਤੇ ਬੀਮਾਰਾਂ ਨੂੰ ਜਿਹੜੀ ਅਸੁਵਿਧਾ ਹੁੰਦੀ ਹੈ, ਉਸ ਦਾ ਵੀ ਕਦੀ ਕਿਸੇ ਨੂੰ ਖਿਆਲ ਆਇਆ ਹੈ!"

ਲਾਗੋਂ ਕਿਸੇ ਹੋਰ ਨੇ ਹੌਲੀ ਜਿਹੀ ਮੇਰੀ ਹਾਮੀ ਭਰੀ, "ਸਾਡੇ ਗੁਰਦਵਾਰੇ ਵਾਲਾ ਬਾਬਾ ਤਾਂ ਸਵੇਰੇ ਚਾਰ ਵਜੇ ਉਠ ਕੇ ਪਾਠ ਦੀ ਕੈਸਿਟ ਲਾ ਦਿੰਦਾ ਹੈ ਤੇ ਬਾਕੀ ਸਾਰੇ ਪਿੰਡ ਨੂੰ ਜਗਾ ਕੇ ਆਪ

## ਹੱਸਣ ਦੀ ਜਾਚ

ਰਜਾਈ ਵਿਚ ਵੜ ਕੇ ਕੰਨ ਵਲ੍ਹੇਟ ਸੌਂ ਜਾਂਦਾ ਹੈ।"

ਇਸ ਗੱਲ 'ਤੇ ਮਾੜਾ ਜਿਹਾ ਹਾਸਾ ਛਣਕਿਆ ਤਾਂ ਮਾਮਾ ਹਰਦੀਪ ਤਣ ਕੇ ਬੈਠ ਗਿਆ ਅਤੇ ਇੱਕ ਹੋਰ ਤਿੱਖਾ ਤੀਰ ਮੇਰੇ ਵੱਲ ਛੱਡਿਆ।

"ਇਹ ਬਾਣੀ ਧੁਰੋਂ ਆਈ ਹੈ। ਇਸ ਕਲਜੁਗ ਵਿਚ ਇਹੋ ਹੀ ਸਾਡਾ ਸਭ ਤੋਂ ਵੱਡਾ ਆਸਰਾ ਹੈ ਤੇ ਸਾਡੀ ਗੁਰਬਾਣੀ ਬਾਰੇ ਤੇਰਾ ਇਹੋ ਜਿਹੇ ਲਫਜ਼ਾਂ ਵਿਚ ਗੱਲ ਕਰਨਾ ਸੋਭਦਾ ਨਹੀਂ। ਤੈਨੂੰ ਪਤਾ ਹੋਣਾ ਚਾਹੀਦੈ ਕਿ ਤੂੰ ਕੀ ਬੋਲ ਰਿਹੈਂ ਤੇ ਕੀਹਦੇ ਅੱਗੇ ਬੋਲ ਰਿਹੈਂ?"

"ਪਿਆਰੇ ਖਾਲਸਾ ਜੀ ਗੁਰਬਾਣੀ ਜਿੰਨੀ ਤੁਹਾਡੇ ਜਿਹੇ 'ਧਰਮੀਆਂ' ਦੀ ਹੈ ਓਨੀ ਹੀ ਮੇਰੇ ਵਰਗੇ 'ਪਾਪੀਆਂ' ਦੀ ਵੀ ਹੈ। ਇਸੇ ਗੁਰਬਾਣੀ ਨੇ ਮੈਨੂੰ ਵੀ ਸਮਝ ਦਿੱਤੀ ਹੈ ਕਿ ਭਾਵੇਂ ਉਮਰ ਭਰ ਗੱਡਿਆਂ ਦੇ ਗੱਡੇ ਪੁਸਤਕਾਂ ਦਾ ਪਾਠ ਕਰੀ ਜਾਓ ਪਰ ਇਸ ਪਾਠ ਨੂੰ ਪੜ੍ਹਨ-ਪੜ੍ਹਾਉਣ ਦਾ ਓਨਾ ਚਿਰ ਕੋਈ ਲਾਭ ਨਹੀਂ ਜਿੰਨਾਂ ਚਿਰ ਅਸੀਂ ਖੁਦ ਹਉਮੈ ਤੋਂ ਮੁਕਤ ਨਹੀਂ ਹੁੰਦੇ। ਅਗਲੇ ਦੀ ਇੱਛਾ ਅਤੇ ਲੋੜ ਤੋਂ ਬਿਨਾ ਉਚੀ ਉਚੀ ਬੋਲ ਕੇ ਉਸ ਨੂੰ ਪਾਠ ਸੁਨਾਉਣਾ ਆਪਣੀ ਆਤਮਾ ਦੀ ਸ਼ੁਧੀ ਨਾਲੋਂ ਵੱਧ ਆਪਣੀ ਭਗਤੀ ਦੀ ਹਉਮੈ ਦਾ ਵਿਖਾਲਾ ਕਰਨਾ ਹੀ ਹੈ।"

ਮਾਮਾ ਲੰਮੀ ਬਹਿਸ ਵਿਚ ਪੈਣ ਦੀ ਥਾਂ ਇੱਕ ਨੁਕਤੇ 'ਤੇ ਹੀ ਅੜ ਗਿਆ, "ਨਹੀਂ, ਗੁਰਬਾਣੀ ਤੁਹਾਡੀ ਨਹੀਂ। ਤੁਸੀਂ ਸਾਡੇ ਗੁਰੂਆਂ ਤੇ ਸਾਡੇ ਗੁਰੂ ਗ੍ਰੰਥ ਸਾਹਿਬ ਦੇ ਕੁਝ ਨਹੀਂ ਲੱਗਦੇ ਅਤੇ ਨਾ ਹੀ ਇਨ੍ਹਾਂ ਬਾਰੇ ਬੋਲਣ ਦਾ ਤੁਹਾਨੂੰ ਹੱਕ ਹੈ। ਤੁਸੀਂ ਤਾਂ ਨਾ ਧਰਮ ਨੂੰ ਮੰਨੋ ਤੇ ਨਾ ਰੱਬ ਨੂੰ। ਅਸੀਂ ਆਪਣੇ ਧਰਮ ਵਿਚ ਕਿਸੇ ਨੂੰ ਦਖਲ-ਅੰਦਾਜ਼ੀ ਕਰਨ ਦਾ ਅਤੇ ਫਜ਼ੂਲ ਬੋਲਣ ਦਾ ਹੱਕ ਨਹੀਂ ਦੇ ਸਕਦੇ।"

ਉਹਦੇ ਤੇਜ਼-ਤਿੱਖੇ ਬੋਲ ਸੁਣ ਕੇ ਕੋਹਾਲੀ ਵਾਲੀ ਮਾਸੀ ਦੇ ਦੋਵੇਂ ਜਵਾਨ ਮੁੰਡੇ ਮਾਮੇ ਦੇ ਸਹਾਇਕ ਤੇ 'ਅੰਗ-ਰੱਖਿਅਕ' ਬਣ ਕੇ ਉਹਦੇ ਮੋਢਿਆਂ ਪਿੱਛੇ ਖਲੋ ਗਏ।

"ਠੀਕ ਆ, ਆਹੋ ਕਿ!" ਉਹ ਵੀ ਗੁੱਸੇ ਵਿਚ ਨਾਸਾਂ ਫਰਕ ਰਹੇ ਸਨ। ਦਸਵੀਂ ਵਿਚੋਂ ਵਾਰ ਵਾਰ ਫੇਲ੍ਹ ਹੋਣ ਪਿੱਛੋਂ ਤਿੰਨ-ਚਾਰ ਸਾਲ ਪਹਿਲਾਂ ਅੰਤਮ ਆਸਰੇ ਵਜੋਂ ਮੇਰੇ ਸਕੂਲ ਨੂੰ ਸੈਂਟਰ ਬਣਾਇਆ ਸੀ ਤੇ ਮੇਰੇ ਰਾਹੀਂ ਮਰਵਾਈ ਨਕਲ ਨਾਲ ਮਸਾਂ ਦਸਵੀਂ ਜਮਾਤ ਦਾ ਭਵ-ਸਾਗਰ ਟੱਪੇ ਸਨ। ਅੱਜ ਉਹ ਵੀ ਪੰਥ ਦੀ ਬੇੜੀ ਨੂੰ ਮੋਢਾ ਦੇਣ ਵਾਲੇ ਵੱਡੇ ਮਲਾਹ ਬਣੇ ਖਲੋਤੇ ਸਨ ਅਤੇ ਅਗਲੀ 'ਕਾਰਵਾਈ' ਲਈ ਆਪਣੇ ਜਥੇਦਾਰ ਦਾ ਹੁਕਮ ਉਡੀਕ ਰਹੇ ਸਨ।

ਸਾਡੀ ਗੱਲ-ਬਾਤ ਵਿਚਲੀ ਤਲਖੀ ਨੂੰ ਭਾਂਪ ਕੇ ਨਾਲ ਬੈਠੇ ਰਿਸ਼ਤੇਦਾਰਾਂ ਵਿਚੋਂ ਇੱਕ ਦੋ ਨੇ ਧੀਮੀ ਆਵਾਜ਼ ਵਿਚ ਸਾਨੂੰ 'ਛੱਡੋ ਪਰ੍ਹੇ' ਆਖ ਕੇ ਚੁੱਪ ਹੋ ਜਾਣ ਲਈ ਵੀ ਕਿਹਾ। ਪਰ ਖਾਲਸਾ ਜੀ ਵੱਲੋਂ ਲਏ ਪੈਂਤੜੇ ਕਰਕੇ ਮੇਰੇ ਲਈ ਚੁੱਪ ਰਹਿਣਾ ਔਖਾ ਹੋ ਗਿਆ।

"ਜਿਵੇਂ ਗੁਰਬਾਣੀ ਮੇਰੀ ਵੀ ਹੈ ਉਸੇ ਤਰ੍ਹਾਂ ਗੁਰੂ ਵੀ ਮੇਰੇ ਓਨੇ ਹੀ ਆਪਣੇ ਹਨ ਤੇ ਗੁਰੂ ਗ੍ਰੰਥ ਸਾਹਿਬ ਵੀ ਮੇਰਾ ਹੈ। ਤੁਹਾਡੇ ਆਖਣ 'ਤੇ ਇਹ ਤੁਹਾਡੇ ਇਕੱਲਿਆਂ ਦੇ ਨਹੀਂ ਹੋ ਜਾਣ ਲੱਗੇ। ਮੈਂ ਸਿੱਖ ਗੁਰੂਆਂ ਵੱਲੋਂ ਦੱਬੇ-ਕੁਚਲੇ ਲੋਕਾਂ ਲਈ ਲੜੇ ਸੰਘਰਸ਼ ਦਾ ਦਿਲੋਂ ਡੂੰਘਾ ਆਦਰ ਵੀ ਕਰਦਾ ਹਾਂ ਅਤੇ ਉਸ ਤੋਂ ਆਪਣੀ ਜ਼ਿੰਦਗੀ ਵਿਚ ਅਗਵਾਈ ਵੀ ਲੈਂਦਾ ਹਾਂ। ਮੈਨੂੰ ਆਪਣੀ ਇਸ ਸ਼ਾਨਾਂ-ਮੱਤੀ ਵਿਰਾਸਤ 'ਤੇ ਮਾਣ ਵੀ ਹੈ।

"ਅੱਗੇ ਤੂੰ ਬੜਾ ਸੰਘਰਸ਼ ਕੀਤੈ ਕਿ! ਕੀ ਕਰ ਲਿਆ ਸੀ ਤੁਸਾਂ ਆਪਣੇ ਸੰਘਰਸ਼ ਨਾਲ? ਵੱਡੇ ਇਨਕਲਾਬੀ ਬਣੇ ਫਿਰਦੇ ਸੋ। ਕਿੱਥੇ ਹੈ ਤੁਹਾਡਾ ਇਨਕਲਾਬ? ਸਿਵਾਇ ਧਰਮ ਨੂੰ ਗਾਲ੍ਹਾਂ ਕੱਢਣ ਤੋਂ ਤੁਸੀਂ ਕੀਤਾ ਹੀ ਕੀ ਹੈ?"

ਹਰਦੀਪ ਮਿਹਣਿਆਂ 'ਤੇ ਉਤਰ ਆਇਆ ਸੀ।

"ਮੈਂ ਤਾਂ ਜਿਹੋ ਜਿਹਾ ਤੇ ਜਿੰਨਾ ਕੁ ਸੰਘਰਸ਼ ਕਰ ਸਕਦਾ ਸਾਂ, ਕੀਤਾ ਹੀ ਹੈ। ਨਹੀਂ ਹੋ ਸਕਿਆ ਤਾਂ ਮੇਰੀ ਜਾਂ ਸਾਡੀ ਸੀਮਾ ਹੋ ਸਕਦੀ ਹੈ। ਮੈਂ ਤਾਂ

(ਬਾਕੀ ਅਗਲੇ ਸਫੇ 'ਤੇ)

# ਤਸਵੀਰ ਨੂੰ ਉਡੀਕਦੀ ਕੰਧ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਉਨ੍ਹਾਂ ਸਾਡੇ ਅਜੋਕੇ ਸਮਾਜ ਵਿਚ ਬਜ਼ੁਰਗਾਂ ਦੇ ਅਣਗੌਲੇ ਹੋਣ ਉਤੇ ਚਿੰਤਾ ਜ਼ਾਹਰ ਕੀਤੀ ਸੀ। ਹਥਲੇ ਲੇਖ ਵਿਚ ਉਨ੍ਹਾਂ ਬਜ਼ੁਰਗਾਂ ਦੀ ਦੁਰਦਸ਼ਾ ਦੀ ਗੱਲ ਅੱਗੇ ਤੋਰਦਿਆਂ ਕਿਹਾ ਹੈ, "ਜਦ ਕੋਈ ਆਪਣੇ ਹੀ ਘਰ ਵਿਚ ਪਰਾਇਆ ਹੋ ਜਾਵੇ, ਸਤਿਕਾਰ ਦੀ ਥਾਂ ਦੁਰਕਾਰ ਉਸ ਦਾ ਨਸੀਬ ਬਣ ਜਾਵੇ, ਮੋਹ ਦੀ ਥਾਂ ਘ੍ਰਿਣਾ ਬੋਲਾਂ ਵਿਚ ਪਰੋਸੀ ਜਾਵੇ ਤਾਂ ਬਜ਼ੁਰਗੀ ਹੋਂਦ ਜ਼ਰਜ਼ਰੀ ਪਲਾਂ ਦੀ ਮੁਥਾਜ ਹੋ ਜਾਂਦੀ ਏ।" ਉਨ੍ਹਾਂ ਨਸੀਹਤ ਕੀਤੀ ਹੈ ਕਿ ਬਜ਼ੁਰਗਾਂ ਨੂੰ ਘਰਾਂ ਵਿਚੋਂ ਜਲਾਵਤਨ ਨਾ ਕਰੋ। ਉਹ ਦਰਵੇਸ਼, ਸ਼ੁਭ ਕਾਮਨਾਵਾਂ ਦਾ ਭਰ ਵਗਦਾ ਦਰਿਆ, ਜਗਦਾ ਚਿਰਾਗ, ਰਾਹਾਂ ਦੇ ਸਿਰਨਾਵੇਂ, ਮੰਜ਼ਿਲਾਂ ਦੀ ਹਾਥ, ਚਮਨ ਦੇ ਭਾਗ, ਖੇੜਿਆਂ ਦੀ ਬਸੰਤੀ ਰੁੱਤ ਅਤੇ ਇਨ੍ਹਾਂ ਦੀ ਰੁਖਸਤਗੀ ਕਿਸੇ ਸਮਾਜ ਦੀ ਖੁਰਦੀ ਤਵਾਰੀਖ। -ਸੰਪਾਦਕ**

ਮੇਰਾ ਮਿੱਤਰ ਬਹੁਤ ਸੰਵੇਦਨਸ਼ੀਲ ਹੈ। ਉਹ ਸੋਚਦਾ ਹੈ ਕਿ ਅੱਜ ਕੱਲ ਘਰਾਂ ਵਿਚ ਬਜ਼ੁਰਗਾਂ ਦੀਆਂ ਤਸਵੀਰਾਂ ਨਜ਼ਰ ਹੀ ਨਹੀਂ ਆਉਂਦੀਆਂ। ਇਸ ਨਿੱਕੀ ਜਿੰਨੀ ਗੱਲ 'ਤੇ ਉਹ ਭਾਵੁਕ ਹੋ ਜਾਂਦਾ ਏ। ਉਸ ਦੀ ਭਾਵੁਕਤਾ ਬਹੁਤ ਡੂੰਘੇ ਪ੍ਰਸ਼ਨ ਮਸਤਕ ਵਿਚ ਧਰ ਜਾਂਦੀ ਏ ਜਿਸ ਦੇ ਉੱਤਰ ਤਲਾਸ਼ਣੇ ਕਈ ਵਾਰ ਔਖੇ ਹੋ ਜਾਂਦੇ ਨੇ। ਬਹੁਤ ਕਠਨ ਹੋ ਜਾਂਦਾ ਏ ਅਜਿਹੀ ਮਾਨਸਿਕ ਅਵਸਥਾ ਵਿਚੋਂ ਗੁਜ਼ਰਨਾ ਜਦ ਕੋਈ ਗੱਲ ਤੁਹਾਡੇ ਮਨ ਵਿਚ ਹਰ ਪਲ ਦਸਤਕ ਦਿੰਦੀ ਹੋਵੇ ਅਤੇ ਤੁਸੀਂ ਇਸ ਦੇ ਰੂਬਰੂ ਹੋਣ ਤੋਂ ਕੰਨੀ ਕਤਰਾਉਂਦੇ ਹੋਵੋ।

'ਕੇਰਾਂ ਇਕ ਕਿਰਾਏ ਦੇ ਮਕਾਨ ਤੋਂ ਦੂਸਰੇ ਮਕਾਨ ਵਿਚ ਤਬਦੀਲ ਹੋਣ 'ਤੇ ਕੱਚ ਦਾ ਕੁਝ ਸਮਾਨ ਤਾਂ ਰਸਤੇ ਵਿਚ ਹੀ ਟੁੱਟ ਗਿਆ ਪਰ ਕੁਝ ਫੋਟੋ ਫਰੇਮ ਸਹੀ ਸਲਾਮਤ ਪਹੁੰਚ ਗਏ। ਬਜ਼ੁਰਗਾਂ ਦੀ ਫੋਟੋ ਕੰਧ 'ਤੇ ਲਾਉਣ ਸਮੇਂ ਬੱਚੇ ਦੇ ਹੱਥੋਂ ਛੁੱਟ ਕੇ ਫਰਸ਼ 'ਤੇ ਡਿੱਗ ਪਈ ਅਤੇ ਚਕਨਾਚੂਰ ਹੋ ਗਈ। ਵਿਚਾਰੀ ਕੰਧ ਸੱਖਣੀ ਹੀ ਰਹਿ ਗਈ। ਕੰਧ ਦਾ ਸੱਖਣਾਪਨ ਆਪਣਿਆਂ ਦੀ ਯਾਦ ਨੂੰ ਸਦਮਾ। ਆਪਣਿਆਂ ਨੂੰ ਅੰਦਰ ਵਸਾਉਣ ਵਾਲਿਆਂ ਲਈ ਇਕ ਹਉਕਾ ਕਿਉਂਕਿ ਆਪਣੇ ਹੀ ਆਪਣਿਆਂ ਨੂੰ ਯਾਦ ਕਰਦੇ ਹਨ। ਜਦ ਸਾਡੇ ਸਾਥੋਂ ਦੂਰ ਤੁਰ ਜਾਂਦੇ ਨੇ ਜਾਂ ਅਸੀਂ ਨੌਕਰੀ ਜਾਂ ਹੋਰ ਮਜਬੂਰੀਆਂ ਕਾਰਨ ਦੂਰ ਤੁਰ ਜਾਂਦੇ ਹਾਂ ਤਾਂ ਘਰ ਦੀ ਕਿਸੇ ਕੰਧ 'ਤੇ ਉਨ੍ਹਾਂ ਦੀ ਫੋਟੋ ਜਰੂਰ ਲਾਉਂਦੇ ਹਾਂ ਤਾਂ ਕਿ ਅਸੀਂ ਉਨ੍ਹਾਂ ਨਾਲ ਜੁੜੇ ਰਹੀਏ। ਉਨ੍ਹਾਂ ਦੀ ਸਦੀਵੀ ਯਾਦ ਸਾਡੀ ਹੋਂਦ ਦਾ ਇਕ ਹਿੱਸਾ ਬਣ ਜਾਵੇ। ਸਾਡੀ ਸਮੁੱਚਤਾ ਨੂੰ ਆਪਣਿਆਂ ਦੀ ਮਹਿਕੀਲੀ ਹੋਂਦ ਮਹਿਕਾਵੇ।

ਅਸੀਂ ਆਪਣੇ ਬਟੂਏ ਵਿਚ ਜਾਨ ਤੋਂ ਪਿਆਰਿਆਂ ਦੀ ਫੋਟੋ ਜਰੂਰ ਪਾਈ ਰੱਖਦੇ ਹਾਂ ਤਾਂ ਕਿ ਉਨ੍ਹਾਂ ਸੰਗ ਸਾਡੇ ਮਨ ਦੀ ਤਾਰ ਵੱਜਦੀ ਰਹੇ। ਸੈਲ-ਫੋਨ/ਕੰਪਿਊਟਰ ਦੇ ਸਕਰੀਨ, ਕਾਰ ਵਿਚ, ਆਪਣੇ ਕੰਮ ਵਾਲੇ ਮੇਜ ਦੇ ਸ਼ੀਸ਼ੇ ਹੇਠ ਜਾਂ ਆਪਣੇ ਕਮਰੇ ਵਿਚ ਅਸੀਂ ਆਪਣੇ ਮਿੱਤਰ, ਧਾਰਮਿਕ ਰਹਿਨੁਮਾ, ਮਹਾਨ ਵਿਅਕਤੀਆਂ, ਪਰਿਵਾਰਕ ਵਡੇਰੇ ਜਾਂ ਆਪਣੇ ਬੱਚੇ ਦੀ ਤਸਵੀਰ ਲਾਉਂਦੇ ਹਾਂ ਜੋ ਆਪਣਿਆਂ ਦੀ ਸਹਿਹੋਂਦ ਮਾਣਨ ਲਈ ਮਨੁੱਖ ਵਲੋਂ ਕੀਤਾ ਗਿਆ ਨਿੱਕਾ ਜਿਹਾ ਉਪਰਾਲਾ। ਇਹ ਉਪਰਾਲੇ ਉਨ੍ਹਾਂ ਮਨੁੱਖੀ ਭਾਵਨਾਵਾਂ ਦੀ ਤਰਜਮਾਨੀ ਕਰਦੇ ਹਨ ਜੋ ਆਪਣਿਆਂ ਤੋਂ ਦੂਰ ਹੋ ਕੇ ਵੀ ਦੂਰ ਨਹੀਂ ਹੁੰਦੇ ਕਿਉਂਕਿ ਭਾਵੁਕ ਤੌਰ 'ਤੇ ਅਸੀਂ ਹਰ ਵਕਤ ਉਨ੍ਹਾਂ ਨਾਲ ਜੁੜੇ ਰਹਿੰਦੇ ਹਾਂ।

**ਵੈਸੇ ਬਜ਼ੁਰਗਾਂ ਦੇ ਮਰਨ ਪਿਛੋਂ ਕੌਣ ਦੇਖਣਾ ਚਾਹੇਗਾ ਉਨ੍ਹਾਂ ਦੀ ਤਸਵੀਰ ਨੂੰ ਕਿਉਂਕਿ ਜਿਉਂਦੇ ਜੀਅ ਤਾਂ ਬਜ਼ੁਰਗ ਪਿਛਲੀ ਕੋਠੜੀ, ਨੌਕਰਾਂ ਵਾਲਾ ਕਮਰਾ ਜਾਂ ਬੇਸਮੈਂਟ ਦੀ ਚਾਰ ਦੀਵਾਰੀ ਵਿਚ ਕੈਦ ਕਰ ਦਿੰਦੇ ਹਾਂ। ਅਸੀਂ ਨਹੀਂ ਚਾਹੁੰਦੇ ਕਿ ਸਾਡੇ ਮਸਨੂਈ ਸਮਾਜਿਕ ਰੁਤਬੇ ਦੀ ਕਲਗੀ, ਸਾਡੇ ਹੀ ਬਜ਼ੁਰਗਾਂ ਕਾਰਨ ਨੀਵੀਂ ਹੋਵੇ। ਘਰ ਵਿਚ ਉਨ੍ਹਾਂ ਦੀ ਹੋਂਦ ਹੀ ਰੜਕਣ ਲੱਗ ਪੈਂਦੀ ਏ। ਜਰਾ ਕੁ ਸੋਚੋ! ਜੇ ਬਜ਼ੁਰਗ ਨਾ ਹੁੰਦੇ ਤਾਂ ਤੁਸੀਂ ਕਿੰਜ ਇਸ ਜਹਾਨ 'ਤੇ ਆਉਂਦੇ ਤੇ ਇਨ੍ਹਾਂ ਵੱਡੇ ਵੱਡੇ ਮਾਨ-ਸਨਮਾਨਾਂ ਦੇ ਹੱਕਦਾਰ ਬਣਦੇ।**

ਸਿਆਣੇ ਕਹਿੰਦੇ ਨੇ 'ਨਜ਼ਰਾਂ ਤੋਂ ਦੂਰ, ਮਨੋਂ ਦੂਰ।' ਇਸ ਸਦੀਵੀ ਸੱਚ ਦਾ ਇਵਜ਼ਾਨਾ ਅਸੀਂ ਬਹੁਤ ਬੇਰਹਿਮੀ ਨਾਲ ਭਰ ਰਹੇ ਹਾਂ। ਸਾਡੇ ਬੱਚੇ ਸਾਡੇ ਬਜ਼ੁਰਗਾਂ ਅਤੇ ਸਾਥੋਂ ਦੂਰ ਜਾ ਰਹੇ ਹਨ। ਉਨ੍ਹਾਂ ਦੀ ਆਪਣੇ ਵਿਰਸੇ ਪ੍ਰਤੀ ਵਧਦੀ ਜਾ ਰਹੀ ਬੇਮੁੱਖਤਾ। ਆਪਣੀਆਂ ਜੜ੍ਹਾਂ ਨੂੰ ਪਛਾਣਨ ਤੋਂ ਇਨਕਾਰੀ। ਆਪਣੀ ਸੰਸਕ੍ਰਿਤੀ, ਰਸਮੋ-ਰਿਵਾਜ ਤੇ ਮਾਨਵੀ ਕਦਰਾਂ-ਕੀਮਤਾਂ ਵਲੋਂ ਅਵੇਸਲੇ। ਇਕ ਕਾਰਨ ਤਾਂ ਇਹ ਵੀ ਹੈ ਕਿ ਅਸੀਂ ਬਜ਼ੁਰਗਾਂ ਨੂੰ ਵਿਸਾਰ ਦਿੱਤਾ ਏ।

ਕਿਸੇ ਬਜ਼ੁਰਗ ਦੇ ਮਰਨ ਪਿਛੋਂ ਉਸ ਦੀ ਉਦਾਸ ਜਿਹੀ ਤਸਵੀਰ ਜਦ ਕਿਸੇ ਕੰਧ ਦਾ ਹਿੱਸਾ ਹੀ ਨਹੀਂ ਬਣੇਗੀ ਤਾਂ ਕੰਧ ਇਕ ਸਿਸਕੀ ਬਣ ਜਾਂਦੀ ਏ। ਇਹ ਸਿਸਕੀ ਸਮੁੱਚੇ ਘਰ ਵਿਚ ਫੈਲ ਕੇ ਇਕ ਗੁੰਗਾ ਦਰਦ ਬਣ ਜਾਂਦੀ ਏ। ਇਸ ਦਰਦ ਦੀ ਭੇਟਾ ਚੜ੍ਹ ਜਾਂਦੀਆਂ ਨੇ ਬਜ਼ੁਰਗਾਂ ਦੀਆਂ ਜੀਵਨ ਦੇ ਸਮੁੱਚ ਵਿਚ ਗੜੁੱਚੀਆਂ ਕਹਾਣੀਆਂ ਤੇ ਜੀਵਨ ਨੂੰ ਪ੍ਰਭਾਸ਼ਿਤ ਕਰਨ ਵਾਲੀਆਂ ਜੀਵਨ ਧਾਰਨਾਵਾਂ ਅਤੇ ਰਸਾਤਲ ਵਿਚ ਗਰਕ ਜਾਂਦਾ ਏ ਅੱਖੀਂ ਡਿੱਠਾ ਇਤਿਹਾਸ।

ਕਦੇ ਕਦੇ ਅਸੀਂ ਕੰਧਾਂ 'ਤੇ ਗੁਰੂਆਂ, ਪੀਰਾਂ ਜਾਂ ਨਾਇਕਾਂ ਦੀਆਂ ਤਸਵੀਰਾਂ ਲਾਉਂਦੇ ਹਾਂ ਕਿਉਂਕਿ ਉਹ ਸਾਡੇ ਰੋਲ ਮਾਡਲ ਹੁੰਦੇ ਹਨ ਅਤੇ ਅਸੀਂ ਉਨ੍ਹਾਂ ਵਰਗੇ ਬਣਨ ਦੀ ਤਮੰਨਾ ਮਨ ਵਿਚ ਪਾਲਦੇ ਹਾਂ ਕਿ ਉਨ੍ਹਾਂ ਦੇ ਪੈੜ ਚਿੰਨ੍ਹਾਂ 'ਤੇ ਚਲ ਕੇ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਹਾਣੀ ਹੋ ਸਕੀਏ।

ਵੈਸੇ ਬਜ਼ੁਰਗਾਂ ਦੇ ਮਰਨ ਪਿਛੋਂ ਕੌਣ ਦੇਖਣਾ ਚਾਹੇਗਾ ਉਨ੍ਹਾਂ ਦੀ ਤਸਵੀਰ ਨੂੰ ਕਿਉਂਕਿ ਜਿਉਂਦੇ ਜੀਅ ਤਾਂ ਬਜ਼ੁਰਗ ਪਿਛਲੀ ਕੋਠੜੀ, ਨੌਕਰਾਂ ਵਾਲਾ ਕਮਰਾ ਜਾਂ ਬੇਸਮੈਂਟ ਦੀ ਚਾਰ ਦੀਵਾਰੀ ਵਿਚ ਕੈਦ ਕਰ ਦਿੰਦੇ ਹਾਂ। ਅਸੀਂ ਨਹੀਂ ਚਾਹੁੰਦੇ ਕਿ ਸਾਡੇ ਮਸਨੂਈ ਸਮਾਜਿਕ ਰੁਤਬੇ ਦੀ ਕਲਗੀ, ਸਾਡੇ ਹੀ ਬਜ਼ੁਰਗਾਂ ਕਾਰਨ ਨੀਵੀਂ ਹੋਵੇ। ਘਰ ਵਿਚ ਉਨ੍ਹਾਂ ਦੀ ਹੋਂਦ ਹੀ ਰੜਕਣ ਲੱਗ ਪੈਂਦੀ ਏ। ਜਰਾ ਕੁ ਸੋਚੋ! ਜੇ ਬਜ਼ੁਰਗ ਨਾ ਹੁੰਦੇ ਤਾਂ ਤੁਸੀਂ ਕਿੰਜ ਇਸ ਜਹਾਨ 'ਤੇ ਆਉਂਦੇ ਤੇ ਇਨ੍ਹਾਂ ਵੱਡੇ ਵੱਡੇ ਮਾਨ-ਸਨਮਾਨਾਂ ਦੇ ਹੱਕਦਾਰ ਬਣਦੇ।

ਇਕ ਵਾਰ ਕਿਸੇ ਸ਼ਖਸ ਦੇ ਘਰ ਮਜਬੂਰਨ ਜਾਣਾ ਪਿਆ। ਸੁੰਨਾ ਜਿਹਾ ਕਮਰਾ ਅਤੇ ਸੁੰਨੀਆਂ ਸੁੰਨੀਆਂ ਕੰਧਾਂ। ਇਸ ਬੇਰੁਖੀ ਦਾ ਸ਼ਿਕਾਰ ਕਮਰਾ ਅਤੇ ਕੰਧਾਂ, ਉਸ ਪਰਿਵਾਰ ਦਾ ਮੁਹਾਂਦਰਾ ਸੀ ਜੋ ਉਸ ਘਰ ਵਿਚੋਂ ਝਲਕਦਾ ਸੀ।

ਜਦ ਕੋਈ ਆਪਣੇ ਹੀ ਘਰ ਵਿਚ ਪਰਾਇਆ ਹੋ ਜਾਵੇ, ਸਤਿਕਾਰ ਦੀ ਥਾਂ ਦੁਰਕਾਰ ਉਸ ਦਾ ਨਸੀਬ ਬਣ ਜਾਵੇ, ਮੋਹ ਦੀ ਥਾਂ ਘ੍ਰਿਣਾ ਬੋਲਾਂ ਵਿਚ ਪਰੋਸੀ ਜਾਵੇ ਤਾਂ ਬਜ਼ੁਰਗੀ ਹੋਂਦ ਜ਼ਰਜ਼ਰੀ ਪਲਾਂ ਦੀ ਮੁਥਾਜ ਹੋ ਜਾਂਦੀ ਏ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਜਦ ਵੀ ਘਰ ਦੀ ਕਿਸੇ ਨੁੱਕਰੇ ਬਜ਼ੁਰਗ ਦੀ ਤਸਵੀਰ ਲਟਕਦੀ ਹੋਵੇਗੀ ਤਾਂ ਬੱਚੇ ਕਦੇ ਕਦਾਈਂ ਇਸ ਬਾਰੇ ਜਰੂਰ ਜਾਨਣਾ ਚਾਹੁਣਗੇ। ਉਨ੍ਹਾਂ ਦੀ ਇੱਛਾ ਹੋਵੇਗੀ ਉਨ੍ਹਾਂ ਨਾਲ ਭਾਵੁਕ ਤੌਰ 'ਤੇ ਜੁੜਨ ਦੀ। ਉਨ੍ਹਾਂ ਵਿਚ ਆਪਣੇ ਪੁਰਖਿਆਂ ਨੂੰ ਜਾਨਣ ਦੀ ਤੀਬਰਤਾ ਪੈਦਾ ਹੋ ਗਈ ਤਾਂ ਸਮਝੋ ਉਹ ਆਪਣੇ ਵਿਰਸੇ ਨਾਲ, ਆਪਣੀਆਂ ਜੜ੍ਹਾਂ ਨਾਲ ਆਪਣੇ ਆਪ ਹੀ ਜੁੜ ਜਾਣਗੇ। ਤੁਹਾਨੂੰ ਕੋਈ ਉਚੇਚ ਕਰਨ ਦੀ ਵੀ ਲੋੜ ਨਹੀਂ ਪਵੇਗੀ।

ਰਿਸ਼ਤੇ ਗੁੰਮ ਰਹੇ ਨੇ। ਸਾਂਝਾਂ ਗਵਾਚ ਰਹੀਆਂ ਨੇ। ਰਿਸ਼ਤੇਦਾਰੀਆਂ ਦਾ ਤਾਣਾ-ਬਾਣਾ ਬਿਖਰ ਰਿਹਾ ਏ। ਪਰਿਵਾਰਕ ਇਕਾਈ ਵੀ ਸਬੂਤੀ ਨਹੀਂ ਰਹੀ। ਕਿਸੇ ਬੱਚੇ ਨੂੰ ਦਾਦਾ-ਦਾਦੀ ਜਾਂ ਨਾਨਾ-ਨਾਨੀ ਦਾ ਨਾਂ ਪੁੱਛਿਓ, ਹੈਰਾਨੀ ਹੋਵੇਗੀ ਕਿ ਕਿੰਨਿਆਂ ਨੂੰ ਆਪਣੇ ਪਿਛੋਕੜ ਦਾ ਗਿਆਨ ਹੈ।

70 ਕੁ ਸਾਲ ਦਾ ਬਜ਼ੁਰਗ ਜੋੜਾ ਪੁੱਤਰ ਨੇ ਇੰਡੀਆਂ ਤੋਂ ਬੁਲਾਇਆ। ਬੱਚੇ ਜਰਾ ਕੁ ਵੱਡੇ ਹੋਏ ਤਾਂ ਮਾਪੇ ਘਰੋਂ ਬਾਹਰ। ਬੇਸਮੈਂਟ ਵਿਚ ਕਿਰਾਏ 'ਤੇ ਰਹਿੰਦੇ ਨੇ ਅਤੇ ਖਰਚੇ ਪੂਰੇ ਕਰਨ ਲਈ ਗੋਡੇ ਗੋਡੇ ਬਰਫ ਮਿੱਧ ਕੇ ਕੰਮ 'ਤੇ ਜਾਂਦੇ ਨੇ। ਬੁੱਢੇ ਹੱਡਾਂ ਵਿਚ ਰਚੀ ਠੰਢ ਨੇ ਜ਼ਿੰਦਗੀ ਦੀ ਸੁੱਚਮਤਾ ਨੂੰ ਹੀ ਸੁੰਨ ਕਰ ਦਿੱਤਾ ਏ। ਭਲਾ ਕੌਣ ਲਾਵੇਗਾ ਮਰਨ ਉਪਰੰਤ ਅਜਿਹੇ ਅਭਾਗਿਆਂ ਦੀ ਤਸਵੀਰ, ਆਪਣੇ ਘਰ ਦੀ ਕੰਧ 'ਤੇ? ਕਿੰਜ ਜਾਣ ਸਕਣਗੇ ਬੱਚੇ ਕਿ ਉਨ੍ਹਾਂ ਦਾ ਵੀ ਕੋਈ ਵਡੇਰਾ ਹੁੰਦਾ ਸੀ? ਕਿਉਂ ਜੁੜਨਗੇ ਉਹ ਆਪਣੀ ਪੁਰਾਣੀ ਪੀੜ੍ਹੀ ਨਾਲ।

**ਸਿਆਣੇ ਕਹਿੰਦੇ ਨੇ 'ਨਜ਼ਰਾਂ ਤੋਂ ਦੂਰ, ਮਨੋਂ ਦੂਰ।' ਇਸ ਸਦੀਵੀ ਸੱਚ ਦਾ ਇਵਜ਼ਾਨਾ ਅਸੀਂ ਬਹੁਤ ਬੇਰਹਿਮੀ ਨਾਲ ਭਰ ਰਹੇ ਹਾਂ। ਸਾਡੇ ਬੱਚੇ ਸਾਡੇ ਬਜ਼ੁਰਗਾਂ ਅਤੇ ਸਾਥੋਂ ਦੂਰ ਜਾ ਰਹੇ ਹਨ। ਉਨ੍ਹਾਂ ਦੀ ਆਪਣੇ ਵਿਰਸੇ ਪ੍ਰਤੀ ਵਧਦੀ ਜਾ ਰਹੀ ਬੇਮੁੱਖਤਾ। ਆਪਣੀਆਂ ਜੜ੍ਹਾਂ ਨੂੰ ਪਛਾਣਨ ਤੋਂ ਇਨਕਾਰੀ। ਆਪਣੀ ਸੰਸਕ੍ਰਿਤੀ, ਰਸਮੋ-ਰਿਵਾਜ ਤੇ ਮਾਨਵੀ ਕਦਰਾਂ-ਕੀਮਤਾਂ ਵਲੋਂ ਅਵੇਸਲੇ। ਇਕ ਕਾਰਨ ਤਾਂ ਇਹ ਵੀ ਹੈ ਕਿ ਅਸੀਂ ਬਜ਼ੁਰਗਾਂ ਨੂੰ ਵਿਸਾਰ ਦਿੱਤਾ ਏ।**

ਯਾਦ ਰੱਖਿਓ! ਜੋ ਅਸੀਂ ਆਪਣੇ ਬਜ਼ੁਰਗਾਂ ਨਾਲ ਕਰ ਰਹੇ ਹਾਂ, ਉਸੇ ਤਰ੍ਹਾਂ ਦਾ ਵਰਤਾਓ ਹੀ ਸਾਡੇ ਬੱਚਿਆਂ ਨੇ ਸਾਡੇ ਨਾਲ ਕਰਨਾ ਹੈ ਕਿਉਂਕਿ ਸਾਡੇ ਬੱਚੇ ਘਰ ਵਿਚ ਬਹੁਤ ਕੁਝ ਅਚੇਤ-ਸੁਚੇਤ ਰੂਪ ਵਿਚ ਸਿਖਦੇ ਨੇ ਜੋ ਉਨ੍ਹਾਂ ਦੀ ਸ਼ਖਸੀਅਤ ਦਾ ਨਿਰਮਾਣ ਕਰਦਾ ਏ, ਉਸ ਦੇ ਮਾਨਵੀ ਗੁਣਾ ਦਾ ਆਧਾਰ ਬਣਦਾ ਏ ਤੇ ਫਿਰ ਵਕਤ ਦੇ ਇਕ ਮੋੜ 'ਤੇ ਆ, ਉਹ ਕੁਝ ਸਾਨੂੰ ਵਾਪਸ ਮਿਲਦਾ ਏ।

'ਕੇਰਾਂ ਇਕ ਨੌਜਵਾਨ ਆਪਣੇ ਬਜ਼ੁਰਗ ਬਾਪ ਨੂੰ ਦਰਿਆ ਵਿਚ ਰੋੜ੍ਹਨ ਤੁਰ ਪਿਆ। ਜਦ ਲੱਕ ਲੱਕ ਪਾਣੀ ਵਿਚ ਰੋੜਨ ਲੱਗਾ ਤਾਂ ਬਾਪ ਕਹਿਣ ਲੱਗਾ, "ਇਥੇ ਤਾਂ ਮੈਂ ਆਪਣੇ ਬਾਪ ਨੂੰ ਰੋੜ੍ਹਿਆ ਸੀ। ਮੈਨੂੰ ਅਗਾਂਹ ਹੋਰ ਡੂੰਘੇ ਪਾਣੀ ਵਿਚ ਰੋੜ੍ਹ।" ਤੇ ਨੌਜਵਾਨ ਇਸ ਦੇ ਬਹੁਤ ਡੂੰਘੇ ਅਰਥ ਆਪਣੇ ਮਸਤਕ ਵਿਚ ਧਰ ਆਪਣੇ ਬਾਪ ਨੂੰ ਵਾਪਸ ਲੈ ਕੰਢੇ 'ਤੇ ਪਰਤ ਆਇਆ।

ਬਜ਼ੁਰਗਾਂ ਨੂੰ ਘਰਾਂ ਵਿਚੋਂ ਜਲਾਵਤਨ ਨਾ ਕਰੋ। ਉਹ ਦਰਵੇਸ਼, ਸ਼ੁਭ ਕਾਮਨਾਵਾਂ ਦਾ ਭਰ ਵਗਦਾ ਦਰਿਆ, ਜਗਦਾ ਚਿਰਾਗ, ਰਾਹਾਂ ਦੇ ਸਿਰਨਾਵੇਂ, ਮੰਜ਼ਿਲਾਂ ਦੀ ਹਾਥ, ਚਮਨ ਦੇ ਭਾਗ, ਖੇੜਿਆਂ ਦੀ ਬਸੰਤੀ ਰੁੱਤ ਅਤੇ ਇਨ੍ਹਾਂ ਦੀ ਰੁਖਸਤਗੀ ਕਿਸੇ ਸਮਾਜ ਦੀ ਖੁਰਦੀ ਤਵਾਰੀਖ।

ਬਜ਼ੁਰਗਾਂ ਦਾ ਮਾਣ ਸਨਮਾਨ, ਸਾਡਾ ਆਪਣਾ ਮਾਣ ਸਨਮਾਨ। ਸਾਡੀ ਆਪਣੀ ਤਾਸੀਰ ਦਾ ਸੁਨਹਿਰੀ ਵਰਕਾ ਅਤੇ ਇਸ ਉਪਰ ਹੋਈ ਅਰਥ ਭਰਪੂਰ ਸ਼ਬਦਾਂ ਦੀ ਕਸੀਦਾਕਾਰੀ।

ਜਿਉਂਦੀ ਜਾਂ ਤਸਵੀਰੀ ਬਜ਼ੁਰਗੀ ਹੋਂਦ ਕਿਸੇ ਘਰ ਦਾ ਧੰਨਭਾਗ। ਘਰ ਨੂੰ ਜੁੱਗ ਜੁੱਗ ਜਿਉਣ ਦਾ ਵਰ। ਵਿਹੜੇ ਵਿਚ ਨਿਆਮਤਾਂ ਦਾ ਢੇਰ। ਸਰਬ ਖੁਸ਼ੀਆਂ ਦਾ ਵਰਦਾਨ। ਮਨ ਦੇ ਚਾਵਾਂ ਦੀ ਸੰਪੂਰਨਤਾ ਲਈ ਅਸੀਸ। ਚੌਂਕੇ 'ਚ ਵਸਦੀਆਂ ਖੁਸ਼ੀਆਂ ਤੇ ਖੇੜਿਆਂ ਲਈ ਦੁਆ ਅਤੇ ਚਿਰੰਜੀਵੀ ਆਭਾ ਦਾ ਘਰ ਦੇ ਚੌਗਿਰਦੇ ਵਿਚ ਫੈਲਾਅ। ਪਰਿਵਾਰ ਦੇ ਸਿਰ 'ਤੇ ਸ਼ੁਭ ਸ਼ਗਨਾਂ ਦੀ ਫੁਲਕਾਰੀ, ਆਪਸੀ ਸਾਂਝ ਦੀ ਭਰਪੂਰਤਾ ਕਾਰਨ ਸਮਾਜ ਵਿਚ ਸਰਦਾਰੀ ਅਤੇ ਉਸ ਸਰਦਾਰੀ ਸਦਕਾ ਪਰਿਵਾਰ ਦੇ ਹਰ ਸ਼ਖਸ ਦੇ ਮੁੱਖ 'ਤੇ ਪਰਵਰਦਗਾਰੀ।

# ਕੇਹਾ ਕੇਸਰੀ ਰੰਗ!

(ਪਿਛਲੇ ਸਫੇ ਦੀ ਬਾਕੀ)

ਦੋ-ਚਾਰ ਵਾਰ ਜੇਲ੍ਹ-ਯਾਤਰਾ ਦਾ ਸਵਾਦ ਵੀ ਚੱਖਿਆ ਹੈ। ਜਿੰਨਾ ਕੁ ਕੀਤਾ ਸੀ ਓਨੀ ਕੁ ਕੀਮਤ ਵੀ ਤਾਰੀ ਹੈ। ਪਰ ਤੁਸੀਂ ਕਿਹੜੇ ਜਮਰੌਦ ਦੇ ਕਿਲ੍ਹੇ ਫਤਿਹ ਕਰ ਲਏ ਨੇ! ਘਰ ਬਹਿ ਕੇ ਜਥੇਦਾਰੀਆਂ ਕਰਨੀਆਂ ਤੇ ਦਹਿਸ਼ਤ ਫੈਲਾਉਣੀ ਸੌਖੀ ਹੈ। ਕੁਝ ਚਿਰ ਮੈਦਾਨ ਵਿਚ ਉਤਰ ਕੇ ਵੀ ਵਿਖਾਓ ਖਾਲਸਾ ਜੀ!"

ਗੁੱਸੇ ਵਿਚ ਮੈਂ ਵੀ ਆਪਣੀ 'ਏਕੀ ਮੇਕੀ ਚੇਕੀ' ਕਰੀ ਜਾ ਰਿਹਾ ਸਾਂ ਕਿ ਖਾਲਸਾ ਜੀ ਦੀ ਪਤਨੀ, ਮੇਰੀ ਛੋਟੀ ਮਾਮੀ, ਦੂਜੇ ਘਰੋਂ ਮੇਰੀ ਪਤਨੀ ਨੂੰ ਬਾਹੋਂ ਧੂੰਹਦੀ ਆਣ ਪਹੁੰਚੀ। ਉਹ ਸਾਡੀਆਂ ਗੱਲਾਂ ਸੁਣ ਕੇ ਹੀ ਮੇਰੀ ਪਤਨੀ ਵੱਲ ਭੱਜੀ ਗਈ ਸੀ ਕਿ ਮੈਨੂੰ ਆਪਣੇ ਮਾਮੇ ਨਾਲ 'ਝਗੜਾ' ਕਰਨ ਤੋਂ ਰੋਕੇ।

ਸਾਡਾ ਵਾਰਤਾਲਾਪ ਸੁਣ ਕੇ ਮਾਮੀ ਤਮਕ ਕੇ ਬੋਲੀ, "ਅਸੀਂ ਤਾਂ ਅੱਗੇ ਰੋਜ਼ ਉਹਦੇ ਅੱਗੇ ਹੱਥ ਜੋੜਦੇ ਆਂ; ਜੇ ਤੇਰੇ ਆਖੇ ਉਹ ਸਟੇਨ ਚੁੱਕ ਕੇ ਤੁਰ ਪਿਆ ਤਾਂ ਮੇਰੇ ਨਿਆਣਿਆਂ ਨੂੰ ਤੂੰ ਰੋਟੀ ਦਵੇਂਗਾ?"

"ਮਾਮੀ, ਜਦੋਂ ਮੈਂ ਤੁਰਿਆ ਸਾਂ ਤਾਂ ਮੇਰੇ ਨਿਆਣਿਆਂ ਨੂੰ ਰੋਟੀ ਦੇਣ ਤੁਸੀਂ ਨਹੀਂ ਸਾਓ ਗਏ। ਸਭ ਕੁਝ ਆਪਣੀ ਜੀਅ ਜਵਾਨੀ 'ਤੇ ਹੀ ਕਰਨਾ ਪੈਂਦਾ ਹੈ।"

"ਸਭ ਕੁਝ ਆਪਣੀ ਜੀਅ ਜਵਾਨੀ 'ਤੇ ਹੀ ਕਰਦੇ ਆਂ ਤੇ ਕਰਾਂਗੇ ਵੀ। ਤੈਨੂੰ ਤੁਰ ਕੇ ਵੀ ਵਿਖਾ ਦਿਆਂਗੇ। ਤੇ ਕਿਲ੍ਹੇ ਵੀ ਵੇਖੀਂ; ਕਿਵੇਂ ਫਤਿਹ ਹੁੰਦੇ ਨੇ! ਤੇ ਤੈਨੂੰ ਵੀ ਵੇਖ ਲਵਾਂਗੇ।" ਮਾਮੇ ਨੇ ਅੰਤਿਮ ਐਲਾਨ ਕਰ ਦਿੱਤਾ।

ਮੇਰੀ ਪਤਨੀ ਮੈਨੂੰ ਬਾਹੋਂ ਫੜ ਕੇ ਉਠਾਉਣ ਲੱਗੀ। 'ਖਾਲਸਾ' ਬਣੇ ਹਰਦੀਪ ਸਿੰਘ ਦਾ ਵਾਰਤਾਲਾਪ ਸੁਣ ਕੇ ਓਥੇ ਹੋਰ ਬੈਠਣ ਦੀ ਤੁਕ ਵੀ ਕੋਈ ਨਹੀਂ ਸੀ ਰਹਿ ਗਈ। ਮੈਂ ਪਤਨੀ ਨੂੰ ਕਿਹਾ ਕਿ ਉਹ ਦੂਜੇ ਘਰੋਂ ਆਪਣੇ ਸਮਾਨ ਸਮੇਤ ਬੱਚਿਆਂ ਨੂੰ ਵੀ ਲੈ ਆਵੇ।

ਸਾਰੀ 'ਸੰਗਤ' ਮੰਜਿਆਂ 'ਤੇ ਧੁੱਪੇ ਸਜੀ ਬੈਠੀ ਸੀ ਜਦੋਂ ਅਸੀਂ ਉਨ੍ਹਾਂ ਦੇ ਕੋਲੋਂ ਉਠੇ। ਆਪਣਾ ਬੈਗ ਚੁਕਿਆ, ਬੱਚਿਆਂ ਨੂੰ ਉਂਗਲੀ ਲਾਇਆ ਤੇ ਘਰੋਂ ਜਾਣ ਲਈ ਬਾਹਰ ਵੱਲ ਤੁਰਨਾ ਸ਼ੁਰੂ ਕੀਤਾ। ਮੈਨੂੰ ਹੁਣ ਯਾਦ ਨਹੀਂ ਕਿ ਮੇਰੇ ਮਨ ਵਿਚ ਇਹ ਖਿਆਲ ਆਇਆ ਵੀ ਸੀ ਕਿ ਨਹੀਂ ਕਿ ਹੁਣੇ ਮਾਮਾ ਹਰਦੀਪ ਉਠੇਗਾ ਤੇ ਮੇਰੇ ਕੋਲ ਆ ਕੇ ਮੇਰਾ ਬੈਗ ਫੜ ਕੇ ਮੋਹ ਨਾਲ 'ਬੰਦਾ ਬਣ ਕੇ' ਘਰ ਨੂੰ ਪਿੱਛੇ ਮੁੜ ਆਉਣ ਲਈ ਕਹੇਗਾ। ਪਰ ਨਾ ਉਸ ਨੇ ਅਤੇ ਨਾ ਹੀ ਕਿਸੇ ਹੋਰ ਰਿਸ਼ਤੇਦਾਰ ਨੇ ਸਾਨੂੰ ਰੁਕ ਜਾਣ ਲਈ ਆਖਿਆ।

ਮੇਰੀ ਬੱਚੀ ਨੇ ਪੁੱਛਿਆ, "ਡੈਡੀ ਜੰਝ ਤਾਂ ਅਜੇ ਆਈ ਵੀ ਨਹੀਂ ਤੇ ਆਪਾਂ ਚਲੇ ਵੀ ਚੱਲੇ ਹਾਂ।" ਮੈਂ ਬੱਚੀ ਨੂੰ ਚੁੱਪ-ਚਾਪ ਆਪਣੇ ਨਾਲ ਤੁਰੇ ਆਉਣ ਲਈ ਕਿਹਾ।

ਮਾਮੇ ਦੇ ਸਾੜਵੇਂ ਬੋਲਾਂ ਨਾਲ 'ਸਾਂ ਸਾਂ" ਕਰ ਰਹੇ ਮੇਰੇ ਕੰਨ ਅਜੇ ਵੀ ਪਿੱਛੋਂ ਕਿਸੇ ਦੇ ਪੈਰਾਂ ਦੀ ਬਿੜਕ ਸੁਣਨਾ ਲੋਚਦੇ ਸਨ।

ਅਗਲੇ ਦਿਨ ਵਿਆਹ ਤੋਂ ਪਰਤ ਕੇ ਆਏ ਮੇਰੇ ਭਰਾ ਸੁਰਿੰਦਰ ਕੋਲੋਂ ਜਦੋਂ ਮੈਂ ਆਪਣੇ ਤੁਰ ਆਉਣ ਪਿੱਛੋਂ ਕੱਲ੍ਹ ਦੀ ਘਟਨਾ ਬਾਰੇ ਹੋਏ ਪ੍ਰਤੀਕਰਮ ਬਾਰੇ ਪੁੱਛਿਆ ਤਾਂ ਉਸ ਨੇ ਕੋਲ ਖਲੋਤੀ ਬੀਬੀ ਵੱਲ ਵੇਖਿਆ ਤੇ ਛਿੱਥਾ ਜਿਹਾ ਹੱਸਦਿਆਂ 'ਖੁਸ਼ਖਬਰੀ' ਦਿੱਤੀ, "ਖਾਲਸਾ ਤੇ ਕੋਹਾਲੀ ਵਾਲੀ ਮਾਸੀ ਦੇ ਮੁੰਡੇ ਤਾਂ ਪੂਰੇ ਗੁੱਸੇ ਵਿਚ ਸਨ। ਖਾਲਸਾ ਆਖਦਾ ਸੀ ਕਿ ਜੇ ਅੱਜ ਵਿਆਹ ਵਾਲਾ ਦਿਨ ਨਾ ਹੁੰਦਾ ਤਾਂ ਉਹ ਜਿਉਂਦਾ ਬਚ ਕੇ ਨਹੀਂ ਸੀ ਜਾਂਦਾ।"

ਤਾਂ ਸਾਡੇ ਤੁਰਸ਼ ਵਾਰਤਾਲਾਪ ਦਾ ਇਹ ਅੰਤ ਹੋਣ ਵਾਲਾ ਸੀ! ਨਹੀਂ ਇਹ ਨਹੀਂ ਹੋ ਸਕਦਾ! ਜ਼ਰੂਰ ਝੂਠ ਹੈ। ਮੇਰਾ ਪਿਆਰਾ ਯਾਰ ਮਾਮਾ ਮੈਨੂੰ ਕਤਲ ਕਰਨ ਤੱਕ ਵੀ ਸੋਚ ਸਕਦਾ ਹੈ! ਨਹੀਂ ਹਰਗਿਜ਼ ਨਹੀਂ! ਮੈਂ ਨੇੜੇ ਖਲੋਤੀ ਬੀਬੀ ਵੱਲ ਵੇਖਿਆ। ਉਹ ਵੀ ਕੱਲ੍ਹ ਸਾਡਾ ਰੌਲਾ ਸੁਣ ਕੇ ਇਕੱਠੀ ਹੋ ਗਈ ਬੰਦੇ-ਬੁੜੀਆਂ ਦੀ ਭੀੜ ਵਿਚ ਸ਼ਾਮਲ ਸੀ।

"ਕਿਉਂ ਬੀਬੀ?" ਮੇਰੀਆਂ ਸਵਾਲੀਆ ਨਜ਼ਰਾਂ ਉਸ ਦੇ ਚਿਹਰੇ 'ਤੇ ਗੱਡੀਆਂ ਹੋਈਆਂ ਸਨ। ਪਰ ਬੀਬੀ ਕੁਝ ਨਾ ਬੋਲੀ। ਉਸ ਨੇ ਘੁੱਟ ਕੇ ਬੁੱਲ੍ਹ ਮੀਚੇ ਹੋਏ ਸਨ ਤੇ ਮੇਰੇ ਵੱਲ ਵੇਖਣ ਦੀ ਥਾਂ ਸਿੱਧਾ ਖਿਲਾਅ ਵੱਲ ਵੇਖੀ ਜਾਂਦੀ ਸੀ।

ਮੈਨੂੰ ਮੇਰੇ ਸਵਾਲ ਦਾ ਜਵਾਬ ਮਿਲ ਗਿਆ ਸੀ।

ਪਤਾ ਤਾਂ ਮੈਨੂੰ ਇਹ ਵੀ ਲੱਗ ਗਿਆ ਸੀ ਕਿ ਵਿਆਹ ਉਤੇ 'ਸਿੰਘ' ਵੀ ਆਏ ਹੋਏ ਸਨ ਅਤੇ ਉਹ ਮਾਮੇ ਦੀ ਮੈਨੂੰ ਦਿੱਤੀ ਧਮਕੀ ਵਿਚਲੇ 'ਅਧੂਰੇ ਕਾਰਜ' ਨੂੰ ਪੂਰਾ ਕਰਨ ਦੀ 'ਆਗਿਆ' ਵੀ ਮੰਗ ਰਹੇ ਸਨ!

ਇਸ ਤੋਂ ਦੋ ਦਿਨ ਬਾਅਦ ਮਾਮਾ ਮੇਰੇ ਘਰ ਦੇ ਵੱਡੇ ਦਰਵਾਜ਼ੇ ਦੀ ਬਾਰੀ ਵਿਚੋਂ ਲੰਘਦਾ ਨਜ਼ਰ ਆਇਆ। ਅਸੀਂ ਦੋਵੇਂ ਜੀਅ ਬਾਹਰ ਵਿਹੜੇ ਵਿਚ ਧੁੱਪੇ ਬੈਠੇ ਹੋਏ ਸਾਂ। ਉਹ ਤੇਜ਼ ਕਦਮੀ ਦਗੜ ਦਗੜ ਤੁਰਦਾ ਸਾਡੇ ਕੋਲ ਪੁੱਜਾ। ਅਸੀਂ ਉਠ ਕੇ ਖਲੋ ਗਏ। ਇੱਕ ਪਲ ਲਈ ਇਹ ਖਿਆਲ ਵੀ ਮਨ ਵਿਚ ਆਇਆ ਕਿ ਖਬਰੇ ਮਾਮਾ 'ਤੈਨੂੰ ਵੀ ਵੇਖ ਲਵਾਂਗੇ' ਵਾਲੀ ਧਮਕੀ ਸੱਚ ਕਰਨ ਆਇਆ ਹੋਵੇ। ਮੈਂ ਉਸ ਨੂੰ ਸਾਹਮਣੇ ਕਮਰੇ ਵਿਚ ਲਿਜਾ ਕੇ ਬੈਠਣ ਲਈ ਕਿਹਾ ਅਤੇ ਰਜਵੰਤ ਨੂੰ ਕਿਹਾ ਕਿ ਉਹ ਮਾਮੇ ਨੂੰ ਪਾਣੀ ਪਿਆਉਣ ਤੋਂ ਬਾਅਦ ਚਾਹ ਧਰੇ।


ਮਾਮੇ ਨੇ ਬੜੀ ਰੁੱਖੀ ਜ਼ਬਾਨ ਵਿਚ ਕਿਹਾ, "ਮੈਂ ਕੋਈ ਚਾਹ-ਪਾਣੀ ਨਹੀਂ ਪੀਣਾ ਤੇ ਨਾ ਹੀ ਬਹਿਣਾ ਹੈ। ਬੱਸ ਮੇਰੇ ਪੈਸੇ ਕੱਢੋ।"

ਚਾਰ ਕੁ ਮਹੀਨੇ ਪਹਿਲਾਂ ਮੇਰੀ ਭੈਣ ਗੁਰਮੀਤੋ ਬਾਪੂ ਦੀ ਵਸੀਅਤ ਵਾਲੀ ਆਪਣੇ ਹਿੱਸੇ ਆਉਂਦੀ ਜ਼ਮੀਨ ਵੇਚਣ ਲੱਗੀ ਤਾਂ ਨੇੜੇ ਲੱਗਦੀ ਹੋਣ ਕਾਰਨ ਮੈਂ ਆਪ ਹੀ ਜ਼ਮੀਨ ਖਰੀਦ ਲੈਣ ਦਾ ਨਿਸ਼ਚਾ ਕਰ ਲਿਆ। ਇਸ ਸਮੇਂ ਮੈਨੂੰ ਆਸਿਓਂ ਪਾਸਿਓਂ ਪੈਸੇ ਫੜਨੇ ਪਏ ਸਨ। ਉਦੋਂ ਮੈਂ ਬੀਬੀ ਰਾਹੀਂ ਮਾਮੇ ਤੋਂ ਦੋ ਹਜ਼ਾਰ ਰੁਪੱਈਆ ਮੰਗਵਾਇਆ ਸੀ। ਵਿਆਹ ਵਾਲੇ ਦਿਨ ਹੋਏ ਸਾਡੇ ਆਪਸੀ ਝਗੜੇ ਤੋਂ ਤੀਜੇ ਦਿਨ ਬਾਅਦ ਹੀ ਮਾਮੇ ਵੱਲੋਂ ਇਸ ਤਰ੍ਹਾਂ ਪੈਸੇ ਆਣ ਮੰਗਣੇ ਇੱਕ ਪਲ ਤਾਂ ਮੈਨੂੰ ਬੜੀ ਹੋਛੀ ਗੱਲ ਲੱਗੀ। ਇਹ ਤਾਂ ਉਹਨੂੰ ਵੀ ਪਤਾ ਸੀ ਕਿ ਮੈਂ ਉਸ ਦੇ ਪੈਸੇ ਮਾਰਨ ਨਹੀਂ ਲੱਗਾ। ਉਂਜ ਵੀ ਇਹ ਕਿਹੜੀ ਏਡੀ ਵੱਡੀ ਰਕਮ ਸੀ! ਪਰ ਦੂਜੇ ਪਲ ਸੋਚਿਆ; ਉਸ ਦਾ ਪੈਸੇ ਮੰਗਣ ਆ ਜਾਣਾ ਮੈਨੂੰ ਕਤਲ ਦੀ ਧਮਕੀ ਦੇਣ ਨਾਲੋਂ ਤਾਂ ਹਜ਼ਾਰ ਗੁਣਾ ਛੋਟੀ ਗੱਲ ਸੀ! ਇਸ ਤਰ੍ਹਾਂ ਪੈਸੇ ਲੈਣ ਆ ਕੇ ਉਹ ਮੈਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਮੇਰਾ ਹੁਣ ਤੇਰੇ ਨਾਲ ਕੋਈ ਰਿਸ਼ਤਾ ਨਹੀਂ ਰਹਿ ਗਿਆ। ਸਗੋਂ ਇਸ ਤੋਂ ਵੀ ਵੱਧ ਇਹ ਇਸ ਗੱਲ ਦਾ ਸੂਚਕ ਸੀ ਕਿ ਉਹ ਮੇਰੇ ਨਾਲੋਂ ਪਿਛਲੇ ਸੰਬੰਧ ਤੋੜ ਕੇ 'ਨਵੀਂ ਲੜਾਈ' ਲੜੇ ਜਾਣ ਲਈ ਤਿਆਰ ਸੀ।

ਮੇਰੀ ਪਤਨੀ ਦੀ ਮਾਤਾ ਬੀਬੀ ਸਵਰਨ ਕੌਰ ਉਨ੍ਹੀਂ ਦਿਨੀਂ ਸਾਡੇ ਕੋਲ ਰਹਿ ਰਹੀ ਸੀ। ਉਸ ਕੋਲ ਪੰਦਰਾਂ ਸੌ ਰੁਪਏ ਪਏ ਸਨ। ਬਾਕੀ ਪੰਜ ਸੌ ਮੈਂ ਸਾਡੇ ਗਵਾਂਢੀ ਤਾਏ ਲਾਭ ਚੰਦ ਕੋਲੋਂ ਦੁਕਾਨ 'ਤੇ ਜਾ ਕੇ ਫੜ ਲਿਆਇਆ। ਜਦੋਂ ਉਸ ਨੇ ਔਖੇ ਸੌਖੇ ਹੋ ਕੇ ਚਾਹ ਦੀ ਆਖਰੀ ਕੌੜੀ ਘੁੱਟ ਅੰਦਰ ਲੰਘਾਈ, ਮੈਂ ਪੈਸੇ ਮਾਮੇ ਦੀ ਤਲੀ 'ਤੇ ਰੱਖ ਦਿੱਤੇ। ਉਹ ਜਿਸ ਤੇਜੀ ਨਾਲ ਆਇਆ ਸੀ ਓਸੇ ਤੇਜੀ ਨਾਲ ਬਾਹਰ ਤੁਰ ਗਿਆ।

ਅਗਲੇ ਸਾਲਾਂ ਵਿਚ ਸਾਡਾ ਇਕ-ਦੂਜੇ ਵੱਲ ਆਉਣਾ-ਜਾਣਾ, ਮਿਲਣਾ-ਗਿਲਣਾ ਤੇ ਬੋਲਣਾ-ਚਾਲਣਾ ਅਸਲੋਂ ਹੀ ਬੰਦ ਹੋ ਗਿਆ। ਮੈਂ ਪਿੰਡ ਛੱਡ ਕੇ ਜਲੰਧਰ ਲਾਇਲਪੁਰ ਖਾਲਸਾ ਕਾਲਜ ਵਿਚ ਲੈਕਚਰਾਰ ਆ ਲੱਗਾ। ਉਂਜ ਮੈਨੂੰ ਮਾਮੇ ਦੀਆਂ ਖਬਰਾਂ ਮਿਲਦੀਆਂ ਰਹਿੰਦੀਆਂ। ਉਹ ਪਹਿਲਾਂ ਨਾਲੋਂ ਵੀ ਵੱਧ ਸਰਗਰਮੀ ਨਾਲ ਆਪਣੇ 'ਪੰਥਕ-ਕਾਰਜਾਂ' ਵਿਚ ਰੁੱਝਿਆ ਹੋਇਆ ਸੀ। ਜਿਹੜੀਆਂ ਚੋਣਾਂ ਹੁੰਦੀਆਂ ਹੁੰਦੀਆਂ ਰਹਿ ਗਈਆਂ, ਉਹ ਉਨ੍ਹਾਂ ਵਿਚ ਸਰਗਰਮ ਉਮੀਦਵਾਰ ਵਜੋਂ ਖੜਾ ਸੀ ਤੇ ਕਿਹਾ ਜਾਂਦਾ ਸੀ ਕਿ ਉਸ ਦੇ ਚੁਣੇ ਜਾਣ ਦੀ ਸੰਭਾਵਨਾ ਵੀ ਸੀ।

(ਚਲਦਾ)



**ਸੋਭਾ ਸਿੰਘ ਦੀ ਕਲਾ ਬਾਰੇ ਤਿੱਖੀ ਟਿੱਪਣੀ ਕਰਦੀ ਰਚਨਾ...**

# ਧੌਲਾਧਾਰ ਦਾ ਪੁੱਤਰ

***ਚਿਤਰਕਾਰ ਸੋਭਾ ਸਿੰਘ (29 ਨਵੰਬਰ 1901-22 ਅਗਸਤ 1980) ਬਾਰੇ ਪ੍ਰੋ. ਪ੍ਰੀਤਮ ਸਿੰਘ ਦਾ ਇਹ ਲੇਖ ਬਹੁਤ ਵਿਲੱਖਣ, ਨਿਆਰਾ ਅਤੇ ਨਿਵੇਕਲਾ ਹੈ। ਇਸ ਵਿਚ ਚਿਤਰਕਾਰ ਦੀ ਕਲਾ ਅਤੇ ਜੀਵਨ ਬਾਰੇ ਬੜੀਆਂ ਤਿੱਖੀਆਂ ਟਿੱਪਣੀਆਂ ਹਨ, ਪਰ ਇਹ ਟਿੱਪਣੀਆਂ ਉਨ੍ਹਾਂ ਬਹੁਤ ਸਹਿਜ ਨਾਲ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਵਿਚੋਂ ਚਿਤਰਕਾਰ ਅਤੇ ਉਨ੍ਹਾਂ ਦੀ ਕਲਾ ਦਾ ਐਨ ਵੱਖਰਾ ਹੀ ਰੰਗ ਉਭਰਦਾ ਹੈ। -ਸੰਪਾਦਕ***

ਸਰਦਾਰ ਸੋਭਾ ਸਿੰਘ ਦਾ ਨਾਂ ਮੇਰੇ ਕੰਨਾਂ ਵਿਚ ਦੇਸ਼ ਦੀ ਵੰਡ ਤੋਂ ਕਾਫੀ ਚਿਰ ਪਹਿਲਾਂ ਪੈ ਚੁੱਕਾ ਸੀ। ਕੁਝ-ਕੁਝ ਚੇਤੇ ਆਉਂਦਾ ਹੈ ਕਿ ਇਨ੍ਹਾਂ ਦੇ ਬਣਾਏ ਸਿੱਖ ਇਤਿਹਾਸ ਦੇ ਕੁਝ ਚੋਣਵੇਂ ਸਾਕਿਆਂ ਦੇ ਅਤੇ ਗੁਰੂ ਗੋਬਿੰਦ ਸਿੰਘ ਦੇ ਚਿਤਰ 'ਕਵੀ' (ਕਲਕੱਤਾ) ਅਤੇ 'ਫੁਲਵਾੜੀ' (ਲਾਹੌਰ) ਵਿਚ ਵੇਖੇ ਵੀ ਸਨ। ਆਹਮੋ-ਸਾਹਮਣੇ ਮੈਂ ਉਨ੍ਹਾਂ ਨੂੰ ਪਹਿਲੀ ਵਾਰੀ ਓਦੋਂ ਮਿਲਿਆ, ਜਦੋਂ ਮੈਨੂੰ ਸੁਰਗਵਾਸੀ ਪ੍ਰਿੰਸੀਪਲ ਨਿਰੰਜਨ ਸਿੰਘ ਜੀ ਦੀ ਪ੍ਰੇਰਨਾ ਨਾਲ ਸਿੱਖ ਨੈਸ਼ਨਲ ਕਾਲਜ, ਲਾਹੌਰ ਵਿਚ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੀ ਇਨਾਮੀ ਨੁਮਾਇਸ਼ ਦਾ ਪ੍ਰਬੰਧ ਕਰਨਾ ਪਿਆ। ਉਸ ਮੌਕੇ ਉਤੇ ਕੁਝ ਸਿਰਕੱਢ ਕਲਾਕਾਰਾਂ ਨੂੰ ਨੁਮਾਇਸ਼ ਵਿਚ ਰੱਖੀਆਂ ਗਈਆਂ ਤਸਵੀਰਾਂ ਦੀ ਪਰਖ ਲਈ ਅਤੇ ਕੁਝ ਚੋਣਵੇਂ ਤਸਵੀਰਕਾਰਾਂ ਨੂੰ ਪਰਸਪਰ ਵਿਚਾਰ-ਵਟਾਂਦਰੇ ਲਈ ਬੁਲਾਇਆ ਗਿਆ ਸੀ। ਜਿਸ ਆਪ-ਹੁਦਰੇ ਢੰਗ ਨਾਲ ਗੁਰੂ ਸਾਹਿਬਾਨ ਦੀਆਂ ਘਟੀਆ ਤੇ ਭੱਦੀਆਂ ਤਸਵੀਰਾਂ ਧੜਾ-ਧੜ ਬਣਨ ਲੱਗ ਪਈਆਂ



**ਪ੍ਰੋ. ਪ੍ਰੀਤਮ ਸਿੰਘ**

ਸਨ, ਉਸ ਨੂੰ ਠੱਲ੍ਹ ਪਾਉਣੀ ਅਤੇ ਤਸਵੀਰਕਾਰਾਂ ਵਿਚ ਕਲਾਤਮਕ ਚੇਤਨਾ ਵਧਾਉਣੀ ਇਸ ਉਦਮ ਦਾ ਮੰਤਵ ਸੀ।

ਸਾਡਾ ਮਤ ਸੀ ਕਿ ਜੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣਾਉਣੀਆਂ ਹੀ ਹਨ ਤਾਂ ਉਨ੍ਹਾਂ ਦੇ ਵੇਲੇ ਦੀਆਂ ਜਾਂ ਉਨ੍ਹਾਂ ਦੇ ਵੱਧ ਤੋਂ ਵੱਧ ਨੇੜੇ ਦੇ ਸਮੇਂ ਦੀਆਂ ਤਸਵੀਰਾਂ ਹੀ ਅੱਜ ਦੀਆਂ ਤਸਵੀਰਾਂ ਦਾ ਆਧਾਰ ਬਣਨੀਆਂ ਚਾਹੀਦੀਆਂ ਹਨ ਤਾਂ ਜੋ ਮੁਹਾਂਦਰੇ, ਕੱਦ-ਕਾਠ, ਪਹਿਰਾਵੇ ਤੇ ਸਮੁੱਚੇ ਪ੍ਰਭਾਵ ਵਿਚ ਕਲਾਕਾਰ ਘੱਟ ਤੋਂ ਘੱਟ ਅਣਇਤਿਹਾਸਕ ਹੋਣ। ਮਸਲਨ, ਜਾਣਕਾਰ ਲੋਕਾਂ ਨੂੰ ਪਤਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਸਰੀਰ ਵੱਲੋਂ ਕਾਫੀ ਭਾਰੇ ਅਤੇ ਕੱਦਾਵਰ ਸਨ। ਭਾਈ ਗੁਰਦਾਸ ਦੀਆਂ ਵਾਰਾਂ ਤੋਂ ਲੈ ਕੇ ਬਾਬਾ ਰਾਮ ਰਾਏ ਦੇ ਡੇਹਰਾਦੂਨ ਵਾਲੇ ਦਰਬਾਰ ਵਿਚ ਸਾਂਭੀ ਪਈ ਤਸਵੀਰ ਤੱਕ, ਸਾਰੇ ਸਬੂਤ ਇਹੀ ਸਿੱਧ ਕਰਦੇ ਹਨ, ਪਰ ਜੋ ਤਸਵੀਰ ਗੁਰੂ ਸਾਹਿਬ ਦੀ ਸੋਭਾ ਸਿੰਘ ਨੇ ਸਿੱਖ ਨੈਸ਼ਨਲ ਕਾਲਜ ਵਾਲੀ ਨੁਮਾਇਸ਼ ਵਿਚ ਭੇਜੀ ਸੀ, ਉਸ ਵਿਚ ਉਨ੍ਹਾਂ ਦਾ ਬਦਨ ਗੁਰੂ ਗੋਬਿੰਦ ਸਿੰਘ ਵਰਗਾ ਇਕਹਿਰਾ ਤੇ ਛਰੇਰਾ ਸੀ। ਸਪਸ਼ਟ ਸੀ ਕਿ ਜਿਥੇ ਇਤਿਹਾਸਕ ਸਬੂਤ ਮੌਜੂਦ ਸਨ, ਓਥੇ ਵੀ ਚਿਤੇਰੇ ਨੇ ਆਪਣੀ ਕਲਪਨਾ ਨੂੰ ਹੀ ਵਰਤਿਆ ਹੋਇਆ ਸੀ। ਪ੍ਰਬੰਧਕਾਂ ਦਾ ਇਕ ਮਕਸਦ ਇਹ ਵੀ ਸੀ ਕਿ ਜਦੋਂ ਤਨ ਦੀ ਪ੍ਰਮਾਣਿਕ ਤਸਵੀਰ ਨਾ ਜੁੜ ਸਕੇ, ਓਦੋਂ ਚਿਤਰ-ਪਟ ਉਤੇ ਬਾਣੀ ਤੇ ਇਤਿਹਾਸ ਵਿਚੋਂ ਉਭਰਨ ਵਾਲੀ ਸ਼ਖ਼ਸੀਅਤ ਨੂੰ ਪ੍ਰਤਿਬਿੰਬਤ ਕਰਨ ਦਾ ਜਤਨ ਹੋਣਾ ਚਾਹੀਦਾ ਹੈ, ਨਹੀਂ ਤਾਂ ਉਹੀ ਕੁਝ ਹੁੰਦਾ ਹੈ, ਜੋ ਕਈ ਜਨਮ ਸਾਖੀਆਂ ਵਿਚ ਹੋਇਆ ਦਿਸਦਾ ਹੈ- ਸੱਚੇ ਸੌਦੇ ਦੀ ਸਾਖੀ ਵਾਪਰਦੀ ਹੈ ਗੁਰੂ ਨਾਨਕ ਸਾਹਿਬ ਦੇ ਪੈਂਤੀਵੇਂ ਵਰ੍ਹੇ ਵਿਚ, ਪਰ ਚਿਤੇਰੇ ਨੇ ਚਿਤਰ ਬਣਾਇਆ ਹੁੰਦਾ ਹੈ ਬਾਲ-ਵਰੇਸ ਦਾ। ਇਸੇ ਤਰ੍ਹਾਂ, ਭਾਵੇਂ ਸਾਖੀ ਹੋਵੇ ਕਿਸ਼ੋਰ ਅਵਸਥਾ ਦੀ ਤੇ ਭਾਵੇਂ ਹੋਵੇ ਭਰ ਜਵਾਨੀ ਦੀ, ਗੁਰੂ ਸਾਹਿਬ ਚਿੱਟੀ ਦਾੜ੍ਹੀ ਵਾਲੇ ਬਾਬੇ ਹੀ ਵਿਖਾਏ ਹੋਣਗੇ।

ਨੁਮਾਇਸ਼ ਦੇ ਆਰੰਭਿਕ ਦਿਨ ਦੇ 'ਅਕਾਲੀ' ਅਖਬਾਰ ਵਿਚ ਮੇਰਾ ਲੇਖ ਛਪਿਆ, ਜਿਸ ਵਿਚ ਚਿਤਰਕਾਰੀ ਦੀ ਅਹਿਮੀਅਤ ਦ੍ਰਿੜਾਉਣ ਲਈ ਉਸ ਘਟਨਾ ਦਾ ਹਵਾਲਾ ਦਿੱਤਾ ਹੋਇਆ ਸੀ, ਜਿਸ ਅਨੁਸਾਰ ਆਤਮ-ਘਾਤ ਕਰਨ ਦੇ ਇਰਾਦੇ ਨਾਲ ਘਰੋਂ ਨਿਕਲਿਆ ਬੰਦਾ, ਰਾਹ ਵਿਚ ਲੱਗੀ ਨੁਮਾਇਸ਼ ਵਿਚ 'ਹੋਪ' (ਆਸ) ਨਾਂ ਦੀ ਤਸਵੀਰ ਵੇਖ ਕੇ ਮਰਨ ਦੀ ਥਾਂ ਜਿਉਣ ਦਾ ਫੈਸਲਾ ਕਰ ਲੈਂਦਾ ਹੈ। ਇਸੇ ਲੇਖ ਦੇ ਹਵਾਲੇ ਵਿਚ ਮਗਰੋਂ ਡਾ. ਗੰਡਾ ਸਿੰਘ ਜੀ ਦਾ ਵੀ ਲੇਖ ਛਪਿਆ ਸੀ, ਜਿਸ ਵਿਚ ਉਨ੍ਹਾਂ ਨੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਤਿਆਰ ਕਰਨ-ਕਰਾਉਣ ਦੇ ਸੰਕਲਪ ਦਾ ਇਕ ਸਿਰੇ ਤੋਂ ਹੀ ਸਿਧਾਂਤਕ ਵਿਰੋਧ ਕੀਤਾ ਹੋਇਆ ਸੀ, ਪਰ ਉਹ ਵੱਖਰੀ ਤੇ ਬਹਿਸ-ਤਲਬ ਗੱਲ ਹੈ। ਜਿਸ ਖਿਆਲ ਨਾਲ ਉਹ ਨੁਮਾਇਸ਼ ਕੀਤੀ ਗਈ ਸੀ, ਉਹ ਇਹ ਸੀ ਕਿ ਤਸਵੀਰਾਂ ਬਣਾਈਆਂ ਜਾਣ ਤਾਂ ਯਥਾਰਥ ਵੱਲ ਪੂਰੀ ਤਰ੍ਹਾਂ ਪਿੱਠ ਕਰ ਕੇ ਨਾ ਬਣਾਈਆਂ ਜਾਣ।

ਪ੍ਰਦਰਸ਼ਨੀ ਵੇਖਣ ਤੇ ਮੀਟਿੰਗ ਵਿਚ ਭਾਗ ਲੈਣ ਲਈ ਪੰਜਾਬ ਦੇ ਉਸ ਵੇਲੇ ਦੇ ਕਈ ਪ੍ਰਸਿਧ ਚਿਤਰਕਾਰ, ਜਿਵੇਂ ਅਬਦੁੱਰ-ਰਹਿਮਾਨ ਚੁਗ਼ਤਾਈ, ਠਾਕਰ ਸਿੰਘ, ਸੋਭਾ ਸਿੰਘ, ਈਸ਼ਵਰ ਤੇ ਸ਼ਾਇਦ ਅਲਾਹ ਬਖ਼ਸ਼ ਹੋਰੀਂ ਪਹੁੰਚੇ ਹੋਏ ਸਨ। ਸ. ਸੋਭਾ ਸਿੰਘ ਨੇ ਆਪਣੀਆਂ ਤਸਵੀਰਾਂ ਨੁਮਾਇਸ਼ ਵਿਚ ਰੱਖੀਆਂ ਹੋਈਆਂ ਸਨ, ਪਰ ਉਨ੍ਹਾਂ ਵਿਚੋਂ ਇਕ ਵੀ ਚੁਗਤਾਈ ਸਾਹਿਬ ਤੇ ਅਲਾਹ ਬਖ਼ਸ਼ ਸਾਹਿਬ ਦੀ ਪਰਖ ਕਸਵੱਟੀ ਉਤੇ ਪੂਰੀ ਨਾ ਉਤਰ ਸਕੀ। ਓਦੋਂ ਦਾ ਹੀ ਇਕ ਪ੍ਰਭਾਵ, ਸੋਭਾ ਸਿੰਘ ਹੁਰਾਂ ਦਾ ਮੇਰੇ ਮਨ ਉਤੇ ਉਕਰਿਆ ਹੋਇਆ ਹੈ। ਜਦੋਂ ਚੁਗਤਾਈ ਸਾਹਿਬ ਸੋਭਾ ਸਿੰਘ ਹੁਰਾਂ ਦੇ ਇਕ ਚਿਤਰ ਦੀ ਕਿਸੇ ਤਕਨੀਕੀ ਅਪੂਰਨਤਾ ਬਾਰੇ ਕੁਝ ਸੁਝਾਉ ਦੇ ਰਹੇ ਸਨ ਤਾਂ ਪ੍ਰਤੀਤ ਤਾਂ ਇਹੀ ਹੁੰਦਾ ਸੀ ਕਿ ਉਹ ਉਨ੍ਹਾਂ ਦੇ ਸਾਰੇ ਸੁਝਾਉ ਪਰਵਾਨ ਕਰਨ ਵਰਗਾ ਹੁੰਗਾਰਾ ਭਰ ਰਹੇ ਸਨ, ਪਰ ਨਾਲ ਹੀ ਉਨ੍ਹਾਂ ਦੇ ਮੱਥੇ ਉਤੇ ਬੇਮਲੂਮ ਜਿਹੀਆਂ ਕੁਝ ਤਿਊੜੀਆਂ ਵੀ ਪਈਆਂ ਹੋਈਆਂ ਸਨ। ਉਸ ਵੇਲੇ ਸੁਰਗਵਾਸੀ ਚੁਗਤਾਈ ਸਾਹਿਬ, ਚਿਤਰਕਾਰੀ ਦੇ ਆਕਾਸ਼ ਦੇ ਸਭ ਤੋਂ ਵੱਧ ਚਮਕ ਦੇ ਤਾਰੇ ਸਨ ਤੇ ਚਿਤੇਰਿਆਂ ਵਿਚ ਉਹਨਾਂ ਦਾ ਅਥਾਹ ਆਦਰ-ਮਾਣ ਸੀ। ਓਦੋਂ ਸੋਭਾ ਸਿੰਘ ਦੀਆਂ ਬੇਮਲੂਮ ਤਿਊੜੀਆਂ ਨੇ ਸ਼ਬਦ ਰੂਪ ਧਾਰਨ ਦਾ ਹੀਆ ਨਹੀਂ ਸੀ ਕੀਤਾ, ਪਰ ਮੈਂ ਜੋ ਪ੍ਰਭਾਵ ਕਬੂਲਿਆ, ਉਹ ਇਹ ਸੀ ਕਿ ਤੁਸੀਂ ਜੋ ਕਹਿਣਾ ਹੈ, ਕਹਿ ਲਵੋ, ਅੰਤ ਮੈਂ ਗੱਲ ਉਹੀ ਮੰਨਾਂਗਾ ਜੋ ਮੇਰੇ ਮਨ-ਚਿਤ ਲੱਗੇਗੀ।

ਅੱਜ ਇਹ ਗੱਲ ਅੱਧੀ ਸਦੀ ਤੋਂ ਵੱਧ ਪੁਰਾਣੀ ਹੋ ਚੱਲੀ ਹੈ। ਚੁਗਤਾਈ ਸਾਹਿਬ, ਸਾਡੇ ਕਈ ਵਾਰੀ ਕਹਿਣ ਦੇ ਬਾਵਜੂਦ, ਆਪਣੇ ਬੁਰਸ਼ ਨੂੰ, ਗੁਰੂ ਚਿਤਰਣ ਵੱਲ ਨਾ ਲਾ ਸਕੇ, ਅੱਲਾਹ ਬਖ਼ਸ਼ ਜੀ ਨੇ ਵੀ ਆਪਣੇ ਪੁਰਾਣੇ ਰਾਹ ਨੂੰ ਛੱਡ ਕੇ ਨਵੇਂ ਪਾਸੇ ਲੱਗਣ ਤੋਂ ਸੰਕੋਚ ਵਰਤਿਆ, ਸੁਰਗਵਾਸੀ ਠਾਕਰ ਸਿੰਘ ਜੀ ਦੀ ਕਲਮ, ਜਦੋਂ ਇਕ ਵਾਰੀ ਸਣ-ਧੋਤੀ ਨਹਾਤੇ ਤ੍ਰੀਮਤੀ ਸਰੀਰ ਦੇ ਇਕ ਦ੍ਰਿਸ਼ ਤੋਂ ਉਸ ਦੇ ਸਾਰੇ ਦੇ ਸਾਰੇ ਹੁਸਨ ਨੂੰ ਕੈਨਵੈਸ ਉਤੇ ਉਤਾਰਨ ਵਿਚ ਸਫ਼ਲ ਹੋ ਗਈ, ਤਾਂ ਉਨ੍ਹਾਂ ਦੇ ਸਮੇਂ ਦਾ ਬਹੁਤਾ ਭਾਗ ਉਸ ਵੇਲੇ ਦੀਆਂ ਰਿਆਸਤਾਂ ਦੇ ਮੁਖੀ ਮੱਲ ਬੈਠੇ। ਈਸ਼ਵਰ, ਮੂਰਤ ਦੀ ਥਾਂ ਅਮੂਰਤ ਵੱਲ ਵਧੇਰੇ ਰੁਚਿਤ ਹੁੰਦਾ ਗਿਆ ਤੇ ਇਕੱਲਾ ਸੋਭਾ ਸਿੰਘ ਰਹਿ ਗਿਆ, ਜੋ ਇਸ ਉਡੀਕ ਵਿਚ ਕਿ ਕਦੀ ਨਾ ਕਦੀ ਤਾਂ ਗੁਰੂ-ਮੂਰਤ ਆਪੇ ਮੂੰਹੋਂ ਬੋਲੇਗੀ, ਉਸ ਨਾਲ ਤਜਰਬੇ ਉਤੇ ਤਜਰਬਾ ਕਰਦਾ ਰਿਹਾ। ਉਸ ਨੇ ਅਸਲ ਗੁਰੂ-ਮੂਰਤਾਂ ਦੀ ਭਾਲ ਵਿਚ ਉਕਾ ਕੋਈ ਸਮਾਂ ਨਹੀਂ ਲਾਇਆ, ਨਾ ਸਿੱਖ ਸਾਹਿਤ ਤੇ ਇਤਿਹਾਸ ਦੇ ਪੰਨਿਆਂ ਉਤੇ ਮਗਜ਼-ਮਾਰਨ ਦੀ ਬਹੁਤੀ ਖੇਚਲ ਕੀਤੀ। ਉਸ ਨੇ ਆਪਣੀ ਸੋਚ ਨੂੰ ਇਸ ਪਾਸੇ ਵੱਲ ਵਗਣ ਦਿੱਤਾ ਕਿ ਜਿਸ ਤਰ੍ਹਾਂ ਦੀ ਵੀ ਸ਼ਕਲ ਸੂਰਤ ਕਿਸੇ ਗੁਰੂ ਸਾਹਿਬ ਦੀ ਸੀ, ਹੁਣ ਉਸ ਉਤੇ ਅਤੀਤ, ਆਪਣੇ ਕਈ ਗੂੜ੍ਹੇ ਰੰਗਾਂ ਦੀਆਂ ਕੂਚੀਆਂ ਫੇਰ ਚੁੱਕਾ ਹੈ। ਜਿਵੇਂ ਭਾਈ ਸੰਤੋਖ ਸਿੰਘ ਜਾਂ ਭਾਈ ਵੀਰ ਸਿੰਘ ਨੇ ਮਨੋਕਲਪਿਤ ਕਲਮੀ ਚਿਤਰ ਤਿਆਰ ਕੀਤੇ ਹਨ, ਉਸੇ ਤਰ੍ਹਾਂ ਰੰਗ ਦੇ ਸ਼ਬਦਾਂ ਨਾਲ ਉਨ੍ਹਾਂ ਦੇ ਕਲਪਿਤ ਚਿਤਰ ਕਿਉਂ ਨਾ ਤਿਆਰ ਕੀਤੇ ਜਾਣ? ਸੋ ਉਹ ਪੋਥੀਆਂ ਵਿਚੋਂ ਗੁਰੂ-ਮੂਰਤ ਦੀ ਭਾਲ ਕਰਨ ਦੀ ਥਾਂ, ਚਿਹਰਿਆਂ ਦੀ ਭਾਲ ਵਿਚ ਰਿਹਾ। ਗੁਰੂ ਸਾਹਿਬਾਨ ਦਾ ਉਸ ਦੇ ਅੰਦਰ ਜਿਸ ਤਰ੍ਹਾਂ ਦਾ ਵੀ ਸੰਕਲਪ ਸੀ, ਉਹ ਉਸ ਉਤੇ ਪੂਰੇ ਉਤਰਨ ਵਾਲੇ ਮਾਡਲ ਲੱਭਦਾ ਰਹਿੰਦਾ।

ਕਾਫੀ ਚਿਰ ਪਿਛੋਂ ਇਕ ਵਾਰੀ ਜਦੋਂ ਸਰਦਾਰ ਸੋਭਾ ਸਿੰਘ ਮੇਰੇ ਘਰ ਤਸ਼ਰੀਫ਼ ਲਿਆਏ ਤਾਂ ਮੈਂ ਹਾਸੇ ਵਿਚ ਉਨ੍ਹਾਂ ਦੀ ਖੁੱਲ੍ਹੇ ਹੱਥ ਨਾਲ ਅਸੀਸ ਦੇਂਦੀ ਪ੍ਰਸਿੱਧ ਤਸਵੀਰ ਵੱਲ ਇਸ਼ਾਰਾ ਕਰ ਕੇ ਕਿਹਾ, "ਸੋਭਾ ਸਿੰਘ ਜੀ, ਇਉਂ ਲਗਦੈ ਜਿਵੇਂ ਸ਼੍ਰੋਮਣੀ ਅਕਾਲੀ ਦਲ ਦੇ ਉਸ ਸਮੇਂ ਦੇ ਅਧਿਕਾਰੀਆਂ ਨੂੰ ਖੁਸ਼ ਕਰਨ ਲਈ ਤੁਸੀਂ ਸੰਤ ਫਤਿਹ ਸਿੰਘ ਦੀ ਤਸਵੀਰ ਹੇਠਾਂ ਹੀ 'ਗੁਰੂ ਨਾਨਕ' ਲਿਖ ਦਿੱਤਾ ਹੋਵੇ। ਗੁਰੂ ਤਾਂ ਕਿਰਤੀ ਬੰਦਾ ਸੀ, ਹਲ ਵਾਹੁਣ ਵਾਲਾ, ਖੇਤੀ ਕਰਨ ਵਾਲਾ, ਉਸ ਦੇ ਮੂੰਹ ਉਤੇ ਏਨਾ ਫਾਲਤੂ ਮਾਸ ਕਿਉਂ ਥੱਪਿਆ ਗਿਐ?" ਉਨ੍ਹਾਂ ਨੇ ਵੀ ਹਾਸੇ ਹਾਸੇ ਵਿਚ ਮੈਨੂੰ ਇਹ ਕਹਿ ਕੇ ਟਾਲ ਦਿੱਤਾ ਕਿ ਮੈਂ ਤਾਂ ਉਨ੍ਹਾਂ ਨੂੰ ਜਿਹੋ ਜਿਹਾ ਅਨੁਭਵ ਕੀਤਾ ਸੀ, ਚਿਤਰ ਦਿੱਤਾ, ਤੁਹਾਨੂੰ ਪਸੰਦ ਨਹੀਂ ਤਾਂ ਉਨ੍ਹਾਂ ਦੀ ਅਸਲ ਤਸਵੀਰ ਲੱਭ ਦਿਓ, ਮੈਂ ਉਹੋ ਜਿਹਾ ਬਣਾ ਦਿਆਂਗਾ।"

ਦੇਸ਼ ਦੀ ਵੰਡ ਤੋਂ ਪਿਛੋਂ ਈਸ਼ਵਰ, ਕਲਾ ਦੀ ਨਿਕਦਰੀ ਤੇ ਪੈਸੇ ਦੀ ਥੁੜ ਦਾ ਭਜਾਇਆ ਇੰਗਲੈਂਡ ਜਾ ਪਹੁੰਚਿਆ, ਜਿਥੇ ਵਲੈਤੀ ਅਮੀਰੀ ਵਿਚ ਦੇਸੀ ਗਰੀਬ ਹੰਢਾਉਣ ਦੇ ਅਨੁਭਵ ਨੇ ਉਸ ਦਾ ਦੁਖਾਂਤ ਨੇੜੇ ਲੈ ਆਂਦਾ, ਤੇ ਸ. ਠਾਕਰ ਸਿੰਘ ਦਾ ਬਹੁਤਾ ਸਮਾਂ ਅੰਮ੍ਰਿਤਸਰ ਵਿਚ ਅਕਾਡਮੀ ਦੀ ਉਸਾਰੀ ਨੇ ਲੈ ਲਿਆ। ਸੋਭਾ ਸਿੰਘ ਮੂਰਤਾਂ ਬਣਾਉਂਦਾ ਤੇ ਢਾਹੁੰਦਾ ਰਿਹਾ। ਉਸ ਦੀ 'ਨਾਮ ਖੁਮਾਰੀ' ਵਾਲੀ ਤਸਵੀਰ, ਜਿਸ ਦਾ ਮੂਲ ਉਸ ਨੇ 1935 ਵਿਚ ਬਣਾਇਆ ਸੀ, ਚੱਲ ਨਿਕਲੀ ਸੀ - ਸਾਧਾਰਨ ਤੋਂ ਭਾਰਾ ਧੜ, ਅੱਧ-ਮੀਟੀਆਂ ਅੱਖਾਂ ਤੇ ਚੌੜੇ ਦਾਅ ਦੀ ਵਿਚਕਾਰਲੀ ਸੀਊਣ ਵਾਲਾ ਚੋਲਾ। ਕੁਝ ਗੱਲਾਂ ਵਿਚ ਇਹ ਚਿਤਰ ਨਵਾਂ ਸੀ, ਜਿਵੇਂ ਗੁਰੂ-ਮੂਰਤ ਨੂੰ ਉਘਾੜਨ ਵਾਸਤੇ ਇਕ ਪਾਸੇ ਬਾਲਾ ਤੇ ਦੂਜੇ ਪਾਸੇ ਮਰਦਾਨੇ ਦੀ ਥਾਂ ਸਿੱਧੇ ਵਿਚਕਾਰਲੇ ਮੁੱਖ ਚਿਤਰ ਨੂੰ ਹੀ ਦ੍ਰਿਸ਼ਟੀ ਪਾਤਰ ਬਣਾਇਆ ਹੋਇਆ ਸੀ ਅਤੇ ਰੁੱਖ ਤੇ ਉਸ ਨਾਲ ਲਟਕਦੇ ਪਿੰਜਰੇ ਵਿਚ ਬੰਦ ਪੰਛੀ ਵਾਲੇ ਪ੍ਰਚਲਿਤ ਚਿੰਨ੍ਹਾਂ ਤੋਂ ਇਕਦਮ ਖਹਿੜਾ ਛੁਡਾ ਲਿਆ ਗਿਆ ਸੀ, ਪਰ ਇਸ ਤਸਵੀਰ ਦੀ ਸਫਲਤਾ ਦੇ ਬਾਵਜੂਦ ਸੋਭਾ ਸਿੰਘ ਦੇ ਮਨ ਵਿਚ ਮੁੜ ਮੁੜ ਕੇ ਪ੍ਰਸ਼ਨ ਉਠਦੇ ਰਹੇ ਕਿ ਉਹ ਗੁਰੂ ਮੁਖੜੇ ਕਿਵੇਂ ਦੇ ਚਿਤਰੇ? ਘੋਲ, ਲੰਬੂਤਰੇ ਕਿ ਚੌਰਸ? ਦਾੜ੍ਹੀ ਕੈਸੀ ਬਣਾਵੇ - ਨੁਕੀਲੀ ਕਿ ਫ਼ਾਜਲੀ? ਮੁੱਛਾਂ ਖੜ੍ਹੀਆਂ ਰੱਖੇ ਕਿ ਡਿਗੀਆਂ ਹੋਈਆਂ? ਬਾਣਾ ਕਿਸ ਤਰ੍ਹਾਂ ਦਾ ਪਵਾਏ - ਭਗਵਾਂ ਕਿ ਚਿੱਟਾ ਕਿ ਕਿਸੇ ਹੋਰ ਰੰਗ ਦਾ? ਅੱਖਾਂ ਖੁੱਲ੍ਹੀਆਂ ਰੱਖੇ, ਬਿਲਕੁਲ ਬੰਦ ਕਰ ਦੇਵੇ ਜਾਂ ਅੱਧ-ਖੁੱਲ੍ਹੀਆਂ ਰੱਖੇ? ਇਕੱਲੇ ਦੀ ਮੂਰਤ ਬਣਾਵੇ ਕਿ ਮਰਦਾਨਾ ਨਾਲ ਸਜਾਵੇ? ਬਾਲਾ ਕੋਲ ਹੋਵੇ ਕਿ ਨਾ? ਜੇ ਹੋਵੇ ਤਾਂ ਤਿੰਨਾਂ ਦੀ ਕੰਪੋਜ਼ੀਸ਼ਨ ਕਿਸ ਤਰ੍ਹਾਂ ਦੀ ਹੋਵੇ?

ਬਿਲਕੁਲ ਏਹੀ ਪ੍ਰਸ਼ਨ ਉਸ ਵੇਲੇ ਦੇ ਅਨੇਕ ਗੁਰੂ-ਪੂਜਕ ਸਿੱਖਾਂ ਵਿਚ ਵਿਵਾਦ ਦਾ ਵਿਸ਼ਾ ਵੀ ਸਨ। ਸੋ ਇਹ ਇਕ ਤਰ੍ਹਾਂ ਸਮੇਂ ਦੀ ਮੰਗ ਸੀ ਕਿ ਸੋਭਾ ਸਿੰਘ ਗੁਰੂ-ਮੂਰਤਾਂ ਤੇ ਹੋਰ ਕਲਾ-ਕਿਰਤਾਂ ਨਾਲ ਨਿਆਂ ਕਰਨ ਲਈ ਆਪਣੇ ਕਸਬ ਦਾ ਅਤੇ ਦੁਨੀਆਂ ਦੇ ਵੱਡੇ ਕਲਾਕਾਰਾਂ ਦੀਆਂ ਕਲਾ-ਕਿਰਤਾਂ ਦਾ ਡੂੰਘੇਰਾ ਮੁਤਾਲਿਆ ਕਰੇ ਤੇ ਆਪਣੇ ਵਿਸ਼ੇ-ਵਸਤੂ ਦੇ ਚਿੰਤਨ ਵੱਲ ਵੀ ਧਿਆਨ ਦੇਵੇ। ਉਸ ਦੀ ਬਹੁਤੀ ਉਮਰ, ਉਜਰਤ ਉਤੇ ਬੁਰਸ਼-ਕਿਰਤਾਂ ਬਣਾਉਣ ਵਿਚ ਲੰਘੀ ਸੀ, ਪਰ ਉਸ ਦੇ ਅੰਦਰਲੇ ਦੀ ਇਸ ਨਾਲ ਤ੍ਰਿਪਤੀ ਨਹੀਂ ਸੀ ਹੋ ਰਹੀ, ਤਾਂ ਹੀ ਉਸ ਦੀ ਅੱਖ ਕਿਰਤ ਨੂੰ ਕਲਾ ਬਣਾਉਣ ਉਤੇ ਟਿਕ ਗਈ ਸੀ।

ਏਕਾਂਤ ਤੇ ਕਲਾਤਮਕ ਪਰੰਪਰਾ ਦੇ ਵਾਤਾਵਰਣ ਦੀ ਖਿੱਚ ਸੋਭਾ ਸਿੰਘ ਨੂੰ ਧੌਲਾਧਾਰ ਦੀ ਬਾਂਕੀ ਕਾਂਗੜਾ ਵਾਦੀ ਦੇ ਨਿੱਕੇ ਜਿਹੇ ਪਿੰਡ ਅੰਦਰੇਟੇ ਲੈ ਗਈ, ਜਿਥੇ ਨੋਰਾ ਰਿਚਰਡਜ਼ ਨੇ ਅੱਗੇ ਹੀ ਆਪਣਾ ਟਿਕਾਣਾ ਬਣਾਇਆ ਹੋਇਆ ਸੀ। ਸੋਭਾ ਸਿੰਘ ਨੇ ਵੀ ਇਸੇ ਪਿੰਡ ਵਿਚ ਆਪਣੀ ਕੁਟੀਆ ਬਣਾ ਲਈ। ਉਸ ਦੀ ਕੁਟੀਆ, ਜਿਸ ਨੂੰ ਹੁਣ 'ਕੋਠੀ' ਕਹਿਣਾ ਠੀਕ ਹੋਵੇਗਾ, ਦੇ ਬਿਲਕੁਲ ਪਿਛਵਾੜੇ ਸਦਾ ਵਗਦਾ ਪਾਣੀ ਹੈ, ਇਕ ਵੱਖੀ ਵੱਲ ਸੰਘਣਾ ਜੰਗਲ ਹੈ, ਦੂਜੀ ਵੱਲ ਪਹਾੜੀ ਖੇਤ ਹੈ- ਚੁਪਾਸੀ ਬਰਫਾਨੀ ਟੋਪੀਆਂ ਵਾਲੀਆਂ ਪਰਬਤੀ ਧਾਰਾਂ ਅਤੇ ਉਨ੍ਹਾਂ ਦੀਆਂ ਵੱਖੀਆਂ ਤੇ ਝੋਲੀਆਂ ਵਿਚ ਛੋਟੀਆਂ-ਵੱਡੀਆਂ ਸਾਵੀਆਂ ਟਾਕੀਆਂ ਵਰਗੇ ਖੇਤ ਹਨ। ਮੌਸਮ ਕੰਮ ਲਈ ਸਹਾਇਕ ਸੀ, ਲੋਕ ਸਰਲ ਤੇ ਸਤਕਾਰ ਦੇਣ ਵਾਲੇ ਸਨ। ਘਰ ਵਿਚ ਉਹ ਹੁੰਦਾ ਸੀ ਜਾਂ ਉਸ ਦੀ ਪਤਨੀ। ਮਾਹੌਲ ਨੂੰ ਹੋਰ ਵਧੇਰੇ ਸੁਖਾਵਾਂ ਤੇ ਕਲਾ-ਮਈ ਬਣਾਉਣ ਲਈ ਉਸ ਨੇ ਪਹਿਲਾਂ ਕੰਮ ਆਪਣੇ ਘਰ ਨੂੰ ਸੁੰਦਰ ਬਣਾਉਣ ਦਾ ਕੀਤਾ। ਆਪਣੇ ਚੋਣਵੇਂ ਚਿਤਰਾਂ ਦੀ ਵਧੀਆ ਛਪਾਈ, ਮਦਰਾਸ ਜਾ ਕੇ ਆਪਣੇ ਸਾਹਮਣੇ ਕਰਵਾਉਣ ਦਾ ਤਜਰਬਾ ਉਹ ਸਫਲਤਾ ਨਾਲ ਕਰ ਚੁੱਕਾ ਸੀ। ਚੋਰ ਕਲਾਕਾਰਾਂ ਵੱਲੋਂ ਉਸ ਦੀਆਂ ਤਸਵੀਰਾਂ ਦੀਆਂ ਅਨੇਕ ਨਕਲਾਂ ਬਣ ਜਾਣ ਦੇ ਬਾਵਜੂਦ, ਉਸ ਦੀਆਂ ਤਸਵੀਰਾਂ ਵਿਕਣ ਲੱਗ ਪਈਆਂ ਸਨ। ਇਸ ਆਮਦਨ ਨੂੰ ਉਸ ਨੇ ਆਪਣੇ ਘਰ ਉਤੇ ਲਾਇਆ। ਉਸ ਦੀ ਰੀਝ ਸੀ ਕਿ ਘਰ ਦੀ ਹਰ ਚੀਜ਼ ਵਿਚੋਂ ਘਰ ਵਾਲੇ ਦੇ ਸੁਹਜ ਦਾ ਝਲਕਾਰਾ ਵੱਜਣਾ ਚਾਹੀਦਾ ਹੈ, ਇਸ ਲਈ ਰਸੋਈ ਤੇ ਗੁਸਲਖਾਨੇ ਤੋਂ ਲੈ ਕੇ ਸੌਣ ਕਮਰੇ ਤੱਕ ਕੇਵਲ ਉਹੀ ਵਸਤ ਲਿਆਂਦੀ, ਜਿਸ ਨੂੰ ਉਸ ਦੀ ਅੱਖ ਨੇ ਅਤੀ ਸੁੰਦਰ ਮੰਨਿਆ।




ਅੰਦਰੇਟਾ (ਹਿਮਾਚਲ ਪ੍ਰਦੇਸ਼) ਵਿਚ ਸੋਭਾ ਸਿੰਘ ਆਰਟ ਗੈਲਰੀ ਦਾ ਮੱਥਾ।

ਸੋਭਾ ਸਿੰਘ ਨੂੰ ਜ਼ਿੰਦਗੀ ਨਾਲ ਪਿਆਰ ਹੈ, ਜ਼ਿੰਦਗੀ ਦੇ ਸੁਹੱਪਣ ਲਈ ਉਸ ਵਿਚ ਅਪਾਰ ਖਿੱਚ ਹੈ, ਉਸ ਦੇ ਸੁਆਦ ਰਈਸਾਨਾ ਹਨ, ਮੈਲ, ਕੋਝ ਜਾਂ ਘਟੀਆਪਨ ਨੂੰ ਉਹ ਬਿਲਕੁਲ ਝੱਲ ਹੀ ਨਹੀਂ ਸਕਦਾ। ਕੱਪੜਾ ਪਾਉਣਾ ਹੈ ਤਾਂ ਸਭ ਤੋਂ ਉਪਰ ਦੀ ਕੁਆਲਿਟੀ ਦਾ, ਰੰਗ ਲੈਣੇ ਹਨ ਤਾਂ ਸਭ ਤੋਂ ਵਧੀਆ ਵਲੈਤੀ, ਕਾਲੀਨ ਉਤੇ ਬੈਠਣ ਲਈ ਕੁਝ ਰੱਖਣਾ ਹੈ ਤਾਂ ਸ਼ੇਰ ਦੀ ਖੱਲ ਤੋਂ ਘੱਟ ਕੀ ਹੋਵੇ? ਸਾਰਾ ਸਾਰਾ ਦਿਨ ਰੰਗਾਂ ਨਾਲ ਵਾਹ ਪੈਣ ਦੇ ਬਾਵਜੂਦ, ਉਸ ਦੇ ਕਿਸੇ ਕੱਪੜੇ ਉਤੇ ਛਿੱਟ ਨਹੀਂ ਦਿਸੇਗੀ, ਨਾ ਕਦੀ ਕਾਲੀਨ ਉਤੇ ਕੋਈ ਦਾਗ ਪਿਆ ਹੋਵੇਗਾ। ਹੋਰ ਤਾਂ ਹੋਰ, ਉਹ ਆਪਣਾ ਕੋਈ ਹੱਥ ਇਕ ਮਿੰਟ ਲਈ ਵੀ ਮੈਲਾ ਨਹੀਂ ਰੱਖ ਸਕਦਾ। ਉਸ ਨੇ ਆਪਣੇ ਕੰਮ ਵਾਲੇ ਕਮਰੇ ਵਿਚ ਪਾਣੀ ਦਾ ਹਮਾਮ ਰੱਖਿਆ ਹੋਇਆ ਹੈ। ਰਸੋਈ ਵਿਚ ਉਸ ਦੀ ਕੁਰਸੀ ਦੇ ਕੋਲ ਟੂਟੀ ਫਿਟ ਹੋਈ ਹੈ, ਜਿਥੋਂ ਹਰ ਗਿਰਾਹੀ ਪਿਛੋਂ ਉਹ ਆਪਣੀਆਂ ਉਂਗਲਾਂ ਪਾਣੀ ਨਾਲ ਸਾਫ ਕਰਦਾ ਤੇ ਨੈਪਕਿਨ ਨਾਲ ਪੂੰਝਦਾ ਰਹਿੰਦਾ ਹੈ। ਪਤਨੀ ਜੀਉਂਦੀ ਸੀ ਤਾਂ ਵਿਚਾਰੀ ਪਤੀ ਦੇ ਸਾਰੇ ਨਖਰੇ ਪੂਰੇ ਕਰਨ ਦਾ ਜਤਨ ਕਰਦੀ ਹੀ ਹੋਵੇਗੀ। ਖੁਸ਼ਕਿਸਮਤੀ ਨਾਲ ਉਸ ਦੇ ਜੀਉਂਦੇ ਜੀ, ਉਸ ਦੀ ਇਕੱਲ ਨੂੰ ਦੂਰ ਕਰਨ ਲਈ, ਪਾਲਮਪੁਰ ਖੇਤੀਬਾੜੀ ਯੂਨੀਵਰਸਿਟੀ ਦੇ ਸਰਦਾਰ ਹਰਬੀਰ ਸਿੰਘ ਭੰਵਰ ਤੇ ਉਸ ਦੇ ਪਰਿਵਾਰ ਨੂੰ ਘਰ ਵਿਚ ਟਿਕਾਣਾ ਦੇ ਦਿੱਤਾ ਗਿਆ ਸੀ। ਕੁਦਰਤ ਨੇ ਇਹ ਢੋ ਐਸਾ ਢੁਕਾਇਆ ਕਿ ਇਹ ਪਰਿਵਾਰ ਸੋਭਾ ਸਿੰਘ ਹੋਰਾਂ ਦਾ ਕਿਰਾਏਦਾਰ ਨਹੀਂ, ਆਪਣਾ ਭਾਈਬੰਦ ਬਣ ਗਿਆ। ਉਸ ਦੀ ਪਤਨੀ ਦੇ ਚਲਾਣੇ ਪਿਛੋਂ ਹਰਬੀਰ ਤੇ ਉਸ ਦੀ ਸੁੱਘੜ ਪਤਨੀ ਗੁਰਚਰਨ ਜੀ ਨੇ ਸੋਭਾ ਸਿੰਘ ਹੁਰਾਂ ਦੀ ਸੇਵਾ ਸੰਭਾਲ ਆਪਣੇ ਜ਼ਿੰਮੇ ਲੈ ਲਈ। ਸਰਦਾਰ ਸੋਭਾ ਸਿੰਘ ਦੀ ਪਤਨੀ ਨੂੰ ਮਿਲਣ ਦਾ ਮੌਕਾ ਨਹੀਂ ਮਿਲਿਆ, ਸੋ ਮੈਂ ਨਹੀਂ ਕਹਿ ਸਕਦਾ ਕਿ ਉਹ ਉਨ੍ਹਾਂ ਦੀ ਕਿੰਨੀ ਕੁ ਸੇਵਾ ਕਰਦੀ ਸੀ, ਪਰ ਮੈਨੂੰ ਇਹ ਕਹਿਣ ਵਿਚ ਸੰਕੋਚ ਨਹੀਂ ਕਿ ਭੰਵਰ ਪਰਿਵਾਰ ਨੇ ਸੋਭਾ ਸਿੰਘ ਹੁਰਾਂ ਨੂੰ ਜਿਸ ਤਰ੍ਹਾਂ ਆਪਣਾ ਸੁਖ ਆਰਾਮ ਅਰਪਿਤ ਕਰ ਕੇ ਬੇਸਹਾਰਾ ਹੋਣ ਦੇ ਮਾਰੂ ਇਹਸਾਸ ਤੋਂ ਬਚਾਇਆ, ਉਸ ਨੇ ਇਸ ਕਲਾਕਾਰ ਨੂੰ ਵਡੇਰੀ ਉਮਰ ਵਿਚ ਵੀ ਕੰਮ ਵਿਚ ਲੱਗੇ ਰਹਿਣ ਦੀ ਖੁੱਲ੍ਹੀ ਵਿਹਲ ਮੁਹੱਈਆ ਕੀਤੀ। ਇਸ ਵਿਚ ਦੁਹਾਂ ਪਾਸਿਆਂ ਨੂੰ ਕੁਝ ਕੁਰਬਾਨੀ ਕਰਨੀ ਪਈ ਹੋਵੇਗੀ, ਪਰ ਹਰਬੀਰ ਕਿਆਂ ਦੀ ਕੁਰਬਾਨੀ ਐਵੇਂ ਸੁੱਟ ਪਾਉਣ ਵਾਲੀ ਨਹੀਂ।


ਪੱਕੀ ਸੜਕ ਅੰਦਰੇਟੇ ਵਿਚ ਜਾਂਦੀ ਹੈ। ਇਸ ਸੜਕ ਉਤੇ ਅੰਦਰੇਟੇ ਦਾ ਪਹਿਲਾ ਮਕਾਨ ਸੋਭਾ ਸਿੰਘ ਹੁਰਾਂ ਦਾ ਹੁੰਗਾ ਸੀ- ਸ਼ਾਇਦ ਅਜੇ ਵੀ ਪਹਿਲਾਂ ਹੀ ਹੋਵੇ। ਮਕਾਨ ਦੇ ਚੁਪਾਸੀ ਲੀਚੀ, ਅੰਬ ਤੇ ਅਮਰੂਦਾਂ ਦੇ ਰੁੱਖ ਅਤੇ ਥਾਂ-ਥਾਂ ਮੌਸਮੀ ਫੁੱਲ ਲਾਏ ਹੋਏ ਹਨ। ਵਿਹੜੇ ਦੇ ਇਕ ਖੂੰਜੇ ਵਿਚ ਗਾਂ-ਮੱਝ ਦਾ ਪ੍ਰਬੰਧ ਹੈ। ਰਿਹਾਇਸ਼ੀ ਕਮਰਿਆਂ ਦੇ ਨੇੜੇ, ਕੁਝ ਵਿੱਥ ਉਤੇ ਰਸੋਈ ਹੈ, ਜਿਸ ਦੇ ਅੰਦਰ ਹੀ ਖਾਣੇ ਦਾ ਮੇਜ਼ ਲੱਗਾ ਹੋਇਆ ਹੈ। ਰਸੋਈ ਦੇ ਪਿਛਵਾੜੇ ਐਵਰਕਲੀਨ ਟੱਟੀ ਹੈ। ਫੁਲਵਾੜੀ ਦੇ ਵਿਚਕਾਰ ਪਾਣੀ ਲਈ ਬਣੀ ਡਿੱਗੀ ਨੂੰ ਹੌਜ਼ ਦੀ ਸ਼ਕਲ ਦਿੱਤੀ ਹੋਈ ਹੈ। ਮੈਂ ਪਹਿਲੀ ਵਾਰੀ ਗਿਆ ਤਾਂ ਬਰਾਂਡੇ ਵਿਚ ਕੰਧ-ਆਕਾਰ ਦੀ ਜਾਲੀ ਲਾ ਕੇ ਕੰਧ ਨਾਲ ਵੱਡਾ ਸਾਰਾ ਪਿੰਜਰਾ ਬਣਿਆ ਵੇਖਿਆ, ਜਿਸ ਵਿਚ ਰੰਗ-ਬਰੰਗੀਆਂ ਚਿੜੀਆਂ ਪਾਲੀਆਂ ਹੋਈਆਂ ਸਨ, ਦੂਜੀ ਵਾਰੀ ਗਿਆ ਤਾਂ ਇਸ ਪਿੰਜਰੇ ਦੀ ਚਹਿਲ ਪਹਿਲ ਉਜੜੀ ਵੇਖੀ। ਬਰਾਂਡੇ ਵਿਚ ਉਪਰਵਾਰ ਸਟਿਲ ਲਾਈਫ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਇਨ੍ਹਾਂ ਵਿਚੋਂ ਬਹੁਤੀਆਂ ਉਤੇ ਗੁਰਚਰਨ (ਮਿਸਿਜ਼ ਹਰਬੀਰ ਸਿੰਘ) ਦੇ ਦਸਤਖਤ ਸਨ। ਲਹਿੰਦੇ ਵੱਲ ਜਾਲੀ ਵਾਲੇ ਦਰਵਾਜ਼ੇ ਦੇ ਬਾਹਰ ਜੁੱਤੀ ਲਾਹ ਕੇ ਅੰਦਰ ਦਾਖਲ ਹੋਣ ਦੀ ਸੂਚਨਾ ਲੱਗੀ ਹੋਈ ਸੀ। ਇਹ ਸੋਭਾ ਸਿੰਘ ਹੁਰਾਂ ਦਾ ਰਹਿਣ ਕਮਰਾ ਸੀ। ਮੈਂ ਹਾਸੇ ਨਾਲ ਕਿਹਾ, "ਜਿਹੜਾ ਕਿਸਮਤ ਦਾ ਬਲੀ ਏਥੇ ਇਕ ਵਾਰੀ ਆ ਫਸੇ, ਉਸ ਦੀਆਂ ਜੁੱਤੀਆਂ ਵੀ ਲਵ੍ਹਾ ਲੈਂਦੇ ਹੋ?" ਸੋਭਾ ਸਿੰਘ ਹੁਰੀਂ ਖਿੜਖਿੜਾ ਕੇ ਹੱਸੇ ਤੇ ਕਹਿਣ ਲੱਗੇ, "ਜੋ ਵੀ ਆਇਆ ਹੈ, ਉਸ ਦੇ ਪਾਸ ਮੇਰੇ ਲਈ ਜੁੱਤੀਆਂ ਤੋਂ ਸਿਵਾ ਹੋਰ ਹੁੰਦਾ ਹੀ ਕੀ ਹੈ?" ਮੈਨੂੰ ਪਤਾ ਲਗ ਗਿਆ, ਬੰਦਾ ਖੁਸ਼-ਮਿਜ਼ਾਜ ਹੀ ਨਹੀਂ, ਹਾਜ਼ਰ-ਜਵਾਬ ਵੀ ਹੈ।

ਬੈਠਕ ਅੰਦਰ ਵੜੇ। ਬੈਠਕ ਕਾਹਦੀ ਹੈ, ਕੋਠੀ ਦੇ ਅੰਦਰ ਇਕ ਹੋਰ ਕੋਠੀ ਹੈ- ਵਿਚੇ ਬੈਠਣ ਦਾ ਪ੍ਰਬੰਧ, ਵਿਚੇ ਸੌਣ ਦਾ, ਵਿਚੇ ਨਹਾਉਣ-ਧੋਣ ਦਾ ਤੇ ਵਿਚੇ ਸਟੂਡੀਓ ਦਾ, ਪਰ ਹਰ ਚੀਜ਼ ਕਰੀਨੇ ਨਾਲ ਥਾਂ ਸਿਰ ਲੱਗੀ ਹੋਈ ਅਤੇ ਸਫ਼ਾਈ ਤੇ ਨਿਰਮਲਤਾ ਧਾਰਮਿਕ ਅਸਥਾਨਾਂ ਵਰਗੀ। ਹਰ ਚੀਜ਼ ਸੋਭਾ ਸਿੰਘ ਦੀ ਨਫਾਸਤ ਤੇ ਸੁਹਜ ਸੁਆਦ ਦੇ ਸਨੇਹੇ ਦੇਂਦੀ। ਅੰਦਰ ਵੜਦਿਆਂ ਸਾਹਮਣੀ ਨੁੱਕਰ ਵਿਚ ਡਾ. ਐਮ.ਐਸ. ਰੰਧਾਵਾ ਦੇ ਉਪਰਲੇ ਧੜ ਦਾ ਬੁੱਤ, ਸੱਜੇ ਹੱਥ ਕੰਧ ਨਾਲ ਤਖਤਪੋਸ਼ ਉਤੇ ਬਿਸਤਰਾ ਵਿਛਿਆ ਹੋਇਆ, ਕੰਧ ਦੇ ਆਲੇ ਵਿਚ ਸਿਰਹਾਣੇ ਵੱਲ ਕਿਤਾਬਾਂ, ਕੋਲ ਟ੍ਰਾਂਜਿਸਟਰ ਤੇ ਟੇਪ ਰੀਕਾਰਡਰ। ਸਿਰਹਾਣੇ ਵੱਲ ਖਿੜਕੀ ਦੇ ਚਾਨਣ ਵਿਚ ਸਟੈਂਡ ਉਤੇ ਅਧੂਰੀ ਤਸਵੀਰ ਚੜ੍ਹੀ ਹੋਈ, ਉਸ ਦੇ ਹਰ ਪਾਸੇ ਰੰਗਾਂ ਦੀਆਂ ਟਿਊਬਾਂ ਤੇ ਬੁਰਸ਼ਾਂ ਦੇ ਢੇਰ। ਤਖ਼ਤਪੋਸ਼ ਦੇ ਕੋਲ ਨਿੱਕਾ ਜਿਹਾ ਹਮਾਮ, ਥੱਲੇ ਚਿਲਮਚੀ। ਕੁਝ ਚਿਤਰ ਕੰਧਾਂ ਨਾਲ ਲਟਕੇ ਹੋਏ। ਵਿਚਕਾਰ ਕਾਲੀਨ ਵਿਛਿਆ ਹੋਇਆ। ਇਕ ਦੋ ਆਰਾਮ ਕੁਰਸੀਆਂ ਤੇ ਸਟੂਲ ਅਤੇ ਇਕ ਪਾਸੇ ਗੁਸਲਖਾਨਾ, ਜਿਸ ਦੇ ਅੰਦਰ ਦਾਖਲ ਹੋਣ ਵਾਸਤੇ ਦਰਵਾਜ਼ੇ ਦੇ ਬਾਹਰ ਰਬੜ ਦੇ ਸਲੀਪਰ ਪਏ ਹੋਏ ਸਨ। ਇਸ ਛੋਟੀ ਸਵਾਰ ਕੇ ਰੱਖੀ ਹੋਈ ਤੇ ਬਹੁ-ਪੱਖੀ ਸੇਵਾ ਦੇਣ ਵਾਲੀ ਬੈਠਕ ਵਿਚ ਸੋਭਾ ਸਿੰਘ ਆਪਣੇ ਬਿਸਤਰੇ ਉਤੇ ਬੈਠਾ ਤਾਂ ਮੈਨੂੰ ਕਿਸੇ ਰਿਸ਼ੀ ਵਾਂਗ ਲੱਗਿਆ, ਲਾਲ ਭਾਹ ਮਾਰਦਾ ਗੋਰਾ ਰੰਗ, ਸੁਨੱਖਾ ਚਿਹਰਾ ਜਿਸ ਦੀ ਧਰਤੀ ਉਤੇ ਮਾਤਾ ਦੀ ਕਿਨਮਿਨ ਉਚੇਚਾ ਧਿਆਨ ਨਹੀਂ ਖਿਚਦੀ, ਮੋਢਿਆਂ ਉਤੇ ਖਿਲਰੇ ਬਰਫ਼ ਚਿੱਟੇ ਕੇਸ। ਬਾਹਰ ਮੈਂ ਧੌਲਾਧਾਰ ਦੀਆਂ ਧੌਲੀਆਂ ਧਾਰਾਂ ਵੇਖੀਆਂ ਸਨ। ਪੁਰਾਤਨ ਨਿਰਮਲ ਤੇ ਸ਼ਾਂਤ, ਅੰਦਰ ਮੈਨੂੰ ਇਉਂ ਲੱਗਾ ਜਿਵੇਂ ਮੇਰੇ ਸਾਹਮਣੇ ਧੌਲਾਧਾਰ ਦਾ ਪੁੱਤਰ ਬੈਠਾ ਹੋਵੇ, ਉਸੇ ਤਰ੍ਹਾਂ ਪੁਰਾਤਨ ਨਿਰਮਲ ਤੇ ਸ਼ਾਂਤ। ਉਸ ਨੇ ਗੱਲਾਂ ਸ਼ੁਰੂ ਕੀਤੀਆਂ। ਯੂਰਪ ਦੇ ਕਲਾਕਾਰਾਂ ਦੀਆਂ (ਨਿੱਕੇ ਨਿੱਕੇ ਟੋਟਕਿਆਂ ਦੀ ਲੜੀ

**(ਬਾਕੀ ਅਗਲੇ ਸਫੇ 'ਤੇ)**

# ਪਰਾਲੀ ਨੇ ਲਿਆਂਦੀ ਪਰਲੋ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਅੱਜ ਕਲ੍ਹ ਪਰਾਲੀ ਚਰਚਾ ਵਿਚ ਹੈ, ਘੋਰ ਨਿੰਦਾ ਦੀ ਪਾਤਰ ਬਣੀ ਹੋਈ, ਨਿਮਾਣੀ ਪਰਾਲੀ ਜੋ ਗਰੀਬਾਂ ਦੀਆਂ ਝੁੱਗੀਆਂ-ਝੌਂਪੜੀਆਂ ਵਿਚ ਛੱਤ ਦਾ ਕੰਮ ਦਿੰਦੀ ਹੈ। ਮੈਨੂੰ ਯਾਦ ਹੈ, ਇਕ ਵਾਰੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਧਾਨ ਦੀ ਕਟਾਈ ਪਿਛੋਂ ਉਨ੍ਹਾਂ ਪਾਸੋਂ ਮਣਾਂ ਮੂੰਹੀਂ ਪਰਾਲੀ ਅੱਗ ਦੀ ਭੇਟ ਹੋ ਜਾਂਦੀ ਹੈ, ਕਿਉਂ ਨਾ ਉਹ ਇਸ ਨੂੰ ਬੰਗਾਲ ਦੇ ਆਪਣੇ ਭਰਾਵਾਂ ਪਾਸ ਭੇਜ ਦੇਣ ਜਿਨ੍ਹਾਂ ਨੂੰ ਇਸ ਦੀ ਬਹੁਤ ਲੋੜ ਹੈ। ਕਾਮਰੇਡ ਸੁਰਜੀਤ ਦੇ ਕਹਿਣ 'ਤੇ ਪਰਾਲੀ ਨਾਲ ਭਰੀਆਂ ਟਰਾਲੀਆਂ ਤੇ ਟਰੱਕ ਵਹੀਰਾਂ ਘੱਤ ਕੇ ਬੰਗਾਲ ਜਾ ਪੁੱਜੇ। ਉਦੋਂ ਕਦੇ ਨਹੀਂ ਸੀ ਸੁਣਿਆ ਕਿ ਪਰਾਲੀ ਦੇ ਸਾੜਨ ਕਾਰਨ ਪ੍ਰਦੂਸ਼ਣ ਫੈਲ ਰਿਹਾ ਹੈ।

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਤੇ ਖਾਸ ਤੌਰ 'ਤੇ ਦਿੱਲੀ ਵਿਚ ਪ੍ਰਦੂਸ਼ਣ ਦਾ ਮਸਲਾ ਬਦ ਤੋਂ ਬਦਤਰ ਹੁੰਦਾ ਜਾ ਰਿਹਾ ਹੈ। ਦਿੱਲੀ ਸ਼ਹਿਰ ਦੀਆਂ ਭੀੜੀਆਂ ਸੜਕਾਂ ਤੇ ਗਲੀਆਂ ਵਿਚ ਸ਼ਾਇਦ ਦੁਨੀਆਂ ਭਰ ਦੇ ਸਭ ਤੋਂ ਵੱਧ ਵਾਹਨ ਚਲਦੇ ਹਨ ਜਿਸ ਕਾਰਨ ਪਟਰੌਲ ਤੇ ਡੀਜ਼ਲ ਦਾ ਜ਼ਹਿਰੀਲਾ ਧੂੰਆਂ ਹਵਾ ਵਿਚ ਖੁੱਲ੍ਹ ਖੇਲ ਰਿਹਾ ਹੈ। ਇਸ ਮੌਸਮ ਵਿਚ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਵਲੋਂ ਝੋਨੇ ਦੀ ਪਰਾਲੀ ਸਾੜਨ ਨਾਲ ਉਠਦੇ ਧੂੰਏਂ ਨੇ ਬਲਦੀ 'ਤੇ ਤੇਲ ਪਾਇਆ। ਭਰ ਸਰਦੀ ਦੇ ਮੌਸਮ ਕਾਰਨ ਪੈਦਾ ਹੁੰਦੀ ਧੁੰਦ ਨੇ ਆਬੋ ਹਵਾ ਨੂੰ ਹੋਰ ਵੀ ਸੰਘਣਾ ਕਰ ਦਿੱਤਾ ਹੈ ਜਿਸ ਕਾਰਨ ਘਾਤਕ ਬੀਮਾਰੀਆਂ ਤੋਂ ਇਲਾਵਾ ਸੜਕ ਹਾਦਸੇ ਵੀ ਹੋ ਰਹੇ ਹਨ। ਵਾਤਾਵਰਣ ਵਿਚ ਇਸ ਸਾਰੇ ਗੰਦੇ ਮਿਲਗੋਭੇ ਨੂੰ ਅੰਗਰੇਜ਼ੀ ਵਿਚ ਸਮੌਗ (ਸਮੌਗ=Smoke+Fog) ਕਿਹਾ ਜਾਂਦਾ ਹੈ। ਪੰਜਾਬੀ ਦੀਆਂ ਕੁਝ ਅਖਬਾਰਾਂ ਨੇ ਇਸ ਲਈ 'ਧੂੰਆਂਖ' ਸ਼ਬਦ ਦੀ ਵਰਤੋਂ ਕੀਤੀ ਹੈ। ਆਮ ਭਾਸ਼ਾ ਵਿਚ ਇਸ ਨੂੰ 'ਧੁਆਂਹਾ' ਵੀ ਕਿਹਾ ਜਾਂਦਾ ਹੈ। ਭਾਵੇਂ ਧੂੰਆਂਖ/ਧੁਆਂਹਾ ਧੂੰਏਂ ਦੀ ਕਾਲਖ ਨੂੰ ਹੀ ਕਹਿੰਦੇ ਹਨ ਪਰ ਫਿਰ ਵੀ ਸਮੌਗ ਲਈ ਇਹ ਸ਼ਬਦ ਚੱਲ ਸਕਦੇ ਹਨ। ਕੁਝ ਵੀ ਹੋਵੇ, ਪ੍ਰਦੂਸ਼ਣ ਦੀ ਗੰਭੀਰ ਤੇ ਚਿੰਤਾਜਨਕ ਸਥਿਤੀ ਦੇ ਹੱਲ ਲਈ ਸਰਕਾਰੀ ਤੇ ਗੈਰਸਰਕਾਰੀ ਸੰਸਥਾਵਾਂ ਨੂੰ ਐਮਰਜੈਂਸੀ ਪੱਧਰ 'ਤੇ ਹੱਥ ਪਾਉਣਾ ਚਾਹੀਦਾ ਹੈ, ਨਹੀਂ ਤਾਂ ਭਿਆਨਕ ਨਤੀਜੇ ਨਿਕਲਣਗੇ। ਪਰਾਲੀ ਨੂੰ ਬਿਲੇ ਲਾਉਣਾ ਸਾਡੇ ਵਿਚਾਰਨ ਦਾ ਵਿਸ਼ਾ ਨਹੀਂ, ਅਸੀਂ ਫਰੋਲਦੇ ਹਾਂ ਪਰਾਲੀ ਸ਼ਬਦ ਨੂੰ।

ਪਰਾਲੀ ਦਾ ਕੋਸ਼ਕ ਅਰਥ ਹੈ, ਝੋਨੇ ਦਾ ਫੂਸ ਅਰਥਾਤ ਧਾਨ ਦੀ ਕਟਾਈ ਪਿਛੋਂ ਬਚੀ ਰਹਿੰਦ-ਖੂਹੰਦ ਜਾਂ ਡੰਡਲ। ਇਸ ਨੂੰ ਪਰਾਲ ਤੇ ਪੁਆਲ ਵੀ ਕਿਹਾ ਜਾਂਦਾ ਹੈ। ਇਸ ਦੇ ਟਾਕਰੇ ਕਣਕ ਲਈ ਨਾੜ ਜਾਂ ਨਾਲ ਸ਼ਬਦ ਵਰਤਿਆ



ਜਾਂਦਾ ਹੈ। ਉਂਜ ਪਰਾਲੀ ਝੋਨੇ ਤੋਂ ਇਲਾਵਾ ਬਾਜਰੇ, ਕਮਾਦ ਆਦਿ ਦੀ ਖੋਰੀ ਨੂੰ ਵੀ ਆਖਦੇ ਹਨ। ਇਹ ਸ਼ਬਦ ਵੇਰ ਸਮੇਂ ਤੋਂ ਸਾਡੀਆਂ ਭਾਸ਼ਾਵਾਂ ਵਿਚ ਵਰਤਿਆ ਜਾ ਰਿਹਾ ਹੈ ਭਾਵੇਂ ਕਿ ਪੰਜਾਬ ਵਿਚ ਇਸ ਦੀ ਵਧੇਰੇ ਵਰਤੋਂ ਕੋਈ ਸੱਤਰਵਿਆਂ ਵਿਚ ਸ਼ੁਰੂ ਹੋਏ ਕਥਿਤ ਹਰੇ ਇਨਕਲਾਬ ਦੌਰਾਨ ਹੋਈ। ਇਸ ਦੌਰ ਵਿਚ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੇ ਚਰੀ, ਬਾਜਰਾ, ਮੱਕੀ ਆਦਿ ਛੱਡ ਕੇ ਵੱਡੀ ਪੱਧਰ 'ਤੇ ਝੋਨੇ ਦੀ ਬਿਜਾਈ ਸ਼ੁਰੂ ਕਰ ਦਿੱਤੀ ਤਾਂ ਵੱਡੀ ਮਾਤਰਾ ਵਿਚ ਪਰਾਲੀ ਵੀ ਆ ਬਿਰਾਜੀ। ਗੁਰੂ ਨਾਨਕ ਦੇਵ ਨੇ ਇਹ ਸ਼ਬਦ ਇਸ ਤਰ੍ਹਾਂ ਵਰਤਿਆ ਹੈ, "ਰੋਵਣ ਵਾਲੇ ਜੇਤੜੇ ਸਭਿ ਪੰਡ ਪਰਾਲਿ॥" ਪਰਾਲੀ ਇਕ ਵਿਅਰਥ ਜਿਹੀ ਚੀਜ਼ ਹੈ, ਇਸ ਲਈ ਇਸ ਦਾ ਵਿਸਤ੍ਰਿਤ ਅਰਥ ਵਿਅਰਥ, ਨਿਕੰਮਾ ਵੀ ਹੈ, "ਛੋਡਿ ਜਾਹਿ ਸੇ ਕਰਹਿ ਪਰਾਲ॥ ਕਾਮਿ ਨ ਆਵਹਿ ਸੇ ਜੰਜਾਲ॥" (ਗੁਰੂ ਅਰਜਨ ਦੇਵ)

ਸੁੱਕੇ ਫੂਸ ਜਾਂ ਪਰਾਲੀ ਦਾ ਰੰਗ ਪੀਲਾ ਹੁੰਦਾ ਹੈ, ਇਸ ਲਈ ਇਸ ਦਾ ਇਕ ਅਰਥ ਪਰਾਲੀ ਵਰਗਾ ਪੀਲਾ ਵੀ ਹੈ। ਸੱਤਾ ਬਲਵੰਡ ਦੀ ਵਾਰ ਵਿਚ ਇਹ ਸ਼ਬਦ ਇਸ ਤਰ੍ਹਾਂ ਆਇਆ ਹੈ, "ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥" ਅਰਥਾਤ ਗੁਰੂ ਦੇ ਸਿੱਖਾਂ ਦੇ ਚਿਹਰੇ ਉਜਲੇ ਹਨ ਜਦਕਿ ਮਨਮੁਖਾਂ ਦੇ ਪਰਾਲੀ ਵਾਂਗ ਪੀਲੇ ਹਨ। ਲਹਿੰਦੇ ਪੰਜਾਬ ਵਿਚ ਇਸ ਦਾ ਇਕ ਅਰਥ ਬਿਸਤਰਾ ਜਾਂ ਸੱਥਰ ਵੀ ਮਿਲਦਾ ਹੈ। ਇਸ ਦਾ ਇਕ ਰੁਪਾਂਤਰ ਪਰਾਲਾ ਵੀ ਹੈ, "ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ॥"

ਪਰਾਲ ਦਾ ਸੰਸਕ੍ਰਿਤ ਰੂਪ ਪਲਾਲ ਹੈ ਅਤੇ ਇਸ ਦਾ ਅਰਥ ਵੀ ਪਰਾਲੀ ਵਾਲਾ ਹੀ ਹੈ। ਪੰਜਾਬੀ ਵਿਚ ਇਹ ਸ਼ਬਦ ਪਰਾਲੀ ਦੇ ਅਰਥਾਂ ਵਿਚ ਵਰਤਿਆ ਨਹੀਂ ਮਿਲਦਾ ਜਾਂ ਬਹੁਤ ਘਟ ਵਰਤਿਆ ਜਾਂਦਾ ਹੋਵੇਗਾ। ਪਰਾਲੀ ਕਿਉਂਕਿ ਦਾਣੇ ਆਦਿ ਤੋਂ ਵਿਹੂਣੀ ਹੁੰਦੀ ਹੈ ਅਰਥਾਤ ਥੋਥੀ ਹੁੰਦੀ ਹੈ, ਇਸ ਲਈ ਇਹ ਸ਼ਬਦ ਕਿਧਰੇ ਕਿਧਰੇ ਸਾਰਹੀਣ, ਥੋਥੇ ਦੇ ਅਰਥਾਂ ਵਿਚ ਵਰਤਿਆ ਮਿਲਦਾ ਹੈ। ਦੂਜੇ ਪਾਸੇ ਇਸ ਦਾ ਬਹੁਤਾ ਖਲਾਰਾ ਹੋਣ ਕਾਰਨ ਇਹ ਪਖੰਡ, ਝਮੇਲਾ ਆਦਿ ਦੇ ਅਰਥਾਂ ਵਿਚ ਵੀ ਆਉਂਦਾ ਹੈ, ਖਾਸ ਤੌਰ 'ਤੇ ਪਖੰਡ-ਪਲਾਲ ਸ਼ਬਦ ਜੁੱਟ ਵਜੋਂ। ਸੰਤ ਸਿੰਘ ਸੇਖੋਂ ਨੇ 'ਬਾਬਾ ਬੋਹੜ' ਵਿਚ ਇਸ ਦੀ ਵਰਤੋਂ ਕੀਤੀ ਹੈ,

ਹੁੰਦੀ ਲੋਕਾਂ ਵਿਚ ਜੇ ਟੁਟ ਜਾਵੇ ਜਾਲ
ਭਰਮ ਅਤੇ ਅਗਿਆਨ ਦਾ ਹੈ ਜਿਸ ਦੇ ਨਾਲ
ਫਾਥਾ ਰਾਜਿਆਂ ਰਾਣਿਆਂ, ਪਖੰਡ ਪਲਾਲ
ਜਿਸ 'ਤੇ ਪੰਡਿਤ-ਮੌਲਵੀ ਪਾ ਦੇਂਦੇ ਪਾਲ।

ਗੁਲਾਮ ਫਰੀਦ ਨੇ ਇਸ ਸ਼ਬਦ ਨੂੰ ਇਸ ਤਰ੍ਹਾਂ ਆਪਣੀ ਇਕ ਕਾਫੀ ਵਿਚ ਪਰੋਇਆ ਹੈ,

ਦਿਲ ਲੁਬ ਹੈ ਕੋਨ ਮਕਾਂ ਦਾ,
ਦਿਲ ਗਾਇਤ ਅਸਲ ਜਹਾਂ ਦਾ।
ਦਿਲ ਮਰਕਜ਼ ਜ਼ਮੀਂ ਜ਼ਮਾਂ ਦਾ,
ਬਿਆ ਕੂੜ ਪਲਾਲ ਹਜਾਬੇ।

ਪੱਕ ਕੇ ਡਿਗੇ ਅੰਬਾਂ ਨੂੰ ਟਪਕਾ ਤੇ ਪਰਾਲੀ ਦੀਆਂ ਤਹਿਆਂ ਵਿਚ ਰੱਖ ਕੇ ਪਕਾਏ ਅੰਬਾਂ ਨੂੰ ਪੈਲੀ ਕਿਹਾ ਜਾਂਦਾ ਹੈ। ਨਿਰੁਕਤਸ਼ਾਸਤਰੀ ਟਰਨਰ ਅਨੁਸਾਰ ਇਥੇ 'ਪੈਲੀ' ਸ਼ਬਦ 'ਪੱਕਣ' ਦਾ ਵਿਕਸਿਤ ਰੂਪ ਹੈ ਪਰ ਵਧੇਰੇ ਤਾਰਕਿਕ ਪਰਾਲ ਹੀ ਲਗਦਾ ਹੈ। ਅਸਲ ਵਿਚ ਤਾਂ ਪਾਲ ਸ਼ਬਦ ਦਾ ਮੁਢਲਾ ਅਰਥ ਵੀ ਅੰਬ ਪਕਾਉਣ ਲਈ ਰੱਖੀਆਂ ਪਰਾਲੀ ਦੀਆਂ ਤਹਿਆਂ ਹੀ ਹੈ। ਕਹਾਵਤ ਹੈ, 'ਅੰਬ ਪਾਲ ਦਾ, ਖਰਬੂਜਾ ਡਾਲ ਦਾ।'

ਸੰਸਕ੍ਰਿਤ ਵਿਚ ਇਕ ਸ਼ਬਦ ਆਉਂਦਾ ਹੈ, 'ਪਲਾਲਦੋਹਦ' ਜਿਸ ਦਾ ਸ਼ਾਬਦਿਕ ਅਰਥ ਤਾਂ 'ਪਰਾਲੀ ਦੀ ਤਾਂਘ' (ਦੋਹਦ=ਤਾਂਘ) ਹੈ ਪਰ ਇਹ 'ਅੰਬ ਦੇ ਦਰਖਤ' ਦਾ ਅਰਥਾਵਾਂ ਹੈ, ਇਸ ਵਿਚਾਰ ਤੋਂ ਕਿ ਪਕਾਏ ਜਾਣ ਲਈ ਅੰਬ ਪਰਾਲੀ ਨੂੰ ਤਾਂਘਦਾ ਹੈ। ਲਾਦੂ ਜਾਨਵਰ ਜਿਵੇਂ ਗਧਾ, ਘੋੜਾ, ਊਠ ਆਦਿ 'ਤੇ ਪਾਈ ਜਾਣ ਵਾਲੀ ਕਾਠੀ ਜਾਂ ਤਾਹਰੂ ਨੂੰ ਪਲਾਣ ਜਾਂ ਪਲਾਣਾ ਕਿਹਾ ਜਾਂਦਾ ਹੈ। ਮੁਢਲੇ ਤੌਰ 'ਤੇ ਇਹ ਘਾਹ-ਫੂਸ ਨਾਲ ਭਰੀ ਹੁੰਦੀ ਸੀ। ਸੰਸਕ੍ਰਿਤ ਵਿਚ ਪਲਾਲ ਦਾ ਰੂਪ ਪਲਾਲੀ ਵੀ ਮਿਲਦਾ ਹੈ। ਪ੍ਰਾਕ੍ਰਿਤ ਵਿਚ ਇਸ ਦੇ ਦੋਵੇਂ ਰੂਪ-ਪਲਾਲ ਅਤੇ ਪਰਾਲ ਹਨ। ਪਰਾਲੀ ਸ਼ਬਦ ਇਸ ਦਾ ਵਿਉਤਪਤ ਰੂਪ ਹੈ। ਥੋੜ੍ਹੇ-ਬਹੁਤੇ ਫਰਕ ਨਾਲ ਭਾਰਤ ਦੀਆਂ ਕਈ ਹਿੰਦ-ਆਰੀਆਈ ਭਾਸ਼ਾਵਾਂ ਵਿਚ ਇਹ ਸ਼ਬਦ ਮੌਜੂਦ ਹੈ।

ਪਰਾਲ/ਪਲਾਲ ਸ਼ਬਦ ਦਾ ਮੂਲ ਹੈ, ਸੰਸਕ੍ਰਿਤ 'ਪਲ' ਜਿਸ ਦਾ ਅਰਥ ਵੀ ਫੂਸ ਹੀ ਹੈ। ਪੰਜਾਬੀ ਵਿਚ ਇਸ ਸ਼ਬਦ ਦਾ ਅਰਥ ਫੂਸ ਨਹੀਂ ਹੈ ਪਰ ਹਿੰਦੀ ਵਿਚ ਹੈ। ਭਾਸ਼ਾ ਵਿਗਿਆਨੀਆਂ ਅਨੁਸਾਰ ਇਹ ਸ਼ਬਦ ਭਾਰੋਪੀ ਹੈ ਜਿਸ ਦਾ ਮੂਲ 'Pel' ਹੈ ਅਤੇ ਇਸ ਦਾ ਅਰਥ ਵੀ ਫੂਸ, ਪਰਾਲੀ ਹੈ। ਇਸ ਤੋਂ ਬਣੇ ਲਾਤੀਨੀ ਸ਼ਬਦ Palea ਦਾ ਅਰਥ ਫੂਸ, ਪਰਾਲੀ ਹੈ। ਇਹ ਸ਼ਬਦ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਪੁੱਜਾ ਤਾਂ ਇਸ ਦਾ ਹੁਲੀਆ ਸੀ, Pallet. ਅੰਗਰੇਜ਼ੀ ਪੈਲਟ ਦਾ ਮਤਲਬ ਹੁੰਦਾ ਹੈ, ਅਜਿਹੀ ਗੱਦੀ ਜੋ ਘਾਹ-ਫੂਸ ਨਾਲ ਭਰੀ ਹੋਵੇ। ਅਮਰੀਕਾ ਵਿਚ ਫਰਸ਼ ਨਾਲ ਜਾ ਲੱਗਦੇ ਬਹੁਤ ਨੀਵੇਂ ਮੰਜੇ ਨੂੰ ਪੈਲਟ ਕਿਹਾ ਜਾਂਦਾ ਹੈ। ਇਹ ਖਾਸ ਤੌਰ 'ਤੇ ਬੱਚਿਆਂ ਲਈ ਬਣਾਇਆ ਜਾਂਦਾ ਹੈ।

ਪਿਛੇ ਅਸੀਂ ਜ਼ਿਕਰ ਕਰ ਆਏ ਹਾਂ ਕਿ ਲਹਿੰਦੇ ਪੰਜਾਬ ਵਿਚ ਪਰਾਲੀ ਦਾ ਇਕ ਅਰਥ ਸੱਥਰ ਵੀ ਹੈ। ਸਮਾਨ ਇਧਰ-ਉਧਰ ਲੈ ਜਾਣ ਲਈ ਲੱਕੜੀ ਆਦਿ ਦੇ ਘੜਵੰਜੀ ਵਰਗੇ ਚੌਖਟੇ ਨੂੰ ਵੀ ਪੈਲਟ ਕਿਹਾ ਜਾਂਦਾ ਹੈ, ਮਾਨੋ ਇਹ ਸਮਾਨ ਦਾ ਮੰਜਾ ਬਿਸਤਰਾ ਹੀ ਹੈ। ਅੰਗਰੇਜ਼ੀ Pailasse ਦਾ ਵੀ ਇਹੋ ਅਰਥ ਹੈ ਅਤੇ ਇਹ ਵੀ ਲਾਤੀਨੀ Palea ਦਾ ਵਿਕਸਿਤ ਰੂਪ ਹੀ ਹੈ।

# ਧੌਲਾਧਾਰ ਦਾ ਪੁੱਤਰ


(ਪਿਛਲੇ ਸਫੇ ਦੀ ਬਾਕੀ)

ਬਣਾਉਣ ਦੀ ਉਸ ਨੂੰ ਬੜੀ ਜੁਗਤ ਹੈ) ਗੱਲਾਂ ਕੀਤੀਆਂ ਤਾਂ ਉਸ ਕਲਾ ਦੀਆਂ ਜਿਸ ਦਾ ਆਵੇਸ਼ ਘਾਲ ਤੇ ਸਾਧਨਾਂ ਦੇ ਬਗੈਰ ਨਿਰਾਰਥਕ ਰਹਿ ਜਾਂਦਾ ਹੈ, ਗੱਲਾਂ ਕੀਤੀਆਂ ਉਨ੍ਹਾਂ ਕਲਾ ਤੋਂ ਕੋਰੇ ਰਾਜਿਆਂ, ਰਾਣੀਆਂ, ਵਜ਼ੀਰਾਂ ਤੇ ਜਰਨੈਲਾਂ ਦੀਆਂ, ਜੋ ਉਸ ਦੀ ਕੁਟੀਆ ਵਿਚ ਆਪਣਾ ਮੂਰਤ ਰੂਪ ਅਮਰ ਕਰਵਾਉਣ ਲਈ ਪਧਾਰਦੇ ਹਨ, ਗੱਲਾਂ ਕੀਤੀਆਂ ਡਾ. ਕਰਮ ਸਿੰਘ ਗਰੇਵਾਲ, ਡਾ. ਰੰਧਾਵੇ, ਅੰਮ੍ਰਿਤਾ ਪ੍ਰੀਤਮ, ਗੁਰਬਖਸ਼ ਸਿੰਘ ਪ੍ਰੀਤ ਲੜੀ ਤੇ ਹਰਭਜਨ ਬਾਜਵੇ ਦੀਆਂ। ਸੁਰ ਮੱਧਮ, ਬੋਲ ਸਪਸ਼ਟ ਤੇ ਠਰ੍ਹੰਮੇ ਭਰਿਆ ਅਤੇ ਵਿਚ ਵਿਚ ਹਾਸ-ਰਸ ਦਾ ਛਿੱਟਾ। ਕੰਨਾਂ ਨੂੰ ਮਸ਼ੀਨ ਤਾਂ ਲਾਈ ਹੋਈ ਸੀ, ਪਰ ਸ਼ਾਇਦ ਪੂਰਾ ਕੰਮ ਨਹੀਂ ਸੀ ਕਰ ਰਹੀ, ਇਸ ਲਈ ਮੈਨੂੰ ਗੱਜ ਕੇ ਬੋਲਣਾ ਪੈਂਦਾ ਸੀ। ਮੈਂ ਕਿਹਾ, "ਤੁਸੀਂ ਬੜੇ ਚਤਰ ਹੋ। ਵੇਖ ਕੇ ਅਣਡਿੱਠ ਨਹੀਂ ਕਰਦੇ, ਅਗਲੇ ਨੂੰ ਜਿਉਂ ਦਾ ਤਿਉਂ ਕੈਨਵੈਸ ਉਤੇ ਲਾਹ ਲੈਂਦੇ ਹੋ, ਪਰ ਸੁਣੇ ਨੂੰ ਅਣਸੁਣਿਆ ਜ਼ਰੂਰ ਕਰ ਛੱਡਦੇ ਹੋ। ਤੁਹਾਨੂੰ ਬਹਾਨਾ ਚੰਗਾ ਮਿਲਿਆ ਹੈ, ਕੰਮ ਦੀ ਗੱਲ ਸੁਣ ਲਈ, ਬਾਕੀਆਂ ਲਈ, ਬੋਲੇ ਬੱਦਲ ਬਣ ਬੈਠੇ!"

ਸੋਭਾ ਸਿੰਘ ਨੇ ਸਿਰ ਪਿਛਾਂਹ ਸੁੱਟਿਆ ਤੇ ਖੁੱਲ੍ਹਾ ਨਿਰਮਲ ਹਾਸਾ ਹੱਸਿਆ। ਫੇਰ ਰੋਟੀ ਖਾਧੀ ਤੇ ਸੌਂ ਗਏ। ਸਵੇਰੇ ਤੜਕੇ ਅੱਖ ਖੁੱਲ੍ਹੀ ਤਾਂ ਉਸ ਦੇ ਕਮਰੇ ਵਿਚੋਂ ਸੁਖਮਨੀ ਦੇ ਪਾਠ ਦੀ ਬੜੀ ਰਸੀਲੀ ਧੁਨੀ ਆ ਰਹੀ ਸੀ। ਪਿਛੋਂ ਪਤਾ ਲੱਗਿਆ ਕਿ ਉਸ ਦੇ ਕਮਰੇ ਵਿਚ ਹਰ ਰੋਜ਼ ਸਵੇਰੇ ਸੁਖਮਨੀ ਦੀ ਟੇਪ ਲਗਦੀ ਹੈ। ਉਹ ਨਹਾ ਧੋ ਕੇ, ਬਲਕਿ ਕਈ ਵਾਰੀ ਉਸ ਤੋਂ ਵੀ ਪਹਿਲਾਂ, ਈਜ਼ਲ ਉਤੇ ਲੱਗੀ ਤਸਵੀਰ ਦੇ ਦੁਆਲੇ ਹੋ ਜਾਂਦਾ ਹੈ ਤੇ ਉਸ ਦੇ ਨੈਣ-ਨਕਸ਼ ਨਿਖਾਰਦਾ ਰਹਿੰਦਾ ਹੈ। ਤੇਲ ਵਾਲੇ ਰੰਗਾਂ ਨਾਲ ਤਸਵੀਰ ਬਣਾਉਣ ਵਾਲੇ ਕਲਾਕਾਰ ਨੇ ਤਸਵੀਰ ਉਤੇ ਰੰਗ ਸੁੱਕਣ ਤੋਂ ਪਹਿਲਾਂ-ਪਹਿਲਾਂ ਹੀ ਅਦਲਾ-ਬਦਲੀ ਕਰਨੀ ਹੁੰਦੀ ਹੈ। ਇਸ ਲਈ ਉਸ ਨੂੰ ਆਪਣੀ ਤਸਵੀਰ ਨਾਲ ਲੰਮੀਆਂ ਬੈਠਕਾਂ ਲਾਉਣੀਆਂ ਪੈਂਦੀਆਂ ਹਨ। ਜਿਨ੍ਹਾਂ ਦਿਨਾਂ ਵਿਚ ਸੋਭਾ ਸਿੰਘ ਦੀ ਕੋਈ ਤਸਵੀਰ ਬਣ ਰਹੀ ਹੁੰਦੀ ਹੈ, ਉਹ ਮੁੜ ਮੁੜ ਕੇ ਸਟੂਲ ਜਾ ਮੱਲਦਾ ਹੈ ਤੇ ਕਦੀ ਉਸ ਦੀ ਅੱਖ, ਕਦੀ ਨੱਕ, ਕਦੀ ਵਾਲ ਤੇ ਕਦੀ ਪਿਛੋਕੜ ਦਾ ਦ੍ਰਿਸ਼ ਸਵਾਰਨ ਉਤੇ ਲਗਿਆ ਰਹਿੰਦਾ ਹੈ। ਆਪਣੀ ਤਸਵੀਰ ਦੀ ਚੰਗੀ ਫਿਨਿਸ਼ ਕਰਨ ਵਿਚ ਉਹ ਨਾ ਖੇਚਲ ਤੋਂ ਡਰਦਾ ਹੈ, ਨਾ ਖਰਚ ਤੋਂ, ਪਰ ਉਸ ਦੀ ਛਪਾਈ ਵੇਲੇ ਤਾਂ ਉਸ ਤੋਂ ਵੀ ਵਧ ਖੇਚਲ ਤੇ ਖਰਚ ਲਈ ਤਤਪਰ ਹੁੰਦਾ ਹੈ। ਗੁਰੂ ਤੇਗ ਬਹਾਦਰ ਦੀ ਤਸਵੀਰ ਲਈ ਉਹ ਗੁਰਚਰਨ ਨੂੰ ਨਾਲ ਲੈ ਕੇ ਹਵਾਈ ਜਹਾਜ਼ ਉਤੇ ਮਰਦਾਸ ਪਹੁੰਚਿਆ ਤੇ ਜਦ ਤੱਕ ਰੰਗ ਉਸ ਦੀ ਮਰਜ਼ੀ ਦੇ ਨਾ ਉਘੜੇ, ਉਹ ਘਰ ਨਾ ਮੁੜਿਆ। ਇਸੇ ਤਰ੍ਹਾਂ ਦਾ ਪਹਿਰਾ ਉਹ ਆਪਣੀ ਹਰ ਤਸਵੀਰ ਦੀ ਛਪਾਈ ਉਤੇ ਦੇਂਦਾ ਹੈ।

ਸੋਭਾ ਸਿੰਘ ਪੋਰਟ੍ਰੇਟ ਦਾ ਉਸਤਾਦ ਹੈ। ਉਸ ਨੇ ਭੀੜ ਨੂੰ ਜਾਂ ਤਾਂ ਚਿਤਰਿਆ ਨਹੀਂ, ਜਾਂ ਬਹੁਤ ਘੱਟ ਚਿਤਰਿਆ ਹੈ। ਜਲੂਸ, ਜਲਸੇ ਜਾਂ ਲੜਾਈ ਦੀ ਉਸ ਦੇ ਕੋਈ ਤਸਵੀਰ ਨਹੀਂ ਬਣਾਈ। ਹੈਰਾਨੀ ਦੀ ਗੱਲ ਇਹ ਹੈ ਕਿ ਉਸ ਨੇ ਦ੍ਰਿਸ਼ ਚਿਤਰਨ ਵੱਲ ਵੀ ਬਹੁਤ ਘੱਟ ਧਿਆਨ ਦਿੱਤਾ ਹੈ, ਹਾਲਾਂਕਿ ਪ੍ਰਕਿਰਤੀ ਉਸ ਦੇ ਬੂਹੇ ਅੱਗੇ ਨਿਤ ਆਪਣੇ ਅਨੇਕ ਰੰਗਾਂ-ਰੂਪਾਂ ਦੀ ਖਟ ਵਿਛਾਈ ਰੱਖਦੀ ਹੈ। ਉਸ ਨੂੰ ਸ਼ਾਇਦ ਇਉਂ ਮਹਿਸੂਸ ਹੁੰਦਾ ਹੈ, ਜਿਵੇਂ ਭੀੜ ਵਿਚ ਉਸ ਦਾ ਵਿਅਕਤਿਤਵ ਗਵਾਚ ਜਾਂਦਾ ਹੋਵੇ। ਉਹ ਸ਼ਾਇਦ ਨਿਰੋਲ ਪ੍ਰਕਿਰਤੀ ਚਿਤਰਨ ਵਿਚ ਲੱਗੇ ਰਹਿਣ ਨੂੰ ਵੀ ਪਲਾਇਣੀ ਰੋਮਾਂਚਿਕਤਾ ਸਮਝਦਾ ਹੈ। ਉਸ ਦਾ ਵਿਸ਼ਵਾਸ ਹੈ ਕਿ ਸਾਡੀ ਦੁਨੀਆਂ ਵਾਂਗ ਚਿਤਰਕਾਰੀ ਦੀ ਦੁਨੀਆਂ ਵਿਚ ਵੀ, ਮਨੁੱਖ ਦੀ ਸਰਦਾਰੀ ਕਾਇਮ ਰਹਿਣੀ ਚਾਹੀਦੀ ਹੈ। ਇਸੇ ਲਈ ਉਹ ਵਧੇਰੇ ਕਰ ਕੇ ਮਨੁੱਖਾਂ ਦਾ ਚਿਤੇਰਾ ਹੈ- ਮਨੁੱਖ ਵੀ ਉਹ ਜੋ ਸਾਡੇ ਧਰਮ ਜਾਂ ਕਲਚਰ ਦਾ ਪ੍ਰਤੀਕ ਬਣ ਗਏ ਹਨ।

ਜਿਸ ਕਾਂਗੜੇ ਨੂੰ ਉਸ ਨੇ ਆਪਣਾ ਘਰ ਬਣਾਇਆ ਹੈ, ਉਸ ਵਿਚ ਕਦੀ ਮਾਨਕੂ ਤੇ ਨੈਨਸੁਖ ਵਰਗੇ ਰੰਗਾਂ ਦੇ ਜਾਦੂਗਰ ਰਿਹਾ ਕਰਦੇ ਸਨ। ਉਹ ਚਿਤੇਰੇ ਪ੍ਰਭਾਵ ਨੂੰ ਤੀਬਰ ਤੇ ਵੇਗਮਈ ਬਣਾਉਣ ਲਈ, ਵਣ-ਤ੍ਰਿਣ ਨੂੰ ਆਪਣੇ ਕੇਂਦਰੀ ਪਾਤਰਾਂ ਦੀ ਬਿਰਤੀ ਦੇ ਅਨੁਕੂਲ ਜਾਂ ਉਨ੍ਹਾਂ ਦੇ ਸੂਚਕ ਬਣਾਉਣ ਵਿਚ ਬੜੇ ਕਾਰੀਗਰ ਸਨ। ਵਸਲ ਦਾ ਦ੍ਰਿਸ਼ ਹੈ ਤਾਂ ਸਾਰੀ ਦੀ ਸਾਰੀ ਕਾਇਨਾਤ ਰਤੀ-ਭਾਵ ਨੂੰ ਹੀ ਉਦੀਪਿਤ ਕਰਦੀ ਜਾਪੇਗੀ। ਜੇ ਬਿਰਹਨ ਚਿਤਰੀ ਹੈ ਤਾਂ ਚਿਤਰ ਦੀ ਸਾਰੀ ਪ੍ਰਕਿਰਤੀ ਉਤੇ ਉਤਸੁਕ ਉਦਾਸੀਨਤਾ ਦਾ ਪਰਛਾਵਾਂ ਦਿਸੇਗਾ। ਕਾਂਗੜਾ ਕਲਮ ਦੇ ਉਸਤਾਦਾਂ ਨੇ ਵੱਖ-ਵੱਖ ਰੰਗਾਂ, ਪਸ਼ੂ-ਪੰਛੀਆਂ, ਜੀਵ-ਜੰਤੂਆਂ, ਬਿਰਛਾਂ ਤੇ ਫੁੱਲਾਂ ਵਿਚ ਵੱਖ-ਵੱਖ ਅਰਥ ਭਰ ਲਏ ਹੋਏ ਸਨ। ਉਨ੍ਹਾਂ ਰੰਗਾਂ ਦੀ ਆਪਣੀ, ਵੱਖਰੀ ਭਾਸ਼ਾ ਘੜ ਲਈ ਸੀ। ਉਨ੍ਹਾਂ ਦਾ ਸੰਪੂਰਨ ਸੁਆਦ ਮਾਣਨ ਵਾਸਤੇ ਉਨ੍ਹਾਂ ਦੇ ਪ੍ਰਤੀਕਾਂ ਦੀ ਜਾਣਕਾਰੀ ਦੀ ਲੋੜ ਪੈਂਦੀ ਹੈ। ਸੋਭਾ ਸਿੰਘ, ਪ੍ਰਕਿਰਤੀ ਨੂੰ ਕਾਂਗੜਾ ਕਲਮ ਦੇ ਚਿਤੇਰਿਆਂ ਵਾਂਗ ਭਾਵ ਜਾਂ ਪ੍ਰਭਾਵ ਉਦੀਪਨ ਲਈ ਨਹੀਂ ਵਰਤਦਾ, ਨਾ ਪ੍ਰਤੀਕ ਵਜੋਂ ਹੀ ਵਰਤਦਾ ਹੈ। ਅਸਲ ਵਿਚ ਉਸ ਨੂੰ ਕਾਂਗੜਾ ਕਲਮ ਦਾ ਵਾਰਿਸ ਸਮਝਣਾ ਹੀ ਨਹੀਂ ਚਾਹੀਦਾ। ਕਹਿਣਾ ਇਹ ਚਾਹੀਦਾ ਹੈ ਕਿ ਉਹ ਕਾਂਗੜੇ ਵਿਚ ਨਵੀਂ ਸ਼ੈਲੀ ਲੈ ਗਿਆ



ਅੱਧਖੜ੍ਹ ਉਮਰੇ ਸੋਭਾ ਸਿੰਘ

ਹੈ, ਜਿਸ ਵਿਚ ਚਿਤਰਕਾਰ ਵਧੇਰੇ ਕਰ ਕੇ ਵਫ਼ਾਦਾਰ ਦਰਪਣ ਦਾ ਕੰਮ ਕਰਦਾ ਹੈ। ਉਹ ਕਿਰਪਾਲ ਸਿੰਘ ਵਾਂਗ ਗਰਾਂਡੀਲ ਸਾਧਾਰਨ ਤੋਂ ਕਿਤੇ ਵਡ-ਆਕਾਰੀ ਮਹਾ-ਮਨੁੱਖ ਨਹੀਂ ਬਣਾਉਂਦਾ, ਇਸ ਪ੍ਰਕਰਣ ਵਿਚ ਉਹ ਠਾਕਰ ਸਿੰਘ ਦੇ ਵਧੇਰੇ ਨੇੜੇ ਹੈ। ਇਹ ਸਕੂਲ ਆਪਣੀ ਅੱਖ ਤੋਂ ਕੈਮਰੇ ਵਾਲਾ ਕੰਮ ਲੈਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੈਮਰੇ ਦੀ ਅੱਖ ਉਤੇ ਲਹਿਰੀਏ ਵਾਲੇ, ਲੰਕੇ ਤੇ ਕੁੱਬੇ ਲੈਨਜ਼ ਜਾਂ ਫਿਲਟਰ ਲਾ ਕੇ ਸਾਹਮਣੀ ਸੂਰਤ ਨੂੰ ਕੀ ਦਾ ਕੀ ਬਣਾਇਆ ਜਾ ਸਕਦਾ ਹੈ। ਮਨੁੱਖੀ ਅੱਖ ਨੂੰ ਤਾਂ ਇਹੋ ਜਿਹੇ ਲੈਨਜ਼ ਤੇ ਫਿਲਟਰ ਲਾਉਣ ਦੀ ਲੋੜ ਹੀ ਨਹੀਂ ਪੈਂਦੀ, ਉਸ ਦੇ ਪਿਛੇ ਬੈਠਾ ਸੁਚੇਤ ਦਿਮਾਗ, ਉਛਾੜ ਦੇ ਥੱਲੇ ਜਾ ਪਹੁੰਚਦਾ ਹੈ। ਬੀਬੀਆਂ ਦਾੜ੍ਹੀਆਂ ਤੇ ਸੁਹਣੀਆਂ ਪੱਗਾਂ ਦੇ ਓਹਲੇ ਵਿਚ ਕੀਤੀਆਂ ਜਾਂਦੀਆਂ ਕਰਤੂਤਾਂ ਉਸ ਤੋਂ ਗੁੱਝੀਆਂ ਨਹੀਂ ਰਹਿ ਸਕਦੀਆਂ। ਇਸੇ ਲਈ ਪੋਰਟ੍ਰੇਟ ਬਣਾਉਂਦਿਆਂ ਕਈ ਕਲਾਕਾਰ, ਅੱਖ ਨਾਲੋਂ ਦਿਮਾਗ ਦੀ ਬਹੁਤੀ ਵਰਤੋਂ ਕਰਦੇ ਹਨ। ਸਾਹਮਣੇ ਬੈਠੀ ਹੋਵੇਗੀ ਕਿਸੇ ਉਚ ਘਰਾਣੇ ਦੀ ਸਵਾਣੀ, ਪਰ ਤਸਵੀਰ ਵਿਚੋਂ ਕਿਸੇ ਆਦਮਖੋਰ ਲੁੱਚੀ, ਬਾਜ਼ਾਰੀ ਔਰਤ ਦਾ ਝਾਉਲਾ ਪੈਂਦਾ ਹੋਵੇਗਾ। ਚਿਤਰਕਾਰ ਦੀ ਅੱਖ ਨੂੰ ਤਾਂ ਸਾਡੇ ਵਾਂਗ ਹੀ, ਫਬੀ ਸੰਵਰੀ ਸੁੰਦਰੀ ਹੀ ਬੈਠੀ ਦਿਸਦੀ ਹੋਵੇਗੀ, ਪਰ ਉਸ ਦਾ ਦਿਮਾਗ ਜੋ ਅਸਲ ਦ੍ਰਸ਼ਟਾ ਹੈ, ਉਸ ਦੀਆਂ ਅੱਖਾਂ, ਬੁੱਲ੍ਹਾਂ, ਛਾਤੀਆਂ ਤੇ ਗੁਪਤ ਅੰਗਾਂ ਦੀ ਕਾਰਵਾਈ ਨੂੰ ਆਪਣੇ ਬੁਰਸ਼ ਰਾਹੀਂ ਉਸ ਦੇ ਚਿਤਰ 'ਚੋਂ ਉਘਾੜ ਕੇ ਪੇਸ਼ ਕਰਨ ਦਾ ਆਹਰ 'ਚ ਹੁੰਦਾ ਹੈ। ਸੋਭਾ ਸਿੰਘ ਇਸ ਤਰ੍ਹਾਂ ਦਾ ਕਲਾਕਾਰ ਨਹੀਂ ਹੈ। ਉਹ ਕਿਸੇ ਅਜਿਹੇ ਵਿਸਤ੍ਰਿਤ ਮਨੋਘਾਤ ਵਿਚ ਨਹੀਂ ਪੈਂਦਾ ਜੋ ਚਿਤਰ ਦੀ ਦੱਖ ਜਾਂ ਸਰੀਰ ਦੇ ਅੰਗ ਅਨੁਪਾਤ 'ਚ ਵਿਕਾਰ ਪਾ ਕੇ ਹੀ ਪ੍ਰਗਟਾਇਆ ਜਾ ਸਕਦਾ ਹੈ। ਉਹ ਆਰਟ ਨੂੰ ਕੇਵਲ ਵਿਸ਼ੇਸ਼ੱਗਾਂ ਤੇ ਬੁੱਧੀਮਾਨਾਂ ਤੱਕ ਸੀਮਿਤ ਰੱਖਣ ਦੇ ਹੱਕ ਵਿਚ ਨਹੀਂ ਹੈ, ਨਾ ਇਹ ਚਾਹੁੰਦਾ ਹੈ ਕਿ ਉਸ ਦੀ ਹਰ ਤਸਵੀਰ ਦਾ ਭੇਤ ਉਸ ਦੀ ਆਪਣੀ ਜਾਂ ਉਸ ਦੇ ਕਲਾ ਆਲੋਚਕਾਂ ਦੀ ਵਿਆਖਿਆ ਪਿਛੋਂ ਹੀ ਪੱਲੇ ਪਵੇ। ਸੋਭਾ ਸਿੰਘ ਦੀ ਤਸਵੀਰ ਉਹ ਹੈ ਜੋ ਆਪਣੇ ਮੂੰਹੋਂ ਆਪ ਬੋਲਦੀ ਹੈ।

ਇਹੀ ਕਾਰਨ ਹੈ ਕਿ ਸਰਪ੍ਰਸਤੀ ਦੇ ਮਾਮਲੇ ਵਿਚ ਸ. ਸੋਭਾ ਸਿੰਘ ਨੂੰ ਕਦੀ ਕੋਈ ਤੰਗੀ ਪੇਸ਼ ਨਹੀਂ ਆਈ। ਰਾਜਿਆਂ ਤੋਂ ਲੈ ਕੇ ਮਲੰਗਾਂ ਤੱਕ ਸਾਰੇ ਉਸ ਦੇ ਗਾਹਕ ਹਨ। ਉਸ ਵਿਚ ਆਪਣੇ ਮਾਡਲ ਦੇ ਨਕਸ਼-ਨੈਣ ਹੂ-ਬ-ਹੂ ਚਿਤਰ ਦੇਣ ਦੀ ਸਮਰੱਥਾ ਹੈ ਤੇ ਰੰਗਾਂ ਨੂੰ ਇਕ ਦੂਜੇ ਵਿਚ ਇਸ ਤਰ੍ਹਾਂ ਮਿਲਾਉਂਦਾ ਹੈ ਕਿ ਹੂ-ਬ-ਹੂ ਹੁੰਦਾ ਹੋਇਆ ਚਿਤਰ, ਮਾਡਲ ਤੋਂ ਕੁਝ ਸੁਹਣੇਰਾ ਬਣ ਜਾਂਦਾ ਹੈ। ਚਾਹੇ ਚੰਡੀਗੜ੍ਹ ਦੇ ਅਫ਼ਸਰ ਦੀ ਕੁੜੀ ਦਾ ਚਿਤਰ ਹੈ, ਚਾਹੇ ਗੋਰਖੇ ਫੌਜੀ ਦਾ, ਚਾਹੇ ਡਾ. ਕਰਨ ਸਿੰਘ ਦੀ ਸੁਪਤਨੀ ਦਾ ਹੈ, ਚਾਹੇ ਕਿਸੇ ਸੇਠ ਦਾ, ਉਸ ਦੀ ਡਰਾਇੰਗ ਤੇ ਰੰਗਾਂ ਦੀ ਵਰਤੋਂ ਦਾ ਕਮਾਲ ਹਰ ਤਸਵੀਰ ਵਿਚ ਇਕਸਾਰ ਦਿਸੇਗਾ। ਇਹੀ ਗੱਲ ਉਸ ਦੇ ਗੁਰੂ ਸਾਹਿਬਾਨ ਤੇ ਪੰਜਾਬੀ ਲੋਕ ਕਥਾਵਾਂ ਦੇ ਅਮਰ ਪਾਤਰਾਂ ਦੇ ਚਿਤਰਾਂ ਬਾਰੇ ਕਹੀ ਜਾ ਸਕਦੀ ਹੈ। ਸੋਹਣੀ ਮਹੀਂਵਾਲ ਚਿਤਰ ਪਹਿਲੀ ਵਾਰੀ 1947 ਤੋਂ ਪਹਿਲਾਂ ਬਣਿਆ ਸੀ, ਦੂਜੀ ਵਾਰ 1948-49 ਵਿਚ ਬਣਾਇਆ ਤਾਂ ਵਾਯੂ ਸੈਨਾ ਵਾਲਿਆਂ ਨੇ ਖਰੀਦ ਲਿਆ। ਹੀਰ ਰਾਂਝਾ ਚਿਤਰ 1973 ਵਿਚ ਤਿਆਰ ਹੋਇਆ। ਨਾਮ ਖੁਮਾਰੀ ਨਾਨਕਾ (1935), ਜਗਤ ਜਲੰਦਾ (1947), ਹਜ਼ਰਤ ਮੀਆਂ ਮੀਰ ਤੇ ਭਾਈ ਗੁਰਦਾਸ (1958-59), ਮਹਾਰਾਜਾ ਦਲੀਪ ਸਿੰਘ (1960), ਗੁਰੂ ਗੋਬਿੰਦ ਸਿੰਘ (1965, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਅਜਾਇਬਘਰ ਚੰਡੀਗੜ੍ਹ), ਗੁਰੂ ਨਾਨਕ (ਹੱਥ ਵਾਲਾ ਚਿਤਰ, 1969 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਛਪਵਾਇਆ), ਗੁਰੂ ਗੋਬਿੰਦ ਸਿੰਘ ਤੇ ਗੁਰੂ ਨਾਨਕ (ਲੱਦਾਖੀ ਟੋਪੀ ਵਾਲਾ, 1971) ਤੇ ਗੁਰੂ ਤੇਗ ਬਹਾਦਰ (1973) ਉਸ ਦੀਆਂ ਕੁਝ ਪ੍ਰਸਿਧ ਤਸਵੀਰਾਂ ਹਨ। ਉਸ ਦੀਆਂ 'ਸੋਹਣੀ' ਘਰ ਘਰ ਪਹੁੰਚੀ ਹੈ। ਵਿਕਰੀ ਵਿਚ 'ਨਾਮ ਖੁਮਾਰੀ' ਉਸ ਦਾ ਮੁਕਾਬਲਾ ਕਰਦੀ ਹੈ। ਗੁਰੂ-ਚਿਤਰਾਂ ਬਾਰੇ ਕਿਹਾ ਜਾ ਸਕਦਾਹੈ ਕਿ ਸੋਭਾ ਸਿੰਘ ਨੇ ਜੋ ਸੂਰਤ ਉਨ੍ਹਾਂ ਨੂੰ ਦੇ ਦਿੱਤੀ ਹੈ, ਸਿੱਖਾਂ ਦੇ ਹਿਰਦਿਆਂ ਵਿਚ ਉਹੀ ਪੱਥਰ ਉਤੇ ਲੀਕ ਹੋਈ ਪਈ ਹੈ। ਉਸ ਦੇ ਪ੍ਰਭਾਵ ਦਾ ਇਹ ਹਾਲ ਹੈ ਕਿ ਉਸ ਦੀ ਕਲਪੀ ਹੋਈ ਗੁਰੂ-ਮੂਰਤ ਦੇ ਸਨਮੁਖ ਜੇ ਕੋਈ ਅਸਲ ਮੂਰਤ ਲੱਭ ਕੇ ਲੈ ਆਵੇ ਤਾਂ ਕੋਈ ਵੱਡੀ ਗੱਲ ਨਹੀਂ ਹੋਵੇਗੀ, ਜੇ ਲੋਕ ਅਸਲੀ ਨੂੰ ਨਕਲੀ ਤੇ ਨਕਲੀ ਨੂੰ ਅਸਲੀ ਹੋਣ ਦਾ ਐਲਾਨ ਕਰਦੇ ਫਿਰਨ!

**ਅੰਤਿਕਾ:** ਸ. ਸੋਭਾ ਸਿੰਘ ਦਾ ਜਨਮ ਸ੍ਰੀ ਹਰਗੋਬਿੰਦਪੁਰ, ਜ਼ਿਲ੍ਹਾ ਗੁਰਦਾਸਪੁਰ ਵਿਚ 29 ਨਵੰਬਰ 1901 ਨੂੰ ਸ. ਦੇਵਾ ਸਿੰਘ ਦੇ ਕਿਰਤੀ ਘਰ ਵਿਚ ਹੋਇਆ। ਲਾਹੌਰ ਦੇ ਮੇਓ ਸਕੂਲ ਆਫ ਆਰਟ ਦਾ ਡਿਪਲੋਮਾ ਲੈ ਕੇ ਕੁਝ ਚਿਰ ਫਿਲਮਾਂ ਵਿਚ ਕੰਮ ਕੀਤਾ ਤੇ ਕੁਝ ਚਿਰ ਆਪਣਾ ਸਟੂਡੀਓ ਚਲਾਇਆ, ਪਰ ਅਖੀਰ ਸਿੱਖਾਂ ਦੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣਾਉਣ ਨੂੰ ਆਪਣਾ ਮੁਖ ਪੇਸ਼ਾ ਬਣਾ ਲਿਆ। ਅੰਦਰੇਟੇ ਨਾਂ ਦੇ ਪਿੰਡ ਵਿਚ, ਪੰਜਾਬੀ ਨਾਟਕ ਦੀ ਬੇਬੇ ਨੋਰਾ ਰਿਚਰਡਜ਼ ਦੇ ਬੁਲਾਵੇ ਉਤੇ ਜਾ ਵਸੇ, ਪਰ ਹੁਣ ਅੰਦਰੇਟਾ, ਨੋਰਾ ਜੀ ਕਰ ਕੇ ਏਨਾ ਨਹੀਂ, ਜਿੰਨਾ ਸੋਭਾ ਸਿੰਘ ਹੁਰਾਂ ਕਰ ਕੇ ਜਾਣਿਆ ਜਾਂਦਾ ਹੈ। ਆਪ ਦਾ ਚਲਾਣਾ 22 ਅਗਸਤ, 1986 ਨੂੰ ਚੰਡੀਗੜ੍ਹ ਵਿਚ ਹੋਇਆ।

ਸ਼ੌਰਟ ਕੱਟ
ਵਾਇਆ
ਲੌਂਗ ਰੂਟ
19
ਅਮਰੀਕ ਸਿੰਘ ਬਲ
ਫੋਨ: 34602835897

# ਰਬਾਤ ਦੀਆਂ ਸੜਕਾਂ 'ਤੇ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ 19ਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***

## ਤੁਸੀਂ ਪੜ੍ਹ ਚੁੱਕੇ ਹੋ...

***ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਪਿੰਡ ਬੁਤਾਲਾ ਦੇ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ... ਫਿਰ ਉਹ ਕਦੇ ਮੋਰੱਕੋ ਦੇ ਉਜਾੜਾਂ ਅਤੇ ਕਦੀ ਜੇਲ੍ਹਾਂ ਅੰਦਰ ਰੁਲਣ ਜੋਗੇ ਰਹਿ ਗਏ!... ਹੁਣ ਪੜ੍ਹੋ ਇਸ ਤੋਂ ਅੱਗੇ...***

ਖਾਨ ਬਹੁਤੇ ਮੁੰਡੇ ਪਿਛਿਓਂ ਰਬਾਤ (ਮੋਰੱਕੋ ਦੀ ਰਾਜਧਾਨੀ) ਲਿਆ ਕੇ, ਇਥੋਂ ਅਗਾਂਹ ਡੌਂਕੀ ਲਈ ਭੇਜਦਾ ਸੀ। ਜਦ ਮੈਂ ਬਾਹਰੋ-ਬਾਹਰ ਸਿਬਤਾ ਨੇੜੇ ਪੁਜਾ ਤਾਂ ਲੱਗਾ, ਹੁਣ ਸਪੇਨ ਪਹੁੰਚੇ ਈ ਪਹੁੰਚੇ! ਸਵੇਰੇ ਛੇ ਵਜੇ ਬੱਸ ਅੱਡੇ ਤੋਂ ਟੈਕਸੀ ਫੜ ਕੇ ਭਾਰਤੀ ਅੰਬੈਸੀ ਪਹੁੰਚਿਆ। ਬਚੇ ਦਸ ਦਰ੍ਹਾਮ ਇਸੇ ਲੇਖੇ ਲੱਗ ਗਏ। ਸਾਹਮਣੇ ਤਿਰੰਗਾ ਝੰਡਾ ਲਹਿਰਾਉਂਦਾ ਦੇਖ ਕੇ ਦਿਲ ਨੂੰ ਸਕੂਨ ਮਿਲਿਆ। ਚੈਨ ਦਾ ਮੀਲ ਲੰਮਾ ਸਾਹ ਲੈ ਕੇ ਘੰਟੀ ਵਜਾਈ, ਕੋਈ ਹਿਲਜੁਲ ਨਾ ਹੋਈ। ਫਿਰ ਆਪਣੀ ਬੇਵਕੂਫੀ ਦਾ ਅਹਿਸਾਸ ਹੋਇਆ: ਅੰਬੈਸੀ ਖੁੱਲ੍ਹਣ ਦਾ ਸਮਾਂ 10 ਵਜੇ ਸੀ। ਮੈਂ ਗਲੀਆਂ-ਬਾਜ਼ਾਰਾਂ ਵਿਚ ਨਿਕਲ ਗਿਆ।

ਖੁੱਲ੍ਹੀਆਂ ਸੜਕਾਂ, ਵੱਡੇ-ਵੱਡੇ ਸ਼ੋਅ ਰੂਮ, ਉਚੀਆਂ ਇਮਾਰਤਾਂ ਵਾਲਾ ਸਾਫ-ਸੁਥਰਾ ਤੇ ਆਧੁਨਿਕ ਸ਼ਹਿਰ ਰਬਾਤ। ਸ਼ਾਂਤ, ਲਰਜ਼ਦਾ ਮਾਹੌਲ 10 ਕੁ ਵਜੇ ਤਕ ਅਤਿ ਸ਼ੋਰ-ਸ਼ਰਾਬੇ ਭਰੇ ਬੇਹੱਦ ਰੁਝੇ ਸ਼ਹਿਰ ਵਿਚ ਬਦਲ ਗਿਆ। ਲੋਕਾਂ ਦੇ ਹਜੂਮ ਤੇਜ਼ੀ ਨਾਲ ਗਲੀਆਂ-ਬਾਜ਼ਾਰਾਂ ਵਿਚ ਕੀੜੀਆਂ ਵਾਂਗ ਫੈਲ ਗਏ।

ਵਾਪਸ ਅੰਬੈਸੀ ਪੁੱਜਾ। ਇਕ ਮੁਲਾਜ਼ਮ ਨੂੰ ਆਪਣੇ ਮੋਟੇ-ਮੋਟੇ ਹਾਲਾਤ ਬਿਆਨ ਕਰ ਕੇ ਇੰਡੀਆ ਜਾਣ ਦੀ ਇੱਛਾ ਜ਼ਾਹਰ ਕੀਤੀ। ਉਸ ਨੇ ਸ਼ੱਕ ਨਾਲ ਕਿਹਾ, "ਮੁਸ਼ਕਿਲ ਲੱਗਦਾ ਹੈ, ਪਰ ਅੰਬੈਸਡਰ ਨਾਲ ਗੱਲ ਕਰੀਂ।" ਘੰਟੇ ਕੁ ਬਾਅਦ ਮੈਨੂੰ ਜਿਸ ਪਹਿਲੇ ਕਮਰੇ 'ਚ ਬਿਠਾਇਆ ਗਿਆ, ਉਥੇ ਖੂਬਸੂਰਤ ਮੋਰੱਕੀ ਜ਼ਨਾਨੀ ਬੜੇ ਮਸ਼ੀਨੀ ਢੰਗ ਨਾਲ ਵੀਜ਼ਿਆਂ ਦੇ ਇੱਛੁਕ ਲੋਕਾਂ ਨਾਲ ਨਜਿੱਠ ਰਹੀ ਸੀ। ਕੁਝ ਪਲ ਵਿਹਲੇ ਹੋਏ ਤਾਂ ਇੰਗਲਿਸ਼ ਵਿਚ ਮੇਰੇ ਨਾਲ ਗੱਲੀਂ ਪੈ ਗਈ। ਹਾਲਾਤ ਸਮਝਾਉਂਦਿਆਂ ਮੇਰਾ ਰੋਣਾ ਨਿਕਲ ਗਿਆ। ਉਸ ਨੇ ਬਾਹਰੋਂ ਸੈਂਡਵਿਚ ਤੇ ਚਾਹ ਮੰਗਵਾ ਕੇ ਦਿੱਤੀ।

ਮੈਨੂੰ ਹੈਰਾਨ ਸਾਂ ਕਿ ਕਿਵੇਂ ਝੱਟ ਹੀ ਮੇਰੇ ਹੰਝੂ ਪਰਲ-ਪਰਲ ਵਗਣ ਲੱਗ ਪੈਂਦੇ। ਅੰਦਰ ਕੋਈ ਦਰਦ ਦਾ ਚਸ਼ਮਾ ਸੀ ਜੋ ਝਟ ਭਰ ਕੇ ਵਗ ਪੈਂਦਾ ਸੀ। ਬੇਵਸੀ ਕਰਕੇ ਜਾਂ ਕਿਸੇ ਹਮਦਰਦੀ ਦੀ ਆਸ ਵਿਚ ਅੰਦਰੋਂ ਫਿਸ ਪੈਂਦਾ ਸਾਂ। ਦੋ ਕਰਮਚਾਰੀ ਮੈਥੋਂ ਪੁੱਛ-ਪੜਤਾਲ ਕਰਦੇ ਰਹੇ। ਉਹ ਪੁੱਛਦੇ ਥੋੜ੍ਹਾ, ਪਰ ਮੈਂ ਦੱਸਦਾ ਬਹੁਤਾ। ਮੈਂ ਹੁਣ ਤਕ ਦੀ ਹਰ ਗੱਲ, (ਸਿਰਫ ਖਾਨ ਦਾ ਰਬਾਤ ਵਾਲਾ ਟਿਕਾਣਾ ਛੱਡ ਕੇ) ਇਥੋਂ ਤਕ ਕਿ ਖਾਨ ਦੇ ਤਿੰਨ-ਚਾਰ ਫੋਨ ਨੰਬਰ ਵੀ ਦੇ ਦਿੱਤੇ। ਹੁਣ ਸਿਵਾਏ ਵਾਪਸ ਜਾਣ ਦੇ ਹੋਰ ਕੁਝ ਨਹੀਂ ਸੀ ਚਾਹੀਦਾ। ਉਸ ਰੋਜ਼ ਅੰਬੈਸਡਰ ਦੀ ਐਮਰਜੈਂਸੀ ਛੁੱਟੀ ਕਾਰਨ ਗੱਲ ਕਿਸੇ ਪਾਸੇ ਨਾ ਤੁਰ ਸਕੀ।

ਫਿਰ ਉਨ੍ਹਾਂ ਰਸਮੀ ਕਾਨੂੰਨੀ ਪੇਚ ਖੋਲ੍ਹਿਆ, "ਤੂੰ ਪੁਲਿਸ ਅੱਗੇ ਪੇਸ਼ ਹੋ ਜਾ, ਫਿਰ ਅਦਾਲਤੀ ਫੈਸਲੇ ਤਹਿਤ ਵਾਪਸ ਭੇਜ ਦੇਣਗੇ।" ਮੈਂ ਕੁਰਲਾ ਪਿਆ, "ਪੁਲਿਸ ਨੇ ਪਿੱਛੇ ਅਲਜੀਰੀਆ ਹੀ ਸੁੱਟਣਾ ਏ, ਇਥੋਂ ਐਦਾਂ ਕੋਈ ਨਹੀਂ ਵਾਪਸ ਜਾ ਸਕਦਾ। ਚਾਰ ਮਹੀਨਿਆਂ ਤੋਂ ਪੁਲਿਸ ਹੱਥੋਂ ਖਰਾਬ ਹੁੰਦਾ, ਸਾਰੇ ਮੋਰੱਕੋ ਵਿਚ ਭੱਜਿਆ ਫਿਰ ਰਿਹਾਂ।"

ਆਖਰ ਸੋਚ-ਵਿਚਾਰ ਪਿਛੋਂ ਉਨ੍ਹਾਂ ਕਿਹਾ, "ਅਸੀਂ ਤੇਰੀ ਸਿੱਧੀ ਕੋਈ ਮਦਦ ਨਹੀਂ ਕਰ ਸਕਦੇ, ਤੇਰੇ ਘਰ ਫੋਨ ਕਰਾ ਦਿਆਂਗੇ, ਪਾਸਪੋਰਟ ਦੀ ਕਾਪੀ ਅਤੇ ਟਿਕਟ ਕੁਰੀਅਰ ਰਾਹੀਂ ਮੰਗਵਾ ਲੈ, ਇਸੇ ਤਰ੍ਹਾਂ ਹੀ ਤੂੰ ਜਾ ਸਕੇਂਗਾ। ਗੈਰਕਾਨੂੰਨੀ ਹੋਣ ਕਰ ਕੇ ਜ਼ਿਆਦਾ ਚਿਰ ਅੰਬੈਸੀ ਵਿਚ ਵੀ ਨਹੀਂ ਰੱਖ ਸਕਦੇ।"

ਅੱਗੇ ਹਫਤਾਵਾਰੀ ਤੇ ਤਿੰਨ ਦਿਨਾਂ ਦੀਆਂ ਛੁੱਟੀਆਂ ਸਨ। ਮੈਂ ਨਿਰਾਸ਼ਾ ਤੇ ਆਸ਼ਾ ਦੀ ਅਜੀਬ ਕਸ਼ਮਕਸ਼ ਵਿਚ ਉਲਝਿਆ ਬਾਹਰ ਨਿਕਲਿਆ। ਸਭ ਤੋਂ ਪਹਿਲਾਂ ਮਿਲੇ ਬੰਦੇ ਅੱਗੇ ਮੈਂ ਸਵਾਲ ਰੱਖਿਆ, "ਆਪਣੇ ਅਕਾਊਂਟ ਜ਼ਰੀਏ ਮੇਰੇ ਰਿਸ਼ਤੇਦਾਰ ਤੋਂ ਪੈਸੇ ਮੰਗਵਾ ਦਿਓ।" ਉਸ ਨੇ ਬੇਵਸੀ ਜਤਾਈ, "ਸਾਡੀ ਤਫਤੀਸ਼ ਹੋ ਸਕਦੀ ਹੈ।" ਫਿਰ ਤਸੱਲੀ ਦਿੰਦਿਆਂ 10-12 ਦਰ੍ਹਾਮ ਦੇ ਕੇ ਕਿਹਾ, "ਕੁਝ ਖਾ-ਪੀ ਲਈਂ।" ਮੈਂ 'ਸ਼ੁਕਰੀਆ' ਕਹਿ ਕੇ ਤੁਰ ਪਿਆ।

ਮਿਦਕ ਵਿਚ ਕੱਟੇ ਹੋਏ ਉਬੜ-ਖਾਬੜ ਸਿਰ ਦੇ ਵਾਲ, ਵਧੀ-ਖਿੱਲਰੀ, ਰੁੱਖੀ ਦਾੜ੍ਹੀ, ਗੰਦੀ ਕਮੀਜ਼, ਗਰੀਬ ਜਿਹਾ ਲੋਅਰ ਤੇ ਨਾਜ਼ੁਕ ਘਸੀ ਜੁੱਤੀ-ਕੁੱਲ ਮਿਲਾ ਕੇ, ਟੌਪ ਸ਼ਹਿਰ ਦੇ ਟੌਪ ਕਲਾਸ ਇਲਾਕੇ ਵਿਚ ਘੁੰਮਣ-ਫਿਰਨ ਲਈ ਮੇਰੀ ਹਾਲਤ ਹਲਕੀ ਸੀ। ਦੋ-ਤਿੰਨ ਹੋਰ ਅਹਿਮ ਸਵਾਲ ਵੀ ਮੂੰਹ ਅੱਡੀ ਖੜ੍ਹੇ ਸਨ, ਜਿਨ੍ਹਾਂ ਦੇ ਜਵਾਬ ਜ਼ਰੂਰੀ ਸੀ; ਰਾਤ ਨੂੰ ਕਿਥੇ ਸੌਂਵਾਂਗਾ? 12-13 ਦਰ੍ਹਾਮਾਂ ਨਾਲ ਤਿੰਨ ਦਿਨ ਕਿਵੇਂ ਕੱਢਾਂਗਾ? (ਛੁੱਟੀਆਂ ਕਾਰਨ ਕਿਤਿਓਂ ਪੈਸੇ ਮੰਗਵਾਉਣੇ ਮੁਮਕਿਨ ਨਹੀਂ ਸੀ)। ਚੜ੍ਹਦੇ ਬੁਖਾਰ ਤੇ ਅੰਦਰ ਪਈ ਗਰਮੀ ਦਾ ਕੀ ਇਲਾਜ ਹੋਵੇ? ਉਪਰ ਲੈਣ ਲਈ ਕੋਈ ਕੱਪੜਾ ਕਿਥੋਂ ਮਿਲੇ? ਆਪਣੀ ਜੈਕੇਟ ਬਹੁਤ ਗੰਦੀ ਹੋਣ ਕਰ ਕੇ ਤਿਤਵਾਨ ਦੇ ਬਸ ਅੱਡੇ 'ਤੇ ਹੀ ਛੱਡ ਆਇਆ ਸੀ ਤੇ ਹੁਣ ਪਛਤਾ ਰਿਹਾ ਸਾਂ। ਜਾਂਦੇ ਅਗਸਤ ਦੀਆਂ ਠੰਢੀਆਂ ਹਵਾਵਾਂ ਤੇ ਬੁਖਾਰ ਕਾਰਨ ਠੰਢ ਕੁਝ ਜ਼ਿਆਦਾ ਮਹਿਸੂਸ ਕਰ ਰਿਹਾ ਸਾਂ।

ਸੜਕਾਂ 'ਤੇ ਘੁੰਮਦਿਆਂ ਇਕ ਜਗ੍ਹਾ ਆਪਣੇ ਮਤਲਬ ਦੀ ਨਜ਼ਰ ਆਈ। ਚੱਲਦੀ ਸੜਕ 'ਤੇ ਫੁਟਪਾਥ ਨਾਲ ਸਾਢੇ ਪੰਜ ਕੁ ਫੁੱਟ ਉਚੀ ਦੀਵਾਰ ਸੀ, ਜਿਸ ਦੇ ਅੰਦਰ ਘਾਹ-ਬੂਟੇ, ਰੁੱਖ ਵਗੈਰਾ ਸਨ। ਚਾਰਦੀਵਾਰੀ ਦੂਰ ਤਕ ਸੀ, ਜਿਸ ਅੰਦਰ ਕਾਫੀ ਉਚੀ ਰਿਹਾਇਸ਼ੀ ਇਮਾਰਤ ਸੀ। ਇਹ ਥਾਂ ਅੰਬੈਸੀ ਤੋਂ ਕੋਈ ਇਕ ਕਿਲੋਮੀਟਰ ਦੂਰ ਸੀ। ਮੈਂ ਕਾਫੀ ਰਾਤ ਗਏ ਇਥੇ ਵਾਪਸ ਮੁੜਿਆ। ਆਲਾ-ਦੁਆਲਾ ਦੇਖ ਕੇ ਕੰਧ ਟੱਪ ਗਿਆ। ਸੜਕ ਤੋਂ ਕੰਧ ਨਾਲ ਦਾ ਸਿਰਫ ਤਿੰਨ-ਚਾਰ ਫੁੱਟ ਥਾਂ ਹੀ ਓਟ ਵਿਚ ਸੀ, ਜੋ ਫੁਟਪਾਥ ਤੋਂ ਲੰਘਦਿਆਂ ਨਜ਼ਰੀਂ ਨਹੀਂ ਸੀ ਪੈਂਦਾ। ਕੰਧ ਨਾਲੋਂ ਕੂੜਾ-ਝਾੜੀਆਂ ਸਾਫ ਕਰ ਕੇ ਲੰਮੇ ਪੈਣ ਜੋਗੀ ਜਗ੍ਹਾ ਬਣਾਈ। ਕੀੜੇ-ਕਾਢੇ ਕਾਫੀ ਤਦਾਦ ਵਿਚ ਸਨ ਜੋ ਸਰੀਰ 'ਤੇ ਕਦੇ ਕਿਤੇ ਤਿੱਖਾ ਡੰਗ ਮਾਰਦੇ, ਕਦੇ ਕਿਤੇ। ਬੁਖਾਰ ਵਿਚ ਠੰਢ ਨਾਲ ਕੰਬਦਿਆਂ ਗੋਡੇ ਢਿੱਡ 'ਚ ਦੇ ਕੇ ਉਸਲਵੱਟੇ ਲੈਂਦਿਆਂ ਬੜੀ ਭੈੜੀ ਰਾਤ ਗੁਜ਼ਾਰੀ। ਡੌਂਕਰਾਂ ਕੋਲ ਇੰਨਾ ਤਾਂ ਫਾਇਦਾ ਸੀ ਕਿ ਕੰਧਾਂ ਅੰਦਰ ਕੰਬਲਾਂ ਵਿਚ ਸੌਂਦੇ ਸਾਂ! ਅਗਲੇ ਤਿੰਨ ਦਿਨ ਤੇ ਤਿੰਨ ਰਾਤਾਂ ਇਕੋ ਜਿਹੇ ਗੁਜ਼ਰੇ, ਪਰ ਇਸ ਆਸ ਨੇ ਹੌਸਲਾ ਬੰਨ੍ਹਈ ਰੱਖਿਆ ਕਿ ਕੁਝ ਦਿਨਾਂ ਵਿਚ ਇੰਡੀਆ ਚਲੇ ਜਾਣਾ ਹੈ।

ਇਕ ਥਾਂ ਭਾਰ ਤੋਲਿਆ, ਧੱਕਾ ਲੱਗਾ। ਇੰਡੀਆ ਤੋਂ ਮੈਂ 86 ਕਿਲੋ ਦਾ ਮੋਟਾ-ਤਾਜ਼ਾ ਤੁਰਿਆ ਸਾਂ, ਪਰ ਹੁਣ 58 ਕਿਲੋ ਦਾ ਰਹਿ ਗਿਆ ਸਾਂ। ਵੈਸਟਰਨ ਯੂਨੀਅਨ ਰਾਹੀਂ ਪੈਸੇ ਮੰਗਵਾਉਣ ਲਈ ਕਈਆਂ ਨੂੰ ਪੁੱਛਿਆ, ਕਿਸੇ ਨੂੰ ਸਮਝ ਨਾ ਪਈ, ਕਿਸੇ ਨੇ ਬੇਵਸੀ ਜਤਾਈ ਤੇ ਕਿਸੇ ਕੋਲ ਵਕਤ ਨਹੀਂ ਸੀ। ਦਵਾਈਆਂ ਦੀ ਇਕ ਦੁਕਾਨ 'ਤੇ ਬਿਮਾਰੀ ਦਾ ਵਾਸਤਾ ਪਾ ਕੇ ਪੈਸੇ ਮੰਗਵਾਉਣ ਲਈ ਸਹਾਇਤਾ ਮੰਗੀ। ਉਸ ਨੇ ਨਾਂਹ ਕਰ ਦਿੱਤੀ, ਪਰ ਭੀਖ ਵਜੋਂ ਦੋ-ਤਿੰਨ ਦਰ੍ਹਾਮ ਮੇਰੀ ਤਲੀ 'ਤੇ ਰੱਖ ਦਿੱਤੇ। ਬੇਵਸੀ ਨਾਲ ਦਰ੍ਹਾਮ ਮੁੱਠੀ 'ਚ ਘੁੱਟ ਕੇ ਬਾਹਰ ਨਿਕਲ ਆਇਆ।

ਦੁਕਾਨ ਦੇ ਬੂਹੇ 'ਤੇ ਕੋਈ ਬਜ਼ੁਰਗ ਔਰਤ, ਡਾਕਟਰ ਦਾ ਲਿਖਿਆ ਦਵਾਈਆਂ ਦਾ ਪਰਚਾ ਦਿਖਾ ਕੇ ਦੀਨ-ਹੀਨ ਭਾਵਾਂ ਨਾਲ ਮੇਰੇ ਅੱਗੇ ਹੱਥ ਫੈਲਾਉਂਦੀ ਮੰਗਣ ਲੱਗੀ। ਹੈਰਤ ਹੋਈ ਕਿ ਮੇਰੀ ਬਦਤਰ ਹਾਲਤ ਦੇਖ ਕੇ ਵੀ ਕਿਸ ਉਮੀਦ ਨਾਲ ਮੈਥੋਂ ਮੰਗ ਰਹੀ ਸੀ! ਫਿਰ ਆਪਣੇ ਆਪ ਮੇਰਾ ਹੱਥ ਉਠਿਆ ਤੇ ਭੀਖ 'ਚ ਮਿਲੇ ਦਰ੍ਹਾਮ ਉਸ ਦੇ ਹੱਥ 'ਤੇ ਰੱਖ ਦਿੱਤੇ। ਉਹ ਭਰੇ ਗਲ ਨਾਲ 'ਸ਼ੁਕਰਾਨ ਸ਼ੁਕਰਾਨ' ਕਰਦੀ ਰਹੀ। ਫਿਰ ਮੇਰੇ ਅੰਦਰ ਖੌਰੇ ਕੀ ਖੌਲਿਆ, ਅਚਾਨਕ ਅੰਦਰੋਂ ਹਾਸਾ ਫੁੱਟ ਨਿਕਲਿਆ। ਸ਼ਾਇਦ ਮੈਨੂੰ ਆਪਣੇ-ਆਪ 'ਤੇ ਹਾਸਾ ਆ ਰਿਹਾ ਸੀ ਕਿ ਕਿਸੇ ਤੋਂ ਭੀਖ ਮੰਗ ਕੇ ਅੱਗੇ ਕਿਸੇ ਹੋਰ ਨੂੰ ਭੀਖ ਦੇ ਦਿੱਤੀ। ਮੰਗਤਾ ਦੂਜੇ ਮੰਗਤੇ ਨੂੰ ਭੀਖ ਦੇ ਰਿਹਾ ਸੀ!

ਚੌਥੀ ਸਵੇਰ 9.30 ਵਜੇ ਹੀ ਕਾਹਲੇ ਕਦਮੀਂ ਅੰਬੈਸੀ ਦੇ ਦਰ ਜਾ ਮੱਲੇ, ਪਰ ਅੰਬੈਸਡਰ ਨੇ ਦੇਰ ਨਾਲ ਆਉਣਾ ਸੀ। ਉਹੀ ਹਿੰਦੋਸਤਾਨੀ ਵੱਡੇ ਅਫਸਰ! ਉਹ ਵਿਵਸਥਾ ਨਾਲ ਥੋੜ੍ਹੀ ਚੱਲਦੇ ਸਨ, ਵਿਵਸਥਾ ਉਨ੍ਹਾਂ ਨਾਲ ਚੱਲਦੀ ਸੀ। ਇਕ ਡਾਕਖਾਨੇ ਵਿਚ ਵੈਸਟਰਨ ਯੂਨੀਅਨ ਦਾ ਸਾਈਨ ਬੋਰਡ ਦੇਖ ਕੇ ਅੰਦਰ ਗਿਆ। ਕਰਮਚਾਰੀ ਨਾਲ ਅੰਗਰੇਜ਼ੀ 'ਚ ਗੁਫਤਗੂ ਹੋਈ। ਸਾਜਿਦ ਨਾਂ ਦੇ ਉਸ ਬੰਦੇ ਨੇ ਕਮਿਸ਼ਨ ਦੇ ਲਾਲਚ ਵਿਚ ਪੈਸੇ ਮੰਗਾਉਣ ਲਈ ਹਾਮੀ ਭਰ ਦਿੱਤੀ। ਉਸ ਤੋਂ ਤਿੰਨ-ਚਾਰ ਦਰ੍ਹਾਮ ਮੰਗ ਕੇ ਫੋਨ-ਬੂਥ 'ਤੇ ਪਹੁੰਚਿਆ। ਸਪੇਨ ਰਹਿੰਦੇ ਆਪਣੇ ਮਸੇਰੇ ਭਰਾ ਨੂੰ ਘੱਟ ਲਫਜ਼ਾਂ 'ਚ ਹਾਲਾਤ ਦੀ ਗੰਭੀਰਤਾ ਸਮਝਾ ਕੇ ਸਾਜਿਦ ਦਾ ਨਾਂ ਪਤਾ ਲਿਖਾਉਣ ਲੱਗਾ ਤਾਂ ਪੈਸੇ ਮੁੱਕ ਗਏ। ਮੈਨੂੰ ਹੱਥਾਂ-ਪੈਰਾਂ ਦੀ ਪੈ ਗਈ, ਹੁਣ ਪੈਸੇ ਕਿਥੋਂ ਮੰਗਾਂ। ਇਧਰ ਉਧਰ ਦੇਖਿਆ। ਜਿਹੜਾ ਵੀ ਰਾਹ ਵਿਚ ਮਿਲਿਆ, ਤਰਲੇ ਮਾਰੇ, ਹਾੜ੍ਹੇ ਕੱਢੇ, ਪਰ ਹਰ ਕੋਈ ਪੱਲਾ ਬਚਾ ਕੇ ਨਿਕਲ ਗਿਆ। ਇਕ ਕਾਰ ਵਾਲੇ ਅੱਗੇ ਤਾਂ ਰੋਣਾ ਹੀ ਨਿਕਲ ਗਿਆ। ਉਸ ਨੇ ਇਕ ਦਰ੍ਹਾਮ ਤਲੀ 'ਤੇ ਰੱਖ ਦਿੱਤਾ। ਇਸ ਨਾਲ ਕੀ ਹੋਣਾ ਸੀ, ਬੇਵਸੀ ਨਾਲ ਡਾਡਾਂ ਨਿਕਲ ਗਈਆਂ। ਉਚੀ-ਉਚੀ ਰੋਂਦਾ, ਅੱਖਾਂ ਪੂੰਝਦਾ ਵਾਪਸ ਪਾਰਕ ਨੇੜੇ ਆ ਕੇ ਟੂਟੀ ਤੋਂ ਮੂੰਹ ਧੋਣ ਲੱਗਾ।

ਇਥੇ ਫੁੱਲਾਂ ਦੀ ਦੁਕਾਨ ਦੇ ਮਾਲਕ ਨਾਲ ਮੇਰੀ ਦੁਆ-ਸਲਾਮ ਸੀ। ਉਸ ਨੇ ਮੇਰੇ ਉਤਰੇ ਚਿਹਰੇ ਦਾ ਕਾਰਨ ਪੁੱਛਿਆ। ਮੈਂ ਟੁੱਟੇ-ਫੁੱਟੇ ਲਫਜ਼ਾਂ 'ਚ ਗੱਲ ਸਮਝਾਈ ਤਾਂ ਉਸ ਨੇ ਪੰਜ ਦਰ੍ਹਾਮ ਦੇ ਦਿੱਤੇ। ਮੈਂ ਬੂਥ ਵੱਲ ਦੌੜ ਲਾਈ। ਨਾਂ ਵਗੈਰਾ ਲਿਖਾ ਕੇ ਵਾਪਸ ਡਾਕਖਾਨੇ ਬਾਹਰ ਆ ਬੈਠਾ। 15-20 ਮਿੰਟ ਪਿਛੋਂ ਸਾਜਿਦ ਨੇ ਫੋਨ ਲਿਆ ਫੜਾਇਆ, ਮਸੇਰ ਭਰਾ ਦੀ ਆਵਾਜ਼ ਆਈ: "ਅੱਜ ਮੈਂ ਕੰਮ 'ਤੇ ਹਾਂ, ਪੈਸੇ ਕੱਲ੍ਹ ਪਾ ਦਊਂ।" ਲਾਚਾਰੀ ਅਤੇ ਅਣਜਾਣੇ ਭੈਅ ਨਾਲ ਅੰਦਰ ਫਟ ਪਿਆ, ਹੰਝੂਆਂ ਦੀਆਂ ਧਰਾਲਾਂ ਵਹਿ ਤੁਰੀਆਂ। ਹਟਕੋਰੇ ਲੈਂਦਾ ਮੈਂ ਉਚੀ ਉਚੀ ਬੋਲਦਾ ਗਿਆ: "ਮੈਂ ਇਥੇ ਮਰ ਚੱਲਿਆਂ, ਪਿਸ਼ਾਬ ਦੀ ਥਾਂ ਲਹੂ ਨਿਕਲ ਰਿਹੈ, ਸੜਕਾਂ 'ਤੇ ਧੱਕੇ ਖਾਨਾਂ, ਕੂੜੇ 'ਚ ਸੌਨਾਂ, ਤੇ ਉਪਰ ਲੈਣ ਨੂੰ ਕੱਪੜਾ ਤਕ ਨਹੀਂ। ਪੈਸੇ ਭੇਜਣੇ ਨੇ, ਤਾਂ ਅੱਜ ਹੀ ਭੇਜ, ਕਿਸੇ ਹੋਰ ਨੂੰ ਕਹਿ ਦੇਹ।" ਰੋਣਾ ਸੁਣ ਕੇ ਉਸ ਨੇ ਕਿਹਾ, "ਚੱਲ ਮੈਂ ਕਰਦਾਂ ਕੁਛ।"

ਕਾਫੀ ਦੇਰ ਬਾਅਦ ਮੁੜਿਆ ਤਾਂ ਪੈਸੇ ਆ ਗਏ ਸਨ। ਮੇਰੇ ਮਨ ਤੋਂ ਸਾਰਾ ਬੋਝ ਗਾਇਬ ਹੋ ਗਿਆ। ਸਾਜਿਦ ਨੇ ਸਾਢੇ ਚੌਦਾਂ ਸੌ ਦਰ੍ਹਾਮ ਮੇਰੇ ਹੱਥ ਫੜਾਏ। ਮੈਂ ਪੁੱਛਿਆ, "ਕਿੰਨੇ ਦੇਵਾਂ?" ਉਸ ਨੇ ਕਿਹਾ, "ਜਿੰਨੇ ਤੂੰ ਚਾਹੇਂ।" ਮੈਂ 50 ਦਰ੍ਹਾਮ ਦਾ ਨੋਟ ਉਸ ਵੱਲ ਵਧਾਇਆ।

ਫੁੱਲਾਂ ਵਾਲੇ ਨੂੰ ਧੱਕੇ ਨਾਲ ਪੰਜ ਦਰ੍ਹਾਮ ਮੋੜ ਕੇ ਅੰਬੈਸੀ ਵੱਲ ਚੱਲਿਆ ਹੀ ਸਾਂ ਕਿ ਪਿਛਿਓਂ ਸਾਜਿਦ ਨੇ ਆਵਾਜ਼ ਮਾਰੀ, "50 ਦਰ੍ਹਾਮ ਦੂਜੇ ਕਰਮਚਾਰੀ ਨੂੰ ਵੀ ਦੇਣੇ ਪੈਣੇ।" ਸਾਫ-ਸਾਫ ਕਮੀਨਗੀ ਸੀ, ਪਰ ਉਸ ਦੇ ਲਾਲਚ ਨਾਲ ਅੱਡੇ ਹੋਏ ਮੂੰਹ ਵਿਚ 50 ਦਰ੍ਹਾਮ ਦਾ ਇੱਕ ਹੋਰ ਨੋਟ ਤੁੰਨਣਾ ਪਿਆ। ਫਿਰ ਮੈਂ ਕਿਹਾ, ਕੋਈ ਸਸਤਾ ਜਿਹਾ ਫੋਨ ਲੈ ਦੇ। ਸਿੰਮ-ਕਾਰਡ ਸਣੇ ਫੋਨ 450 ਦਰ੍ਹਾਮ 'ਚ ਪਿਆ। ਹੁਣ ਮੈਂ ਕਾਫੀ ਨਿਸ਼ਚਿੰਤ ਸਾਂ, ਮੇਰੀ ਜੇਬ 'ਚ ਕਾਫੀ ਦਰ੍ਹਾਮ ਸਨ, ਫੋਨ ਸੀ।

ਅੰਬੈਸੀ ਪਹੁੰਚਿਆ। ਕਾਲੇ ਭਾਰੀ-ਭਰਕਮ ਦੱਖਣ-ਭਾਰਤੀ ਅੰਬੈਸਡਰ ਨੇ ਕਈ ਸਵਾਲ ਕਰਨ ਪਿਛੋਂ ਮੇਰੇ ਘਰ ਫੋਨ ਮਿਲਾ ਦਿੱਤਾ। ਮੰਮੀ ਦੀ ਆਵਾਜ਼ ਸੁਣਦੇ ਸਾਰ ਰੋਣਾ ਨਿਕਲ ਗਿਆ, ਮਿੰਨਤਾਂ ਕਰਦਾ ਕੁਰਲਾਇਆ, "ਮੰਮੀ! ਬਹੁਤ ਬਿਮਾਰ ਹਾਂ, ਮਰ ਚੱਲਿਆਂ, ਮੈਨੂੰ ਪਿੱਛੇ ਮੰਗਵਾ ਲਓ... ਅੰਬੈਸੀ 'ਚੋਂ ਬੋਲ ਰਿਹਾਂ।"

ਮੰਮੀ ਘਬਰਾ ਗਏ, ਇਹ ਕੀ ਹੋ ਗਿਆ ਸੀ! ਫਿਰ ਦਿਲਾਸਾ ਦਿੱਤਾ, "ਘਬਰਾ ਨਾ! ਸਭ ਠੀਕ ਹੋ ਜਾਊ, ਤੈਨੂੰ ਪਤਾ ਸਾਰੇ ਪੈਸੇ ਉਧਾਰ-ਕਰਜ਼ੇ ਦੇ ਨੇ। ਏਜੰਟ ਕਹਿੰਦਾ ਸੀ, ਵਾਪਿਸ ਮੁੜਿਆ ਵੀ ਤਾਂ ਤਿੰਨ ਲੱਖ ਨਹੀਂ ਵਾਪਿਸ ਕਰਨਾ। ਆਪਾਂ ਕਿੱਥੋਂ ਮੋੜਾਂਗੇ ਏਨੇ ਪੈਸੇ?"

ਮੈਂ ਫਿਰ ਕੁਰਲਾਇਆ, "ਸਾਰੇ ਪੈਸੇ ਮੈਂ ਮੋੜਾਂਗਾ, ਜਿਥੋਂ ਮਰਜ਼ੀ ਮੋੜਾਂ। ਖਾਨ ਵੀ ਤਾਂ ਡੇਢ ਲੱਖ ਮੰਗਣ ਡਿਹੈ, ਫਿਰ ਵੀ ਅੱਗੇ ਜਾਣ ਦੀ ਉਮੀਦ ਨਹੀਂ। ਮੈਂ ਇਥੇ ਹੀ ਰੁਲ-ਰੁਲ ਕੇ ਮਰ ਜਾਣਾ, ਰੱਬ ਦਾ ਵਾਸਤਾ ਟਿਕਟ ਭੇਜ ਦਿਓ।" ਮੈਂ ਟਿਕਟ-ਫਲਾਈਟ ਦਾ ਵੇਰਵਾ ਲਿਖਾ ਕੇ ਆਪਣਾ ਨੰਬਰ ਇਹ ਕਹਿ ਕੇ ਦੱਸਿਆ ਕਿ ਮੋਰੱਕੀ ਦੋਸਤ ਦਾ ਹੈ। ਫੋਨ ਕੱਟਿਆ ਤਾਂ ਅੰਬੈਸਡਰ ਨੇ ਅੱਖਾਂ ਸਿਕੋੜ ਕੇ ਪੁੱਛਿਆ, "ਕਿਸ ਕਾ ਨੰਬਰ ਦੀਆ ਹੈ?" ਮੈਂ ਝੂਠ ਦੁਹਰਾਇਆ ਤਾਂ ਉਹ ਭੜਕ ਪਿਆ, "ਤੁਮ੍ਹਾਰੇ ਪਾਸ ਪੈਸੇ ਹੈਂ, ਫੋਨ ਹੈ, ਝੂਠ ਬੋਲਤੇ ਹੋ।" ਦੱਸਿਆ, "ਹੁਣੇ ਮੰਗਵਾਏ ਸਨ ਪੈਸੇ...।" ਉਸ ਨੇ ਚਿੜ੍ਹ ਕੇ ਗੱਲ ਮੁਕਾਈ, "ਤੁਮ ਟਿਕਟ ਮੰਗਵਾ ਲੋ, ਤੁਮਹੇ ਭੇਜ ਦੇਂਗੇ, ਅਬ ਜਾਓ।"

ਬਾਹਰ ਨਿਕਲਿਆ। ਪਹਿਲੇ ਦਿਨ ਦੇ ਮਦਦਗਾਰ ਮੁਲਾਜ਼ਮ ਨੂੰ ਕਿਹਾ, "ਕੁਝ ਦਿਨਾਂ ਲਈ ਰਹਿਣ ਦਾ ਸਸਤਾ ਜਿਹਾ ਇੰਤਜ਼ਾਮ ਹੋ ਸਕਦੈ?" ਉਸ ਨੇ ਕਿਸੇ ਮੋਰੱਕੀ ਸਫਾਈ ਮੁਲਾਜ਼ਮ ਨੂੰ ਗੱਲ ਸਮਝਾ ਦਿੱਤੀ।

ਮੈਂ ਪਾਰਕ 'ਚ ਜਾ ਬੈਠਾ। ਮੈਂ ਸਿਰਫ ਇੰਤਜ਼ਾਰ ਕਰਨਾ ਸੀ। ਹੁਣ ਜੋ ਕੁਝ ਵੀ ਕਰਨਾ ਸੀ, ਘਰਦਿਆਂ ਨੇ ਕਰਨਾ ਸੀ, ਵਕਤ ਨੇ ਕਰਨਾ ਸੀ। ਗਰਮੀ ਦੇ ਸਰਲ ਇਲਾਜ ਅਤੇ ਪੇਟ ਖਾਤਰ ਕੁਝ ਫਲ ਖਾ ਕੇ, ਕਿਸੇ ਫਾਰਮੈਸੀ 'ਚ ਵੜਿਆ, ਜਿਥੋਂ ਦਵਾਈ ਦੀ ਥਾਂ ਸ਼ਹਿਰ ਦੇ ਦੁਰਾਡੇ ਕੋਨੇ ਦੇ ਕਿਸੇ ਡਾਕਟਰ ਦਾ ਐਡਰੈਸ ਹੱਥ ਫੜਾ ਦਿੱਤਾ ਗਿਆ। ਟੈਕਸੀ ਦੇ ਪਹੀਏ ਸੜਕ 'ਤੇ ਨਹੀਂ, ਜਿਵੇਂ ਮੇਰੇ ਸਰੀਰ ਉਪਰ ਚੱਲ ਰਹੇ ਹੋਣ। ਮੀਟਰ ਦੇ ਵਧਦੇ ਅੰਕਾਂ ਦੇ ਨਾਲ-ਨਾਲ ਮੇਰੇ ਅੰਦਰ ਦਾ ਪਾਰਾ ਵੀ ਚੜ੍ਹਦਾ ਗਿਆ। ਇਹ 15-16 ਦਰ੍ਹਾਮ ਦੇਣੇ ਬਹੁਤ ਦੁਖੇ, ਕਿਉਂਕਿ ਇੰਨੇ 'ਚ ਤਿੰਨ-ਚਾਰ ਦਿਨਾਂ ਦਾ ਖਾਣਾ ਚੱਲਣਾ ਸੀ। ਉਤੋਂ ਡਾਕਟਰ ਵੀ ਨਹੀਂ ਸੀ ਆਇਆ। ਮੈਂ ਡੇਢ-ਦੋ ਘੰਟੇ ਤੁਰ ਕੇ ਵਾਪਿਸ ਪਹੁੰਚਿਆ, ਪਰ ਇਕ ਗੱਲ ਚੰਗੀ ਹੋ ਗਈ, ਰਸਤੇ 'ਚੋਂ, ਕੂੜੇ ਦੇ ਢੇਰ ਤੋਂ ਪੁਰਾਣੀ ਕੋਟੀ ਲੱਭ ਗਈ, ਤੇ ਕੱਪੜਿਆਂ 'ਤੇ ਪੈਸੇ ਖਰਚਣ ਦਾ ਇਰਾਦਾ ਬਦਲ ਗਿਆ। ਉਸ ਰਾਤ ਠੰਢ ਤੋਂ ਕੁਝ ਬਚਾਅ ਰਿਹਾ।

ਅਗਲੇ ਦਿਨ ਡੈਡੀ ਜੀ ਦਾ ਫੋਨ ਆ ਗਿਆ। ਗੱਲ ਪਿੱਛੋਂ ਸ਼ੁਰੂ ਹੁੰਦੀ, ਰੋਣ ਮੈਂ ਪਹਿਲਾਂ ਲੱਗ ਪੈਂਦਾ; ਉਸ ਨੰਨ੍ਹੇ ਬਾਲ ਵਾਂਗ ਜੋ ਮਾਂ-ਬਾਪ ਤੋਂ ਵਿਛੜ ਗਿਆ ਹੋਵੇ। ਮੇਰੀ ਇਕੋ ਰਟ ਸੀ, "ਮੈਨੂੰ ਪਿੱਛੇ ਸੱਦ ਲਓ, ਨਹੀਂ ਤਾਂ ਗੱਡੀ ਥੱਲੇ ਆ ਕੇ ਮਰ ਜਾਣਾ।" ਰੋਂਦਾ-ਕਲਪਦਾ ਪਤਾ ਨਹੀਂ ਕੀ-ਕੀ ਬੋਲੀ ਜਾਂਦਾ। ਕਿੰਨਾ ਬੇਵਸ ਤੇ ਬੇਆਸਰਾ ਸਾਂ। ਜ਼ਰਾ ਵੀ ਅਹਿਸਾਸ ਨਹੀਂ ਸੀ ਕਿ ਇਨ੍ਹਾਂ ਮਹੀਨਿਆਂ 'ਚ ਮਾਂ-ਬਾਪ ਤੇ ਭੈਣ-ਭਰਾ 'ਤੇ ਕੀ ਬੀਤੀ ਹੋਊ।

ਟਿਕਟ ਆਉਣ 'ਚ ਕੁਝ ਕੁ ਦਿਨ ਅਜੇ ਲੱਗਣੇ ਸਨ। ਇਥੇ ਪੁਲਿਸ ਦਾ ਡਰ ਨਾ-ਮਾਤਰ ਸੀ, ਇਕ ਜਣੇ ਨੂੰ ਕੋਈ ਨਹੀਂ ਸੀ ਪੁੱਛਦਾ, ਪਰ 8-10 ਦਿਨਾਂ ਲਈ ਟਿਕਾਣਾ ਜ਼ਰੂਰੀ ਸੀ। ਸਾਜਿਦ ਤੇ ਫੁੱਲਾਂ ਵਾਲੇ ਨੂੰ ਸਸਤਾ ਕਮਰਾ ਲੱਭਣ ਲਈ ਕਿਹਾ। ਦੋ ਦਿਨ ਹੋਰ ਗੁਜ਼ਰ ਗਏ। ਫਲ ਤੇ ਠੰਢੀਆਂ ਚੀਜ਼ਾਂ ਖਾਣ ਨਾਲ ਪਿਸ਼ਾਬ ਦਾ ਰੰਗ ਫਿੱਕਾ ਪੈਣ ਲੱਗ ਪਿਆ ਸੀ, ਯਾਨਿ ਇਲਾਜ ਦੇ ਪੈਸੇ ਵੀ ਬਚ ਗਏ, ਪਰ ਸਰੀਰ ਨਿਸੱਤਾ ਹੋ ਗਿਆ ਸੀ।

ਸ਼ੇਵ ਕਰਵਾਈ, ਵਾਲ ਠੀਕ ਸਨ। ਜਲਦਬਾਜ਼ੀ 'ਚ ਮਹਿੰਗੀ ਟੀ-ਸ਼ਰਟ ਖਰੀਦ ਬੈਠਾ ਜੋ ਪਾਉਣ ਦੀ ਥਾਂ ਕੱਛ ਵਿਚ ਲੁਕੋਈ ਰੱਖਦਾ। ਨਹਾਉਣ ਦਾ ਸਾਧਨ ਕਿਤੇ ਨਜ਼ਰ ਨਹੀਂ ਆਇਆ। ਪਾਰਕ ਸਾਹਮਣੇ ਫਰਨੀਚਰ ਦਾ ਸ਼ੋਅ-ਰੂਮ ਸੀ। ਕਦੇ ਸੋਚਦਾ, ਉਨ੍ਹਾਂ ਨੂੰ ਕਹਾਂ, ਮੈਨੂੰ ਕੰਮ ਆਉਂਦੇ, ਕੋਈ ਕੰਮ ਦੇ ਦਿਓ, ਪਰ ਗੈਰਕਾਨੂੰਨੀ ਬੰਦੇ ਲਈ ਕਿਸੇ ਕੋਲ ਵੀ ਕੰਮ ਨਹੀਂ ਸੀ ਸ਼ਾਇਦ। ਸਾਹਮਣੇ ਬੈਂਕ ਸੀ, ਕਦੇ ਸੋਚ ਉਬਲਦੀ, ਬੈਂਕ ਲੁੱਟ ਕੇ ਇੰਡੀਆ ਦੀ ਟਿਕਟ ਖਰੀਦ ਕੇ ਨਿਕਲ ਜਾਵਾਂ।




***ਅੰਬੈਸੀ ਪਹੁੰਚਿਆ। ਕਾਲੇ ਭਾਰੀ-ਭਰਕਮ, ਥੁਲਥੁਲ ਜਿਸਮ ਵਾਲੇ ਦੱਖਣ-ਭਾਰਤੀ ਅੰਬੈਸਡਰ ਨੇ ਕਾਫੀ ਸਵਾਲ-ਜਵਾਬ ਤੋਂ ਬਾਅਦ ਮੇਰੇ ਘਰ ਫੋਨ ਮਿਲਾ ਦਿੱਤਾ। ਮੰਮੀ ਦੀ ਆਵਾਜ਼ ਸੁਣਦੇ ਸਾਰ ਰੋਣਾ ਨਿਕਲ ਗਿਆ, ਮਿੰਨਤਾਂ ਕਰਦਾ ਕੁਰਲਾਇਆ: "ਮੰਮੀ! ਬਹੁਤ ਬਿਮਾਰ ਹਾਂ, ਮਰ ਚੱਲਿਆ ਹਾਂ, ਹੁਣ ਹੋਰ ਨਹੀਂ ਸਹਿ ਹੁੰਦਾ, ਮੈਨੂੰ ਪਿੱਛੇ ਮੰਗਵਾ ਲਓ... ਅੰਬੈਸੀ 'ਚੋਂ ਬੋਲ ਰਿਹਾਂ।" ਮੰਮੀ ਘਬਰਾ ਗਏ, ਇਹ ਕੀ ਹੋ ਗਿਆ ਸੀ!***

ਇਕ ਦਿਨ ਸੜਕ ਕੰਢੇ ਬੈਠਾ ਸਾਂ। ਥੋੜ੍ਹਾ ਪਰ੍ਹੇ ਵੱਡੀ ਗੱਡੀ 'ਚ ਬੈਠਾ ਬੰਦਾ ਦੇਰ ਤੋਂ ਕਿਸੇ ਨੂੰ ਉਡੀਕ ਰਿਹਾ ਸੀ। ਇਕ-ਦੋ ਵਾਰ ਸਹਿਜ-ਸੁਭਾਅ ਸਾਡੀਆਂ ਨਿਗਾਹਾਂ ਵੀ ਮਿਲੀਆਂ। ਫਿਰ ਉਸ ਨੇ ਹੱਥ ਦੇ ਇਸ਼ਾਰੇ ਨਾਲ ਬੁਲਾਇਆ। ਕਰੀਬ ਗਿਆ ਤਾਂ 20 ਦਰ੍ਹਾਮ ਦਾ ਨੋਟ ਮੈਨੂੰ ਦੇ ਕੇ ਅਰਬੀ 'ਚ ਦੋ ਸ਼ਬਦ ਬੋਲੇ। ਮੈਂ ਸੋਚਿਆ, ਸ਼ਾਇਦ ਕੁਝ ਮੰਗਵਾਉਣਾ ਚਾਹੁੰਦਾ ਏ। ਮੇਰੇ ਚਿਹਰੇ 'ਤੇ ਸਸ਼ੋਪੰਜ ਵਾਲੇ ਭਾਵ ਦੇਖ ਕੇ ਉਸ ਕਿਹਾ, "ਇਟਸ ਫੌਰ ਯੂ।" ਮੈਂ ਹੈਰਾਨ! ਝਿਜਕਦਾ ਜਿਹਾ, ਸਿਰ ਨਿਵਾ ਕੇ 'ਥੈਂਕਯੂ' ਕਹਿ ਕੇ ਵਾਪਸ ਆਣ ਬੈਠਾ। ਉਹ ਚਲੇ ਗਿਆ ਤਾਂ ਸੋਚ ਆਈ ਕਿ ਹੋਰ ਨਹੀਂ ਤਾਂ ਕਮੀਜ਼ ਨਾਲ ਗੱਡੀ ਹੀ ਸਾਫ ਕਰ ਦਿੰਦਾ। ਪਤਾ ਨਹੀਂ ਕੀ ਸੋਚ ਕੇ ਉਸ ਭਲੇ ਇਨਸਾਨ ਨੇ ਪੈਸੇ ਦਿੱਤੇ ਸਨ। ਕਿਸੇ ਦਿਨ ਮੈਂ ਚਹੁੰ ਦਰ੍ਹਾਮਾਂ ਲਈ ਥਾਂ-ਥਾਂ ਕਿੰਨੇ ਲੋਕਾਂ ਅੱਗੇ ਰੋਂਦਾ ਕੁਰਲਾਉਂਦਾ ਰਿਹਾ ਸਾਂ। ਅੱਜ ਜੇਬ 'ਚ ਪੈਸੇ ਸਨ ਤੇ ਚੁੱਪ-ਚਾਪ ਬੈਠੇ ਨੂੰ 20 ਦਰ੍ਹਾਮ ਮਿਲ ਗਏ ਸਨ।

ਇਹ ਸਾਰਾ ਵਾਕਿਆ ਆਵਾਰਾ ਜਿਹੇ ਲੱਗਦੇ ਮੋਰੱਕੀ ਦੀਆਂ ਨਜ਼ਰਾਂ 'ਚੋਂ ਗੁਜ਼ਰਿਆ ਸੀ। ਉਹ ਪਹਿਲਾਂ ਗੱਲਾਂ ਨਾਲ, ਤੇ ਫਿਰ ਧੱਕੇ ਨਾਲ 20 ਦਰ੍ਹਾਮ 'ਚ ਹਿੱਸੇਦਾਰੀ ਜਤਾਉਣ ਲੱਗਾ। ਮੈਂ ਗੁੱਸੇ 'ਚ ਭੜਕ ਪਿਆ। ਫਿਰ ਉਹ ਬਕਦਾ-ਝਕਦਾ ਪਰ੍ਹੇ ਤੁਰ ਗਿਆ। ਕਮਾਲ ਸੀ, ਮੰਗਤੇ ਨੂੰ ਲੁਟੇਰਾ ਪੈ ਚੱਲਿਆ ਸੀ! ਇਨ੍ਹਾਂ ਦਿਨਾਂ ਵਿਚ ਗਾਹੇ-ਬ-ਗਾਹੇ ਰਿਸ਼ਤੇਦਾਰਾਂ ਦੇ ਫੋਨ ਵੀ ਆਉਂਦੇ ਰਹੇ। ਸਭ ਆਪੋ-ਆਪਣੇ ਢੰਗਾਂ-ਵਿਚਾਰਾਂ ਨਾਲ ਹੌਸਲੇ ਦਿੰਦੇ, ਤੇ ਮੈਂ ਰਬਾਤ ਦੀਆਂ ਸੜਕਾਂ ਕੱਛਦਾ ਰਿਹਾ।

ਇਕ ਰੋਜ਼ ਪਾਰਕ ਵਿਚ ਬੈਠਾ ਸਾਂ, ਸਫਾਈ ਮੁਲਾਜ਼ਮਾਂ ਦੀ ਵਰਦੀ ਪਹਿਨੀ ਦੋ ਕੁੜੀਆਂ ਕੋਲ ਆ ਬੈਠੀਆਂ। ਆਇਸ਼ਾ ਨਾਂ ਦੀ ਖੂਬਸੂਰਤ ਕੁੜੀ ਗੱਲੀਂ ਪੈ ਗਈ: ਕੀ ਨਾਂ ਏ? ਕਿੱਥੋਂ ਦਾ ਏਂ? ਜਾਣਾ ਕਿਥੇ ਹੈ? ਸੰਗਦੇ-ਝਿਜਕਦੇ ਨੇ ਦੱਸਿਆ। ਫਿਰ ਉਹ ਇਸ਼ਾਰਿਆਂ ਨਾਲ ਅਰਬੀ ਲਫਜ਼ ਸਿਖਾਉਣ ਲੱਗ ਪਈ: ਰੁੱਖ, ਘਾਹ, ਸੜਕ, ਕਾਰ, ਫੁੱਲ,

(ਬਾਕੀ ਅਗਲੇ ਸਫੇ 'ਤੇ)

ਹੱਡ ਬੀਤੀ

# ਮੇਰਾ ਮੌਤ ਦੇ ਪੰਜੇ 'ਚੋਂ ਬਚਣਾ

ਅਸੀਂ ਪੰਜਾਬੀ ਪੰਜਾਬ ਵਿਚ ਦੁੱਧ ਘਿਉ ਤੇ ਹੋਰ ਭਾਰੀਆਂ ਖੁਰਾਕਾਂ ਖਾਂਦੇ ਵੱਡੇ ਹੋਏ; ਹਰ ਤੁਰਾਂ ਦਾ ਭਾਰਾ ਖਾਣਾ ਖਾਣ ਦੇ ਪੁਸ਼ਤਾਂ ਤੋਂ ਆਦੀ ਹਾਂ ਪਰ ਸਖਤ ਕੰਮ ਵੀ ਕਰਿਆ ਕਰਦੇ ਸਾਂ ਜਿਸ ਕਰਕੇ ਭਾਰੀ ਚਰਬੀ ਵਾਲੀ ਖੁਰਾਕ ਦਾ ਸਰੀਰ 'ਚ ਸੌਖਿਆਂ ਹੀ ਜਜ਼ਬ ਹੋ ਜਾਣਾ ਸੰਭਵ ਸੀ। ਸਮਾਂ ਬਦਲਿਆ, ਖੁਰਾਕਾਂ ਤਾਂ ਉਹੀ ਰਹੀਆਂ ਪਰ ਸਰੀਰ ਦੀ ਮੁਸ਼ੱਕਤ ਘਟ ਗਈ। ਸੁੱਖ ਸਹੂਲਤਾਂ ਦੇ ਵਾਧੇ ਨੇ ਭਾਰੀ ਖੁਰਾਕ ਨੂੰ ਸਾਡਾ ਦੁਸ਼ਮਣ ਬਣਾ ਦਿੱਤਾ। ਪੈਦਲ ਤੁਰਨ ਦੀ ਥਾਂ ਮੋਟਰਾਂ ਗੱਡੀਆਂ ਚੜ੍ਹਨ ਲੱਗੇ, ਸਖਤ ਮਿਹਨਤ ਦੀ ਥਾਂ ਮਸ਼ੀਨਾਂ ਨੇ ਲੈ ਲਈ ਤੇ ਇੰਜ ਸਰੀਰਾਂ 'ਚ ਚਰਬੀ ਜਮ੍ਹਾਂ ਹੋਣ ਲੱਗੀ, ਜੋ ਕਈ ਰੋਗਾਂ ਨੂੰ ਵੀ ਨਾਲ ਲੈ ਆਈ।

ਕਲਵੰਤ ਸਿੰਘ ਸਹੋਤਾ
ਫੋਨ: 604-589-5919

ਨਤੀਜਨ ਸ਼ੂਗਰ, ਸਟਰੋਕ ਤੇ ਦਿਲ ਦੇ ਰੋਗ ਵਧ ਗਏ। ਸੁਭਾਵਿਕ ਹੀ ਮੈਨੂੰ ਵੀ ਫਿਕਰ ਹੋਇਆ ਕਿ ਇਨ੍ਹਾਂ ਤੋਂ ਬਚਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਇਹ ਸਹੀ ਹੈ ਕਿ ਸਿਹਤਮੰਦ ਖਾਣਾ ਖਾਓ, ਕਸਰਤ ਕਰੋ ਤੇ ਫਿਕਰ ਤੋਂ ਮੁਕਤ ਰਹੋ ਤਾਂ ਇਨ੍ਹਾਂ ਅਲਾਮਤਾਂ ਤੋਂ ਬਚਿਆ ਜਾ ਸਕਦਾ ਹੈ।

ਪਿਛਲੇ ਕਰੀਬ ਦੋ ਦਹਾਕਿਆਂ ਤੋਂ ਮੈਂ ਕਸਰਤ ਤੇ ਸਿਹਤਮੰਦ ਖਾਣੇ ਵਲ ਉਚੇਚਾ ਧਿਆਨ ਦਿੰਦਾ ਆ ਰਿਹਾ ਹਾਂ ਕਿ ਕਿਤੇ ਮੇਰੀ ਵੀ ਓਪਨ ਹਰਟ ਸਰਜਰੀ ਨਾ ਹੋਵੇ। ਨੇਮ ਬੱਧ ਡਾਕਟਰ ਕੋਲ ਜਾਣਾ ਤੇ ਖੂਨ ਟੈਸਟ ਹੁੰਦੇ ਰਹੇ ਜਿਸ ਨਾਲ ਪਤਾ ਲੱਗਦਾ ਰਿਹਾ ਕਿ ਮੇਰਾ ਬਲੱਡ ਪ੍ਰੈਸ਼ਰ, ਕੋਲੈਸਟਰੋਲ, ਸ਼ੂਗਰ ਤੇ ਹੋਰ ਸਭ ਕੁਝ ਸਹੀ ਰਿਹਾ। ਮੇਰਾ ਫੈਮਲੀ ਫਿਜ਼ੀਸ਼ਨ ਵੀ ਇਸ ਗੱਲੋਂ ਖੁਸ਼ ਤੇ ਸੰਤੁਸ਼ਟ ਸੀ ਕਿ ਮੈਂ ਦੁਆਈਆਂ ਰਹਿਤ ਸਿਹਤਮੰਦ ਜੀਵਨ ਸ਼ੈਲੀ ਅਪਨਾ ਕੇ ਤੰਦਰੁਸਤੀ ਦੀ ਸਹੀ ਲੀਹ 'ਤੇ ਹਾਂ।

ਦੋ ਦਹਾਕਿਆਂ ਤੋਂ ਵੱਧ ਮੈਨੂੰ ਦੌੜਦਿਆਂ ਤੇ ਹਾਈਕ ਕਰਦਿਆਂ ਹੋ ਗਿਆ, ਪੰਜ ਕਿਲੋਮੀਟਰ ਤੋਂ ਲੈ ਕੇ ਹਾਫ ਮੈਰਾਥਾਨ ਦੌੜਾਂ 'ਚ ਹਿਸਾ ਲੈਣਾ ਮੇਰਾ ਨੇਮ ਬਣਿਆ ਰਿਹਾ। ਇਹ ਨੇਮ ਮੈਨੂੰ ਇਨ੍ਹਾਂ ਦੌੜਾਂ 'ਚ ਹਿੱਸਾ ਲੈਣ ਲਈ ਉਤਸ਼ਾਹਿਤ ਭੀ ਕਰਦਾ ਤੇ ਨਾਲ ਨਾਲ ਮੇਰੇ ਸਰੀਰ ਤੇ ਮਨ ਨੂੰ ਲਗਾਤਾਰ ਉਰਜਾ ਦਾ ਸੋਮਾ ਵੀ ਬਣਦਾ ਰਿਹਾ। ਹਰ ਅਗਲੀ ਦੌੜ 'ਚ ਮੈਂ ਆਪਣਾ ਸਮਾਂ ਹੋਰ ਬਿਹਤਰ ਬਣਾਉਣ ਲਈ ਹੋਰ ਸ਼ਿੱਦਤ ਨਾਲ ਤਿਆਰੀ ਕਰਦਾ। ਅਗਲੀ ਦੌੜ ਜਦ ਮੈਂ ਘੱਟ ਸਮੇਂ 'ਚ ਪੂਰੀ ਕਰ ਲੈਂਦਾ ਤਾਂ ਮੈਨੂੰ ਅੰਤਾਂ ਦੀ ਖੁਸ਼ੀ ਹੁੰਦੀ ਤੇ ਲਗਦਾ ਜਿਵੇਂ ਮੈਂ ਦੌੜ 'ਚ ਸੋਨ ਤਮਗਾ ਜਿੱਤ ਲਿਆ ਹੋਵੇ। ਮੈਂ ਆਪਣੇ ਆਪ ਨੂੰ ਉਲੰਪੀਅਨ ਬਣਿਆ ਮਹਿਸੂਸ ਕਰਦਾ। ਦਰਅਸਲ ਇਨ੍ਹਾਂ ਦੌੜਾਂ 'ਚ ਹਿਸਾ ਲੈਣ ਵਾਲਾ ਹਰ ਇਕ ਹੀ ਉਲੰਪੀਅਨ ਹੈ, ਕਿਉਂਕਿ ਤੁਹਾਡਾ ਆਪਣੇ ਆਪ ਨਾਲ ਹੀ ਮੁਕਾਬਲਾ ਹੁੰਦਾ ਹੈ।

ਇਸੇ ਦੌੜ ਦੇ ਉਤਸ਼ਾਹ ਦੀ ਲੋਰ ਚੜ੍ਹਿਆਂ ਮੈਨੂੰ ਹਾਈਕ ਕਰਨ ਦਾ ਭੁੱਸ ਪੈ ਗਿਆ। ਮੈਟਰੋ ਵੈਨਕੂਵਰ ਦੀ ਪ੍ਰਸਿੱਧ ਹਾਈਕ ਟਰੇਲ ਵੀ ਹਾਈਕ ਕਰਦਿਆਂ ਮੈਨੂੰ ਦੋ ਦਹਾਕੇ ਹੋ ਚੱਲੇ ਹਨ। ਇਹ ਹੈ ਗਰਾਊਜ਼ ਗਰਾਈਂਡ, ਜਿਸ ਦੀ ਵਾਟ ਹੈ ਕੋਈ ਤਿੰਨ ਕਿਲੋਮੀਟਰ ਤੇ ਸਿੱਧੀ ਉਚਾਈ ਹੈ, ਨੌਂ ਸੌ ਮੀਟਰ। ਦੌੜਨ ਦੇ ਨਾਲ ਨਾਲ ਮੈਨੂੰ ਗਰਾਈਂਡ ਹਾਈਕ ਕਰਨ ਦਾ ਵੀ ਭੱਸ ਬਣਿਆ ਰਿਹਾ। ਇਥੇ ਵੀ ਹਰ ਵਾਰੀ ਮੈਂ ਦੇਖਦਾ ਕਿ ਕਿਤਨਾ ਸਮਾਂ ਲੱਗਾ ਤੇ ਇੰਜ ਹਰ ਵਾਰ ਪਹਿਲਾਂ ਨਾਲੋਂ ਬਿਹਤਰ ਸਮੇਂ 'ਚ ਹਾਈਕ ਪੂਰੀ ਕਰਨ ਦੀ ਹੋੜ 'ਚ ਰਹਿੰਦਾ। ਦੌੜਾਂ ਦਾ ਤੇ ਗਰਾਊਜ਼ ਗਰਾਈਂਡ ਦਾ ਸਮਾਂ ਮੇਰਾ ਪੈਮਾਨਾ ਸਨ, ਜੋ ਸਾਲਾਂ ਬੱਧੀ ਮੈਂ ਹੋਰ ਵਧੀਆ ਬਣਾਉਣ ਦਾ ਯਤਨ ਕਰਦਾ ਰਿਹਾ ਜਾਂ ਬਰਕਰਾਰ ਰੱਖ ਸਕਿਆ।

ਇਸੇ ਰੁਟੀਨ ਵਿਚ ਦੋ ਦਹਾਕੇ ਬੀਤ ਜਾਣ ਬਾਅਦ ਮੈਨੂੰ ਮਹਿਸੂਸ ਹੋਣ ਲੱਗਾ ਜਿਵੇਂ ਬਰੇਕਾਂ ਲੱਗ ਗਈਆਂ ਹੋਣ; ਮੇਰੇ ਪੂਰਾ ਜ਼ੋਰ ਲਾਉਣ ਦੇ ਬਾਵਜੂਦ ਮੇਰਾ ਸਮਾਂ ਵਧੀਆ ਤਾਂ ਕੀ ਹੋਣਾ ਸਗੋਂ ਪਹਿਲਾਂ ਜਿੰਨਾ ਵੀ ਬਰਕਰਾਰ ਨਾ ਰੱਖ ਹੋਵੇ। ਜਾਪਿਆ ਕਿਤੇ ਨਾ ਕਿਤੇ ਕੁਝ ਗਲਤ ਜਰੂਰ ਹੈ। ਨੇਮ ਅਨੁਸਾਰ ਜਦੋਂ ਮੈਂ ਖੂਨ ਟੈਸਟ ਬਾਅਦ ਡਾਕਟਰ ਕੋਲ ਗਿਆ ਤਾਂ ਉਸ ਕੋਲ ਦੌੜਾਂ ਤੇ ਹਾਈਕ ਕਰਨ ਦੇ ਸਮੇਂ ਦੇ ਹੌਲੀ ਹੋ ਜਾਣ ਦੀ ਗੱਲ ਕੀਤੀ ਤਾਂ ਉਸ ਕਿਹਾ ਕਿ ਇਹ ਉਮਰ ਦਾ ਤਕਾਜ਼ਾ ਹੈ। ਇਹ ਵੀ ਦੱਸਿਆ ਕਿ ਮੇਰਾ ਕੋਲੈਸਟਰੋਲ, ਸ਼ੂਗਰ, ਟਰਾਈ ਗਲਿਸਰਾਈਡਜ਼ ਤੋਂ ਇਲਾਵਾ ਬਲੱਡ ਪ੍ਰੈਸ਼ਰ ਤੇ ਬਾਕੀ ਸਭ ਗਿਣਤੀਆਂ-ਮਿਣਤੀਆਂ ਵੀ ਠੀਕ ਹਨ ਤਾਂ ਮੈਨੂੰ ਲੱਗਿਆ ਕਿ ਮੇਰਾ ਐਵੇਂ ਭਰਮ ਹੀ ਹੈ।

ਇੰਜ ਇੱਕ ਸਾਲ ਹੋਰ ਲੰਘ ਗਿਆ। ਦੌੜ ਦਾ ਤੇ ਹਾਈਕ ਦਾ ਸਮਾਂ ਪਿਛਲੇ ਸਾਲ ਨਾਲੋਂ ਵੀ ਵੱਧ ਲੱਗਣ ਲੱਗਾ। ਦਸ ਕਿਲੋਮੀਟਰ ਪਿਛਲੇ ਸਾਲ 'ਚ ਕਿਤਨੇ ਚਿਰ 'ਚ ਦੌੜ ਲੈਂਦਾ ਸੀ ਅਤੇ ਗਰਾਊਜ਼ ਗਰਾਈਂਡ ਕਿਤਨੇ ਸਮੇਂ 'ਚ ਕਰ ਲੈਂਦਾ ਸੀ, ਇਨ੍ਹਾਂ ਦੋਹਾਂ ਦਾ ਹੀ ਸਮਾਂ ਹੋਰ ਵੀ ਵਧ ਗਿਆ। ਨਿਯਮਤ ਸਮੇਂ ਤੇ ਜਦੋਂ ਮੈਂ ਅਗਲੇ ਸਾਲ ਮੁੜ ਬਲੱਡ ਵਰਕ ਤੋਂ ਬਾਅਦ ਡਾਕਟਰ ਕੋਲ ਗਿਆ ਤਾਂ ਫਿਰ ਸਭ ਕੁਝ ਠੀਕ ਠਾਕ ਨਿਕਲਿਆ। ਮੈਂ ਪਿਛਲੇ ਸਾਲ ਵਾਂਗ ਹੀ ਮੁੜ ਜ਼ਿਕਰ ਕੀਤਾ ਕਿ ਮੇਰਾ ਦੌੜ ਦਾ ਤੇ ਹਾਈਕ ਦਾ ਸਮਾਂ ਤਾਂ ਪਿਛਲੇ ਸਾਲ ਨਾਲੋਂ ਵੀ ਹੌਲੀ ਹੋ ਗਿਆ ਹੈ ਤਾਂ ਅੱਗੋਂ ਮੁੜ ਉਹੀ ਜੁਆਬ ਮਿਲਿਆ ਕਿ ਇਹ ਉਮਰ ਕਰਕੇ ਹੈ। ਅੱਗੋਂ ਮੈਂ ਗੰਭੀਰਤਾ ਨਾਲ ਕਿਹਾ ਕਿ ਸਮੇਂ ਦਾ ਇਤਨਾ ਫਰਕ ਤਾਂ ਪਿਛਲੇ ਪੰਦਰਾਂ-ਅਠਾਰਾਂ ਸਾਲਾਂ 'ਚ ਵੀ ਨਹੀਂ ਪਿਆ ਜਿੰਨਾ ਹੁਣ ਹਰ ਸਾਲ ਪੈਣ ਲੱਗਾ ਹੈ। ਡਾਕਟਰ ਦਾ ਜਵਾਬ ਸੀ, ਤੁਹਾਡੀ ਟਾਲਰੈਂਸ ਘਟ ਰਹੀ ਹੈ ਤੇ ਸਮਾਂ ਵੱਧ ਲੱਗਣ ਲੱਗਾ ਹੈ, ਕੋਈ ਦਿਲ ਦਾ ਰੋਗ ਨਹੀਂ ਹੋ ਸਕਦਾ, ਫਿਰ ਵੀ ਦਿਲ ਦੇ ਮਾਹਰ ਡਾਕਟਰ ਕੋਲ ਟੈਸਟ ਕਰਾ ਕੇ ਸ਼ੱਕ ਕਢਾ ਲੈਂਦੇ ਹਾਂ। ਮੇਰਾ ਵੀ ਯਕੀਨ ਸੀ ਕਿ ਮੈਂ ਇਤਨੇ ਸਾਲਾਂ ਤੋਂ ਦੌੜਦਾ ਤੇ ਗਰਾਊਜ਼ ਗਰਾਈਂਡ ਕਰਦਾ ਆ ਰਿਹਾ ਹਾਂ: ਇਹ ਦਿਲ, ਫੇਫੜਿਆਂ ਤੇ ਹੱਡੀਆਂ ਲਈ ਬਹੁਤ ਹੀ ਵਧੀਆ ਕਸਰਤ ਹੈ। ਦਿਲ ਦਾ ਕੋਈ ਰੋਗ ਕਿਵੇਂ ਹੋ ਸਕਦਾ ਹੈ?



ਖੈਰ, ਮਹੀਨੇ ਬਾਅਦ ਦਿਲ ਦੇ ਮਾਹਰ ਡਾਕਟਰ ਨੂੰ ਮਿਲਣ ਦੀ ਵਾਰੀ ਮਿਲੀ। ਸੰਭਵ ਹੈ ਕਿ ਮੇਰੇ ਫੈਮਲੀ ਡਾਕਟਰ ਵਲੋਂ ਭੇਜੀ ਜਾਣਕਾਰੀ ਦੇਖ ਕੇ ਉਸ ਇਹ ਅੰਦਾਜ਼ਾ ਲਾ ਲਿਆ ਹੋਵੇ ਕਿ ਮੈਨੂੰ ਦਿਲ ਦਾ ਤਾਂ ਕੋਈ ਰੋਗ ਹੋਣ ਦੀ ਸੰਭਾਵਨਾ ਹੀ ਨਹੀਂ, ਸ਼ਾਇਦ ਇਸੇ ਕਰਕੇ ਮੈਨੂੰ ਜਾਂਦਿਆਂ ਹੀ ਉਸ ਰੁੱਖੇ ਲਹਿਜੇ 'ਚ ਕਹਿ ਦਿੱਤਾ ਕਿ ਮੈਂ ਐਵੇਂ ਹੀ ਆਪਣਾ ਤੇ ਉਸ ਦਾ ਸਮਾਂ ਬਰਬਾਦ ਕਰਦਾ ਫਿਰਦਾ ਹਾਂ, ਮੈਨੂੰ ਦਿਲ ਦਾ ਰੋਗ ਨਹੀਂ ਹੋ ਸਕਦਾ। ਮੇਰੇ ਕਈ ਸੁਆਲ ਪੁੱਛਣ 'ਤੇ ਉਸ ਮੈਨੂੰ ਸਟਰੈਸ ਟੈਸਟ ਲਈ ਲਾਈਨ 'ਚ ਲਾ ਦਿੱਤਾ। ਟੈਸਟ ਤੋਂ ਬਾਅਦ ਜਦੋਂ ਮੈਂ ਮੁੜ ਉਸ ਨੂੰ ਮਿਲਿਆ ਤਾਂ ਉਸ ਦੋ ਤਿੰਨ ਕਿਸਮ ਦੀਆਂ ਦੁਆਈਆਂ ਦੀ ਪਰਚੀ ਲਿਖ ਕੇ ਦੇ ਦਿੱਤੀ ਅਤੇ ਇਕ ਹੋਰ ਅਡਵਾਂਸ ਟੈਸਟ ਲਈ ਬੁੱਕ ਕਰ ਦਿੱਤਾ। ਨਾਲ ਹੀ ਮੈਨੂੰ ਦੁਆਈਆਂ ਨਿਯਮ ਨਾਲ ਖਾਂਦੇ ਰਹਿਣ ਦੀ ਤਾੜਨਾ ਕਰ ਦਿੱਤੀ।

ਅਡਵਾਂਸ ਟੈਸਟ ਮਗਰੋਂ ਜਦੋਂ ਮੁੜ ਮੈਂ ਦਿਲ ਦੇ ਮਾਹਰ ਡਾਕਟਰ ਨੂੰ ਮਿਲਿਆ ਤਾਂ ਉਸ ਕਿਹਾ ਕਿ ਹੁਣ ਮੈਨੂੰ ਉਸ ਪਾਸ ਆਉਣ ਦੀ ਲੋੜ ਨਹੀਂ। ਮੈਨੂੰ ਸੁੱਖ ਦਾ ਸਾਹ ਆਇਆ। ਲੱਗਾ ਕਿ ਮੇਰੀਆਂ ਟੈਸਟ ਰਿਪੋਰਟਾਂ ਠੀਕ ਹੋਣਗੀਆਂ। ਮੈਂ ਸ਼ੰਕਾ ਦੂਰ ਕਰਨ ਲਈ ਪੁੱਛਿਆ ਕਿ ਕੀ ਸਭ ਠੀਕ ਹੈ? ਉਸ ਆਪਣੇ ਅੜਬ ਤੇ ਰੁੱਖੇ ਸੁਭਾਅ ਮੁਤਾਬਕ ਜਵਾਬ ਦਿੱਤਾ ਕਿ ਉਹ ਮੇਰੀ ਫਾਈਲ ਸੇਂਟ ਪਾਲ ਹਸਪਤਾਲ, ਵੈਨਕੂਵਰ ਭੇਜ ਰਿਹਾ ਹੈ। ਰਹਿੰਦੀ ਕਸਰ ਇਹ ਕਹਿ ਕੇ ਪੂਰੀ ਕਰ ਦਿੱਤੀ ਕਿ ਮੇਰੇ ਦਿਲ ਦੀਆਂ ਕੁਝ ਨਾੜਾਂ ਬੰਦ ਹਨ ਤੇ ਸੇਂਟ ਪਾਲ ਹਸਪਤਾਲ 'ਚ ਐਂਜੀਓਗਰਾਮ ਹੋਏਗੀ ਜਿਸ 'ਚ ਪਤਾ ਲੱਗੇਗਾ ਕਿ ਕੀ ਸਟੈਂਟ ਪੈਣਾ ਹੈ ਜਾਂ ਓਪਨ ਹਰਟ ਸਰਜਰੀ ਕਰਨੀ ਪਵੇਗੀ। ਇਹ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਤੇ ਮੈਂ ਘੁਮੇਟਾ ਖਾ ਕੇ ਡਿਗਣ ਵਾਲਾ ਹੋ ਗਿਆ। ਇਹ ਕਿਵੇਂ ਹੋ ਸਕਦਾ ਹੈ? ਮੇਰੇ ਦਿਲ ਦੀਆਂ ਨਾੜਾਂ ਕਿਵੇਂ ਬੰਦ ਹੋ ਸਕਦੀਆਂ ਹਨ? ਮੈਂ ਤਾਂ ਆਪਣੇ ਆਖਰੀ ਟੈਸਟ ਤੋਂ ਦੋ ਦਿਨ ਪਹਿਲਾਂ ਵੀ ਗਰਾਊਜ਼ ਗਰਾਈਂਡ ਕੀਤੀ ਸੀ ਭਾਵੇਂ ਸਮਾਂ ਵੱਧ ਲੱਗਿਆ ਸੀ ਪਰ ਨਾ ਮੈਨੂੰ ਸਾਹ ਚੜ੍ਹਿਆ ਤੇ ਨਾ ਹੀ ਮੇਰੇ ਕੋਈ ਛਾਤੀ 'ਚ ਦਰਦ ਆਦਿ ਹੋਇਆ। ਮੇਰੇ ਮਨ 'ਚ ਖਿਆਲਾਂ ਦੀ ਬੁਛਾੜ ਹੋ ਰਹੀ ਸੀ ਕਿ ਦੋ ਦਹਾਕਿਆਂ ਤੋਂ ਮੈਂ ਸਰੀਰ ਨੂੰ ਪਿੰਜ ਪਿੰਜ ਕੇ ਦੌੜਾਂ ਲਾਈਆਂ ਤੇ ਹਾਈਕ ਕੀਤੀ ਕਿ ਕਿਤੇ ਮੇਰੀ ਓਪਨ ਹਰਟ ਸਰਜਰੀ ਨਾ ਹੋਵੇ। ਇਹੋ ਸੋਚਦਿਆਂ ਮੈਨੂੰ ਘਰ ਮੁੜਨਾ ਦੁੱਭਰ ਹੋ ਗਿਆ।

ਸੇਂਟ ਪਾਲ ਹਸਪਤਾਲ, ਵੈਨਕੂਵਰ ਮੇਰੀ ਫਾਈਲ ਜਾਣ ਦੇ ਦਸ ਦਿਨਾਂ ਬਾਅਦ ਮੇਰੀ ਐਂਜੀਓਗਰਾਮ ਕਰਨ ਦੀ ਵਾਰੀ ਆਈ। ਦੋ ਦੋ ਦੇ ਗਰੁਪ 'ਚ ਸਾਡੀ ਚਾਰ ਮਰੀਜ਼ਾਂ ਦੀ ਐਂਜੀਓਗਰਾਮ ਹੋਈ। ਅਚੰਭੇ ਦੀ ਗੱਲ ਕਿ ਮੇਰੇ ਨਾਲ ਦੇ ਮਰੀਜ਼, ਜਿਨ੍ਹਾਂ ਦੀ ਛਾਤੀ 'ਚ ਦਰਦ ਵੀ ਹੁੰਦਾ ਸੀ ਤੇ ਤੁਰਦਿਆਂ ਸਾਹ ਵੀ ਚੜ੍ਹਦਾ ਸੀ। ਸਰੀਰ ਵੀ ਮੇਰੇ ਨਾਲੋਂ ਦੁੱਗਣੇ ਭਾਰੇ ਸਨ, ਸਭ ਦੀਆਂ ਨਾੜਾਂ ਸਾਫ ਨਿਕਲੀਆਂ ਤੇ ਕਿਸੇ ਨੂੰ ਵੀ ਸਟੈਂਟ ਪਾਉਣ ਦੀ ਲੋੜ ਨਹੀਂ ਪਈ। ਮੇਰਾ ਰਿਜ਼ਲਟ ਆਇਆ ਤਾਂ ਹੈਰਾਨੀ ਸਭ ਹੱਦ ਬੰਨੇ ਟੱਪ ਗਈ, ਜਦੋਂ ਮੈਨੂੰ ਦੱਸਿਆ ਗਿਆ ਕਿ ਮੇਰੇ ਦਿਲ ਦੀਆਂ ਪੰਜ ਨਾੜਾਂ ਬੰਦ ਹਨ, ਕੋਈ ਸਟੈਂਟ ਨਹੀਂ ਪੈ ਸਕਦਾ ਤਾਂ ਓਪਨ ਹਰਟ ਸਰਜਰੀ ਕਰਨੀ ਹੀ ਪੈਣੀ ਹੈ। ਮੇਰੇ ਨਾ ਕਦੇ ਛਾਤੀ 'ਚ ਦਰਦ ਹੋਇਆ ਸੀ ਤੇ ਨਾ ਹੀ ਕਦੇ ਸਾਹ ਚੜ੍ਹਿਆ ਸੀ।

ਪੂਰੇ ਸੱਤ ਹਫਤਿਆਂ ਬਾਅਦ ਮੇਰੀ ਕੁਆਡਰੂਪਲ ਓਪਨ ਹਰਟ ਸਰਜਰੀ ਹੋਈ; ਜਿਸ 'ਚ ਚਾਰ ਨਾੜਾਂ ਲੱਤ 'ਚੋਂ ਕੱਢ ਕੇ ਦਿਲ 'ਚ ਪਾਈਆਂ ਗਈਆਂ। ਇਸ ਤੋਂ ਪਹਿਲਾਂ ਸੱਤ ਹਫਤਿਆਂ ਦੌਰਾਨ ਤਿੰਨ ਵਾਰੀ ਸਰਜਰੀ ਮੁਲਤਵੀ ਹੋਈ। ਤੀਸਰੀ ਵਾਰੀ ਸਾਰਾ ਦਿਨ ਭੁੱਖਣ-ਭਾਣੇ ਸਰਜਰੀ ਦੀ ਉਡੀਕ ਕਰਦਾ ਰਿਹਾ ਤੇ ਸ਼ਾਮੀਂ ਘਰ ਭੇਜ ਦਿੱਤਾ ਕਿਉਂਕਿ ਪਹਿਲੀ ਸਰਜਰੀ ਹੀ ਨਹੀਂ ਸੀ ਮੁੱਕੀ। ਇਹ ਬਿਰਤਾਂਤ ਸ਼ਾਹਦੀ ਭਰਦਾ ਹੈ ਕਿ ਕਈ ਵਾਰੀ ਆਪਣੇ ਚਿੱਤੋਂ ਸਭ ਸੰਭਵ ਇਹਤਿਆਤ ਕਰਨ ਦੇ ਬਾਵਜੂਦ ਉਹੀ ਕੁਝ ਹੋ ਜਾਂਦਾ ਹੈ ਜਿਸ ਤੋਂ ਤੁਸੀਂ ਬਚਣ ਲਈ ਯਤਨਸ਼ੀਲ ਹੁੰਦੇ ਹੋ। ਇਸ ਦਾ ਮਤਲਬ ਇਹ ਨਹੀਂ ਕੱਢ ਲੈਣਾ ਚਾਹੀਦਾ ਕਿ ਸਿਹਤਮੰਦ ਜੀਵਨ ਜਿਉਣ ਲਈ ਕਸਰਤ, ਖੁਰਾਕ ਤੇ ਫਿਕਰ ਰਹਿਤ ਜੀਵਨ ਜਿਉਣ ਦੀ ਕੋਸ਼ਿਸ਼ ਸਹਾਈ ਨਹੀਂ ਹੁੰਦੀ। ਡਾਕਟਰਾਂ ਮੁਤਾਬਿਕ ਮੇਰੀ ਦੋ ਦਹਾਕਿਆਂ ਦੀ ਕਸਰਤ, ਖੁਰਾਕ ਆਦਿ ਕਰਕੇ ਹੀ ਸਰਜਰੀ ਉਪਰੰਤ ਰਿਕਵਰੀ ਜਲਦੀ ਹੋਈ ਹੈ। ਇੱਕ ਨਾੜੀ ਤਾਂ ਪੂਰੀ ਬੰਦ ਹੋਣ ਦੇ ਬਾਵਜੂਦ ਦਿਲ ਦੇ ਪੱਠੇ ਨੂੰ ਕੋਈ ਨੁਕਸਾਨ ਨਹੀਂ ਪੁੱਜਾ, ਕਿਸੇ ਨਾ ਕਿਸੇ ਪਾਸਿਉਂ ਉਸ ਨੂੰ ਜ਼ਿੰਦਾ ਰੱਖਣ ਲਈ ਖੂਨ ਪਹੁੰਚਦਾ ਰਿਹਾ।

ਆਪਰੇਸ਼ਨ ਪਿਛੋਂ ਮੈਂ ਢਾਈ ਮਹੀਨਿਆਂ ਬਾਅਦ ਸਨੋ ਸੂ ਵੀ ਕਰਨ ਲਗ ਪਿਆ ਜੋ ਮੈਂ ਸਰਦੀਆਂ ਨੂੰ ਪਿਛਲੇ ਪੰਜ ਸਾਲ ਤੋਂ ਕਰਦਾ ਆ ਰਿਹਾ ਸਾਂ। ਚਾਰ ਮਹੀਨਿਆਂ ਬਾਅਦ ਵੈਨਕੂਵਰ ਸਨ ਰਨ ਦੀ ਦਸ ਕਿਲੋਮੀਟਰ ਦੌੜ ਵੀ ਪੂਰੀ ਲਈ। ਇਹ ਮੇਰਾ ਇੱਕੀਵਾਂ ਸਨ ਰਨ ਸੀ। ਜੂਨ 'ਚ ਸਰਜਰੀ ਤੋਂ ਛੇ ਮਹੀਨਿਆਂ ਬਾਅਦ ਮੈਂ ਯੂ. ਬੀ. ਸੀ. ਲੌਂਗਿਸਟ ਡੇ ਰਨ ਦੀ ਪੰਜ ਕਿਲੋਮੀਟਰ ਦੌੜ, ਜਿਸ 'ਚ ਹਿੱਸਾ ਲੈਂਦਿਆਂ ਵੀਹ ਸਾਲ ਹੋ ਗਏ, ਵੀ ਨਿਯਮਤ ਸਮੇਂ 'ਚ ਹੀ ਬਿਨਾ ਕਿਸੇ ਅੜਿਕੇ ਦੇ ਪੂਰੀ ਕਰ ਲਈ। ਹੁਣ ਸਰਜਰੀ ਨੂੰ ਪੌਣੇ ਦੋ ਸਾਲ ਹੋ ਚੱਲੇ ਹਨ, ਮੇਰੀ ਕਸਰਤ ਤੇ ਜੀਵਨ ਸ਼ੈਲੀ ਪਹਿਲਾਂ ਵਾਲੀ ਹੋ ਗਈ ਹੈ, ਜੋ ਮੈਨੂੰ ਰਿਸ਼ਟ ਪੁਸ਼ਟ, ਖੁਸ਼, ਸੰਤੁਸ਼ਟ ਤੇ ਖੇੜੇ ਭਰਪੂਰ ਸਮਾਂ ਬਿਤਾਉਣ ਤੇ ਹੋਰ ਰੁਝੇਵਿਆਂ ਲਈ ਵੀ ਪ੍ਰੇਰਿਤ ਕਰਦੀ ਹੈ।

ਜ਼ਿੰਦਗੀ ਦਾ ਰਹਿੰਦਾ ਸਮਾਂ ਮੇਰੇ ਲਈ ਹੋਰ ਵੀ ਅਹਿਮ ਬਣ ਗਿਆ ਹੈ। ਮੈਂ ਇਸ ਨੂੰ ਦੂਸਰਾ ਜਨਮ ਸਮਝਦਿਆਂ ਇਸ ਨਵੀਂ ਜ਼ਿੰਦਗੀ ਨੂੰ ਹੋਰ ਵੀ ਵਧੀਆ ਤਰੀਕੇ ਨਾਲ ਬਿਤਾਉਣਾ ਮੇਰਾ ਟੀਚਾ ਬਣ ਗਿਆ ਹੈ।

# ਰਬਾਤ ਦੀਆਂ ਸੜਕਾਂ 'ਤੇ

(ਪਿਛਲੇ ਸਫੇ ਦੀ ਬਾਕੀ)

ਪਾਣੀ...। ਅਸੀਂ ਕਾਫੀ ਦੇਰ ਗੱਲਾਂ ਕਰਦੇ ਰਹੇ। ਮੈਨੂੰ ਹੈਰਾਨੀ ਹੋਈ ਕਿ ਕੋਈ ਸੋਹਣੀ ਕੁੜੀ ਮੇਰੇ ਜਿਹੇ ਮੰਗਤੇ ਕੋਲ ਬਹਿ ਕੇ ਆਪਣੇਪਣ ਨਾਲ ਪਿਆਰੇ ਬੋਲ ਕਿਵੇਂ ਬੋਲ ਸਕਦੀ ਸੀ! ਲੋਕ ਤਾਂ ਨੱਕ-ਮੂੰਹ ਵੱਟਦੇ, ਪਰ੍ਹੇ ਹੋ ਕੇ ਲੰਘਦੇ ਸਨ। ਉਸ ਦਾ ਦਿਲ ਤੇ ਮਨ ਵੀ ਬਹੁਤ ਖੂਬਸੂਰਤ ਸੀ। ਉਸ ਨੇ ਦੂਜੀ ਕੁੜੀ ਤੋਂ 12 ਕੁ ਦਰੁਹਾਮ ਲੈ ਕੇ ਮੈਨੂੰ ਫੜਾਏ, ਮੈਂ ਇਨਕਾਰ ਕਰ ਦਿੱਤਾ।

ਪਿਛਲੇ ਸਾਢੇ ਤਿੰਨ ਕੁ ਮਹੀਨਿਆਂ ਤੋਂ ਔਰਤ ਦੀ ਹੋਂਦ ਬਾਰੇ ਇਸ ਤੋਂ ਜ਼ਿਆਦਾ ਕੋਈ ਹੋਰ ਸੋਚ ਨਹੀਂ ਸੀ ਮੇਰੇ ਅੰਦਰ ਉਮੜੀ। ਮਹੀਨਿਆਂ ਬੱਧੀ ਬੌਖਲਾਏ ਖਿਆਲਾਂ 'ਚ ਹੋਰ ਸਭ ਕੁਝ ਆਉਂਦਾ-ਜਾਂਦਾ ਰਿਹਾ ਸੀ, ਪਰ ਕਾਮੁਕਤਾ ਨਾਂ ਦੀ ਕੋਈ ਸ਼ੈਅ ਇਸ ਦੁਨੀਆਂ 'ਤੇ ਹੈ, ਅਹਿਸਾਸ ਤਕ ਨਹੀਂ ਸੀ ਕਦੇ ਛੂਹ ਕੇ ਲੰਘਿਆ; ਪਰ ਇਥੇ ਆਇਸ਼ਾ ਦੇ ਹਮਦਰਦੀ ਭਰੇ ਲਫਜ਼ਾਂ ਤੋਂ ਅਤਿ-ਉਤਸ਼ਾਹੀ ਹੋ ਕੇ ਦਿਮਾਗ 'ਚ ਆਇਆ ਕਿ ਪੁੱਛਾਂ, ਕੁਝ ਦਿਨਾਂ ਲਈ ਉਸ ਦੇ ਘਰ ਰਹਿਣ ਦੀ ਜਗ੍ਹਾ ਮਿਲ ਸਕਦੀ ਹੈ? ਕੀ ਉਸ ਦਾ ਵਿਆਹ ਹੋਇਆ ਹੈ? ਫਿਰ ਮਨ 'ਚ ਹਿਕਾਰਤ ਭਰਿਆ ਵਿਚਾਰ ਆਇਆ ਕਿ ਉਸ ਨਾਲ ਵਿਆਹ ਕਰ ਕੇ ਇਥੋਂ ਦਾ ਨਾਗਰਿਕ ਬਣ ਜਾਵਾਂ, ਤਾਂ ਇੰਡੀਆ ਜਾ ਹੀ ਸਕਾਂਗਾ। ਆਪਣੀ ਇਸ ਸੋਚ 'ਤੇ ਖੁਦ 'ਤੇ ਗੁੱਸਾ ਵੀ ਆਇਆ, ਤੇ ਸ਼ਰਮਿੰਦਗੀ ਵੀ ਹੋਈ।

ਰਬਾਤ ਦੇ ਹਿੱਸੇ ਦੀ ਖੁੱਲ੍ਹੀ ਨੀਲੀ ਛੱਤ ਥੱਲੇ ਇਹ ਅਠਵਾਂ ਦਿਨ ਸੀ। ਕੋਈ ਬੰਦਾ ਘਾਹ-ਬੂਟਿਆਂ ਨੂੰ ਪਾਈਪ ਰਾਹੀਂ ਪਾਣੀ ਦੇ ਰਿਹਾ ਸੀ। ਮੈਂ ਆਪਣਾ ਲਟਾ-ਪਟਾ ਸੰਭਾਲ ਕੇ ਉਸ ਕੋਲ ਗਿਆ। ਇਸ਼ਾਰੇ ਨਾਲ ਕਿਹਾ: ਪਾਣੀ ਮੈਂ ਦੇ ਦਿੰਦਾ ਹਾਂ, ਤੇ ਨਹਾਉਣਾ ਵੀ ਚਾਹੁੰਦਾ ਹਾਂ। ਪਤਾ ਲੱਗਾ, ਉਸ ਨੂੰ ਮੇਰੇ ਰੈਣ-ਬਸੇਰੇ ਦੀ ਜਾਣਕਾਰੀ ਸੀ, ਪਰ ਇਤਰਾਜ਼ ਕੋਈ ਨਹੀਂ ਸੀ। ਫਿਰ ਨਹਾ ਕੇ ਰੂਹ ਰਾਜ਼ੀ ਕੀਤੀ। ਖਾਜ ਨਾਲ ਸਾਰੇ ਸਰੀਰ ਦੀ ਹਾਲਤ ਬਹੁਤ ਬੁਰੀ ਹੋ ਚੁੱਕੀ ਸੀ।

ਅੰਬੈਸੀ ਵੱਲ ਗਿਆ ਤਾਂ ਮੋਰੱਕੀ ਕਾਮੇ ਨੇ ਪੈਂਟ, ਕਮੀਜ਼, ਟੀ-ਸ਼ਰਟ ਵਗੈਰਾ ਦੇ ਕੇ ਕਿਹਾ ਕਿ ਰਿਹਾਇਸ਼ ਦਾ ਵੀ ਕੱਲ੍ਹ ਤਕ ਇੰਤਜ਼ਾਮ ਹੋ ਜਾਵੇਗਾ। ਪਾਰਕ 'ਚ ਜਾ ਬੈਠਾ ਤਾਂ ਘਰੋਂ ਫੋਨ ਆ ਗਿਆ। ਫੋਨ ਸੁਣਦੇ ਸਾਰ ਚਿਹਰਾ ਉਤਰਦਾ ਗਿਆ; ਜਿਵੇਂ ਬਚਿਆ-ਖੁਚਿਆ ਲਹੂ ਵੀ ਨਿਚੜ ਗਿਆ ਹੋਵੇ। ਮੰਮੀ ਜੀ ਦਾ ਦਿਲਾਸਾ ਸੀ: "ਮੇਜਰ ਏਜੰਟ ਨੇ ਤੇ ਅਸੀਂ ਖਾਨ ਨਾਲ ਗੱਲ ਕੀਤੀ ਹੈ, ਉਹ ਥੋੜ੍ਹੇ ਦਿਨਾਂ 'ਚ ਹੀ ਤੈਨੂੰ ਅੱਗੇ ਭੇਜ ਦੇਵੇਗਾ। ਤੂੰ ਫੋਨ ਕਰ ਕੇ ਖਾਨ ਦੇ ਟਿਕਾਣੇ 'ਤੇ ਚਲੇ ਜਾ, ਘਬਰਾ ਨਾ, ਸਭ ਕੁਝ ਠੀਕ ਹੋ ਜਾਵੇਗਾ...।" ਇਸ ਤੋਂ ਬਾਅਦ ਮੈਨੂੰ ਨਹੀਂ ਪਤਾ, ਮੈਂ ਕੀ-ਕੀ ਸੁਣਦਾ ਰਿਹਾ ਤੇ ਕੀ-ਕੀ ਬੋਲਦਾ ਰਿਹਾ। ਕੀ ਸੋਚ ਰਿਹਾ ਸਾਂ, ਤੇ ਕੀ ਹੋ ਰਿਹਾ ਸੀ! ਬੇਯਕੀਨੀ ਨਾਲ ਝੰਬੇ ਨੇ, ਰੋਹ 'ਚ ਫੋਨ ਕੱਟ ਦਿੱਤਾ। ਭਰੀਆਂ ਅੱਖਾਂ ਨਾਲ ਮੱਥਾ ਫੜ ਕੇ ਬਹਿ ਗਿਆ।

ਫਿਰ ਹੌਲੀ-ਹੌਲੀ ਟਿਕਾਣੇ ਆਉਂਦਾ ਗਿਆ। ਹੋਰ ਰਿਸ਼ਤੇਦਾਰਾਂ ਦੇ ਧਰਵਾਸ ਦਿੰਦੇ ਫੋਨਾਂ ਨੇ ਵੀ ਸ਼ਾਂਤ ਕੀਤਾ। ਆਖਰ ਮਾਪੇ ਵੀ ਮਜਬੂਰ ਸਨ। ਬੇਸੂਦ ਵਾਪਸੀ ਨੇ ਘਰ ਦਾ ਲੱਕ ਤੋੜ ਦੇਣਾ ਸੀ। ਕਈ ਘੰਟਿਆਂ ਦੀ ਅੰਦਰੂਨੀ ਖਿੱਚੋ-ਤਾਣ 'ਤੇ ਕਾਬੂ ਪਾ ਕੇ ਘਰੇ ਫੋਨ ਕੀਤਾ: "ਥੋੜ੍ਹੇ ਦਿਨਾਂ 'ਚ ਅੱਗੇ ਨਾ ਭੇਜਿਆ ਗਿਆ ਤਾਂ ਫਿਰ ਅੰਬੈਸੀ ਆ ਜਾਵਾਂਗਾ।"

ਖਾਨ ਨੇ ਮੈਨੂੰ ਬੱਸ ਸਟੈਂਡ ਨੇੜਲੇ ਪੈਟਰੋਲ ਪੰਪ 'ਤੇ ਪਹੁੰਚਣ ਲਈ ਕਿਹਾ। ਆਇਸ਼ਾ ਦੀ ਸਾਥਣ ਕਰਮਚਾਰੀ ਨੂੰ ਮੈਂ ਕਿਹਾ, "ਆਇਸ਼ਾ ਨੂੰ ਕਹੀਂ, ਮੈਂ ਇਸਪਾਨੀਆ ਚੱਲਾ ਹਾਂ।" ਅੰਬੈਸੀ ਕੰਪਾਊਂਡ ਵਿਚ ਤਿਰੰਗਾ ਹਵਾ ਨਾ ਹੋਣ ਕਰ ਕੇ ਉਦਾਸ ਜਿਹਾ ਲਮਕ ਰਿਹਾ ਸੀ। ਹਸਰਤ ਨਾਲ ਤੱਕਦਾ, ਹਉਕਾ ਜਿਹਾ ਭਰ ਕੇ ਮੈਂ ਟੈਕਸੀ ਵੱਲ ਵਧ ਗਿਆ।

> **ਪਾਰਕ ਵਿਚ ਬੈਠਾ ਸਾਂ, ਸਫਾਈ ਮੁਲਾਜ਼ਮਾਂ ਦੀ ਵਰਦੀ ਪਹਿਨੀਂ ਦੋ ਕੁੜੀਆਂ ਕੋਲ ਆ ਬੈਠੀਆਂ। ਆਇਸ਼ਾ ਨਾਂ ਦੀ ਖੂਬਸੂਰਤ ਕੁੜੀ ਗੱਲੀਂ ਪੈ ਗਈ: ਕੀ ਨਾਂ ਏ? ਕਿਥੋਂ ਦਾ ਏਂ? ਜਾਣਾ ਕਿਥੇ ਹੈ? ਸੰਗਦੇ-ਝਿਜਕਦੇ ਨੇ ਸਮਝਾਇਆ। ਫਿਰ ਉਹ ਇਸ਼ਾਰਿਆਂ ਨਾਲ ਅਰਬੀ ਲਫਜ਼ ਸਿਖਾਉਣ ਲੱਗ ਪਈ: ਰੁੱਖ, ਘਾਹ, ਸੜਕ, ਕਾਰ, ਫੁੱਲ, ਪਾਣੀ... ਅਸੀਂ ਕਾਫੀ ਦੇਰ ਗੱਲਾਂ ਕਰਦੇ ਰਹੇ। ਮੈਨੂੰ ਹੈਰਾਨੀ ਨਾਲ ਅਸਹਿਜ ਵੀ ਮਹਿਸੂਸ ਹੋਇਆ ਕਿ ਕੋਈ ਸੋਹਣੀ ਕੁੜੀ ਮੇਰੇ ਵਰਗੀ ਦੁਰਦਸ਼ਾ ਵਾਲੇ ਮੰਗਤੇ ਕੋਲ ਬਹਿ ਕੇ ਆਪਣੇਪਣ ਨਾਲ ਪਿਆਰੇ ਬੋਲ ਕਿਵੇਂ ਬੋਲ ਸਕਦੀ ਸੀ!**

ਪੈਟਰੋਲ ਪੰਪ ਨੇੜੇ ਖਾਨ ਦਾ ਬੰਦਾ ਮੋਹਸਿਨ ਨੀਗਰੋ ਸੈਨਤ ਮਾਰ ਕੇ ਅੱਗੇ-ਅੱਗੇ ਤੁਰ ਪਿਆ ਸੀ। ਕਈ ਗਲੀਆਂ 'ਚੋਂ ਗੁਜ਼ਰ ਕੇ ਬੰਦ-ਤੰਗ ਗਲੀ ਦੇ ਆਖਰੀ ਸਿਰੇ 'ਤੇ ਤਿਮੰਜ਼ਿਲੇ ਮਕਾਨ ਦੀ ਆਖਰੀ ਮੰਜ਼ਿਲ 'ਤੇ ਪਹੁੰਚੇ। ਇਹ ਸੀ ਖਾਨ ਦਾ ਰਬਾਤ ਵਾਲਾ ਮੁੱਖ ਤੇ ਬਹੁਚਰਚਿਤ ਟਿਕਾਣਾ। ਦੋ ਕਮਰੇ, ਰਸੋਈ, ਗੁਸਲਖਾਨਾ ਤੇ ਵਿਹੜਾ ਸੀ। 25-26 ਜਣਿਆਂ 'ਚੋਂ ਕੁਝ ਜਾਣੇ-ਪਛਾਣੇ ਚਿਹਰੇ ਵੀ ਨਜ਼ਰੀਂ ਪਏ, ਪਰ ਸਭ ਚਿਹਰਿਆਂ 'ਤੇ ਉਦਾਸੀ, ਪਰੇਸ਼ਾਨੀ ਦੇ ਰਲੇ-ਮਿਲੇ ਹਾਵ-ਭਾਵ ਇਕ ਸਮਾਨ ਸਨ। ਹਰ ਕੋਈ ਅੰਦਰੋ-ਅੰਦਰੀ, ਆਪਣੇ-ਆਪ ਨਾਲ ਜੂਝਦਾ ਮਹਿਸੂਸ ਹੁੰਦਾ ਸੀ। 12-13 ਜਣੇ ਤਾਂ ਮੇਰੇ ਗਰੁਪ ਦੇ ਸਨ। ਕੁਝ ਕੁ ਪਿਛਿਓਂ ਹੁਣੇ ਹੀ ਪਹੁੰਚੇ ਸਨ, ਕਾਫੀ ਜਣੇ ਕੁਝ ਹਫਤਿਆਂ ਤੋਂ ਬੈਠੇ ਸਨ ਤੇ ਥੋੜ੍ਹੇ ਜਿਹੇ ਇਕ-ਦੋ ਮਹੀਨਿਆਂ ਤੋਂ ਡੇਰਾ ਜਮਾਈ ਬੈਠੇ ਸਨ। ਸਭ ਏਜੰਟਾਂ ਦੀਆਂ ਪੇਮੈਂਟਾਂ ਦੇਰ-ਸਵੇਰ ਪਹੁੰਚਾਣ ਦਾ ਅਸਰ ਸੀ। ਅੱਗੇ ਜਾਣ ਨੂੰ ਹਰ ਕੋਈ ਹੱਦੋਂ ਵੱਧ ਕਾਹਲਾ ਸੀ।

ਹਮਦਰਦੀ ਭਰੀਆਂ, ਸਨਮਾਨ ਲੋਚਦੀਆਂ ਕਈਆਂ ਦੀਆਂ ਹੱਡਬੀਤੀਆਂ ਸੁਣੀਆਂ ਤੇ ਆਪਣੀ ਸੁਣਾਈ। ਦੁੱਖ-ਸੁੱਖ ਫਰੋਲੇ। ਮੈਂ ਡੌਂਕਰਾਂ ਕੋਲੋਂ ਫਰਾਰ ਹੋ ਕੇ ਅੰਬੈਸੀ ਜਾ ਵੱਜਿਆ ਸਾਂ, ਇਹ ਉਨ੍ਹਾਂ ਦੀ ਨਿਗ੍ਹਾ ਵਿਚ ਵੱਡੀ ਜੁਰਅਤ ਵਾਲਾ ਕੰਮ ਸੀ। ਕੁਝ ਮੁੰਡੇ ਅੰਬੈਸੀ, ਕਰਮਚਾਰੀਆਂ ਦੇ ਵਿਹਾਰ ਅਤੇ ਟਿਕਟਾਂ ਬਾਰੇ ਬਰੀਕੀ ਨਾਲ ਪੁੱਛਣ ਲੱਗੇ ਤਾਂ ਮਹਿਸੂਸ ਹੋਇਆ, ਮੇਰੇ ਵਰਗੇ ਥੋੜ੍ਹ-ਦਿਲੇ ਜਾਂ ਅੱਕੇ-ਥੱਕੇ ਹੋਰ ਵੀ ਸਨ ਜੋ ਵਾਪਸੀ ਦੀ ਸੋਚਣ ਲੱਗ ਪਏ ਸਨ।

ਮੋਹਸਿਨ ਦਾ ਇਹ ਘਰ ਖਾਨ ਦੀ ਗੇਮ ਦਾ ਕੇਂਦਰ ਬਿੰਦੂ ਸੀ। ਮਲੀਲੀਆ ਕੈਂਪ ਲਈ ਚੁਣੇ ਗਏ ਬੰਦਿਆਂ ਤੋਂ ਇਲਾਵਾ ਜ਼ਿਆਦਾਤਰ ਬੰਦੇ ਥੋੜ੍ਹੇ-ਥੋੜ੍ਹੇ ਕਰ ਕੇ ਇਥੇ ਪਹੁੰਚਦੇ ਤੇ ਫਿਰ ਪੇਮੈਂਟਾਂ ਦੇ ਆਧਾਰ 'ਤੇ ਅੱਗੇ-ਪਿੱਛੇ ਸਿਬਤਾ ਵੱਲ ਤੋਰ ਦਿੱਤੇ ਜਾਂਦੇ ਸਨ। ਪਿਛਲੇ ਏਜੰਟਾਂ ਦੀ ਬਦ-ਨਿਜ਼ਾਮੀ ਜਾਂ ਧੋਖਾਧੜੀ ਕਰ ਕੇ ਮੁੰਡੇ ਇਥੇ ਕਈ-ਕਈ ਹਫਤੇ-ਮਹੀਨੇ ਫਸੇ ਰਹਿੰਦੇ, ਉਤੋਂ ਖਾਣਾ ਵੀ ਆਪਣਾ ਖਰੀਦਣਾ ਪੈਂਦਾ ਸੀ।

ਸਮੁੰਦਰੀ ਡੌਂਕੀ ਵਿਚ ਡੁੱਬਣ ਵਾਲੇ 37 ਮੁੰਡਿਆਂ ਵਾਲੇ ਕੇਸ ਇੰਡੀਆ 'ਚ ਖੁੱਲ੍ਹ ਚੁੱਕੇ ਸਨ। ਪੇਮੈਂਟਾਂ ਰੁਕ ਗਈਆਂ ਸੀ ਤੇ ਹੁਣ ਖਾਨ ਦੀ 3000 ਯੂਰੋ ਤਕ ਵਧੀ ਮੰਗ ਪੂਰੀ ਕਰ ਕੇ ਹੀ ਅਗਲੀ ਅਤੇ ਆਖਰੀ ਦੌੜ 'ਚ ਸ਼ਾਮਿਲ ਹੋਇਆ ਜਾ ਸਕਦਾ ਸੀ। ਸੋ, ਮਜਬੂਰੀਵਸ ਮੁੰਡਿਆਂ ਨੇ ਦੁਬਾਰਾ ਅਦਾਇਗੀ ਲਈ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆ ਸਨ।

ਖਾਨ ਨੇ ਫੋਨਾਂ 'ਤੇ ਪਾਬੰਦੀ ਲਾਈ ਹੋਈ ਸੀ। ਉਸ ਦੇ ਬਣਾਏ ਪ੍ਰਧਾਨ ਵਿੱਕੀ ਚਾਚੇ ਕੋਲ ਹੀ ਫੋਨ ਸੀ, ਜਿਸ 'ਤੇ ਉਹ ਸੰਪਰਕ ਕਰਦਾ ਸੀ। ਚਾਚੇ ਅਤੇ ਉਸ ਦੇ ਪਿਛਲੱਗੂਆਂ ਨੇ ਮੈਨੂੰ ਫੋਨ ਬੰਦ ਕਰਨ ਲਈ ਕਿਹਾ, ਪਰ ਮੈਂ ਇਨਕਾਰ ਕਰ ਦਿੱਤਾ, ਰਵੀ ਦੀ ਛੇੜਖਾਨੀ ਨਾਲ ਸਿਮ ਬਲੌਕ ਹੋ ਗਿਆ। ਇੰਡੀਆ ਫੋਨ ਕਰਨ ਲਈ ਦੋ ਕਾਰਡ ਖਰੀਦੇ ਸਨ, ਉਹ ਵਿੱਕੀ ਚਾਚੇ ਵਾਲੇ ਫੋਨ ਵਿਚ ਵਰਤਣੇ ਚਾਹੇ ਤਾਂ ਉਸ ਨੇ ਹਨੇਰੇ-ਸਵੇਰੇ ਚੋਰੀ ਖੁਦ ਵਰਤ ਲਏ। ਬਸ ਕੁਝ ਮਿੰਟ ਹੀ ਮੇਰੇ ਪੱਲੇ ਪਏ। ਕੁਝ ਗੱਲਾਂ ਹੀ ਕਰ ਸਕਿਆ ਸਾਂ ਆਪਣੇ ਘਰ ਵਾਲਿਆਂ ਨਾਲ ਤੇ ਸੁਫਨਾ ਹੋ ਚੁੱਕੀ ਪ੍ਰੇਮਿਕਾ ਨਾਲ। ਦਿਲ 'ਤੇ ਪੱਥਰ ਰੱਖ ਕੇ ਉਸ ਨੂੰ ਇਹੀ ਕਹਿ ਸਕਿਆ ਸਾਂ: "ਹੋ ਸਕੇ ਤਾਂ ਇੰਤਜ਼ਾਰ ਕਰੀਂ। ਪੱਕਾ ਨਹੀਂ ਕਿ ਜਿਉਂਦਾ ਮੁੜਾਂਗਾ ਜਾਂ ਨਹੀਂ ਜਾਂ ਕਿੰਨੇ ਸਾਲਾਂ ਬਾਅਦ ਮੁੜਾਂਗਾ।"

ਮੇਰੀ ਜੇਬ ਵਾਲੇ ਦਰੁਹਾਮ ਵੱਡੇ ਹੌਸਲੇ ਵਾਂਗ ਜਮ੍ਹਾਂ ਸਨ। ਆਸ ਸੀ, ਘਰਦਿਆਂ ਤੇ ਏਜੰਟਾਂ ਦੇ ਦਬਾਅ ਹੇਠ ਅਤੇ ਮੇਰੀ ਫਰਾਰੀ ਤੋਂ ਮੁਤਾਸਿਰ ਹੋ ਕੇ ਸ਼ਾਇਦ ਖਾਨ ਛੇਤੀ ਹੀ ਅੱਗੇ ਭੇਜ ਦੇਵੇਗਾ। ਇਹ ਵੀ ਤਾਂ ਜ਼ਿਆਦਾ ਠੀਕ ਸੀ, ਜੇ ਪੰਜ-ਸੱਤ ਦਿਨ ਉਡੀਕ ਕਰਨੀ ਹੀ ਸੀ ਤਾਂ ਸੜਕਾਂ 'ਤੇ ਧੱਕੇ ਖਾਣ ਅਤੇ ਕੂੜੇ ਦੇ ਢੇਰ 'ਚ ਠੰਢ ਨਾਲ ਕੰਬਦਿਆਂ ਸੌਣ ਨਾਲੋਂ ਇਥੇ ਛੱਤ ਥੱਲੇ ਰਹਿਣਾ ਕਿਤੇ ਬਿਹਤਰ ਸੀ। ਮੈਂ ਨਵੇਂ ਉਤਸ਼ਾਹ ਨਾਲ ਖਾਨ ਵੱਲੋਂ ਮੈਨੂੰ ਅੱਗੇ ਭੇਜਣ ਦੇ ਹੁਕਮ ਦਾ ਇੰਤਜ਼ਾਰ ਕਰਨ ਲੱਗਾ।

(ਚਲਦਾ)

# ਛੰਦ ਪਰਾਗੇ ਆਈਏ ਜਾਈਏ...

ਸਮੇਂ ਦੀ ਰਫ਼ਤਾਰ ਇੰਨੀ ਤੇਜ਼ ਗਤੀ ਨਾਲ ਚੱਲ ਰਹੀ ਹੈ ਕਿ ਇਸ ਨੇ ਸਾਡੀ ਜੀਵਨ ਸ਼ੈਲੀ ਹੀ ਬਦਲ ਕੇ ਰੱਖ ਦਿੱਤੀ ਹੈ। ਸਾਡਾ ਖਾਣ-ਪੀਣ, ਰਹਿਣ-ਸਹਿਣ, ਪਹਿਰਾਵਾ, ਮਨੋਰੰਜਨ ਦੇ ਸਾਧਨ, ਗੀਤ-ਸੰਗੀਤ, ਕੰਮ-ਕਾਰ, ਰਸਮ-ਰਿਵਾਜ ਆਦਿ ਸਭ ਬਦਲ ਚੁੱਕੇ ਹਨ। ਜੀਵਨ ਰੂਪੀ ਨਾਟਕ ਦੀ ਮੁੱਖ ਝਾਕੀ ਵਿਆਹ ਸਮੇਂ ਹੋਣ ਵਾਲੀਆਂ ਰਸਮਾਂ ਨੂੰ ਪੈਲੇਸ ਕਲਚਰ ਨੇ ਨਿਗਲ ਲਿਆ ਹੈ। ਪੰਜ-ਪੰਜ, ਸੱਤ-ਸੱਤ ਦਿਨ ਚੱਲਣ ਵਾਲੇ ਵਿਆਹ ਤਿੰਨ ਚਾਰ ਘੰਟਿਆਂ ਤਕ ਸਿਮਟ ਕੇ ਰਹਿ ਗਏ ਹਨ।

ਵਿਆਹ ਸਮੇਂ ਨਿਭਾਈਆਂ ਜਾਣ ਵਾਲੀਆਂ ਰਸਮਾਂ ਵਿਚੋਂ ਹੀ ਇੱਕ ਮਹੱਤਵਪੂਰਨ ਰਸਮ ਹੈ ਛੰਦ ਸੁਣਾਉਣਾ। ਇਹ ਰਸਮ ਲਾਵਾਂ-ਫੇਰਿਆਂ ਤੋਂ ਬਾਅਦ ਹੁੰਦੀ ਸੀ। ਲਾਵਾਂ ਫੇਰਿਆਂ ਤੋਂ ਬਾਅਦ ਬਰਾਤ ਵਾਪਸ ਡੇਰੇ (ਬਰਾਤ ਦੇ ਉਤਾਰੇ ਵਾਲੀ ਥਾਂ) ਚਲੀ ਜਾਂਦੀ ਸੀ। ਵਿਆਂਦੜ ਮੁੰਡੇ ਨੂੰ ਸਰਬਾਲੇ

**ਹਰਦਿਆਲ ਸਿੰਘ ਥੂਹੀ**
ਫੋਨ: +91-84271-00341

ਸਮੇਤ ਕੁੜੀ ਵਾਲਿਆਂ ਦੇ ਘਰ ਅੰਦਰ ਲਿਜਾਇਆ ਜਾਂਦਾ ਸੀ। ਇਥੇ ਮੁੰਡੇ ਦੀ ਸੱਸ ਨੇ ਕੁਝ ਸ਼ਗਨ ਕਰਨੇ ਹੁੰਦੇ ਸਨ। ਸਭ ਤੋਂ ਪਹਿਲਾਂ ਸਾਲੀਆਂ ਵੱਲੋਂ ਛੰਦ ਸੁਣਨ ਦੀ ਰਸਮ ਹੀ ਹੁੰਦੀ ਸੀ। ਇਸ ਸਮੇਂ ਮੁੰਡੇ ਦੀਆਂ ਸਾਲੀਆਂ, ਜਿਨ੍ਹਾਂ ਵਿਚ ਰਿਸ਼ਤੇਦਾਰ ਤੇ ਆਂਢ-ਗੁਆਂਢ ਦੀਆਂ ਕੁੜੀਆਂ ਵੀ ਸ਼ਾਮਲ ਹੁੰਦੀਆਂ ਸਨ, ਵੱਲੋਂ ਉਸ ਨਾਲ ਚੰਗਾ ਹਾਸਾ ਮਜ਼ਾਕ ਕੀਤਾ ਜਾਂਦਾ ਸੀ। ਇਥੇ ਲੜਕੀ ਦੇ ਪਰਿਵਾਰ ਦੀਆਂ ਕੇਵਲ ਕੁੜੀਆਂ ਅਤੇ ਔਰਤਾਂ ਹੀ ਹੁੰਦੀਆਂ ਸਨ। ਵਿਆਂਦੜ ਮੁੰਡੇ ਦਾ ਆਪਣੀਆਂ ਸਾਲੀਆਂ ਨਾਲ ਗੱਲਬਾਤ ਕਰਨ ਦਾ ਇਹ ਪਹਿਲਾ ਮੌਕਾ ਹੁੰਦਾ ਸੀ। ਇਹ ਉਸ ਦੀ ਦਿਮਾਗੀ ਸੂਝ ਬੂਝ, ਭਾਵ ਬੁੱਧੀ ਪ੍ਰੀਖਣ ਦੀ ਘੜੀ ਹੁੰਦੀ ਸੀ।

ਪ੍ਰੀਖਿਆ ਦੀ ਇਸ ਘੜੀ ਲਈ ਵਿਆਂਦੜ ਮੁੰਡੇ ਨੂੰ ਉਸ ਦੀਆਂ ਭੈਣਾਂ ਵੱਲੋਂ ਪਹਿਲਾਂ ਹੀ ਤਿਆਰ ਰਹਿਣ ਦੀ ਤਾਕੀਦ ਕੀਤੀ ਜਾਂਦੀ ਸੀ:

ਵੇ ਮਖਾਣਾ ਲੈਚੀ ਦਾਣਾ ਵੀਰਾ।
ਵੇ ਤੈਂ ਬਹੁਰਤੇ ਘਰ ਜਾਣਾ ਵੀਰਾ।
ਓਥੇ ਸਾਲੀਆਂ ਦੇ ਵਸ ਪੈਣਾ ਵੀਰਾ।
ਤੇਰੀਆਂ ਸਾਲੀਆਂ ਬਾਰਾਂ ਤਾਲੀਆਂ ਵੀਰਾ।
ਉਹ ਤਾਂ ਮੰਗਦੀਆਂ ਸ਼ੀਸ਼ਾ ਸੁਰਮਾ ਵੀਰਾ।
ਵੇ ਤੂੰ ਸੁਰਮੇਂ ਦੀ ਸਾਰ ਨਾ ਜਾਣੇ ਵੀਰਾ।
ਵੇ ਤੂੰ ਨਾ ਡਰ ਮੇਰੇ ਨਿੱਕਿਆ ਵੀਰਾ।
ਤੇਰੇ ਨਾਲ ਭਾਈਆਂ ਦੀ ਫ਼ੌਜ ਵੀਰਾ।
ਵੇ ਮਖਾਣਾ ਲੈਚੀ ਦਾਣਾ ਵੀਰਾ।
ਵੇ ਤੈਂ ਸਹੁਰਤੇ ਘਰ ਜਾਣਾ ਵੀਰਾ।

ਇਸ ਦੇ ਨਾਲ ਨਾਲ ਵਿਆਂਦੜ ਮੁੰਡੇ ਦੇ ਵਿਆਹੇ ਹੋਏ ਸੰਗੀਆਂ ਸਾਥੀਆਂ ਅਤੇ ਕੁਝ ਖੁੰਢਾਂ 'ਤੇ ਬੈਠਣ ਵਾਲੇ ਵੱਡਿਆਂ ਵੱਲੋਂ ਵੀ ਉਸ ਨੂੰ ਇਸ ਔਖੀ ਘੜੀ ਬਾਰੇ ਸੁਚੇਤ ਕੀਤਾ ਜਾਂਦਾ ਸੀ ਅਤੇ ਕੁਝ ਛੰਦ ਵੀ ਰਟਾਏ ਜਾਂਦੇ ਸਨ। ਜਿਥੋਂ ਤਕ ਛੰਦ ਦੀ ਬਣਤਰ ਦਾ ਸਵਾਲ ਹੈ, ਇਹ ਬੜਾ ਸਿੱਧੜ ਜਿਹਾ ਕਾਰਜ ਹੈ। ਇਹ ਦੋ ਤੁਕੀ ਰਚਨਾ ਹੈ। ਪਹਿਲੀ ਤੁਕ ਦਾ ਆਰੰਭ 'ਛੰਦ ਪਰਾਗੇ ਆਈਏ ਜਾਈਏ' ਨਾਲ ਹੁੰਦਾ ਹੈ ਅਤੇ ਅੰਤ ਦੂਜੀ ਤੁਕ ਦੇ ਤੁਕਾਂਤ ਨੂੰ ਮਿਲਾਉਣ ਲਈ ਤੁਕਾਂਤ ਘੜਨ ਨਾਲ ਹੁੰਦਾ ਹੈ। ਜ਼ਰੂਰੀ ਨਹੀਂ ਕਿ ਪਹਿਲੀ ਤੁਕ ਦਾ ਕੋਈ ਸਿਧਾ ਸਬੰਧ ਦੂਜੀ ਤੁਕ ਨਾਲ ਹੋਵੇ। ਪਹਿਲੀ



ਤੁਕ ਸਿਰਫ਼ ਤੁਕਾਂਤ ਮੇਲ ਲਈ ਹੀ ਹੁੰਦੀ ਹੈ। ਦੂਜੀ ਤੁਕ ਵਿਚ ਹੀ ਅਸਲ ਗੱਲ ਕਹੀ ਜਾਂਦੀ ਹੈ। ਕਈ ਚੁਸਤ ਦਿਮਾਗ ਮੌਕੇ 'ਤੇ ਹੀ ਛੰਦ ਘੜ ਲੈਂਦੇ ਸਨ।

ਇਸ ਘੜੀ ਮੁੰਡੇ ਨਾਲ ਸਰਬਾਲੇ ਤੋਂ ਇਲਾਵਾ ਇੱਕ ਅੱਧਾ ਹੋਰ ਦੋਸਤ ਮਿੱਤਰ ਵੀ ਇਸ ਕਚਹਿਰੀ ਵਿਚ ਹਾਜ਼ਰ ਹੁੰਦਾ ਸੀ। ਸਾਲੀਆਂ ਉਸ ਨੂੰ ਵੱਖ ਵੱਖ ਤਰ੍ਹਾਂ ਦੇ ਮਖੌਲ ਕਰਦੀਆਂ ਤੇ ਉਸ ਨੂੰ ਛੰਦ ਸੁਣਾਉਣ ਲਈ ਕਹਿੰਦੀਆਂ। ਮੁੰਡਾ ਰਟੇ ਰਟਾਏ ਛੰਦਾਂ ਵਿਚੋਂ ਇੱਕ ਅੱਧਾ ਛੰਦ ਕਹਿ ਦਿੰਦਾ ਜਿਸ ਰਾਹੀਂ ਉਹ ਆਪਣੇ ਸੱਸ ਸਹੁਰੇ ਦੀ ਪ੍ਰਸ਼ੰਸਾ ਕਰਦਾ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਕੇਸਰ।
ਸੱਸ ਤਾਂ ਮੇਰੀ ਪਾਰਬਤੀ,
ਸਹੁਰਾ ਮੇਰਾ ਪਰਮੇਸਰ।

ਕਈ ਸਾਊ ਸਿੱਧੜ ਤਾਂ ਇਥੋਂ ਤਕ ਹੀ ਸੀਮਿਤ ਰਹਿ ਜਾਂਦੇ ਸਨ, ਪਰ ਕੁਝ ਥੋੜ੍ਹਾ ਹੋਰ ਖੁੱਲ੍ਹ ਜਾਂਦੇ ਸਨ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਘਿਓ।
ਸੱਸ ਹੋਈ ਮੇਰੀ ਮਾਂ ਅੱਜ ਤੋਂ,
ਸਹੁਰਾ ਮੇਰਾ ਪਿਓ।

ਸੈਂਕੜਿਆਂ ਵਿਚੋਂ ਕੋਈ ਇੱਕ ਅੱਧਾ ਇਸ ਤੋਂ ਅੱਗੇ ਵੀ ਹੌਸਲਾ ਦਿਖਾ ਦਿੰਦਾ ਸੀ, ਉਹ ਹੋਰ ਛੰਦ ਸੁਣਾਉਣ ਤੋਂ ਪਹਿਲਾਂ ਸ਼ਰਤ ਰੱਖ ਦਿੰਦਾ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਥਾਲੀ।
ਹੋਰ ਛੰਦ ਮੈਂ ਤਾਂ ਸੁਣਾਵਾਂ,
ਜੇ ਹੱਥ ਜੋੜੇ ਸਾਲੀ।

ਇਸ ਤਰ੍ਹਾਂ ਹੌਲੀ ਹੌਲੀ ਉਸ ਦੀ ਸੰਗ, ਝਿਜਕ ਦੂਰ ਹੋ ਜਾਂਦੀ ਤੇ ਉਹ ਥੋੜ੍ਹਾ ਹੋਰ ਜੇਰਾ ਦਿਖਾ ਦਿੰਦਾ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਗਹਿਣਾ।
ਇੱਕ ਨੂੰ ਤਾਂ ਅਸੀਂ ਲੈ ਹਾਂ ਚੱਲੇ,
ਇੱਕ ਸਾਕ ਹੋਰ ਲੈਣਾ।

ਇਸ ਤੋਂ ਬਾਅਦ ਉਹ ਗੱਲ ਨਿਬੇੜਨ ਲਈ ਆਖ਼ਰੀ ਛੰਦ ਸੁਣਾਉਂਦਾ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਗਹਿਣਾ।
ਛੇਤੀ ਛੇਤੀ ਤੋਰੋ ਸਾਨੂੰ,
ਹੋਰ ਨਹੀਂ ਹੁਣ ਬਹਿਣਾ।

ਪਹਿਲੇ ਸਮਿਆਂ ਵਿਚ ਕੁੜੀਆਂ ਦੀ ਘਾਟ ਕਾਰਨ ਸਾਕ ਮੁਸ਼ਕਿਲ ਨਾਲ ਹੀ ਹੁੰਦਾ ਸੀ। ਸ਼ਰੀਕ ਵੀ ਭਾਨੀਆਂ ਮਾਰ ਦਿੰਦੇ ਸਨ। ਜਿਥੇ ਵਿਚੋਲਾ ਤਕੜਾ ਤੇ ਪੂਰਾ ਖਿਡਾਰੀ ਹੁੰਦਾ ਸੀ, ਉਥੇ ਸ਼ਰੀਕਾਂ ਦੀਆਂ ਭਾਨੀਆਂ ਵੀ ਕੰਮ ਨਹੀਂ ਸਨ ਕਰਦੀਆਂ। ਇਸ ਤਰ੍ਹਾਂ ਦੇ ਹਾਲਾਤ ਸਬੰਧੀ ਵੀ ਇੱਕ ਛੰਦ ਹੈ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਤਰ।
ਸ਼ਰੀਕ ਭਾਨੀਆਂ ਮਾਰਦੇ,
ਸੰਜੋਗ ਜ਼ੋਰਾਵਰ।

ਇਉਂ ਵੱਖ ਵੱਖ ਤਰ੍ਹਾਂ ਦੇ ਛੰਦਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਕੁਝ ਸਮੇਂ ਦੇ ਹਾਸੇ ਠੱਠੇ ਤੋਂ ਬਾਅਦ ਸਾਲੀਆਂ ਉਸ ਤੋਂ ਕਲੀਚੜੀਆਂ (ਚੀਚ ਛੱਲੇ) ਮੰਗਦੀਆਂ, ਜਿਹੜੀਆਂ ਉਹ ਇਸ ਮੌਕੇ ਲਈ ਨਾਲ ਲਿਆਇਆ ਹੁੰਦਾ। ਉਸ ਨੂੰ ਕੁਝ ਬੁਝਾਰਤਾਂ ਬੁੱਝਣ ਲਈ ਵੀ ਕਿਹਾ ਜਾਂਦਾ। ਇਸ ਰਸਮ ਸਬੰਧੀ ਵਾਰਿਸ ਸ਼ਾਹ ਨੇ ਆਪਣੇ ਕਿੱਸੇ 'ਹੀਰ ਵਾਰਿਸ' ਵਿਚ ਬਹੁਤ ਖ਼ੂਬਸੂਰਤ ਬੰਦ ਲਿਖਿਆ ਹੈ:

ਬੈਠ ਮੰਗਦੀਆਂ ਸਾਲੀਆਂ ਚੀਚ ਛੱਲਾ,
ਦੁੱਧ ਦੇਹ ਅਣਵਿਆਹੀ ਤੂੰ ਚਿੜੀ ਦਾ ਵੇ।
ਬਿਨਾਂ ਬਲਦਾਂ ਦੇ ਖੂਹ ਦੇ ਗੇੜ ਸਾਨੂੰ,
ਅੱਡਾ ਖੜਕਦਾ ਕਾਠ ਦੀ ਘੜੀ ਦਾ ਵੇ।
ਤੰਬੂ ਤਾਣ ਦੇ ਖਾਂ ਸਾਨੂੰ ਬਾਝ ਥੰਮਾਂ,
ਪੌਂਚਾ ਦੇਹ ਖਾਂ ਸੋਨੇ ਦੀ ਚਿੜੀ ਦਾ ਵੇ।
ਵਾਰਿਸ ਸ਼ਾਹ ਜੀਜਾ ਖਿੜਿਆ ਵਾਂਗ ਫੁੱਲਾਂ,
ਜਿਵੇਂ ਫੁੱਲ ਗੁਲਾਬ ਦਾ ਖਿੜੀ ਦਾ ਵੇ।

ਇਸ ਸਮੇਂ ਲਈ ਵਿਆਂਦੜ ਮੁੰਡਾ ਆਪਣੀਆਂ ਸਕੀਆਂ ਸਾਲੀਆਂ ਲਈ ਚਾਂਦੀ ਦੀਆਂ ਅਤੇ ਸ਼ਰੀਕੇ ਤੇ ਰਿਸ਼ਤੇਦਾਰੀ ਵਿਚੋਂ ਲੱਗਦੀਆਂ ਸਾਲੀਆਂ ਨੂੰ ਗਿਲਟ ਦੀਆਂ ਕਲੀਚੜੀਆਂ ਦਿੰਦਾ। ਇਸ ਦੇ ਨਾਲ ਹੀ ਉਹ ਆਪਣੀ ਸਾਲੀ ਨੂੰ ਨਾਲ ਲਿਆਂਦੇ ਪਤਾਸੇ ਵੀ ਦਿੰਦਾ।

ਇਸ ਮੌਕੇ ਕੋਈ ਚੁਸਤ ਚਲਾਕ ਸਾਲੀ ਉਸ ਨੂੰ ਕੋਈ ਬੁਝਾਰਤ ਬੁੱਝਣ ਲਈ ਕਹਿੰਦੀ ਹੋਈ ਹੇਅਰੇ ਦੇ ਰੂਪ ਵਿਚ ਬੁਝਾਰਤ ਪਾਉਂਦੀ:

ਅੱਠ ਖੂਹੇ ਨੌਂ ਪਾੜਛੇ,
ਕੋਈ ਪਾਣੀ ਘੁੰਮਣ ਘੇਰ।
ਜੇ ਤੂੰ ਐਡਾ ਚਤਰ ਹੈਂ,
ਦੱਸ ਪਾਣੀ ਕਿੰਨੇ ਸੇਰ।

ਜੇ ਮੁੰਡਾ ਵੀ ਅੱਗੋਂ ਚੁਸਤ ਚਲਾਕ ਹੁੰਦਾ ਸੀ ਤਾਂ ਇਸ ਦਾ ਜਵਾਬ ਇਉਂ ਦਿੰਦਾ:

ਅੱਠ ਖੂਹੇ ਨੌਂ ਪਾੜਛੇ,
ਕੋਈ ਪਾਣੀ ਘੁੰਮਣ ਘੇਰ।
ਜਿੰਨੇ ਤਾਰੇ ਅਰਸ਼ ਦੇ,
ਨੀ ਪਾਣੀ ਓਨੇ ਸੇਰ।

ਜਵਾਬ ਸੁਣ ਕੇ ਸਵਾਲ ਕਰਨ ਵਾਲੀ ਸਾਲੀ ਨਮੋਸ਼ੀ ਮਹਿਸੂਸ ਕਰਦੀ ਪਿੱਛੇ ਹੋ ਜਾਂਦੀ। ਕੋਈ ਹੋਰ ਬੁੱਧੀਮਾਨ ਅਖਵਾਉਂਦੀ ਅੱਗੇ ਆ ਕੇ ਨਵਾਂ ਸਵਾਲ ਖੜ੍ਹਾ ਕਰ ਦਿੰਦੀ:

ਦਿੱਲੀ ਦਾ ਦਰਵਾਜ਼ਾ ਸੁਣੀਂਦਾ,
ਵੇ ਕੋਈ ਤਾਣਾ ਤਣੇ ਕਬੀਰ।
ਕਿਸ ਦੀਆਂ ਤਣੀਆਂ ਧੋਤੀਆਂ,
ਵੇ ਕੋਈ ਕਿਸ ਦੇ ਤਣੇ ਨੇ ਚੀਰ।

ਜੇ ਵਿਆਂਦੜ ਮੁੰਡਾ ਜਵਾਬ ਨਾ ਦੇ ਸਕਦਾ ਤਾਂ ਕੁੜੀਆਂ ਤਾੜੀਆਂ ਮਾਰ ਦਿੰਦੀਆਂ, ਪਰ ਕਦੇ ਕਦੇ ਕੋਈ ਜਵਾਬ ਦੇਣ ਵਾਲਾ ਵੀ ਟੱਕਰ ਜਾਂਦਾ:

ਦਿੱਲੀ ਦਾ ਦਰਵਾਜ਼ਾ ਸੁਣੀਂਦਾ,
ਨੀ ਕੋਈ ਤਾਣਾ ਤਣੇ ਕਬੀਰ।
ਲਛਮਣ ਦੀਆਂ ਤਣੀਆਂ ਧੋਤੀਆਂ,
ਕੋਈ ਸੀਤਾ ਦੇ ਤਣੇ ਨੇ ਚੀਰ।

ਇਸ ਤਰ੍ਹਾਂ ਕੁਝ ਸਮੇਂ ਦੇ ਹਾਸੇ ਠੱਠੇ ਤੋਂ ਬਾਅਦ ਵਿਆਂਦੜ ਮੁੰਡੇ ਦੀ ਸੱਸ ਹੱਥ ਵਿਚ ਲੱਡੂਆਂ ਦੀ ਥਾਲੀ ਅਤੇ ਦੁੱਧ ਦਾ ਗਲਾਸ ਲੈ ਕੇ ਆ ਜਾਂਦੀ ਅਤੇ ਇਹ ਕਹਿੰਦੀ ਹੋਈ ਕੁੜੀਆਂ ਨੂੰ ਵਰਜਦੀ 'ਹਟੋ ਨੀ ਹਟੋ, ਕਿਥੇ ਮੇਰੇ ਸਾਊ ਪੁੱਤ ਨੂੰ ਘੇਰਿਐ, ਸ਼ਗਨ ਕਰਨ ਦਿਓ ਮੈਨੂੰ'। ਇਸ ਦੇ ਨਾਲ ਹੀ ਛੰਦ ਸੁਣਾਉਣ ਦੀ ਪ੍ਰਕਿਰਿਆ ਦਾ ਭੋਗ ਪੈ ਜਾਂਦਾ ਸੀ।

# ਹੁਣ ਕਿਤੇ ਨਹੀਂ ਸੁਣਦੇ ਛੰਦ

ਜਿਉਂ ਜਿਉਂ ਸਮਾਂ ਬਦਲ ਰਿਹਾ ਹੈ, ਸਾਡੇ ਰਸਮੋਂ-ਰਿਵਾਜ, ਵਿਆਹ ਸ਼ਾਦੀਆਂ ਦੇ ਢੰਗ-ਤਰੀਕਿਆਂ ਵਿਚ ਤਬਦੀਲੀ ਆ ਰਹੀ ਹੈ। ਕੋਈ ਸਮਾਂ ਹੁੰਦਾ ਸੀ, ਵਿਆਹ ਤੋਂ ਪੰਜ-ਪੰਜ, ਸੱਤ-ਸੱਤ ਦਿਨ ਪਹਿਲਾਂ ਵਿਆਹ ਵਾਲੇ ਘਰ ਗਾਉਣ ਬਿਠਾਇਆ ਜਾਂਦਾ ਸੀ। ਸਾਰਾ ਸ਼ਰੀਕਾ ਭਾਈਚਾਰਾ ਇਕੱਠਾ ਕਰ ਕੇ ਘੋੜੀਆਂ ਜਾਂ ਸੁਹਾਗ ਅੱਧੀ-ਅੱਧੀ ਰਾਤ ਤਕ ਗਾਏ ਜਾਂਦੇ ਸਨ। ਨਾਨਕੀਆਂ-ਦਾਦਕੀਆਂ ਵਿਆਹ 'ਤੇ ਦੋ ਧਿਰਾਂ ਬਣ ਕੇ ਇੱਕ

**ਮਨਮੋਹਨ ਸਿੰਘ ਬਾਸਰਕੇ**

ਦੂਜੀ ਨੂੰ ਸਿੱਠਣੀਆਂ ਦਿੰਦੀਆਂ ਜੋ ਮਿੱਠੀਆਂ ਗਾਲਾਂ ਹੁੰਦੀਆਂ। ਰਾਤ ਜਾਗੋ ਕੱਢੀ ਜਾਂਦੀ ਅਤੇ ਵਿਆਹ ਵਾਲੇ ਪਿੰਡ ਦੀਆਂ ਗਲੀਆਂ ਚੁੱਕਣੀਆਂ ਲੈ ਲਈਆਂ ਜਾਂਦੀਆਂ। ਰਸਤੇ ਵਿਚ ਆਏ ਹਰ ਘਰ ਦੀ ਮਾਲਕਣ ਨੂੰ ਨਾਂ ਲੈ-ਲੈ ਕੇ ਸਿੱਠਣੀਆਂ ਦਿੱਤੀਆਂ ਜਾਂਦੀਆਂ, ਤੇ ਜੇ ਕੋਈ ਖੁੱਲ੍ਹੇ ਵਾਲ ਸੁੱਤਾ ਮਿਲ ਜਾਂਦਾ ਤਾਂ ਮੰਜੇ ਤੋਂ ਪਲਟ ਦਿੰਦੀਆਂ।

ਹੁਣ ਵਿਆਹਾਂ ਦੇ ਰੰਗ-ਢੰਗ ਉਕਾ ਹੀ ਬਦਲ ਗਏ ਹਨ। ਵਿਆਹ ਘਰ ਦੀ ਬਜਾਏ ਹੋਟਲਾਂ ਤੇ ਪੈਲੇਸਾਂ ਵਿਚ ਹੋਣ ਲੱਗ ਪਏ ਹਨ। ਪਹਿਲਾਂ ਤਾਂ ਵਿਆਹ ਵਾਲੇ ਕਈ ਘਰਾਂ ਵਿਚ ਪ੍ਰਾਹੁਣੇ ਉਨਾ ਚਿਰ ਨਹੀਂ ਸਨ ਜਾਂਦੇ, ਜਿੰਨਾ ਚਿਰ ਘਰ ਦੀ ਕੱਢੀ ਦਾਰੂ ਮੁੱਕ ਨਹੀਂ ਸੀ ਜਾਂਦੀ। ਹੁਣ ਵਿਆਹ ਕੇਵਲ ਤਿੰਨ-ਚਾਰ ਘੰਟਿਆਂ ਦੇ ਹੀ ਰਹਿ ਗਏ ਹਨ।

ਪਹਿਲਾਂ ਦੇ ਵਿਆਹਾਂ ਵਿਚ ਜਦੋਂ ਮੁੰਡਾ ਪਲੰਘ 'ਤੇ ਬੈਠਦਾ ਤਾਂ ਸਾਲੀਆਂ ਛੰਦ ਸੁਣਾਉਣ ਦੀ ਮੰਗ ਕਰਦੀਆਂ। ਛੰਦ ਸੁਣਾਉਣ ਨਾਲ ਇਹ ਸਪਸ਼ਟ ਹੋ ਜਾਂਦਾ ਕਿ ਮੁੰਡਾ ਬੋਲਦਾ ਠੀਕ ਹੈ ਜਾਂ ਨਹੀਂ।



ਉਥੇ ਮੁੰਡੇ ਦੇ ਸਾਊ, ਸ਼ਰਾਰਤੀ ਜਾਂ ਮਖੌਲੀਏ ਸੁਭਾਅ ਦਾ ਵੀ ਨਿਖੇੜਾ ਹੋ ਜਾਂਦਾ। ਜੇ ਮੁੰਡਾ ਸਾਊ ਸੁਭਾਅ ਦਾ ਹੋਵੇ ਤਾਂ ਉਹ ਹੇਠ ਲਿਖੇ ਛੰਦ ਸੁਣਾਉਂਦਾ ਹੈ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਖੀਰਾ,
ਤੁਸੀਂ ਮੇਰੀਆਂ ਭੈਣਾਂ
ਤੇ ਮੈਂ ਤੁਹਾਡਾ ਵੀਰਾ।

ਜੇ ਲਾੜਾ ਸ਼ਰਾਰਤੀ ਤੇ ਮਖੌਲੀਆ ਸੁਭਾਅ ਦਾ ਹੋਵੇ ਤਾਂ ਉਹ ਇਹ ਛੰਦ ਸੁਣਾਵੇਗਾ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਪਿੱਛ,
ਤੁਸੀਂ 'ਸ਼ਹਿਜਾਦੇ' ਦੀਆਂ ਬਾਂਦਰੀਆਂ,
ਤੇ ਮੈਂ 'ਦਿੱਲੀ' ਦਾ ਰਿੱਛ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਖੀਰਾ,
ਧੀ ਤੁਹਾਡੀ ਨੂੰ ਇਉਂ ਰੱਖੂੰ,
ਜਿਉਂ ਮੁੰਦਰੀ ਵਿਚ ਹੀਰਾ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਮੇਖਾਂ,
ਸਾਲੀਆਂ ਮੇਰੀਆਂ ਸਭੇ ਸੁਹਣੀਆਂ,
ਕਿਹਦੇ-ਕਿਹਦੇ ਵੱਲ ਵੇਖਾਂ।

ਕਈ ਛੰਦਾਂ ਵਿਚ ਪਤਨੀ ਅਤੇ ਸਾਲੀਆਂ ਦੀ ਸਿਫਤ ਕੀਤੀ ਹੁੰਦੀ ਸੀ, ਜਿਵੇਂ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਮਖਾਣਾ,
ਧੀ ਤੁਹਾਡੀ ਪਾਰਬਤੀ
ਤੇ ਮੈਂ ਮੋਤੀ ਦਾ ਦਾਣਾ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਕੇਸਰ
ਸੱਸ ਮੇਰੀ ਪਾਰਬਤੀ
ਤੇ ਸਹੁਰਾ ਮੇਰਾ ਪਰਮੇਸਰ।

ਕਈ ਛੰਦਾਂ ਵਿਚ ਉਨ੍ਹਾਂ ਦੇ ਪਿੰਡਾਂ ਦੇ ਪ੍ਰਸਿਧ ਸਥਾਨਾਂ ਦਾ ਜ਼ਿਕਰ ਕੀਤਾ ਜਾਂਦਾ, ਜਿਵੇਂ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਗਾਨੀ
ਪਿੰਡ ਸਾਡਾ 'ਬਾਸਰਕੇ ਗਿੱਲਾਂ',
ਤੇ ਟੀ.ਵੀ. ਟਾਵਰ ਦੀ ਨਿਸ਼ਾਨੀ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਅੱਕ
ਡਾਕਘਰ 'ਬਾਸਰਕੇ ਗਿੱਲਾਂ'
ਤੇ ਪਿੰਡ 'ਤਾਜੇ ਚੱਕ'।

ਜੇ ਵਿਆਹ ਹੋਣ ਤੋਂ ਪਹਿਲਾਂ ਉਸ ਦੇ ਸਾਕ ਵਿਚ ਕਿਸੇ ਨੇ ਭਾਨੀ ਮਾਰੀ ਹੋਵੇ ਤਾਂ ਉਹ ਉਸ ਦਾ ਜ਼ਿਕਰ ਆਪਣੇ ਛੰਦ ਵਿਚ ਇਸ ਤਰ੍ਹਾਂ ਕਰਦਾ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਤਰ
ਭਾਨੀ ਮਾਰਾਂ ਕਸਰ ਨਹੀਂ ਛੱਡੀ
ਸੰਜੋਗ ਜ਼ੋਰਾਵਰ।

ਜੇ ਕੁੜੀ ਤੋਰਨ ਵਿਚ ਦੇਰ ਹੋ ਰਹੀ ਹੋਵੇ ਤਾਂ ਲਾੜਾ ਸਿੱਧਾ ਕਹਿਣ ਦੀ ਬਜਾਏ ਛੰਦ ਰਾਹੀਂ ਆਪਣੀ ਵੇਦਨਾ ਪ੍ਰਗਟ ਕਰਦਾ ਹੈ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਗਹਿਣਾ
ਛੇਤੀ ਛੇਤੀ ਤੋਰੋ ਸਾਨੂੰ,
ਹੋਰ ਅਸੀਂ ਨਹੀਂ ਬਹਿਣਾ।

ਅੱਜ ਦੇ ਪੈਲੇਸਾਂ ਦੇ ਵਿਆਹਾਂ ਵਿਚ ਹੁਣ ਇਸ ਤਰ੍ਹਾਂ ਦੇ ਛੰਦ ਸੁਣਨ ਨੂੰ ਨਹੀਂ ਮਿਲਦੇ। ਇਨ੍ਹਾਂ ਵਿਚ ਤਾਂ ਸਿਰਫ਼ ਡੀ.ਜੇ. 'ਤੇ ਨੱਚਿਆ ਜਾਂਦਾ ਹੈ। ਜਿਸ ਤਰ੍ਹਾਂ ਇਹ ਛੰਦ ਸੁਣਾਉਣ ਦੀ ਪਰੰਪਰਾ ਲੋਪ ਹੋ ਰਹੀ ਹੈ, ਜੇ ਇਨ੍ਹਾਂ ਨੂੰ ਨਾ ਸੰਭਾਲਿਆ ਗਿਆ ਤਾਂ ਇਹ ਕੇਵਲ ਕਿਤਾਬਾਂ ਵਿਚ ਹੀ ਮਿਲਿਆ ਕਰਨਗੇ।

# ਪਰੋਵੋਕਡ

## ਵਿਆਹ ਕੇ ਇੰਗਲੈਂਡ ਪੁੱਜੀ ਪੰਜਾਬਣ ਦੀ ਸੱਚੀ ਕਹਾਣੀ 'ਤੇ ਆਧਾਰਿਤ ਫਿਲਮ







ਫਿਲਮ 'ਪ੍ਰੋਵੋਕਡ' ਵਿਚ ਐਸ਼ਵਰਿਆ ਰਾਏ ਬੱਚਨ, (ਐਨ ਉਪਰ, ਸੱਜੇ) ਡਾਇਰੈਕਟਰ ਜੈਗ ਮੂੰਧੜਾ ਅਤੇ (ਹੇਠਾਂ) ਕਿਰਨਜੀਤ ਆਹਲੂਵਾਲੀਆ ਜਿਸ ਦੇ ਜੀਵਨ ਉਤੇ ਇਹ ਫਿਲਮ ਬਣਾਈ ਗਈ।

ਅੰਗਰੇਜ਼ੀ ਦੀ ਫਿਲਮ 'ਪਰੋਵੋਕਡ' (ਡਾਇਰੈਕਟਰ ਜੈਗ ਮੂੰਧੜਾ) ਇੰਗਲੈਂਡ ਵਿਚ ਵਿਆਹ ਕੇ ਆਈ ਪੰਜਾਬੀ ਔਰਤ ਕਿਰਨਜੀਤ ਆਹਲੂਵਾਲੀਆ ਦੇ ਜੀਵਨ ਦੀ ਸੱਚੀ ਕਹਾਣੀ ਉਪਰ ਬਣਾਈ ਗਈ ਹੈ। ਕਿਰਨਜੀਤ ਭਾਰਤੀ ਮੂਲ ਦੇ ਬਰਤਾਨਵੀ ਮਰਦ ਨਾਲ ਵਿਆਹ ਕਰਵਾ ਕੇ 1980 ਦੇ ਨੇੜੇ-ਤੇੜੇ ਇੰਗਲੈਂਡ ਪਹੁੰਚਦੀ ਹੈ। ਇਸ ਉਮਰ ਦੀਆਂ ਆਮ ਕੁੜੀਆਂ ਵਾਂਗ ਉਸ ਦੇ ਮਨ ਵਿਚ ਵੀ ਵਿਆਹ ਤੋਂ ਬਾਅਦ ਚੰਗਾ ਘਰ ਵਸਾਉਣ ਦੇ ਸੁਫਨੇ ਹਨ, ਪਰ ਇੰਗਲੈਂਡ ਪਹੁੰਚਣ ਬਾਅਦ



**ਸੁਖਵੰਤ ਹੁੰਦਲ**

ਛੇਤੀ ਹੀ ਉਸ ਦੇ ਇਹ ਸੁਫਨੇ ਚਕਨਾਚੂਰ ਹੋਣੇ ਸ਼ੁਰੂ ਹੋ ਜਾਂਦੇ ਹਨ। ਉਸ ਦਾ ਪਤੀ ਉਸ ਨੂੰ ਪਿਆਰ ਅਤੇ ਇਜ਼ਤ ਦੇਣ ਦੀ ਥਾਂ ਨਮੋਸ਼ੀ, ਬੇਵਿਸ਼ਵਾਸੀ, ਧੋਖਾ ਅਤੇ ਮਾਰ-ਕੁੱਟ ਦਿੰਦਾ ਹੈ। ਉਸ ਲਈ ਕਿਰਨਜੀਤ ਦੀ ਹੋਂਦ ਦਾ ਕੋਈ ਅਰਥ ਨਹੀਂ। ਉਹ ਕਿਰਨਜੀਤ ਨੂੰ ਕਹਿੰਦਾ ਹੈ, "ਤੂੰ ਔਰਤ ਹੈਂ, ਇਸ ਲਈ ਤੂੰ ਕੁਝ ਵੀ ਨਹੀਂ। ਤੂੰ ... (ਮੁਆਫ ਕਰਨਾ ਪੰਜਾਬੀ ਜ਼ਬਾਨ ਦਾ ਸ਼ਿਸ਼ਟਾਚਾਰ ਮੈਨੂੰ ਇਹ ਸ਼ਬਦ ਲਿਖਣ ਦੀ ਇਜਾਜ਼ਤ ਨਹੀਂ ਦੇ ਰਿਹਾ) ਹੈਂ, ਇਸ ਲਈ ਤੂੰ ਕੁਝ ਵੀ ਨਹੀਂ ਨਾਲੋਂ ਵੀ ਨੀਵੀਂ ਹੈਂ।" ਸਮਾਂ ਪੈਣ ਨਾਲ ਕਿਰਨਜੀਤ ਦੀ ਜ਼ਿੰਦਗੀ ਦੀ ਜ਼ਿਲਤ ਅਤੇ ਹਿੰਸਾ ਘਟਣ ਦੀ ਥਾਂ ਵਧਦੀ ਜਾਂਦੀ ਹੈ। ਅਖੀਰ 1989 ਵਿਚ ਕਿਰਨਜੀਤ ਆਪਣੇ ਸੁੱਤੇ ਪਏ ਪਤੀ ਨੂੰ ਅੱਗ ਲਾ ਦਿੰਦੀ ਹੈ ਅਤੇ ਕੁਝ ਦਿਨ ਹਸਪਤਾਲ ਵਿਚ ਰਹਿ ਕੇ ਉਸ ਦੇ ਪਤੀ ਦੀ ਮੌਤ ਹੋ ਜਾਂਦੀ ਹੈ। ਫਿਲਮ 'ਪ੍ਰੋਵੋਕਡ' ਦੀ ਕਹਾਣੀ ਇਥੋਂ ਸ਼ੁਰੂ ਹੁੰਦੀ ਹੈ।

ਫਿਲਮ ਵਿਚ ਕਿਰਨਜੀਤ ਦੇ ਜੀਵਨ ਵਿਚਲੀ ਹਿੰਸਾ ਦਿਖਾਉਣ ਲਈ ਹਿੰਸਾ ਭਰੇ ਦ੍ਰਿਸ਼ਾਂ ਦੀ ਵਰਤੋਂ ਤਾਂ ਕੀਤੀ ਗਈ ਹੈ, ਪਰ ਬਹੁਤ ਸੰਜਮ ਨਾਲ। ਨਤੀਜੇ ਵਜੋਂ ਦਰਸ਼ਕਾਂ ਨੂੰ ਔਰਤਾਂ ਵਿਰੁਧ ਵਾਪਰਦੀ ਪਰਿਵਾਰਕ ਹਿੰਸਾ ਆਮ ਅਤੇ ਕੁਦਰਤੀ ਵਰਤਾਰਾ ਨਹੀਂ ਜਾਪਦੀ, ਸਗੋਂ ਅਜਿਹਾ ਵਰਤਾਰਾ ਜਾਪਦੀ ਹੈ ਜਿਸ ਨੂੰ ਨਫਰਤ ਕਰਨੀ ਚਾਹੀਦੀ ਹੈ। ਹਿੰਸਾ ਭਰੇ ਦ੍ਰਿਸ਼ਾਂ ਦੀ ਥਾਂ ਨਾਰੀ ਹੱਕਾਂ ਲਈ ਕੰਮ ਕਰਦੀ ਕਾਰਕੁਨ ਰਾਧਾ ਨਾਲ ਜੇਲ੍ਹ ਵਿਚ ਸੰਖੇਪ ਮੁਲਾਕਾਤ ਸਮੇਂ ਕਿਰਨਜੀਤ ਦਾ ਸਾਧਾਰਨ ਡਾਇਲਾਗ ਉਸ ਦੇ ਘਰ ਦੇ ਹਿੰਸਾ ਭਰੇ ਵਾਤਾਵਰਣ ਬਾਰੇ ਬਹੁਤ ਵੱਡਾ ਪ੍ਰਗਟਾਵਾ ਕਰ ਜਾਂਦਾ ਹੈ। ਰਾਧਾ ਕਿਰਨਜੀਤ ਨੂੰ ਪੁੱਛਦੀ ਹੈ ਕਿ ਉਹ ਜੇਲ੍ਹ ਵਿਚ ਕਿਸ ਤਰ੍ਹਾਂ ਮਹਿਸੂਸ ਕਰ ਰਹੀ ਹੈ। ਕਿਰਨਜੀਤ ਜੁਆਬ ਦਿੰਦੀ ਹੈ, "ਮੈਂ ਆਜ਼ਾਦ ਮਹਿਸੂਸ ਕਰ ਰਹੀ ਹਾਂ।" ਕਿਰਨਜੀਤ ਦਾ ਇਹ ਜੁਆਬ ਦਰਸ਼ਕ ਨੂੰ ਸੋਚਣ ਲਾ ਦਿੰਦਾ ਹੈ ਕਿ ਉਹ ਕਿਸ ਤਰ੍ਹਾਂ ਦਾ ਘਰ ਹੋਵੇਗਾ, ਜਿਸ ਦੇ ਮੁਕਾਬਲੇ ਇਹ ਔਰਤ ਜੇਲ੍ਹ ਵਿਚ ਆ ਕੇ ਆਜ਼ਾਦ ਮਹਿਸੂਸ ਕਰ ਰਹੀ ਹੈ।

ਫਿਲਮ ਵਿਚ ਇੰਗਲੈਂਡ ਦੇ ਨਿਆਂ ਪ੍ਰਬੰਧ ਉਪਰ ਵੀ ਆਲੋਚਨਾਤਮਕ ਰੌਸ਼ਨੀ ਪਾਈ ਗਈ ਹੈ ਅਤੇ ਇਹ ਦਿਖਾਉਣ ਦੀ ਕੋਸ਼ਸ਼ ਕੀਤੀ ਗਈ ਹੈ ਕਿ ਉਹ ਔਰਤਾਂ ਇੰਗਲੈਂਡ ਦੇ ਨਿਆਂ ਪ੍ਰਬੰਧ ਵਿਚ ਦੋਹਰੇ ਵਿਤਕਰੇ ਦਾ ਸ਼ਿਕਾਰ ਹੁੰਦੀਆਂ ਹਨ, ਜਿਨ੍ਹਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ ਅਤੇ ਜਿਨ੍ਹਾਂ ਦਾ ਸਭਿਆਚਾਰ ਐਂਗਲੋ-ਸੈਕਸਨ ਸਭਿਆਚਾਰ ਨਾਲੋਂ ਵੱਖਰਾ ਹੈ। ਨਿਆਂ ਪ੍ਰਬੰਧ ਨੂੰ ਤਿੱਖੀ ਨਜ਼ਰ ਨਾਲ ਦੇਖਦੇ ਹੋਏ ਫਿਲਮ ਵਿਚ ਇਹ ਨੁਕਤਾ ਬਹੁਤ ਚੰਗੀ ਤਰ੍ਹਾਂ ਉਭਾਰਿਆ ਗਿਆ ਹੈ ਕਿ ਔਰਤਾਂ ਨੂੰ ਨਿਆਂ ਦਿਵਾਉਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਭਾਈਚਾਰੇ ਵਿਚ ਔਰਤਾਂ ਦੀਆਂ ਅਜਿਹੀਆਂ ਸੰਸਥਾਵਾਂ ਹੋਣ ਜੋ ਔਰਤਾਂ ਦੇ ਨਜ਼ਰੀਏ ਤੋਂ ਨਿਆਂ ਪ੍ਰਬੰਧ ਦਾ ਵਿਸ਼ਲੇਸ਼ਣ ਕਰ ਸਕਣ ਅਤੇ ਉਸ ਵਿਚ ਮੌਜੂਦ ਢਾਂਚਾਗਤ ਬੰਦਸ਼ਾਂ ਨੂੰ ਚੁਣੌਤੀ ਦੇ ਸਕਣ।

ਘਰਾਂ ਵਿਚ ਔਰਤਾਂ ਨਾਲ ਇਹ ਹਿੰਸਾ ਕਿਉਂ ਵਾਪਰਦੀ ਹੈ? ਇਸ ਸਵਾਲ ਦਾ ਜੁਆਬ ਲੱਭਣ ਲਈ ਫਿਲਮ ਨੇ ਪੰਜਾਬੀ ਸਭਿਆਚਾਰ ਦੇ ਕੁਝ ਪੱਖਾਂ ਵਲ ਇਸ਼ਾਰਾ ਕੀਤਾ ਹੈ। ਫਿਲਮ ਵਿਚ ਇਹ ਕਹਿਣ ਦੀ ਕੋਸ਼ਸ਼ ਕੀਤੀ ਗਈ ਹੈ ਕਿ ਪੰਜਾਬੀ ਸਭਿਆਚਾਰ ਘਰਾਂ ਵਿਚ ਬੇਸ਼ਕ ਔਰਤਾਂ ਪ੍ਰਤੀ ਹੁੰਦੀ ਹਿੰਸਾ ਦਾ ਸਮਰਥਨ ਨਾ ਵੀ ਕਰਦਾ ਹੋਵੇ, ਫਿਰ ਵੀ ਪੰਜਾਬੀ ਲੋਕ (ਪਰਿਵਾਰ ਦੇ ਮੈਂਬਰ ਅਤੇ ਦੂਜੇ ਲੋਕ) ਇਸ ਹਿੰਸਾ ਨੂੰ ਦੇਖ ਕੇ ਅਣਗੌਲਿਆ ਜ਼ਰੂਰ ਕਰ ਦਿੰਦੇ ਹਨ, ਜਿਸ ਕਾਰਨ ਇਸ ਦਾ ਵਾਪਰਨਾ ਜਾਰੀ ਰਹਿੰਦਾ ਹੈ। ਇਸ ਦੇ ਨਾਲ ਹੀ ਪੰਜਾਬੀ ਸਭਿਆਚਾਰ ਦੇ ਪ੍ਰਸੰਗ ਵਿਚ ਇਹ ਵੀ ਕਿਹਾ ਗਿਆ ਹੈ ਕਿ ਸ਼ਰਮ, ਪਰਿਵਾਰਕ ਇਜ਼ਤ ਆਦਿ ਗੱਲਾਂ ਕਰ ਕੇ ਪੰਜਾਬੀ ਔਰਤਾਂ ਇਸ ਹਿੰਸਾ ਬਾਰੇ ਬਾਹਰ ਗੱਲ ਨਹੀਂ ਕਰਦੀਆਂ।

ਨਤੀਜੇ ਵਜੋਂ ਇਹ ਹਿੰਸਾ ਕਰਨ ਵਾਲੇ ਪੰਜਾਬੀ ਮਰਦ ਬਿਨਾਂ ਕਿਸੇ ਡਰ-ਭਉ ਦੇ ਹਿੰਸਾ ਕਰਨਾ ਜਾਰੀ ਰੱਖਦੇ ਹਨ। ਇਸ ਲਈ ਫਿਲਮ ਦੇ ਅਖੀਰ ਵਿਚ ਜੇਲ੍ਹ ਵਿਚੋਂ ਰਿਹਾਅ ਹੋ ਕੇ ਆਈ ਕਿਰਨਜੀਤ ਦੇ ਇਹ ਸ਼ਬਦ "ਜ਼ਿੰਦਗੀ ਵਿਚ ਚੁੱਪ-ਚਾਪ (ਜ਼ੁਲਮ) ਸਹੀ ਜਾਣ ਵਿਚ ਕੋਈ ਇਜ਼ਤ ਨਹੀਂ..." ਪੰਜਾਬੀ ਸਭਿਆਚਾਰ ਦੀ ਇਸ ਧਾਰਨਾ ਨੂੰ ਚੁਣੌਤੀ ਦੇਣ ਦੀ ਅਪੀਲ ਕਰਦੇ ਹਨ। ਪੰਜਾਬੀ ਸਭਿਆਚਾਰ ਦੇ ਇਨ੍ਹਾਂ ਪੱਖਾਂ ਉਪਰ ਉਂਗਲ ਰੱਖਦੇ ਹੋਏ ਫਿਲਮ ਵਿਚ ਦੂਜੇ ਸਭਿਆਚਾਰਾਂ ਵਿਚ ਵਾਪਰਦੀ ਪਰਿਵਾਰਕ ਹਿੰਸਾ ਵਲ ਵੀ ਇਸ਼ਾਰਾ ਕੀਤਾ ਗਿਆ ਹੈ ਤਾਂ ਕਿ ਇਹ ਸੰਤੁਲਨ ਕਾਇਮ ਰੱਖਿਆ ਜਾ ਸਕੇ ਕਿ ਇਹ ਸਮੱਸਿਆ ਇਕੱਲੇ ਪੰਜਾਬੀ ਸਭਿਆਚਾਰ ਦੀ ਹੀ ਸਮੱਸਿਆ ਨਹੀਂ, ਸਗੋਂ ਸਮੁੱਚੇ ਸਮਾਜ ਦੀ ਸਮੱਸਿਆ ਹੈ।

'ਪ੍ਰੋਵੋਕਡ' ਦੇਖਣ ਨੂੰ ਦਿਲਚਸਪ ਫਿਲਮ ਹੈ। ਫਿਲਮ ਦਾ ਨਿਭਾਅ ਦਰਸ਼ਕਾਂ ਦੀ ਕਿਰਨਜੀਤ ਨਾਲ ਹਮਦਰਦੀ ਪੈਦਾ ਕਰਦਾ ਹੈ। ਫਿਲਮ ਬੇਸ਼ਕ ਇਕ ਔਰਤ ਦੀ ਨਿੱਜੀ ਕਹਾਣੀ ਉਤੇ ਆਧਾਰਿਤ ਹੈ, ਫਿਰ ਵੀ ਇਹ ਸਮਾਜ ਵਿਚ ਔਰਤਾਂ ਵਿਰੁਧ ਹੁੰਦੀ ਪਰਿਵਾਰਕ ਹਿੰਸਾ ਦੇ ਸਮੁੱਚੇ ਮਸਲੇ ਵਲ ਧਿਆਨ ਦਿਵਾਉਂਦੀ ਹੈ। ਇਸ ਲਈ ਇਹ ਫਿਲਮ ਪਰਿਵਾਰਕ ਹਿੰਸਾ ਬਾਰੇ ਨਿੱਜੀ ਅਤੇ ਸਮੂਹਿਕ ਪੱਧਰ ਉਪਰ ਗੱਲਬਾਤ ਕਰਨ ਦਾ ਸਾਧਨ ਬਣ ਸਕਦੀ ਹੈ।

# ਫਿਲਮ ਮੇਲਾ: ਮੋਦੀ ਸਰਕਾਰ ਦੀਆਂ ਆਪ-ਹੁਦਰੀਆਂ

ਮੋਦੀ ਸਰਕਾਰ ਦੀ ਪਹੁੰਚ ਕਾਰਨ ਇਸ ਵਾਰ ਗੋਆ ਵਿਚ ਹੋ ਰਿਹਾ ਕੌਮਾਂਤਰੀ ਭਾਰਤੀ ਫਿਲਮ ਮੇਲਾ (ਆਈ ਐਫ ਐਫ ਆਈ) ਵਿਵਾਦਾਂ ਵਿਚ ਘਿਰ ਗਿਆ ਹੈ। ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੇ ਮਲਿਆਲਮ ਫਿਲਮ 'ਐਸ ਦੁਰਗਾ' ਅਤੇ ਮਰਾਠੀ ਫਿਲਮ 'ਨਿਊਡ' ਨੂੰ ਭਾਰਤੀ ਪੈਨੋਰਮਾ ਵਰਗ ਵਿਚ ਦਿਖਾਉਣ ਤੋਂ ਨਾਂਹ ਕਰ ਦਿੱਤੀ ਹੈ। ਯਾਦ ਰਹੇ

**ਗੁਰਜੰਟ ਸਿੰਘ**

ਕਿ ਭਾਰਤੀ ਮੈਨੋਰਮਾ ਦੀ 13 ਮੈਂਬਰੀ ਜਿਊਰੀ ਨੇ 26 ਫਿਲਮਾਂ ਦੀ ਸੂਚੀ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੂੰ ਭੇਜੀ ਸੀ ਜਿਨ੍ਹਾਂ ਵਿਚੋਂ ਇਹ ਦੋ ਫਿਲਮਾਂ ਮੰਤਰਾਲੇ ਨੇ ਕੱਟ ਦਿੱਤੀਆਂ। ਇਸ 'ਤੇ ਜਿਊਰੀ ਦੇ ਚੇਅਰਮੈਨ ਸੁਜੌਇ ਘੋਸ਼ ਨੇ ਅਸਤੀਫਾ ਦੇ ਦਿੱਤਾ ਅਤੇ ਉਨ੍ਹਾਂ ਤੋਂ ਬਾਅਦ ਜਿਊਰੀ ਦੇ ਦੋ ਹੋਰ ਮੈਂਬਰ ਅਪੂਰਵਾ ਅਸਰਾਨੀ ਤੇ ਗਿਆਨ ਕੋਰੀਆ ਵੀ ਰੋਸ ਵਜੋਂ ਅਸਤੀਫ਼ਾ ਦੇ ਕੇ ਜਿਊਰੀ ਤੋਂ ਲਾਂਭੇ ਹੋ ਗਏ। ਇਨ੍ਹਾਂ ਮੁਤਾਬਕ, ਇਹ ਕਾਰਵਾਈ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਉਤੇ ਸਿੱਧਾ ਹਮਲਾ ਹੈ।

'ਐਸ ਦੁਰਗਾ' ਸਨਲ ਕੁਮਾਰ ਸ਼ਸ਼ੀਧਰਨ ਦੇ ਨਿਰਦੇਸ਼ਨ ਹੇਠ ਬਣੀ ਹੈ ਅਤੇ ਇਸ ਦਾ ਨਾਂ ਪਹਿਲਾਂ 'ਸੈਕਸੀ ਦੁਰਗਾ' ਰੱਖਿਆ ਸੀ। ਇਸ ਨਾਂ 'ਤੇ ਹੀ ਹੰਗਾਮਾ ਹੋ ਗਿਆ ਅਤੇ ਇਹ ਫਿਲਮ 'ਮਾਮੀ' (ਮੁੰਬਈ ਅਕੈਡਮੀ ਆਫ਼ ਮੂਵਿੰਗ ਇਮੇਜ) ਮੇਲੇ ਵਿਚ ਦਿਖਾਉਣ ਤੋਂ ਨਾਂਹ ਕਰ ਦਿੱਤੀ ਗਈ ਸੀ। ਬਾਅਦ ਵਿਚ ਫਿਲਮ ਦਾ ਨਾਂ ਬਦਲ ਕੇ 'ਐਸ ਦੁਰਗਾ' ਕਰ ਦਿੱਤਾ ਗਿਆ।













ਫਿਲਮ 'ਐਸ ਦੁਰਗਾ' ਦਾ ਪੋਸਟਰ ਤੇ ਫਿਲਮਸਾਜ਼ ਐਸ.ਕੇ. ਸ਼ਸ਼ੀਧਰਨ ਅਤੇ (ਹੇਠਾਂ) ਫਿਲਮਸਾਜ਼ ਰਵੀ ਜਾਧਵ ਤੇ ਫਿਲਮ 'ਨਿਊਡ' ਦਾ ਪੋਸਟਰ।

ਫਿਲਮ 'ਐਸ ਦੁਰਗਾ' ਅਜਿਹੇ ਜੋੜੇ ਉਤੇ ਕੇਂਦਰਿਤ ਹੈ, ਜੋ ਮੰਦੇਭਾਗੀਂ ਲਿਫਟ ਲੈ ਲੈਂਦਾ ਹੈ। ਜਿਸ ਕਾਰ ਵਿਚ ਉਹ ਲਿਫਟ ਲੈਂਦੇ ਹਨ, ਉਸ ਵਿਚ ਕੁਝ ਹੋਰ ਬੰਦੇ ਵੀ ਆਣ ਚੜ੍ਹਦੇ ਹਨ ਅਤੇ ਇਸ ਤੋਂ ਬਾਅਦ ਇਸ ਜੋੜੇ ਨਾਲ ਕਾਰ ਅੰਦਰ ਕੀ ਬੀਤਦੀ ਹੈ, ਇਸ ਕਹਾਣੀ ਨੂੰ ਸ਼ਸ਼ੀਧਰਨ ਨੇ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਵਿਚ ਵਿਚ ਉਹ ਡਾਕੂਮੈਂਟਰੀ ਫੁਟੇਜ ਵੀ ਦਿਖਾਈ ਜਾਂਦਾ ਹੈ ਅਤੇ ਨਾਲ ਹੀ 'ਗਾਰੂਡਨ ਤੁਕਮ' ਨਾਂ ਦੀ ਧਾਰਮਿਕ ਰੀਤ ਦਿਖਾ ਕੇ ਸਮੁੱਚੀ ਕਹਾਣੀ ਨੂੰ ਦੁਰਗਾ ਨਾਲ ਜੋੜ ਦਿੰਦਾ ਹੈ। ਬੱਸ ਇਸੇ 'ਤੇ ਧਾਰਮਿਕ ਕੱਟੜਪੰਥੀਆਂ ਨੂੰ ਇਤਰਾਜ਼ ਹੈ ਅਤੇ ਆਰ.ਐਸ.ਐਸ. ਦੀ ਸਰਪ੍ਰਸਤੀ ਵਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਇਸ ਫਿਲਮ ਨੂੰ ਟੇਢੇ ਢੰਗ ਨਾਲ ਡੱਕਣ ਦਾ ਯਤਨ ਕੀਤਾ ਹੈ। ਉਂਜ, ਜਿਥੇ ਕਿਤੇ ਵੀ ਇਹ ਫਿਲਮ ਦਿਖਾਈ ਗਈ, ਉਥੇ ਇਸ ਦੀ ਖ਼ੂਬ ਚਰਚਾ ਹੋਈ। ਇਸ ਨੂੰ ਰੋਟਰਡਮ ਟਾਈਗਰ ਇਨਾਮ ਨਾਲ ਵੀ ਨਵਾਜਿਆ ਗਿਆ। ਟੋਕੀਓ (ਜਪਾਨ) ਵਿਚ ਵੀ ਇਸ ਫਿਲਮ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ।

ਮਰਾਠੀ ਫਿਲਮ 'ਨਿਊਡ' ਰਵੀ ਯਾਦਵ ਨੇ ਬਣਾਈ ਹੈ ਅਤੇ ਇਹ ਫਿਲਮ ਭਾਰਤੀ ਪੈਨੋਰਮਾ ਦੀ ਉਦਘਾਟਨੀ ਫਿਲਮ ਹੋਣੀ ਸੀ। ਫਿਲਮ ਦੀ ਕਹਾਣੀ 'ਨਿਊਡ' ਮਾਡਲਾਂ ਦੀ ਜ਼ਿੰਦਗੀ ਦੁਆਲੇ ਬੁਣੀ ਗਈ ਹੈ ਅਤੇ ਇਨ੍ਹਾਂ ਦੀ ਜ਼ਿੰਦਗੀ ਦੇ ਵੱਖ ਵੱਖ ਪੱਖ ਇਕ ਲੜੀ ਵਿਚ ਪਰੋ ਕੇ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤੇ ਗਏ ਹਨ, ਪਰ ਇਤਰਾਜ਼ ਕਰਨ ਵਾਲਿਆਂ ਨੂੰ ਇਸ ਫਿਲਮ ਦੇ ਨਾਂ 'ਤੇ ਹੀ ਇਤਰਾਜ਼ ਹੋ ਗਿਆ ਅਤੇ ਰਵੀ ਯਾਦਵ ਨੇ ਫਿਲਮ ਦਾ ਨਾਂ ਬਦਲਣ ਤੋਂ ਕੋਰੀ ਨਾਂਹ ਕਰ ਦਿੱਤੀ।







ਫਿਲਮ ਮੇਲੇ ਦੀ ਜਿਊਰੀ ਤੋਂ ਅਸਤੀਫਾ ਦੇਣ ਵਾਲੇ (ਉਪਰੋਂ) ਸੁਜੌਇ ਘੋਸ਼, ਅਪੂਰਵਾ ਅਸਰਾਨੀ ਅਤੇ ਗਿਆਨ ਕੋਰੀਆ।



PUNJABI MEGA PACK
$14.99 FOR 24 MONTHS
Save $240 over 2 years
Dish.com/Punjabi
1-888-621-5401
dish
YOUR CULTURE AT HOME
PTC PUNJABI
jus punjabi
WILLOW HD
PTC NEWS
JUS one
+5 CHANNELS
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 1/15/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.